15-APRIL-PAGE-1.qxd 4/14/2024 9:55 PM Page 1

ਸੋਮਵਾਰ, 15 ਅਪ੍ਰੈਲ, 2024
3 ਵਿਸਾਖ { ਨਾਨਕਸ਼ਾਹੀ 556 / ਬਿਕਰਮੀ 2081
ਜਿਲਦ/VOL. : 72
ਅੰਕ/NO. : 315

# ਨਵਾਂ ਜ਼ਮਾਨਾ

DAILY NAWAN ZAMANA • MONDAY, 15 APRIL, 2024
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

# ਈਰਾਨ ਵੱਲੋਂ ਮਿਜ਼ਾਈਲਾਂ ਦਾਗ ਕੇ ਇਜ਼ਰਾਈਲ ਤੇ ਅਮਰੀਕਾ ਨੂੰ ਗੰਭੀਰ ਸਿੱਟਿਆਂ ਦੀ ਚਿਤਾਵਨੀ

**ਯੇਰੂਸ਼ਲਮ** : ਈਰਾਨ ਨੇ ਐਤਵਾਰ ਤੜਕੇ ਇਜ਼ਰਾਈਲ ਉੱਤੇ ਸੈਂਕੜੇ ਡਰੋਨ, ਬੈਲਿਸਟਿਕ ਅਤੇ ਕਰੂਜ਼ ਮਿਜ਼ਾਈਲਾਂ ਦਾਗ ਦਿੱਤੀਆਂ। ਇਜ਼ਰਾਈਲੀ ਫੌਜ ਦੇ ਇੱਕ ਤਰਜਮਾਨ ਨੇ ਦੱਸਿਆ ਕਿ 300 ਤੋਂ ਵੱਧ ਡਰੋਨ ਅਤੇ ਮਿਜ਼ਾਈਲਾਂ ਦਾਗੀਆਂ ਗਈਆਂ, ਜਿਨ੍ਹਾਂ ਵਿੱਚੋਂ 99 ਫੀਸਦੀ ਹਵਾ 'ਚ ਹੀ ਨਸ਼ਟ ਕਰ ਦਿੱਤੀਆਂ ਗਈਆਂ। ਈਰਾਨ ਦੇ ਇਸ ਹਮਲੇ ਨੇ ਪੱਛਮੀ ਏਸ਼ੀਆ ਨੂੰ ਖੇਤਰੀ ਜੰਗ ਦੇ ਮੁਹਾਣੇ 'ਤੇ ਧੱਕ ਦਿੱਤਾ ਹੈ। ਸੀਰੀਆ 'ਚ ਪਹਿਲੀ ਅਪਰੈਲ ਨੂੰ ਹਵਾਈ ਹਮਲੇ 'ਚ ਈਰਾਨੀ ਸਫਾਰਤਖਾਨੇ 'ਚ ਦੋ ਈਰਾਨੀ ਜਨਰਲਾਂ ਦੇ ਮਾਰੇ ਜਾਣ ਮਗਰੋਂ ਈਰਾਨ ਨੇ ਬਦਲਾ ਲੈਣ ਦੀ ਸਹੁੰ ਖਾਧੀ ਸੀ। ਈਰਾਨ ਨੇ ਇਸ ਹਮਲੇ ਪਿੱਛੇ ਇਜ਼ਰਾਈਲ ਦਾ ਹੱਥ ਹੋਣ ਦਾ ਦੋਸ਼ ਲਾਇਆ ਸੀ।

ਈਰਾਨੀ ਫੌਜਾਂ ਦੇ ਮੁਖੀ ਮੇਜਰ ਜਨਰਲ ਮੁਹੰਮਦ ਬਘੇਰੀ ਨੇ ਕਿਹਾ ਕਿ ਈਰਾਨ ਨੇ ਚਿਤਾਵਨੀ ਵਜੋਂ ਏਨਾ ਕੁ ਹਮਲਾ ਹੀ ਕਰਨਾ ਸੀ ਤੇ ਜੇ ਇਜ਼ਰਾਈਲ ਨੇ ਅਮਰੀਕਾ ਦੀ ਮਦਦ ਨਾਲ ਜਵਾਬੀ ਕਾਰਵਾਈ ਕੀਤੀ ਤਾਂ ਅਮਰੀਕੀ ਅੱਡਿਆਂ ਨੂੰ ਨਿਸ਼ਾਨਾ ਬਣਾਇਆ ਜਾਵੇਗਾ।


ਈਰਾਨੀ ਮਿਜ਼ਾਈਲਾਂ ਨੂੰ ਨਾਕਾਮ ਕਰਨ ਲਈ ਇਜ਼ਰਾਈਲ ਵੱਲੋਂ ਆਇਰਨ ਡੋਮ ਡਿਫੈਂਸ ਸਿਸਟਮ ਨਾਲ ਚਲਾਈਆਂ ਗਈਆਂ ਮਿਜ਼ਾਈਲਾਂ।

ਅਮਰੀਕਾ, ਫਰਾਂਸ ਤੇ ਬਰਤਾਨੀਆ ਆਦਿ ਦੇਸ਼ਾਂ ਨੇ ਈਰਾਨ ਦੇ ਇਜ਼ਰਾਈਲ 'ਤੇ ਹਮਲੇ ਦੀ ਨਿਖੇਧੀ ਕੀਤੀ ਹੈ। ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਇਜ਼ਰਾਈਲ ਪ੍ਰਤੀ ਅਮਰੀਕਾ ਦੀ ਮਜ਼ਬੂਤ ਵਚਨਬੱਧਤਾ ਨੂੰ ਦੁਹਰਾਉਂਦਿਆਂ ਸਥਿਤੀ 'ਤੇ ਚਰਚਾ ਕਰਨ ਅਤੇ ਅਗਲੀ ਕਾਰਵਾਈ ਕਰਨ ਲਈ ਜੀ-7 ਦੇਸ਼ਾਂ ਦੇ ਆਗੂਆਂ ਦੀ ਮੀਟਿੰਗ ਬੁਲਾਈ ਹੈ। ਬਾਇਡਨ ਨੇ ਕਿਹਾ— ਅਸੀਂ ਇਜ਼ਰਾਈਲ ਨੂੰ ਲਗਭਗ ਸਾਰੇ ਡਰੋਨਾਂ ਅਤੇ ਮਿਜ਼ਾਈਲਾਂ ਨੂੰ ਡੇਗਣ 'ਚ ਮਦਦ ਕੀਤੀ ਹੈ।

ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਅੰਤੋਨੀਓ ਗੁਤੇਰੇਸ ਨੇ ਈਰਾਨ ਦੇ ਹਮਲੇ ਕਾਰਨ ਪੈਦਾ ਹੋਏ ਤਣਾਅ ਦੇ ਗੰਭੀਰ ਵਾਧੇ ਦੀ ਸਖਤ ਨਿਖੇਧੀ ਕਰਦਿਆਂ ਚਿਤਾਵਨੀ ਦਿੱਤੀ ਕਿ ਨਾ ਤਾਂ ਇਹ ਖੇਤਰ ਅਤੇ ਨਾ ਹੀ ਦੁਨੀਆ ਇੱਕ ਹੋਰ ਯੁੱਧ ਬਰਦਾਸ਼ਤ ਕਰ ਸਕਦੇ ਹਨ। ਉਨ੍ਹਾ ਸਾਰੀਆਂ ਧਿਰਾਂ ਨੂੰ ਅਪੀਲ ਕੀਤੀ ਕਿ ਉਹ ਪੱਛਮੀ ਏਸ਼ੀਆ 'ਚ ਕਈ ਮੋਰਚਿਆਂ 'ਤੇ ਵੱਡੇ ਫੌਜੀ ਟਕਰਾਅ ਨੂੰ ਭੜਕਾਉਣ ਵਾਲੀ ਕਿਸੇ ਵੀ ਕਾਰਵਾਈ ਤੋਂ ਬਚਣ ਲਈ ਵੱਧ ਤੋਂ ਵੱਧ ਸੰਜਮ ਵਰਤਣ।

ਈਰਾਨ ਨੇ ਅਮਰੀਕਾ ਨੂੰ ਸਖਤ ਚੇਤਾਵਨੀ ਦਿੰਦਿਆਂ ਕਿਹਾ ਹੈ ਕਿ ਉਹ ਉਸ ਦੇ ਇਜ਼ਰਾਈਲ ਨਾਲ ਸੰਘਰਸ਼ ਤੋਂ ਦੂਰ ਰਹੇ।

# ਟੀਨੂੰ ਨੇ ਮਾਨ ਨੂੰ ਜੱਫੀ ਪਾਈ

**ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)**

ਸ਼੍ਰੋਮਣੀ ਅਕਾਲੀ ਦਲ ਦੇ ਜਲੰਧਰ ਦੇ ਦੋ ਸੀਨੀਅਰ ਆਗੂ ਪਵਨ ਕੁਮਾਰ ਟੀਨੂੰ ਅਤੇ ਸਾਬਕਾ ਜ਼ਿਲ੍ਹਾ ਪ੍ਰਧਾਨ ਗੁਰਚਰਨ ਸਿੰਘ ਚੰਨੀ ਐਤਵਾਰ ਆਮ ਆਦਮੀ ਪਾਰਟੀ 'ਚ ਸ਼ਾਮਲ ਹੋ ਗਏ। 'ਆਪ' ਟੀਨੂੰ ਨੂੰ ਜਲੰਧਰ ਲੋਕ ਸਭਾ ਹਲਕੇ ਤੋਂ ਉਮੀਦਵਾਰ ਬਣਾ ਸਕਦੀ ਹੈ। ਉਸ ਨੇ 16 ਤਰੀਕ ਨੂੰ ਜਲੰਧਰ ਤੇ ਲੁਧਿਆਣੇ ਦੇ ਉਮੀਦਵਾਰਾਂ ਦਾ ਐਲਾਨ ਕਰਨ ਦੀ ਗੱਲ ਕਹੀ ਹੋਈ ਹੈ। ਟੀਨੂੰ ਆਪ ਵਿਚ ਸ਼ਾਮਲ ਹੋਣ ਲਈ ਚੰਡੀਗੜ੍ਹ ਵਿਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਮਿਲੇ।

ਬਸਪਾ ਤੋਂ ਸ਼ੁਰੂਆਤ ਕਰਨ ਵਾਲੇ ਟੀਨੂੰ 2012 ਤੇ 2017 'ਚ ਦੋ ਵਾਰ ਆਦਮਪੁਰ ਤੋਂ ਅਕਾਲੀ ਦਲ ਦੇ ਵਿਧਾਇਕ ਰਹੇ ਚੁੱਕੇ ਹਨ। 2014 'ਚ ਜਲੰਧਰ ਤੋਂ ਲੋਕ ਸਭਾ ਚੋਣ ਕਾਂਗਰਸ ਦੇ ਚੌਧਰੀ ਸੰਤੋਖ ਸਿੰਘ ਤੋਂ ਹਾਰ ਗਏ ਸਨ। ਚੰਨੀ ਨੇ ਆਪਣਾ ਅਸਤੀਫਾ ਸੋਸ਼ਲ ਮੀਡੀਆ 'ਤੇ ਸਾਂਝਾ ਕਰਦਿਆਂ ਆਪਣੀਆਂ 30 ਸਾਲ ਦੀਆਂ ਸੇਵਾਵਾਂ ਦਾ ਜ਼ਿਕਰ ਕੀਤਾ ਅਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ 'ਤੇ ਪੰਜਾਬ ਤੇ ਪੰਥ ਦੇ ਮਾਮਲਿਆਂ ਨੂੰ ਨਾ ਸਮਝਣ ਦੇ ਦੋਸ਼ ਲਾਏ। ਆਪ ਵਿੱਚ ਸ਼ਾਮਲ ਹੋਣ ਤੋਂ ਬਾਅਦ ਪਵਨ ਟੀਨੂੰ ਨੇ ਕਿਹਾ—ਅਸੀਂ ਦੇਸ਼ ਦੇ ਲੋਕਤੰਤਰ ਅਤੇ ਸੰਵਿਧਾਨ ਨੂੰ ਬਚਾਉਣ ਲਈ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ ਹਾਂ। ਦੇਸ਼ ਵਿੱਚ ਸਿਰਫ ਆਮ ਆਦਮੀ ਪਾਰਟੀ ਹੀ ਹੈ, ਜੋ ਸੰਵਿਧਾਨ ਨੂੰ ਬਚਾਉਣ ਲਈ ਲੜ ਰਹੀ ਹੈ।ਇਸ ਤੋਂ ਇਲਾਵਾ 'ਆਪ' ਸਰਕਾਰ ਅਤੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਪਿਛਲੇ ਦੋ ਸਾਲਾਂ 'ਚ ਕੀਤੇ ਗਏ ਲੋਕ ਭਲਾਈ ਦੇ ਕੰਮਾਂ ਤੋਂ ਮੈਂ ਬਹੁਤ ਪ੍ਰਭਾਵਤ ਹਾਂ। ਅੱਜ ਆਮ ਲੋਕਾਂ ਦੀਆਂ ਲੋੜਾਂ ਪੂਰੀਆਂ ਹੋ ਰਹੀਆਂ ਹਨ। ਲੋਕਾਂ ਨੂੰ ਮੁਫਤ ਬਿਜਲੀ ਮਿਲ



ਰਹੀ ਹੈ। ਆਮ ਲੋਕ ਮੁਹੱਲਾ ਕਲੀਨਿਕਾਂ ਵਿੱਚ ਮੁਫਤ ਇਲਾਜ ਅਤੇ ਮੁਫਤ ਦਵਾਈਆਂ ਪ੍ਰਾਪਤ ਕਰ ਰਹੇ ਹਨ। ਮੁੱਖ ਮੰਤਰੀ ਆਮ ਲੋਕਾਂ ਦੇ ਆਗੂ ਹਨ।ਕੋਈ ਵੀ ਆਮ ਆਦਮੀ ਆਪਣੀ ਕਾਰ ਰੋਕ ਕੇ ਉਨ੍ਹਾ ਨੂੰ ਮਿਲਦਾ ਹੈ। ਪੰਜਾਬ ਨੂੰ ਕਦੇ ਵੀ ਕੋਈ ਮੁੱਖ ਮੰਤਰੀ ਨਹੀਂ ਮਿਲਿਆ, ਜਿਸ ਨੂੰ ਆਮ ਆਦਮੀ ਕਿਸੇ ਵੇਲੇ ਵੀ ਮਿਲ ਸਕੇ। ਇਸ ਲਈ ਅਸੀਂ ਸੋਚਿਆ ਕਿ ਸਾਨੂੰ ਮੁੱਖ ਮੰਤਰੀ ਭਗਵੰਤ ਮਾਨ ਅਤੇ ਆਮ ਆਦਮੀ ਪਾਰਟੀ ਦਾ ਸਮਰਥਨ ਕਰਨਾ ਚਾਹੀਦਾ ਹੈ। ਅਕਾਲੀ ਦਲ ਦੀ ਲੀਡਰਸ਼ਿਪ 'ਚ ਹੇਠਾਂ ਤੋਂ ਲੈ ਕੇ ਉੱਪਰ ਤੱਕ ਅਨਿਸਚਿਤਤਾ ਅਤੇ ਅਸੁਰੱਖਿਆ ਦਾ ਮਾਹੌਲ ਹੈ। ਵਰਕਰਾਂ ਵਿੱਚ ਅਸੁਰੱਖਿਆ ਦਾ ਮਾਹੌਲ ਹੈ।ਜਦੋਂ ਕਿਸੇ ਵੀ ਪਾਰਟੀ ਦੇ ਲੋਕਾਂ ਵਿੱਚ ਅਨਿਸਚਿਤਤਾ ਅਤੇ ਅਵਿਸ਼ਵਾਸ ਹੋਵੇ ਤਾਂ ਉਹ ਜਿੱਤ ਨਹੀਂ ਸਕਦੀ। ਹੁਣ ਪੰਜਾਬ ਦੇ ਲੋਕਾਂ ਦਾ ਅਕਾਲੀ ਦਲ 'ਤੇ ਭਰੋਸਾ ਨਹੀਂ ਰਿਹਾ।

## ਹੰਸ ਦਾ ਵਿਰੋਧ ਕਰਦੇ ਕਿਸਾਨ ਚੁੱਕੇ




**ਅਜੀਤਵਾਲ** : ਫਰੀਦਕੋਟ ਲੋਕ ਸਭਾ ਹਲਕੇ ਤੋਂ ਭਾਜਪਾ ਉਮੀਦਵਾਰ ਹੰਸ ਰਾਜ ਹੰਸ ਦਾ ਐਤਵਾਰ ਵਿਰੋਧ ਕਰ ਰਹੇ ਕਿਰਤੀ ਕਿਸਾਨ ਯੂਨੀਅਨ ਦੇ ਆਗੂ ਨਿਰਭੈ ਸਿੰਘ ਸਮੇਤ ਦਰਜਨ ਕਿਸਾਨਾਂ ਨੂੰ ਜਬਰੀ ਚੁੱਕ ਲਿਆ। ਇਸ ਮੌਕੇ ਕਿਸਾਨਾਂ ਵੱਲੋਂ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਖਿਲਾਫ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਗਈ।

## ਸੜਕ ਹਾਦਸੇ 'ਚ ਮੌਤ

**ਸਮਾਲਸਰ** : ਪਿੰਡ ਠੱਠੀ ਭਾਈ ਵਿਖੇ ਐਤਵਾਰ ਸਵੇਰੇ ਸੜਕ ਹਾਦਸੇ ਵਿਚ ਠੱਠੀ ਭਾਈ ਵਾਸੀ ਸੀਨੀਅਰ ਕਾਂਸਟੇਬਲ ਬੂਟਾ ਸਿੰਘ (33) ਦੀ ਮੌਤ ਹੋ ਗਈ। ਉਹ 5 ਕੁ ਵਜੇ ਡਿਊਟੀ 'ਤੇ ਜਾ ਰਿਹਾ ਸੀ ਕਿ ਉਸ ਦੀ ਕਾਰ ਲਗਭਗ ਇੱਕ ਕਿਲੋਮੀਟਰ ਦੂਰ ਟਾਹਲੀ ਨਾਲ ਟਕਰਾਅ ਗਈ। ਉਹ ਦੋ ਬੱਚੀਆਂ ਦਾ ਪਿਤਾ ਸੀ।

## 8 ਵਿਦਿਆਰਥੀ ਜ਼ਖਮੀ

ਕੋਟਾ : ਰਾਜਸਥਾਨ ਦੇ ਕੋਟਾ ਦੀ ਲੈਂਡਮਾਰਕ ਸਿਟੀ 'ਚ ਪੰਜ ਮੰਜ਼ਲੀ ਹੋਸਟਲ ਦੀ ਇਮਾਰਤ 'ਚ ਐਤਵਾਰ ਸਵੇਰੇ ਸ਼ਾਰਟ ਸਰਕਟ ਨਾਲ ਅੱਗ ਲੱਗਣ ਕਾਰਨ 8 ਵਿਦਿਆਰਥੀ ਜ਼ਖਮੀ ਹੋ ਗਏ।

## ਕਾਰ ਨਹਿਰ 'ਚ ਡਿੱਗਣ ਨਾਲ 2 ਭਰਾਵਾਂ ਸਣੇ 4 ਮਰੇ

**ਦੇਹਰਾਦੂਨ** : ਉਤਰਾਖੰਡ ਦੇ ਬਾਗੇਸ਼ਵਰ ਜ਼ਿਲ੍ਹੇ ਦੇ ਰੀਮਾ-ਘਰਮਘਰ ਮੋਟਰ ਰੋਡ 'ਤੇ ਚਿੜਾਗ ਨੇੜੇ ਐਤਵਾਰ ਤੜਕੇ ਚਾਰ ਵਜੇ ਕਾਰ ਨਹਿਰ ਵਿਚ ਡਿੱਗਣ ਕਾਰਨ ਦੋ ਸਕੇ ਭਰਾਵਾਂ ਸਮੇਤ ਚਾਰ ਵਿਅਕਤੀਆਂ ਦੀ ਮੌਤ ਹੋ ਗਈ। ਮ੍ਰਿਤਕਾਂ ਦੀ ਪਛਾਣ ਕਮਲ ਪ੍ਰਸਾਦ, ਨੀਰਜ ਕੁਮਾਰ, ਦੀਪਕ ਆਰੀਆ ਅਤੇ ਕੈਲਾਸ਼ ਰਾਮ ਵਜੋਂ ਹੋਈ ਹੈ। ਨੀਰਜ ਅਤੇ ਦੀਪਕ ਭਰਾ ਸਨ। ਇਹ ਲੋਕ ਵਾਦੂਯਦਾ ਰੀਮਾ ਅਤੇ ਜੁਨਿਆਲ ਦੋਫਾਦ ਪਿੰਡਾਂ ਦੇ ਵਸਨੀਕ ਸਨ।

## ਖੰਨਾ ਨੇੜੇ ਬੱਸ ਨੂੰ ਅੱਗ



**ਜਗਰਾਓਂ** : ਖੰਨਾ ਵਿਖੇ ਐਤਵਾਰ ਪੰਜਾਬ ਰੋਡਵੇਜ ਦੀ ਬੱਸ ਨੂੰ ਅਚਾਨਕ ਅੱਗ ਲੱਗ ਗਈ। ਕੰਡਕਟਰ ਦੀ ਸਿਆਣਪ ਕਾਰਨ ਤ੍ਰਾਸਦੀ ਟਲ ਗਈ। ਜਦੋਂ ਕੰਡਕਟਰ ਨੇ ਇੰਜਣ 'ਚੋਂ ਧੂੰਆਂ ਨਿਕਲਦਾ ਦੇਖਿਆ ਤਾਂ ਉਸ ਨੇ ਤੁਰੰਤ ਡਰਾਈਵਰ ਨੂੰ ਬੱਸ ਰੋਕਣ ਲਈ ਕਿਹਾ। ਬੱਸ 'ਚ ਕਰੀਬ 45 ਯਾਤਰੀ ਸਨ। ਬੱਸ ਪਟਿਆਲਾ ਤੋਂ ਆ ਰਹੀ ਸੀ। ਖੰਨਾ ਬੱਸ ਸਟੈਂਡ 'ਤੇ ਸਵਾਰੀਆਂ ਉਤਾਰਨ ਤੋਂ ਬਾਅਦ ਚੱਲੀ ਤਾਂ ਕਰੀਬ ਅੱਧਾ ਕਿਲੋਮੀਟਰ ਦੂਰ ਜਾ ਕੇ ਕੰਡਕਟਰ ਨੇ ਬੱਸ ਦੇ ਇੰਜਣ 'ਚੋਂ ਧੂੰਆਂ ਨਿਕਲਦਾ ਦੇਖਿਆ।

## ਅਮਰਤਿਆ ਸੇਨ ਵਿਰੋਧੀ ਧਿਰ ਦੀ ਫੁੱਟ ਤੋਂ ਨਾਖੁਸ਼



**ਕੋਲਕਾਤਾ** : ਅਰਥ ਸ਼ਾਸਤਰ ਦੇ ਨੋਬਲ ਪੁਰਸਕਾਰ ਜੇਤੂ ਅਮਰਤਿਆ ਸੇਨ ਨੇ ਕਿਹਾ ਹੈ ਕਿ ਭਾਰਤ 'ਚ ਵਿਰੋਧੀ ਧਿਰ ਫੁੱਟ ਕਾਰਨ ਆਪਣੀ ਜ਼ਿਆਦਾਤਰ ਤਾਕਤ ਗੁਆ ਚੁੱਕੀ ਹੈ ਅਤੇ ਕਾਂਗਰਸ 'ਚ ਕਈ ਜਥੇਬੰਦਕ ਸਮੱਸਿਆਵਾਂ ਹਨ ਜਿਨ੍ਹਾਂ ਨੂੰ ਹੱਲ ਕਰਨ ਦੀ ਲੋੜ ਹੈ। ਸੇਨ ਨੇ ਕਿਹਾ ਕਿ ਜਾਤੀ ਜਨਗਣਨਾ ਬਾਰੇ ਵਿਚਾਰ ਕੀਤਾ ਜਾ ਸਕਦਾ ਹੈ, ਪਰ ਭਾਰਤ ਨੂੰ ਬਿਹਤਰ ਸਿੱਖਿਆ ਤੇ ਸਿਹਤ ਸੇਵਾ 'ਤੇ ਧਿਆਨ ਕੇਂਦਰਤ ਕਰਨ ਦੀ ਲੋੜ ਹੈ। ਉਨ੍ਹਾ ਕਿਹਾ ਕਿ ਉਨ੍ਹਾ ਨੂੰ ਭਾਰਤ ਵਰਗੇ ਜਮਹੂਰੀ ਦੇਸ਼ ਦੇ ਨਾਗਰਿਕ ਹੋਣ 'ਤੇ ਬਹੁਤ ਮਾਣ ਹੈ। ਉਨ੍ਹਾ ਕਿਹਾ ਕਿ ਵਿਰੋਧੀ ਗਠਜੋੜ 'ਇੰਡੀਆ' ਜ਼ਿਆਦਾ ਪਛਾਣ ਬਣਾਉਣ 'ਚ ਨਾਕਾਮ ਰਿਹਾ ਹੈ, ਕਿਉਂਕਿ ਜਨਤਾ ਦਲ (ਯੂਨਾਈਟਿਡ) ਅਤੇ ਰਾਸ਼ਟਰੀ ਲੋਕ ਦਲ ਵਰਗੇ ਇਸ ਦੇ ਮੁੱਖ ਸਹਿਯੋਗੀ ਵੱਖ ਹੋ ਗਏ ਹਨ। ਇਹ ਪੁੱਛੇ ਜਾਣ 'ਤੇ ਕਿ ਭਾਜਪਾ ਦਾ ਮੁਕਾਬਲਾ ਕਰਨ ਲਈ ਵਿਰੋਧੀ ਧਿਰ 'ਚ ਕੀ ਕਮੀ ਹੈ, ਉਨ੍ਹਾ ਕਿਹਾ—ਵਿਰੋਧੀ ਧਿਰ ਨੇ ਫੁੱਟ ਕਾਰਨ ਆਪਣੀ ਜ਼ਿਆਦਾਤਰ ਤਾਕਤ ਗੁਆ ਲਈ ਹੈ। ਏਕਤਾ ਨਾਲ ਉਸ ਨੂੰ ਹੋਰ ਤਾਕਤ ਮਿਲਣੀ ਸੀ।

## ਭਾਜਪਾ ਦੀ ਮੁਫਤ ਰਾਸ਼ਨ ਸਕੀਮ 'ਤੇ ਟੇਕ



**ਨਵੀਂ ਦਿੱਲੀ** : ਭਾਜਪਾ ਨੇ ਐਤਵਾਰ ਲੋਕ ਸਭਾ ਚੋਣਾਂ ਲਈ ਆਪਣਾ ਚੋਣ ਮਨੋਰਥ ਪੱਤਰ ਜਾਰੀ ਕੀਤੀ। ਇਸ ਮੌਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਚੋਣ ਮਨੋਰਥ ਪੱਤਰ ਦਾ ਉਦੇਸ਼ ਨੌਜਵਾਨਾਂ, ਔਰਤਾਂ, ਕਿਸਾਨਾਂ ਅਤੇ ਗਰੀਬਾਂ ਨੂੰ ਸਮਰੱਥ ਬਣਾਉਣ ਤੋਂ ਇਲਾਵਾ ਸਨਮਾਨਜਨਕ ਤੇ ਮਿਆਰੀ ਜੀਵਨ, ਨਿਵੇਸ਼ ਰਾਹੀਂ ਨੌਕਰੀ 'ਤੇ ਕੇਂਦਰਤ ਕਰਨ ਹੈ। ਮੋਦੀ ਨੇ ਕਿਹਾ ਕਿ ਪੂਰੇ ਦੇਸ਼ ਨੂੰ ਭਾਜਪਾ ਦੇ 'ਸੰਕਲਪ ਪੱਤਰ' ਦੀ ਬਹੁਤ ਉਡੀਕ ਰਹਿੰਦੀ ਹੈ ਅਤੇ ਇਹ ਇੱਕ ਵੱਡਾ ਕਾਰਨ ਹੈ ਕਿ ਦਸ ਸਾਲਾਂ 'ਚ ਪਾਰਟੀ ਨੇ ਇਸ ਦੇ ਹਰ ਨੁਕਤੇ ਨੂੰ ਗਰੰਟੀ ਵਜੋਂ ਅਮਲ 'ਚ ਲਿਆਂਦਾ ਹੈ। ਹੁਣ ਭਾਜਪਾ ਨੇ ਸੰਕਲਪ ਲਿਆ ਹੈ ਕਿ 70 ਸਾਲ ਤੋਂ ਵੱਧ ਉਮਰ ਦੇ ਹਰੇਕ ਬਜ਼ੁਰਗ ਨੂੰ ਆਯੂਸ਼ਮਾਨ ਯੋਜਨਾ ਦੇ ਦਾਇਰੇ 'ਚ ਲਿਆਂਦਾ ਜਾਵੇਗਾ। ਉਨ੍ਹਾ ਕਿਹਾ ਕਿ ਮੋਦੀ ਦੀ ਗਰੰਟੀ ਹੈ ਕਿ ਮੁਫਤ ਰਾਸ਼ਨ ਸਕੀਮ ਅਗਲੇ ਪੰਜ ਸਾਲਾਂ ਤੱਕ ਜਾਰੀ ਰਹੇਗੀ।

## ਸਰਬਜੀਤ ਦਾ ਕਾਤਲ ਮਾਰਿਆ ਗਿਆ



**ਲਾਹੌਰ** : 2013 'ਚ ਸਰਬਜੀਤ ਸਿੰਘ ਦੀ ਕੋਟ ਲਖਪਤ ਜੇਲ੍ਹ 'ਚ ਹੱਤਿਆ ਕਰਨ ਵਾਲੇ ਆਮਿਰ ਸਰਫਰਾਜ਼ ਨੂੰ ਅਣਪਛਾਤੇ ਵਿਅਕਤੀਆਂ ਨੇ ਗੋਲੀਆਂ ਮਾਰ ਕੇ ਮਾਰ ਦਿੱਤਾ। ਦਸੰਬਰ 2018 'ਚ ਪਾਕਿਸਤਾਨੀ ਅਦਾਲਤ ਨੇ ਸਰਬਜੀਤ ਸਿੰਘ ਦੇ ਕਤਲ ਕੇਸ 'ਚ ਆਮਿਰ ਸਰਫਰਾਜ਼ ਉਰਫ ਤੰਬਾ ਅਤੇ ਮੁਦੱਸਰ ਨੂੰ ਸਬੂਤਾਂ ਦੀ ਘਾਟ ਦਾ ਹਵਾਲਾ ਦਿੰਦੇ ਹੋਏ ਬਰੀ ਕਰ ਦਿੱਤਾ ਸੀ। ਦੋਹਾਂ ਖਿਲਾਫ ਕਿਸੇ ਨੇ ਵੀ ਗਵਾਹੀ ਨਹੀਂ ਦਿੱਤੀ ਸੀ। ਸਰਬਜੀਤ ਦਾ ਜਨਮ ਤਰਨ ਤਾਰਨ ਜ਼ਿਲ੍ਹੇ ਦੇ ਕਸਬਾ ਭਿੱਖੀਵਿੰਡ 'ਚ ਹੋਇਆ ਸੀ। ਉਹ 1990 ਦੇ ਦਹਾਕੇ ਦੇ ਸ਼ੁਰੂ 'ਚ ਭਟਕ ਕੇ ਪਾਕਿਸਤਾਨ ਚਲਾ ਗਿਆ ਸੀ। ਅਦਾਲਤ ਨੇ ਉਸ ਨੂੰ 1990 'ਚ ਲਾਹੌਰ ਅਤੇ ਫੈਸਲਾਬਾਦ 'ਚ ਹੋਏ ਬੰਬ ਧਮਾਕਿਆਂ 'ਚ 14 ਲੋਕਾਂ ਦੀ ਮੌਤ ਦੇ ਦੋਸ਼ 'ਚ ਮੌਤ ਦੀ ਸਜ਼ਾ ਸੁਣਾਈ ਸੀ। ਹਾਲਾਂਕਿ, ਪਾਕਿਸਤਾਨੀ ਸਰਕਾਰ ਨੇ ਇਸ ਸਜ਼ਾ ਨੂੰ ਵਾਰ-ਵਾਰ ਮੁਲਤਵੀ ਕੀਤਾ। ਕੋਟ ਲਖਪਤ ਜੇਲ੍ਹ 'ਚ ਸਰਬਜੀਤ ਉੱਤੇ ਸਾਥੀ ਕੈਦੀਆਂ ਅਮੀਰ ਸਰਫਰਾਜ਼ ਉਰਫ ਤੰਬਾ ਅਤੇ ਮੁਦੱਸਰ ਮੁਨੀਰ ਨੇ ਇੱਟਾਂ ਅਤੇ ਲੋਹੇ ਦੀਆਂ ਰਾਡਾਂ ਨਾਲ ਹਮਲਾ ਕੀਤਾ ਸੀ। ਉਹ ਛੇ ਦਿਨਾਂ ਬਾਅਦ ਲਾਹੌਰ ਦੇ ਜਿਨਾਹ ਹਸਪਤਾਲ 'ਚ ਦਮ ਤੋੜ ਗਿਆ ਸੀ।

## ਸਲਮਾਨ ਦੇ ਘਰ ਦੇ ਬਾਹਰ ਗੋਲੀਬਾਰੀ




**ਮੁੰਬਈ** : ਸਲਮਾਨ ਖਾਨ ਦੇ ਮੁੰਬਈ ਸਥਿਤ ਘਰ ਦੇ ਬਾਹਰ ਐਤਵਾਰ ਤੜਕੇ ਮੋਟਰਸਾਈਕਲ ਸਵਾਰ ਦੋ ਅਣਪਛਾਤੇ ਵਿਅਕਤੀਆਂ ਨੇ ਗੋਲੀਬਾਰੀ ਕੀਤੀ। ਪੁਲਸ ਅਧਿਕਾਰੀ ਨੇ ਦੱਸਿਆ ਕਿ ਬਾਂਦਰਾ ਇਲਾਕੇ 'ਚ ਸਥਿਤ 'ਗਲੈਕਸੀ ਅਪਾਰਟਮੈਂਟਸ' ਦੇ ਬਾਹਰ ਲਗਭਗ 5 ਵਜੇ ਦੋ ਵਿਅਕਤੀਆਂ ਨੇ ਚਾਰ ਗੋਲੀਆਂ ਚਲਾਈਆਂ ਅਤੇ ਫਰਾਰ ਹੋ ਗਏ। ਪਿਛਲੇ ਸਾਲ ਮਾਰਚ 'ਚ ਸਲਮਾਨ ਦੇ ਦਫਤਰ ਨੂੰ ਇੱਕ ਈ-ਮੇਲ ਭੇਜ ਕੇ ਧਮਕੀ ਦਿੱਤੀ ਗਈ ਸੀ। ਇਸ ਮਗਰੋਂ ਮੁੰਬਈ ਪੁਲਸ ਨੇ ਗੈਂਗਸਟਰ ਲਾਰੈਂਸ ਬਿਸ਼ਨੋਈ, ਗੋਲਡੀ ਬਰਾੜ ਅਤੇ ਇੱਕ ਹੋਰ ਖਿਲਾਫ ਐੱਫ ਆਈ ਆਰ ਦਰਜ ਕੀਤੀ ਸੀ। ਲਾਰੈਂਸ ਬਿਸ਼ਨੋਈ ਦੇ ਛੋਟੇ ਭਰਾ ਅਨਮੋਲ ਬਿਸ਼ਨੋਈ ਨੇ ਗੋਲੀਬਾਰੀ ਦੀ ਜ਼ਿੰਮੇਵਾਰੀ ਲੈਂਦਿਆਂ ਫੇਸਬੁਕ 'ਤੇ ਪੋਸਟ ਪਾ ਕੇ ਕਿਹਾ ਹੈ ਕਿ ਇਹ ਆਖਰੀ ਵਾਰਨਿੰਗ ਹੈ ਤੇ ਇਸ ਤੋਂ ਬਾਅਦ ਕੰਧਾਂ ਜਾਂ ਕਿਸੇ ਖਾਲੀ ਘਰ 'ਤੇ ਗੋਲੀਆਂ ਨਹੀਂ ਚਲਾਈਆਂ ਜਾਣਗੀਆਂ। ਅਨਮੋਲ ਸਿੱਧੂ ਮੂਸੇਵਾਲਾ ਦੇ ਕਤਲ ਕੇਸ ਵਿਚ ਲੋੜੀਂਦਾ ਹੈ।

## ਮੈਨ-ਪੋਰਟੇਬਲ ਐਂਟੀ-ਟੈਂਕ ਗਾਈਡਡ ਮਿਜ਼ਾਈਲ ਦੀ ਸਫਲ ਪਰਖ



**ਨਵੀਂ ਦਿੱਲੀ** : ਭਾਰਤੀ ਫੌਜ ਨੇ ਦੁਸ਼ਮਣ ਦੇ ਟੈਂਕਾਂ ਨੂੰ ਕਿਸੇ ਵੀ ਥਾਂ ਤੋਂ ਨਿਸ਼ਾਨਾ ਬਣਾਉਣ 'ਚ ਸਮਰੱਥ ਦੇਸ਼ 'ਚ ਬਣੀ 'ਮੈਨ-ਪੋਰਟੇਬਲ ਐਂਟੀ-ਟੈਂਕ ਗਾਈਡਡ ਮਿਜ਼ਾਈਲ' ਹਥਿਆਰ ਪ੍ਰਣਾਲੀ ਦੀ ਸਫਲ ਪਰਖ ਕੀਤੀ। ਇਸ ਨਾਲ ਇਸ ਨੂੰ ਫੌਜ 'ਚ ਸ਼ਾਮਲ ਦਾ ਰਾਹ ਪੱਧਰਾ ਹੋ ਗਿਆ ਹੈ। ਇਸ ਹਥਿਆਰ ਪ੍ਰਣਾਲੀ ਨੂੰ ਰੱਖਿਆ, ਖੋਜ ਤੇ ਵਿਕਾਸ ਸੰਗਠਨ ਨੇ ਵਿਕਸਤ ਕੀਤਾ ਹੈ। ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਇਸ ਪ੍ਰਣਾਲੀ ਨੂੰ ਆਧੁਨਿਕ ਤਕਨਾਲੋਜੀ ਆਧਾਰਤ ਰੱਖਿਆ ਪ੍ਰਣਾਲੀ ਦੇ ਵਿਕਾਸ 'ਚ ਆਤਮ ਨਿਰਭਰਤਾ ਹਾਸਲ ਕਰਨ ਵੱਲ ਅਹਿਮ ਕਦਮ ਕਰਾਰ ਦਿੱਤਾ ਹੈ।

## ਚੋਣਾਂ 'ਚ ਚਾਰਟਰਡ ਜਹਾਜ਼ਾਂ ਤੇ ਹੈਲੀਕਾਪਟਰਾਂ ਦੇ ਕਿਰਾਏ ਵਧੇ



**ਨਵੀਂ ਦਿੱਲੀ** : ਲੋਕ ਸਭਾ ਚੋਣਾਂ ਲਈ ਪ੍ਰਚਾਰ ਦੌਰਾਨ ਚਾਰਟਰਡ ਜਹਾਜ਼ਾਂ ਅਤੇ ਹੈਲੀਕਾਪਟਰਾਂ ਦੀ ਮੰਗ 40 ਫੀਸਦੀ ਵਧ ਗਈ ਹੈ। ਮਾਹਰਾਂ ਮੁਤਾਬਕ ਨਿੱਜੀ ਹਵਾਈ ਜਹਾਜ ਅਤੇ ਹੈਲੀਕਾਪਟਰ ਅਪਰੇਟਰਾਂ ਨੂੰ ਇਸ ਤੋਂ 15-20 ਫੀਸਦੀ ਵੱਧ ਕਮਾਈ ਹੋਣ ਦੀ ਉਮੀਦ ਹੈ। ਚਾਰਟਰਡ ਸੇਵਾਵਾਂ ਲਈ ਪ੍ਰਤੀ ਘੰਟੇ ਦੀਆਂ ਦਰਾਂ ਵੀ ਵਧ ਗਈਆਂ ਹਨ। ਇੱਕ ਹਵਾਈ ਜਹਾਜ਼ ਦਾ ਖਰਚਾ ਲਗਪਗ 4.5-5.25 ਲੱਖ ਰੁਪਏ ਹੈ ਅਤੇ ਇੱਕ ਦੋ-ਇੰਜਣ ਵਾਲੇ ਹੈਲੀਕਾਪਟਰ ਲਈ ਇਹ ਲਗਭਗ 1.5-1.7 ਲੱਖ ਰੁਪਏ ਹੈ। ਬਿਜ਼ਨਸ ਏਅਰਕ੍ਰਾਫਟ ਅਪਰੇਟਰਜ਼ ਐਸੋਸੀਏਸਨ ਦੇ ਐੱਮ ਡੀ ਕੈਪਟਨ ਆਰ ਕੇ ਬਾਲੀ ਨੇ ਦੱਸਿਆ ਕਿ ਪਿਛਲੀਆਂ ਆਮ ਚੋਣਾਂ ਦੇ ਮੁਕਾਬਲੇ ਚਾਰਟਰਡ ਜਹਾਜ਼ਾਂ ਦੀ ਮੰਗ 30-40 ਫੀਸਦੀ ਵੱਧ ਹੈ।

## ਡੇਰਾ ਸਿਰਸਾ ਵੱਲੋਂ ਚੋਣਾਂ ਮੌਕੇ ਤਾਕਤ ਸ਼ੋਅ

**ਬਠਿੰਡਾ** : ਡੇਰਾ ਸੱਚਾ ਸੌਦਾ ਸਿਰਸਾ ਨੇ ਲੋਕ ਸਭਾ ਚੋਣਾਂ ਮੌਕੇ ਐਤਵਾਰ ਬਠਿੰਡਾ ਜ਼ਿਲ੍ਹੇ ਦੇ ਡੇਰਾ ਸਲਾਬਤਪੁਰਾ 'ਚ ਤਾਕਤ ਸ਼ੋਅ ਕੀਤੀ। ਡੇਰੇ ਦੇ 76ਵੇਂ ਸਥਾਪਨਾ ਦਿਵਸ ਸਮਾਗਮ ਮੌਕੇ ਪੰਜਾਬ-ਭਰ ਦੇ ਪੈਰੋਕਾਰਾਂ ਦਾ ਇਕੱਠ ਸੱਦਿਆ ਗਿਆ ਸੀ। ਡੇਰੇ ਦਾ ਸਿਆਸੀ ਵਿੰਗ ਭੰਗ ਹੋਣ ਦੀ ਗੱਲ ਸਾਹਮਣੇ ਆਉਣ ਤੋਂ ਬਾਅਦ ਪੰਜਾਬ 'ਚ ਹੋਣ ਜਾ ਰਹੀਆਂ ਲੋਕ ਸਭਾ ਚੋਣਾਂ ਮੌਕੇ ਇਹ ਪਹਿਲਾ ਵੱਡਾ ਇਕੱਠ ਸੀ, ਜਿਸ ਨੂੰ ਕਾਫੀ ਅਹਿਮ ਸਮਝਿਆ ਜਾ ਰਿਹਾ ਹੈ। ਹਾਲਾਂਕਿ ਡੇਰਾ ਪ੍ਰਬੰਧਕਾਂ ਨੇ ਕਿਸੇ ਕਿਸਮ ਦੀ ਕੋਈ ਸਿਆਸੀ ਚਰਚਾ ਨਹੀਂ ਕੀਤੀ, ਪਰ ਸਿਆਸਤ ਦੇ ਜਾਣਕਾਰ ਇਕੱਠ ਨੂੰ ਸਿਆਸੀ ਪਿੜ 'ਚ ਡੇਰੇ ਦੀ ਪੁਰਾਣੀ ਧਾਕ ਦੀ ਕਾਇਮੀ ਲਈ ਕੀਤਾ ਮੰਨ ਰਹੇ ਹਨ।

ਸੂਤਰਾਂ ਮੁਤਾਬਕ ਵੋਟਾਂ ਖਾਤਰ ਕਈ ਸਿਆਸੀ ਨੇਤਾ ਕੋਈ ਵਿਚਲਾ ਰਾਹ ਕੱਢਣ ਲਈ ਤਰਲੋਮੱਛੀ ਹਨ, ਪਰ ਪੰਥਕ ਵੋਟ ਬੈਂਕ ਖੁੱਸਣ ਦੇ ਡਰੋਂ ਖੁੱਲ੍ਹੇਆਮ ਡੇਰਾ ਸਿਰਸਾ ਦੇ ਨੇੜੇ ਜਾਣ ਤੋਂ ਡਰ ਰਹੇ ਹਨ।

## ਸਿੱਖਿਆ ਖੇਤਰ 'ਚ ਗਰੀਬ-ਅਮੀਰ ਦਾ ਪਾੜਾ ਵੱਡਾ ਟਕਰਾਅ ਬਣਨ ਵੱਲ : ਰਾਮੂਵਾਲੀਆ



**ਜਲੰਧਰ** : ਲੋਕ ਭਲਾਈ ਪਾਰਟੀ ਦੇ ਪ੍ਰਧਾਨ ਤੇ ਸਾਬਕਾ ਕੇਂਦਰੀ ਮੰਤਰੀ ਬਲਵੰਤ ਸਿੰਘ ਰਾਮੂਵਾਲੀਆ ਨੇ ਸਮੂਹ ਰਾਜਸੀ ਧਿਰਾਂ ਨੂੰ ਜ਼ੋਰ ਦੇ ਕੇ ਚੇਤਾਵਨੀ ਦਿੱਤੀ ਹੈ ਕਿ ਸਮੂਹ ਦਲਿਤ ਅਤੇ ਤੰਗੀ ਨਾਲ ਜੂਝਦੇ ਵਰਗ ਤੇ ਕਮਜ਼ੋਰ ਕਮਾਈਦਾਰਾਂ ਵਿੱਚ ਉਹਨਾਂ ਦੇ ਬੱਚਿਆਂ ਦੇ ਗਰੀਬੀ ਲਿਬਾਸ, ਫੱਟੀ ਬਸਤਿਆਂ ਵਾਲੀ ਕੰਗਾਲੀ ਗ੍ਰਸਤ ਸਕੂਲਾਂ ਤੇ ਉਸੇ ਤਰ੍ਹਾਂ ਦੇ ਅਧਿਆਪਕ ਵਰਗ ਵੱਲੋਂ ਪੜ੍ਹਾਈ ਅਤੇ ਉਨ੍ਹਾਂ ਦੇ ਹੀ ਪਿੰਡਾਂ ਤੇ ਸ਼ਹਿਰਾਂ ਵਿੱਚ ਠਾਠ ਤੇ ਸ਼ਾਨ ਵਾਲੇ ਕਾਨਵੈਂਟ ਸਕੂਲਾਂ ਦੇ ਪ੍ਰਬੰਧਕਾਂ ਦੀ ਅਮੀਰੀ ਕਾਰਨ ਈਰਖਾ ਤੇ ਸਾੜਾ ਜ਼ਹਿਰ ਬਣ ਕੇ ਦੁਸ਼ਮਣਾਂ ਵਰਗਾ ਟਕਰਾਅ ਪੈਦਾ ਕਰ ਰਿਹਾ ਹੈ। ਰਾਮੂਵਾਲੀਆ ਨੇ ਕਿਹਾ ਕਿ ਇਸ ਭਿਆਨਕ ਦੁਖਾਂਤ ਦਾ ਪੂਰਨ ਹੱਲ ਲੋਕ ਭਲਾਈ ਪਾਰਟੀ ਕੋਲ ਹੈ। ਉਹਨਾ ਕਿਹਾ ਕਿ ਕਾਨਵੈਂਟ ਸਕੂਲ ਪ੍ਰਬੰਧਕ ਵਿਦਿਅਕ ਖੇਤਰ ਵਿੱਚ ਵੀ ਲੁੱਟ ਦੇ ਬੇਰਹਿਮ ਵਪਾਰੀ ਸਾਬਤ ਹੋ ਚੁੱਕੇ ਹਨ। ਗਰੀਬ ਵਰਗ ਬੁਰੀ ਤਰ੍ਹਾਂ ਬੇਚੈਨ ਤੇ ਕੌੜਾ ਹੋ ਕੇ ਸੰਗਠਤ ਹੋ ਚੁੱਕਾ ਹੈ। ਰਾਮੂਵਾਲੀਆ ਨੇ ਕਿਹਾ ਮਾਰੂ ਨਿਰਾਸ਼ਾ ਇਹ ਹੈ ਕਿ ਧਨ ਧਾਰਕ ਅਤੇ ਕਾਨਵੈਂਟ ਪ੍ਰਬੰਧਕ, ਸ਼ਾਸਕ ਤੇ ਰਾਜਸੀ ਆਗੂ ਜੁੰਡਲੀ ਬਣਾ ਕੇ ਸਥਾਪਤ ਵੀ ਹੋ ਚੁੱਕੇ ਹਨ ਅਤੇ ਬਦਨਾਮ ਵੀ। ਇਸ ਕਰਕੇ ਸਮਰੱਥ ਸ਼੍ਰੇਣੀ ਅਤੇ ਗਰੀਬ ਸ਼੍ਰੇਣੀ ਵਿਚ ਬਹੁਤ ਮਾੜਾ ਜੰਗ ਵਰਗਾ ਟਕਰਾਅ ਪੱਕਾ ਹੋਵੇਗਾ। ਇਸ ਲਈ ਇਸ ਮੁੱਦੇ ਨੂੰ ਕੌਮੀ ਫਿਕਰਮੰਦ ਸਮਾਜਕ ਵਰਗਾਂ ਵਿਚ ਅਮਨ ਤੇ ਸਦਭਾਵਨਾ ਦਾ ਵਿਸ਼ਾ ਬਣਾ ਕੇ ਵਿਚਾਰਿਆ ਜਾਵੇ। ਉਹਨਾ ਕਿਹਾ ਕਿ ਸਮੂਹ ਬੁੱਧੀਵਾਨ ਅਤੇ ਸਮਾਜਕ ਸ਼ਾਂਤੀ ਲਈ ਫਿਕਰਮੰਦ ਲੋਕਾਂ ਨੂੰ ਕੋਈ ਠੋਸ ਰਾਹ ਜ਼ਰੂਰ ਲੱਭਣਾ ਚਾਹੀਦਾ ਹੈ।

## ਸੀ ਪੀ ਆਈ ਵੱਲੋਂ ਸੰਵਿਧਾਨ ਦੀ ਰਾਖੀ ਕਰਨ ਦਾ ਸੰਕਲਪ



**ਲੁਧਿਆਣਾ (ਐੱਮ ਐੱਸ ਭਾਟੀਆ)**

ਐਤਵਾਰ ਇੱਥੇ ਜਲੰਧਰ ਬਾਈਪਾਸ 'ਤੇ ਸਥਿਤ ਡਾਕਟਰ ਭੀਮ ਰਾਓ ਅੰਬੇਡਕਰ ਦੇ ਬੁੱਤ 'ਤੇ ਹਾਰ ਪਾਉਣ ਉਪਰੰਤ ਰੈਲੀ ਕਰਕੇ ਭਾਰਤੀ ਕਮਿਊਨਿਸਟ ਪਾਰਟੀ ਨੇ ਪ੍ਰਣ ਕੀਤਾ ਕਿ ਉਹ ਦੇਸ਼ ਦੇ ਸੰਵਿਧਾਨ ਦੀ ਰਾਖੀ ਲਈ ਹਰ ਕੁਰਬਾਨੀ ਦੇਣਗੇ। ਦੇਸ਼ ਦੇ ਆਜ਼ਾਦੀ ਘੁਲਾਟੀਆਂ ਸ਼ਹੀਦ ਭਗਤ ਸਿੰਘ ਤੇ ਉਹਨਾਂ ਦੇ ਸਾਥੀਆਂ, ਜਵਾਹਰ ਲਾਲ ਨਹਿਰੂ, ਮਹਾਤਮਾ ਗਾਂਧੀ, ਗਦਰੀ ਬਾਬੇ ਅਤੇ ਕਮਿਊਨਿਸਟਾਂ ਵੱਲੋਂ ਚਲਾਏ ਗਏ ਆਜ਼ਾਦੀ ਦੇ ਅੰਦੋਲਨ ਸਦਕਾ ਅਤੇ ਉਹਨਾਂ ਦੇ ਵਿਚਾਰਾਂ ਤੋਂ ਪ੍ਰੇਰਿਤ ਭਾਰਤੀ ਸੰਵਿਧਾਨ ਨੂੰ ਰਚਣ ਵਿੱਚ ਡਾਕਟਰ ਅੰਬੇਡਕਰ ਨੇ ਬਹੁਤ ਵੱਡੀ ਭੂਮਿਕਾ ਨਿਭਾਈ। ਸਾਡੇ ਇਸ ਨਿਵੇਕਲੇ ਸੰਵਿਧਾਨ ਵਿੱਚ ਨਿਆਂ ਤੇ ਬਰਾਬਰੀ ਨੂੰ ਪਹਿਲ ਦਿੱਤੀ ਗਈ ਹੈ। ਜਿੱਥੇ ਸਭਨਾਂ ਨੂੰ ਵੋਟ ਦੇਣ ਦਾ ਅਧਿਕਾਰ ਦਿੱਤਾ ਗਿਆ ਹੈ, ਉਥੇ ਸਦੀਆਂ ਤੋਂ ਦੱਬੇ-ਕੁਚਲੇ ਵਰਗਾਂ ਨੂੰ ਵਿਸ਼ੇਸ਼ ਸਹੂਲਤਾਂ ਦੇ ਕੇ ਉਪਰ ਚੁੱਕਣ ਦਾ ਫੈਸਲਾ ਵੀ ਲਿਆ ਗਿਆ। ਲੋਕਤੰਤਰ, ਧਰਮ ਨਿਰਪੱਖਤਾ ਤੇ ਸਮਾਜਵਾਦ ਦਾ ਨਿਸ਼ਾਨਾ ਸੰਵਿਧਾਨ ਵਿੱਚ ਰੱਖਿਆ ਗਿਆ। ਵੱਖ-ਵੱਖ ਸੰਵਿਧਾਨਕ ਸੰਸਥਾਵਾਂ ਨੂੰ ਅਧਿਕਾਰ ਦਿੱਤੇ ਗਏ ਕਿ ਉਹ ਆਪਣੇ ਮੁਤਾਬਕ ਦੇਸ਼ ਦੇ ਵਿਕਾਸ ਲਈ ਕੰਮ ਕਰ ਸਕਣ, ਪਰ ਆਰ ਐੱਸ ਐੱਸ ਦੀ ਥਾਪੜੀ ਮੋਦੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਜਦੋਂ ਤੋਂ ਸੱਤਾ ਵਿਚ ਆਈ ਹੈ, ਸੰਵਿਧਾਨ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ ਤੇ ਇਸ ਦੇ ਮੁਢਲੇ ਸਿਧਾਂਤਾਂ ਨੂੰ ਤੋੜ-ਮਰੋੜ ਕੇ ਦੇਸ਼ ਵਿੱਚ ਜੋ ਵਿਭਿੰਨਤਾ ਹੈ, ਉਸ ਨੂੰ ਖੇਰੂੰ-ਖੇਰੂੰ ਕਰਕੇ ਇੱਕਸੁਰਤਾ ਦਾ ਸਮਾਜ ਸਿਰਜਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਜਿਸ ਵਿੱਚ ਕਿ ਕੱਟੜ ਹਿੰਦੂਤਵਵਾਦੀ ਵਿਚਾਰਧਾਰਾ ਦੇ ਮੁਤਾਬਕ ਸਮਾਜ ਚੱਲੇ। ਸੰਵਿਧਾਨਕ ਸੰਸਥਾਵਾਂ ਨੂੰ ਆਪਣੇ ਅਧਿਕਾਰ ਵਰਤਣ ਤੋਂ ਰੋਕਿਆ ਜਾ ਰਿਹਾ ਹੈ। ਦਲਿਤਾਂ, ਘੱਟ ਗਿਣਤੀਆਂ, ਆਦਿਵਾਸੀਆਂ ਅਤੇ ਜੋ ਕੋਈ ਵੀ ਇਹਨਾਂ ਨੂੰ ਪ੍ਰਸ਼ਨ ਕਰੇ, ਉਹਨਾਂ ਨੂੰ ਦੇਸ਼ ਧਰੋਹੀ ਕਰਾਰ ਦੇ ਕੇ ਭੰਡਿਆ ਜਾ ਰਿਹਾ ਹੈ। ਚੁਣੇ ਹੋਏ ਸੰਸਦ ਮੈਂਬਰਾਂ ਨੂੰ ਸੰਸਦ ਤੋਂ ਕੱਢਿਆ ਗਿਆ। ਚੁਣੇ ਹੋਏ ਮੁੱਖ ਮੰਤਰੀਆਂ ਨੂੰ ਗ੍ਰਿਫਤਾਰ ਕਰਕੇ ਜੇਲ੍ਹਾਂ ਵਿੱਚ ਸੁੱਟਿਆ ਗਿਆ ਅਤੇ ਵੱਖਰੇ ਵਿਚਾਰ ਰੱਖਣ ਵਾਲੇ ਬੁੱਧੀਜੀਵੀਆਂ ਨੂੰ ਕੈਦ ਕਰ ਦਿੱਤਾ ਗਿਆ। ਭੀੜਾਂ

● ਬਾਕੀ ਸਫ਼ਾ 2 'ਤੇ

## ਅੱਜ-ਨਾਮਾ

ਛਿੜੀ ਛੇੜ ਈਰਾਨ-ਇਸਰਾਈਲੀਆਂ ਦੀ,
ਫਿਕਰਾਂ ਵਿੱਚ ਪਿਆ ਫੇਰ ਸੰਸਾਰ ਮੀਆਂ।
ਬੈਠਕਾਂ ਲੱਗੀ ਹੈ ਕਰਨ ਫਿਰ ਯੂ ਐੱਨ ਓ,
ਕਰਨੀ ਹਾਲਤ ਦੀ ਕਹਿਣ ਵਿਚਾਰ ਮੀਆਂ।
ਖੜੇ ਏਧਰ ਕੁਝ ਮੁਲਕ, ਕੁਝ ਓਸ ਪਾਸੇ,
ਦਿੱਸਦੇ ਥੋੜ੍ਹੇ ਜਿਹੇ ਖੜੇ ਵਿਚਕਾਰ ਮੀਆਂ।
ਹੁੰਦੀ ਪਈ ਨਵੀਂ ਫਿਰ ਸੁਣੀ ਕਤਾਰਬੰਦੀ,
ਸਕਦੇ ਕੋਈ ਇਹ ਕਹਿਰ ਗੁਜ਼ਾਰ ਮੀਆਂ।
ਕਲਜੋਗਣਾਂ ਭੌਂਦੀਆਂ ਬਹੁਤ ਸੰਸਾਰ ਉੱਪਰ,
ਮਨੁੱਖਤਾ ਉੱਪਰ ਆ ਗੂੰਜਦਾ 'ਕਾਲ ਮੀਆਂ।
ਨਿਤਾਣੇ ਦਿਲਾਂ ਤੋਂ ਨਿਕਲਦੀ ਹੂਕ ਇਹ ਹੀ,
ਟਲਦੀ ਜਿਵੇਂ ਇਹ ਜੰਗ ਦਿਓ ਟਾਲ ਮੀਆਂ।

-ਤੀਸ ਮਾਰ ਖਾਂ

## ਅੰਬੇਡਕਰ ਅਛੂਤ ਪ੍ਰਥਾ ਦੇ ਕੱਟੜ ਵਿਰੋਧੀ ਸਨ : ਰਜਿੰਦਰਪਾਲ, ਮਾੜੀਮੇਘਾ




**ਤਰਨ ਤਾਰਨ** : ਪੰਜਾਬ ਖੇਤ ਮਜ਼ਦੂਰ ਸਭਾ ਤੇ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਏਟਕ ਜ਼ਿਲ੍ਹਾ ਤਰਨ ਤਾਰਨ ਵੱਲੋਂ ਏਟਕ ਦੇ ਦਫ਼ਤਰ ਤਰਨ ਤਾਰਨ ਵਿਖੇ ਡਾਕਟਰ ਬੀ ਆਰ ਅੰਬੇਡਕਰ ਦਾ ਜਨਮ ਦਿਹਾੜਾ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ, ਜਿਸ ਦੀ ਪ੍ਰਧਾਨਗੀ ਚਰਨ ਸਿੰਘ ਤਰਨ ਤਾਰਨ, ਬੀਬੀ ਵੀਰੋ ਸਾਂਡਪੁਰਾ ਤੇ ਕਮਲਜੀਤ ਸਿੰਘ ਨਾਗੋਕੇ ਨੇ ਕੀਤੀ।

ਇਸ ਮੌਕੇ ਪੰਜਾਬ ਇਸਤਰੀ ਸਭਾ ਦੀ ਸੂਬਾਈ ਪ੍ਰਧਾਨ ਰਜਿੰਦਰ ਪਾਲ ਕੌਰ ਨੇ ਕਿਹਾ ਕਿ ਅੰਬੇਡਕਰ ਨੇ ਛੂਆਛਾਤ ਦਾ ਸਿਧਾਂਤਕ ਤੌਰ 'ਤੇ ਵਿਰੋਧ ਕੀਤਾ। ਉਨ੍ਹਾ ਆਪ ਵੀ ਮਨੁੱਖੀ ਵਿਤਕਰੇ ਦਾ ਘਾਤਕ ਵਿਰੋਧ ਹੰਢਾਇਆ ਸੀ। ਉਹ ਆਪ ਭਾਵੇਂ ਖਾਂਦੇ-ਪੀਂਦੇ ਪਰਵਾਰ ਦੇ ਰਹਿਣ ਵਾਲੇ ਸਨ, ਪਰ ਜਦੋਂ ਉਹ ਸਕੂਲ ਵਿੱਚ ਪੜ੍ਹਨ ਜਾਂਦੇ ਸਨ ਤਾਂ ਉਨ੍ਹਾ ਨੂੰ ਕਲਾਸ ਵਿੱਚ ਬਾਕੀ ਵਿਦਿਆਰਥੀਆਂ ਤੋਂ ਅਲੱਗ ਬਿਠਾਇਆ ਜਾਂਦਾ ਸੀ। ਇਸ ਕਰਕੇ ਕਿ ਉਹ ਇੱਕ ਅਛੂਤ ਪਰਵਾਰ 'ਚੋਂ ਸਨ। ਉਨ੍ਹਾ ਨੂੰ ਸਕੂਲ ਦਾ ਸੇਵਾਦਾਰ ਦੂਜੇ ਵਿਦਿਆਰਥੀਆਂ ਤੋਂ ਵੱਖਰਾ ਪਾਣੀ ਪਿਆਉਂਦਾ ਸੀ। ਅਜਿਹੀ ਸੀ ਅਛੂਤ ਭਾਵ ਦਲਿਤਾਂ ਦੀ ਹਾਲਤ। ਉਹ ਸਿੱਧਾ ਖੂਹ ਤੋਂ ਪਾਣੀ ਵੀ ਨਹੀਂ ਸਨ ਪੀ ਸਕਦੇ। ਉਸ ਵਕਤ ਨਲਕੇ ਤਾਂ ਘੱਟ ਹੀ ਸਨ। ਜਦ ਨਲਕੇ ਲੱਗ ਗਏ ਤਾਂ ਉਦੋਂ ਵੀ ਹਾਲਾਤ ਇਹ ਸਨ ਕਿ ਉਪਰਲੀ ਜਾਤ ਵਾਲੇ ਇਹਨਾਂ ਨੂੰ ਨਲਕੇ ਦਾ ਪਾਣੀ ਵੀ ਸਿੱਧਾ ਨਹੀਂ ਸੀ ਪੀਣ ਦਿੰਦੇ।

ਸੀ ਪੀ ਆਈ ਦੇ ਕੌਮੀ ਕੌਂਸਲ ਮੈਂਬਰ ਪਿਰਥੀਪਾਲ ਸਿੰਘ ਮਾੜੀਮੇਘਾ ਨੇ ਕਿਹਾ ਕਿ ਅੰਬੇਡਕਰ ਦੀ ਲਿਖੀ ਪੁਸਤਕ ਸਾਨੂੰ ਇਹ ਗਿਆਨ ਦਿੰਦੀ ਹੈ ਕਿ ਅਛੂਤ ਜਾਂ ਦਲਿਤ ਮਨੁੱਖ ਦੀ ਨਸਲ ਵਿੱਚ ਮੁੱਢੋਂ-ਸੁੱਢੋਂ ਹੀ ਨਹੀਂ ਸਨ, ਇਹ ਤਾਂ ਸਮੇਂ ਦੀ ਚਾਲ ਨੇ ਬਣਾਏ ਸਨ। ਮਨੁੱਖ ਝੁੰਡਾਂ ਭਾਵ ਗਰੁੱਪਾਂ ਵਿੱਚ ਰਹਿੰਦਾ ਤੇ ਖੁਰਾਕ ਦੀ ਪ੍ਰਾਪਤੀ ਲਈ ਸੰਘਰਸ਼ ਕਰਦਾ ਰਹਿੰਦਾ ਸੀ, ਜਿਹੜਾ ਗਰੁੱਪ ਜਿੱਤ ਜਾਂਦਾ, ਉਹ ਖੁਰਾਕ 'ਤੇ ਕਾਬਜ਼ ਹੋ ਜਾਂਦਾ ਤੇ ਜਿਹੜਾ ਹਾਰ ਜਾਂਦਾ, ਉਹ ਭੁੱਖ ਨਾਲ ਵਿਲ੍ਹਕਦਾ ਰਹਿੰਦਾ। ਜਿੱਤੇ ਹੋਏ ਗਰੁੱਪ 'ਤੇ ਹਾਰੇ ਹੋਏ ਤੋਂ ਇਲਾਵਾ ਦੂਜੇ ਗਰੁੱਪ ਵੀ ਹਮਲੇ ਕਰਦੇ ਰਹਿੰਦੇ ਸਨ। ਇਸ ਪ੍ਰਸਥਿਤੀ ਵਿੱਚ ਪਹਿਲਾਂ ਜਿਹੜਾ ਜਿੱਤਿਆ ਗਰੁੱਪ ਉਹ ਉਸ ਵੱਲੋਂ ਹਰਾਏ ਹੋਏ ਗਰੁੱਪ ਦੇ ਨਾਲਦਿਆਂ ਨੂੰ ਇਸ ਕਰਕੇ ਰਹਿਣ ਤੇ ਖਾਣ-ਪੀਣ ਲਈ ਜਗ੍ਹਾ ਦੇ ਦਿੰਦਾ ਕਿ ਤੁਸੀਂ ਪਿੰਡ ਤੋਂ ਬਾਹਰ ਵਸੇਬਾ ਕਰੋਗੇ ਤੇ ਸਾਡੀ ਸੁਰੱਖਿਆ ਦਾ ਫਰਜ਼

● ਬਾਕੀ ਸਫ਼ਾ 2 'ਤੇ

CMYK

15-APRIL-PAGE-1.qxd 4/14/2024 9:56 PM Page 2



## ਐਮ ਏ ਐਮ ਸਕੂਲ 'ਚ ਵਿਸਾਖੀ ਦਾ ਤਿਉਹਾਰ ਉਤਸ਼ਾਹ ਨਾਲ ਮਨਾਇਆ



**ਸਮਰਾਲਾ (ਸੁਰਜੀਤ ਸਿੰਘ)**-ਸਥਾਨਕ ਮੈਕਸ ਆਰਥਰ ਪਬਲਿਕ ਸਕੂਲ ਵਿੱਚ ਵਿਸਾਖੀ ਦਾ ਤਿਉਹਾਰ ਬਹੁਤ ਹੀ ਉਤਸ਼ਾਹ ਨਾਲ ਮਨਾਇਆ ਗਿਆ। ਸਵੇਰ ਦੀ ਸਭਾ ਵਿੱਚ ਸਕੂਲ ਦੇ ਪ੍ਰਿੰਸੀਪਲ ਡਾ. ਮੋਨਿਕਾ ਨੇ ਵਿਸਾਖੀ ਦੇ ਤਿਉਹਾਰ ਸੰਬੰਧੀ ਜਾਣਕਾਰੀ ਦਿੱਤੀ। ਸਕੂਲ ਦੇ ਪੰਜਾਬੀ ਅਧਿਆਪਿਕਾ ਕਮਲਜੀਤ ਕੌਰ ਨੇ ਵਿਸਾਖੀ ਦੇ ਇਤਿਹਾਸ 'ਤੇ ਰੌਸ਼ਨੀ ਪਾਈ। ਸਕੂਲ ਵਿਦਿਆਰਥੀਆਂ ਨੇ ਵਿਸਾਖੀ ਨਾਲ ਸੰਬੰਧਤ ਕਵਿਤਾਵਾਂ ਪੇਸ਼ ਕੀਤੀਆਂ। ਸੰਗੀਤ ਅਧਿਆਪਿਕਾ ਤਰਕਜੋਤ ਕੌਰ ਦੀ ਅਗਵਾਈ ਵਿੱਚ ਵਿਦਿਆਰਥਣਾਂ ਨੇ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ। ਇਸ ਤੋਂ ਇਲਾਵਾ ਸਕੂਲ ਵਿੱਚ ਵਿਦਿਆਰਥੀਆਂ ਵਿੱਚ ਵਿਸਾਖੀ ਨਾਲ ਸੰਬੰਧਤ ਗਤੀਵਿਧੀਆਂ ਕਰਵਾਈਆਂ ਗਈਆਂ। ਵਿਦਿਆਰਥੀਆਂ ਵਿਚਕਾਰ ਵਿਸਾਖੀ ਉੱਤੇ ਕੁਵਿਜ਼ ਮੁਕਾਬਲੇ ਕਰਵਾਏ ਗਏ। ਇਸ ਤੋਂ ਇਲਾਵਾ ਨਰਸਰੀ ਤੋਂ ਬਾਰ੍ਹਵੀਂ ਤੱਕ ਦੇ ਵਿਦਿਆਰਥੀ ਦੁਪਹਿਰ ਦੇ ਖਾਣੇ ਵਿੱਚ ਵੰਨ-ਸੁਵੰਨੇ ਭੋਜਨ ਲੈ ਕੇ ਆਏ। ਵਿਸਾਖੀ ਦੇ ਤਿਉਹਾਰ ਤੇ ਸਕੂਲ ਦੇ ਪ੍ਰੈਜ਼ੀਡੈਂਟ ਅਨੀਲ਼ ਵਰਮਾ, ਪ੍ਰਿੰਸੀਪਲ ਡਾ. ਮੋਨਿਕਾ, ਰਮਨਦੀਪ ਸਿੰਘ ਤੇ ਸਮੂਹ ਅਧਿਆਪਕਾਂ ਨੇ ਸਾਰੇ ਸਮਾਜ ਨੂੰ ਵਿਸਾਖੀ ਦੀਆਂ ਸ਼ੁੱਭਕਾਮਨਾਵਾਂ ਦਿੱਤੀਆਂ।

## ਜੇ ਐਮ ਐੱਸ ਇਮੀਗ੍ਰੇਸ਼ਨ ਨੇ 3 ਸਾਲਾਂ ਦਾ ਗੈਪ ਹੋਣ ਦੇ ਬਾਵਜੂਦ ਲਗਵਾਇਆ ਕੈਨੇਡਾ ਦਾ ਸਟੱਡੀ ਵੀਜ਼ਾ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਬਾਘਾ ਪੁਰਾਣਾ ਸ਼ਹਿਰ ਦੀ ਮੰਨੀ ਪ੍ਰਮੰਨੀ ਸੰਸਥਾ ਜੇ ਐਮ ਐੱਸ ਇਮੀਗ੍ਰੇਸ਼ਨ ਜੋ ਕਿ ਬਾਘਾ ਪੁਰਾਣਾ ਸ਼ਹਿਰ ਦੀ ਨਹਿਰੂ ਮੰਡੀ ਵਿਖੇ ਸਥਿਤ ਹੈ, ਵੱਲੋਂ ਵਿਦਿਆਰਥੀਆਂ ਦੇ ਬਾਹਰ ਜਾ ਕੇ ਪੜ੍ਹਾਈ ਕਰਨ ਅਤੇ ਲੋਕਾਂ ਦੇ ਬਾਹਰ ਜਾ ਕੇ ਘੁੰਮਣ ਦੇ ਸੁਪਨੇ ਨੂੰ ਬਹੁਤ ਹੀ ਜਲਦ ਉਡਾਣ ਦਿੱਤੀ ਜਾਂਦੀ ਹੈ। ਇਸ ਵਾਰ ਸੰਸਥਾ ਵੱਲੋਂ ਹਰਵਿੰਦਰ ਸਿੰਘ ਵਾਸੀ ਭਲੂਰ ਜ਼ਿਲ੍ਹਾ ਮੋਗਾ ਦਾ ਕੈਨੇਡਾ ਦਾ ਸਟੱਡੀ ਵੀਜ਼ਾ ਲਗਵਾ ਕੇ ਉਸ ਦੇ ਸੁਪਨੇ ਨੂੰ ਉਡਾਣ ਦਿੱਤੀ ਗਈ ਹੈ। ਡਾਇਰੈਕਟਰ ਹਰਲਾਲ ਸਿੰਘ ਮਾਨ ਵੱਲੋਂ ਵਿਦਿਆਰਥੀਆਂ ਨੂੰ ਵੀਜ਼ੇ ਦੀ ਜਾਣਕਾਰੀ ਦੇ ਕੇ ਜਾਗਰੂਕ ਕੀਤਾ ਗਿਆ। ਉਨ੍ਹਾ ਦੱਸਿਆ ਕਿ ਪੜ੍ਹਾਈ ਵਿੱਚ ਵੱਧ ਤੋਂ ਵੱਧ ਗੈਪ ਵਾਲੇ ਵਿਦਿਆਰਥੀ ਵੀ ਵਿਦੇਸ਼ਾਂ ਵਿੱਚ ਜਾ ਕੇ ਆਪਣੀ ਉਚੇਰੀ ਸਿੱਖਿਆ ਪ੍ਰਾਪਤ ਕਰ ਸਕਦੇ ਹਨ ਅਤੇ ਜਿਨ੍ਹਾਂ ਵਿਦਿਆਰਥੀਆਂ ਦਾ ਵੀਜ਼ਾ ਵਾਰ-ਵਾਰ ਰਫਿਊਜ਼ ਹੋ ਰਿਹਾ ਹੈ ਉਨ੍ਹਾਂ ਨੂੰ ਵੀ ਘਬਰਾਉਣ ਦੀ ਲੋੜ ਨਹੀਂ, ਸੰਸਥਾ ਵੱਲੋਂ ਵੀਜ਼ੇ ਸੰਬੰਧੀ ਤਸੱਲੀਬਖ਼ਸ਼ ਸਲਾਹ ਦੇ ਕੇ ਹੀ ਵੀਜ਼ਾ ਲਗਾਇਆ ਜਾਂਦਾ ਹੈ। ਸੰਸਥਾ ਵੱਲੋਂ ਸਟੱਡੀ ਵੀਜ਼ਾ, ਵਿਜ਼ਿਟਰ ਵੀਜ਼ਾ, ਸੁਪਰ ਵੀਜ਼ਾ, ਓਪਨ ਵਰਕ ਪਰਮਿਟ ਵੀਜ਼ਾ ਲਗਵਾਏ ਜਾਂਦੇ ਹਨ।

## ਟੈਗੋਰ ਵਿਦਿਆਲਿਆ 'ਚ ਵਿਸਾਖੀ ਦਾ ਤਿਉਹਾਰ ਮਨਾਇਆ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**-ਸਥਾਨਕ ਟੈਗੋਰ ਵਿਦਿਆਲਿਆ ਸੀਨੀਅਰ ਸੈਕੰਡਰੀ ਸਕੂਲ ਵਿਖੇ ਵਿਸਾਖੀ ਦਾ ਤਿਉਹਾਰ ਮਨਾਇਆ ਗਿਆ ਜਿਸ ਵਿੱਚ ਬੱਚਿਆਂ ਨੇ ਵਧ-ਚੜ੍ਹ ਕੇ ਹਿੱਸਾ ਲਿਆ। ਬੱਚਿਆਂ ਨੇ ਕਵੀਸ਼ਰੀ, ਸ਼ਬਦ ਗਾਇਨ, ਕਵਿਤਾਵਾਂ ਪੇਸ਼ ਕੀਤੀਆਂ। ਅਧਿਆਪਕ ਲਖਮੀਰ ਸਿੰਘ ਵੱਲੋਂ ਵਿਸਾਖੀ ਦੇ ਇਤਿਹਾਸਕ ਪਿਛੋਕੜ ਸੰਬੰਧੀ ਜਾਣਕਾਰੀ ਦਿੱਤੀ ਗਈ। ਇਸ ਮੌਕੇ ਪ੍ਰਿੰਸੀਪਲ ਜਸਵਿੰਦਰ ਕੌਰ ਨੇ ਬੱਚਿਆਂ ਦੀ ਹੌਸਲਾ ਅਫਜ਼ਾਈ ਕੀਤੀ ਅਤੇ ਉਨ੍ਹਾਂ ਨੂੰ ਵਿਸਾਖੀ ਦੀ ਮਹੱਤਤਾ ਤੋਂ ਜਾਣੂ ਕਰਵਾਇਆ। ਸਕੂਲ ਮੈਨੇਜਮੈਂਟ ਮੈਂਬਰ ਗੋਬਿੰਦ ਸਿੰਘ ਗਿੱਲ, ਕੁਲਦੀਪ ਸਿੰਘ ਮੰਡੇਰ ਅਤੇ ਜਤਿੰਦਰ ਰਿਸ਼ੀ ਨੇ ਆਪਣੇ ਵਿਚਾਰ ਪੇਸ਼ ਕੀਤੇ।

## ਬਾਬਾ ਸ੍ਰੀ ਚੰਦ ਸੇਵਾ ਸੁਸਾਇਟੀ ਨੇ ਲੰਗਰ ਲਗਾਇਆ



**ਫਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)**-ਵਿਸਾਖੀ ਦੇ ਸ਼ੁੱਭ ਦਿਹਾੜੇ 'ਤੇ ਬਾਬਾ ਸ੍ਰੀ ਚੰਦ ਸੇਵਾ ਸੋਸਾਇਟੀ ਦੇ ਸਰਪ੍ਰਸਤ ਮਹੰਤ ਬਲਦੇਵ ਦਾਸ ਦੇ ਦਿਸ਼ਾ ਨਿਰਦੇਸ਼ਾਂ 'ਤੇ ਬਰੈਡ ਪਕੌੜੇ ਅਤੇ ਚਾਹ ਦਾ ਲੰਗਰ ਲਗਾਇਆ ਗਿਆ।ਇਸ ਮੌਕੇ ਸੋਸਾਇਟੀ ਪ੍ਰਧਾਨ ਰਜਿੰਦਰ ਦਾਸ ਰਿੰਕੂ ਨੇ ਕਿਹਾ ਕਿ ਵਿਸਾਖੀ ਸਾਰੇ ਧਰਮਾਂ ਦਾ ਸਾਂਝਾ ਤਿਉਹਾਰ ਹੈ। ਇਸ ਦਿਨ ਖਾਲਸਾ ਪੰਥ ਦੀ ਸਥਾਪਨਾ ਹੋਈ ਸੀ, ਫਸਲਾਂ ਪੱਕ ਕੇ ਤਿਆਰ ਹੋ ਜਾਂਦੀਆਂ ਹਨ ਅਤੇ ਨਵੇਂ ਦੇਸੀ ਸਾਲ ਦੀ ਸ਼ੁਰੂਆਤ ਹੁੰਦੀ ਹੈ।ਉਨ੍ਹਾ ਸਾਰਿਆਂ ਨੂੰ ਵਿਸਾਖੀ ਦੀਆਂ ਬਹੁਤ ਬਹੁਤ ਮੁਬਾਰਕਾਂ ਦਿੱਤੀਆਂ।ਇਸ ਮੌਕੇ ਰਾਜੂ ਐਨ ਆਰ ਆਈ ਅਤੇ ਰਜਿੰਦਰ ਮਚਾਕੀ ਨੇ ਵੀ ਸਹਿਯੋਗ ਦਿੱਤਾ।ਇਸ ਮੌਕੇ ਰਕੇਸ਼ ਗਰਗ, ਜਗਜੀਤ ਸਿੰਘ ਅਤੇ ਗੋਰਾ ਮਚਾਕੀ ਨੇ ਲੰਗਰ 'ਚ ਸਹਿਯੋਗ ਦੇਣ ਵਾਲਿਆਂ ਦਾ ਧੰਨਵਾਦ ਕੀਤਾ।ਸੁਸਾਇਟੀ ਵੱਲੋਂ ਰਜਿੰਦਰ ਮਚਾਕੀ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।ਇਸ ਮੌਕੇ ਮਾਤਾ ਮਲਕੀਤ ਕੌਰ ਨੇ ਸੁਸਾਇਟੀ ਮੈਂਬਰਾਂ ਨੂੰ ਅਸ਼ੀਰਵਾਦ ਦਿੱਤਾ ਅਤੇ ਸੇਵਾ ਕੀਤੀ।ਇਸ ਮੌਕੇ ਮਦਨ ਗੋਪਾਲ ਸੀਨੀਅਰ ਮੀਤ ਪ੍ਰਧਾਨ, ਗੋਰਾ ਮਚਾਕੀ ਵਾਈਸ ਪ੍ਰਧਾਨ, ਰਕੇਸ਼ ਗਰਗ ਸਲਾਹਕਾਰ, ਬੰਟੀ ਸੂਰਿਆਵੰਸ਼ੀ, ਸਚਿਨ ਸੇਠੀ, ਕੁਲਵਿੰਦਰ ਸਿੰਘ, ਵਿਸ਼ਾਲ ਚਾਵਲਾ, ਰਜਿੰਦਰ ਸਿੰਘ ਕਾਕਾ, ਮੋਨਾ ਸਿੰਘ, ਛਿੰਦਰ ਸਿੰਘ, ਸਰਦੂਲ ਸਿੰਘ, ਆਕਾਸ਼ ਅਤੇ ਬਲਕਰਨ ਸਿੰਘ ਹਾਜ਼ਰ ਸਨ।

## ਸਕੂਲੀ ਵਾਹਨਾਂ ਦੀ ਚੈਕਿੰਗ ਲਈ ਚਲਾਇਆ ਵਿਸ਼ੇਸ਼ ਅਭਿਆਨ



**ਸੰਗਰੂਰ (ਪ੍ਰਵੀਨ ਸਿੰਘ)**-ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਦੀਆਂ ਹਦਾਇਤਾਂ 'ਤੇ ਅੱਜ ਰੀਜਨਲ ਟਰਾਂਸਪੋਰਟ ਅਫ਼ਸਰ ਕੁਲਦੀਪ ਬਾਵਾ ਨੇ ਸਕੂਲੀ ਵਿਦਿਆਰਥੀਆਂ ਨੂੰ ਲਿਆਉਣ ਤੇ ਲਿਜਾਣ ਲਈ ਸਕੂਲ ਪ੍ਰਬੰਧਕਾਂ ਵੱਲੋਂ ਵਰਤੇ ਜਾਣ ਵਾਹਨਾਂ ਦੀ ਅਚਨਚੇਤ ਜਾਂਚ ਲਈ ਵਿਸ਼ੇਸ਼ ਮੁਹਿੰਮ ਚਲਾਈ ਅਤੇ ਇਸ ਜਾਂਚ ਪ੍ਰਕਿਰਿਆ ਦੌਰਾਨ ਵੱਖ-ਵੱਖ ਤਰ੍ਹਾਂ ਦੀਆਂ ਖਾਮੀਆਂ ਸਾਹਮਣੇ ਆਉਣ 'ਤੇ 8 ਵਾਹਨਾਂ ਦੇ ਚਲਾਨ ਕੱਟੇ ਗਏ। ਜਾਣਕਾਰੀ ਦਿੰਦਿਆਂ ਕੁਲਦੀਪ ਬਾਵਾ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਨਿਯਮਤ ਤੌਰ 'ਤੇ ਚੈਕਿੰਗ ਪ੍ਰਕਿਰਿਆ ਜਾਰੀ ਰੱਖੀ ਜਾਂਦੀ ਹੈ ਅਤੇ ਆਵਾਜਾਈ ਨਿਯਮਾਂ ਦੀ ਪਾਲਣਾ ਪ੍ਰਤੀ ਅਣਗਹਿਲੀ ਸਾਹਮਣੇ ਆਉਣ 'ਤੇ ਚਲਾਨ ਕੱਟੇ ਜਾਂਦੇ ਹਨ ਅਤੇ ਜੁਰਮਾਨਾ ਲਗਾਇਆ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਅੱਜ ਸੰਗਰੂਰ ਸ਼ਹਿਰ, ਮਹਿਲਾਂ ਚੌਕ ਅਤੇ ਸੁਨਾਮ ਵਿਖੇ ਸਕੂਲੀ ਵਾਹਨਾਂ ਦੀ ਚੈਕਿੰਗ ਲਈ ਅਭਿਆਨ ਚਲਾਉਂਦੇ ਹੋਏ ਅਜਿਹੇ 8 ਵਾਹਨਾਂ ਦੇ ਚਲਾਨ ਕੱਟੇ ਗਏ ਜਿਹੜੇ ਦਸਤਾਵੇਜ਼ੀ ਘਾਟਾਂ ਸਮੇਤ ਸਕੂਲੀ ਵਾਹਨ ਸੁਰੱਖਿਆ ਨਿਯਮਾਂ ਪ੍ਰਤੀ ਲਾਪਰਵਾਹੀ ਵਰਤਦੇ ਪਾਏ ਗਏ। ਇਸ ਸੰਬੰਧ ਵਿੱਚ ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਨੇ ਜ਼ਿਲ੍ਹਾ ਸੰਗਰੂਰ ਅਧੀਨ ਆਉਂਦੇ ਸਮੂਹ ਸਕੂਲਾਂ ਦੇ ਮੁਖੀਆਂ ਤੇ ਪ੍ਰਬੰਧਕਾਂ ਨੂੰ ਹਦਾਇਤ ਕੀਤੀ ਹੈ ਕਿ ਸਕੂਲੀ ਵਿਦਿਆਰਥੀਆਂ ਦੀ ਸੁਰੱਖਿਆ ਪ੍ਰਤੀ ਕਿਸੇ ਵੀ ਕਿਸਮ ਦੀ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਅਤੇ ਸਮੇਂ ਸਮੇਂ 'ਤੇ ਜਾਰੀ ਕੀਤੀਆਂ ਜਾ ਰਹੀਆਂ ਪ੍ਰਸ਼ਾਸਨਿਕ ਹਦਾਇਤਾਂ ਦੇ ਬਾਵਜੂਦ ਜਿਹੜੇ ਸਕੂਲ ਪ੍ਰਬੰਧਕ ਸੇਫ ਵਾਹਨ ਸਕੂਲ ਪਾਲਸੀ ਦੀ ਪਾਲਣਾ ਨੂੰ ਯਕੀਨੀ ਨਹੀਂ ਬਣਾਉਣਗੇ ਉਨ੍ਹਾਂ ਵਿਰੁੱਧ ਸਖ਼ਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

## ਏਸ਼ੀਆ ਦੀ ਦੂਸਰੀ ਸਭ ਤੋਂ ਵੱਡੀ ਅਨਾਜ ਮੰਡੀ 'ਚ ਕਣਕ ਦੀ ਸਰਕਾਰੀ ਖਰੀਦ ਸ਼ੁਰੂ



**ਜਗਰਾਉਂ (ਸੰਜੀਵ ਅਰੋੜਾ, ਅਮਿਤ ਖੰਨਾ)**-ਏਸ਼ੀਆ ਦੀ ਦੂਸਰੀ ਸਭ ਤੋਂ ਵੱਡੀ ਅਨਾਜ ਮੰਡੀ 'ਚ ਕਣਕ ਦੀ ਸਰਕਾਰੀ ਖ੍ਰੀਦ ਸ਼ੁਰੂ ਹੋ ਗਈ ਹੈ। ਸਥਾਨਕ ਐੱਸ. ਡੀ. ਐੱਮ. ਗੁਰਵੀਰ ਸਿੰਘ ਕੋਹਲੀ ਵੱਲੋਂ ਸ਼ੁਰੂ ਕਰਵਾਈ ਸਰਕਾਰੀ ਖ੍ਰੀਦ ਦੌਰਾਨ ਜ਼ਿਮੀਂਦਾਰ ਕੁੰਢਾ ਸਿੰਘ ਦੀ 115 ਕੁਇੰਟਲ ਕਣਕ ਪਿਆਰੇ ਲਾਲ ਐਂਡ ਬ੍ਰਦਰਜ਼ ਰਾਹੀਂ ਗੋਲਡਨ ਵੀਟ ਐਂਡ ਅਲਾਈਡ ਮਿਲਜ਼ ਤੇ ਵੇਅਰ ਹਾਊਸ ਅਤੇ ਚਰਨਜੀਤ ਸਿੰਘ ਦੀ 70 ਕੁਇੰਟਲ ਕਣਕ ਪਿਆਰੇ ਲਾਲ ਐਂਡ ਬ੍ਰਦਰਜ਼ ਰਾਹੀਂ ਅੰਨਪੂਰਨਾ ਗੋਲਡ ਫਲੋਰ ਮਿਲਜ਼ ਵੱਲੋਂ ਖ੍ਰੀਦ ਕੀਤੀ ਗਈ। ਇਸ ਮੌਕੇ ਐੱਸ. ਡੀ. ਐੱਮ. ਗੁਰਵੀਰ ਸਿੰਘ ਕੋਹਲੀ ਨੇ ਕਿਹਾ ਕਿ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਖ੍ਰੀਦ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ। ਐੱਸ. ਡੀ. ਐੱਮ. ਨੇ ਮੰਡੀ 'ਚ ਸਾਫ਼ ਸਫਾਈ, ਪਾਣੀ ਦੇ ਪ੍ਰਬੰਧਾਂ ਨੂੰ ਦੇਖਿਆ ਤੇ ਤਸੱਲੀ ਪ੍ਰਗਟਾਈ। ਇਸ ਮੌਕੇ ਆੜ੍ਹਤੀ ਐਸੋਸੀਏਸ਼ਨ ਦੇ ਪ੍ਰਧਾਨ ਘਨ੍ਹੱਈਆ ਲਾਲ ਬਾਂਕਾ ਨੇ ਐੱਸ. ਡੀ. ਐੱਮ. ਤੋਂ ਮੰਗ ਕੀਤੀ ਕਿ ਖ੍ਰੀਦ ਏਜੰਸੀਆਂ ਨੂੰ ਸਖ਼ਤ ਹਦਾਇਤਾਂ ਕੀਤੀਆਂ ਜਾਣ ਤੇ ਪੇਮੈਂਟਾਂ 'ਤੇ ਖਾਸ ਧਿਆਨ ਦਿੱਤਾ ਜਾਵੇ ਤਾਂ ਕਿ ਕੋਈ ਖੱਜਲ-ਖੁਆਰ ਨਾ ਹੋਵੇ। ਇਸ ਮੌਕੇ ਡੀ ਐੱਮ ਓ ਗੁਰਮਤਪਾਲ ਸਿੰਘ ਗਿੱਲ, ਮਾਰਕਿਟ ਕਮੇਟੀ ਸੈਕਟਰੀ ਕੰਵਲਪ੍ਰੀਤ ਸਿੰਘ ਕਲਸੀ, ਇੰਸਪੈਕਟਰ ਜਸਪਾਲ ਸਿੰਘ, ਇੰਸਪੈਕਟਰ ਹਰਪ੍ਰੀਤ ਸਿੰਘ, ਜਗਜੀਤ ਸਿੰਘ ਸਿੱਧੂ, ਜਤਿੰਦਰ ਸਿੰਘ ਸਰਾਂ, ਬਲਰਾਜ ਸਿੰਘ ਖਹਿਰਾ, ਬਲਵਿੰਦਰ ਸਿੰਘ ਗਰੇਵਾਲ, ਰਾਜ ਕੁਮਾਰ ਭੱਲਾ, ਭੂਸ਼ਣ ਗੋਇਲ, ਨਵੀਨ ਸਿੰਗਲਾ, ਮੰਗਤ ਬਾਂਸਲ, ਐੱਮ. ਪੀ. ਗੁਰੁਸਰ, ਸਤਪਾਲ ਸਿੰਘ, ਰਮੇਸ਼ ਚੰਦਰ, ਆਸ਼ੂ ਮਿੱਤਲ, ਜਗਸੀਰ ਸਿੰਘ ਕਲੇਰ, ਸਵਰਨਜੀਤ ਸਿੰਘ ਗਿੱਲ, ਨਰਿੰਦਰ ਸਿਆਲ ਤੇ ਬੂਟਾ ਗਰੇਵਾਲ ਆਦਿ ਹਾਜ਼ਰ ਸਨ।

## ਬੀ ਡੀ ਪੀ ਓ ਦਫ਼ਤਰ ਅੱਗੇ ਧਰਨੇ ਸੰਬੰਧੀ ਨਰੇਗਾ ਕਾਮਿਆਂ ਵੱਲੋਂ ਪਿੰਡਾਂ 'ਚ ਮੀਟਿੰਗਾਂ



**ਮੋਗਾ (ਇਕਬਾਲ ਸਿੰਘ ਖਹਿਰਾ)**-ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਪੰਜਾਬ (ਏਟਕ) ਦੇ ਸੱਦੇ 'ਤੇ ਨਰੇਗਾ ਐਕਟ ਨੂੰ ਪਾਰਦਰਸ਼ੀ ਤਰੀਕੇ ਨਾਲ ਲਾਗੂ ਕਰਵਾਉਣ ਲਈ ਦਿੱਤੇ ਜਾ ਰਹੇ ਬਲਾਕ ਪੱਧਰੀ ਧਰਨਿਆਂ ਦੀ ਲੜੀ ਵਿੱਚ ਬਲਾਕ ਮੋਗਾ-2 ਦੇ ਦੌਲਤਪੁਰਾ ਉੱਚਾ, ਮਹੇਸ਼ਰੀ, ਚੋਟੀਆਂ ਕਲਾਂ ਤੇ ਚੰਦ ਪੁਰਾਣਾ ਆਦਿ ਪਿੰਡਾਂ ਵਿੱਚ ਨਰੇਗਾ ਕਾਮਿਆਂ ਦੀਆਂ ਭਰਵੀਆਂ ਮੀਟਿੰਗਾਂ ਕੀਤੀਆਂ ਗਈਆਂ। ਇਨ੍ਹਾਂ ਮੀਟਿੰਗਾਂ ਨੂੰ ਸੰਬੋਧਨ ਕਰਦਿਆਂ ਯੂਨੀਅਨ ਦੇ ਸੀਨੀਅਰ ਮੀਤ ਪ੍ਰਧਾਨ ਸ਼ੇਰ ਸਿੰਘ ਦੌਲਤਪੁਰਾ ਨੇ ਕਿਹਾ ਕਿ ਕੇਂਦਰ ਤੇ ਸੂਬਾ ਸਰਕਾਰਾਂ ਦੋਵੇਂ ਹੀ ਮਜ਼ਦੂਰਾਂ ਦੇ ਹਿੱਤਾਂ ਤੇ ਹੱਕਾਂ ਵਿਰੁੱਧ ਕੰਮ ਕਰ ਰਹੀਆਂ ਹਨ, ਕਿਉਂਕਿ ਇਹ ਸਰਕਾਰਾਂ ਕਿਰਤੀ ਲੋਕਾਂ ਦੇ ਹੱਕ ਵਿੱਚ ਬਣੇ ਕੰਮ ਦੀ ਗਾਰੰਟੀ ਦੇ ਕਾਨੂੰਨ (ਨਰੇਗਾ) ਨੂੰ ਖ਼ਤਮ ਕਰਨ ਦੀਆਂ ਲਗਾਤਾਰ ਸਾਜ਼ਿਸ਼ਾਂ ਕਰ ਰਹੀਆਂ ਹਨ, ਪਰ ਪੰਜਾਬ ਤੇ ਦੇਸ਼ ਦੇ ਚੇਤਨ ਕਿਰਤੀ ਲੋਕ ਇਸ ਤਰ੍ਹਾਂ ਦੀਆਂ ਕੋਸ਼ਿਸ਼ਾਂ ਪਛਾੜ ਦੇਣਗੇ। ਉਨ੍ਹਾਂ ਦੱਸਿਆ ਕਿ ਕੇਂਦਰ ਤੇ ਪੰਜਾਬ ਸਰਕਾਰ ਦੀਆਂ ਕੋਝੀਆਂ ਹਰਕਤਾਂ, ਜਿਨ੍ਹਾਂ ਵਿੱਚ ਨਰੇਗਾ ਕਾਮਿਆਂ ਨੂੰ ਕਾਨੂੰਨ ਦੁਆਰਾ ਮਿੱਥੀ 431 ਰੁਪਏ ਦਿਹਾੜੀ ਦੇਣ ਦੀ ਬਜਾਏ 322 ਰੁਪਏ ਦਿਹਾੜੀ ਦੇਣ ਵਿਰੁੱਧ, ਦਿਹਾੜੀ ਰੇਟ ਅੱਜ ਦੀ ਮਹਿੰਗਾਈ ਮੁਤਾਬਕ 1000 ਰੁਪਏ ਕਰਵਾਉਣ, ਦਿਨਾਂ ਦੀ ਗਾਰੰਟੀ 200 ਦਿਨ ਕਰਵਾਉਣ, ਆਨਲਾਈਨ ਹਾਜ਼ਰੀ ਬੰਦ ਕਰਵਾਉਣ, ਪਿਛਲੇ ਸਮੇਂ ਵਿੱਚ ਕੀਤੇ ਕੰਮ ਦੇ ਪੈਸੇ ਜਾਰੀ ਕਰਵਾਉਣ ਤੇ ਨਰੇਗਾ ਮੇਟਾਂ ਨੂੰ ਸਕਿਲਡ ਕਾਮਿਆਂ ਵਾਲੀ ਦਿਹਾੜੀ ਦਿਵਾਉਣ ਲਈ ਬਲਾਕ ਪੱਧਰੀ ਧਰਨੇ ਦਿੱਤੇ ਜਾ ਰਹੇ ਹਨ, ਜਿਸ ਦੀ ਲੜੀ ਵਜੋਂ 16 ਅਪ੍ਰੈਲ ਨੂੰ ਬਲਾਕ ਮੋਗਾ-2 ਤੇ ਬਲਾਕ ਮੋਗਾ-1 ਦਾ ਸਾਂਝਾ ਧਰਨਾ ਦੋਹਾਂ ਬੀ.ਡੀ.ਪੀ.ਓ. ਦਫ਼ਤਰ ਅੱਗੇ ਦਿੱਤਾ ਜਾਵੇਗਾ। ਉਨ੍ਹਾਂ ਮਜ਼ਦੂਰਾਂ ਨੂੰ ਇਸ ਧਰਨੇ ਵਿੱਚ ਵੱਡੀ ਗਿਣਤੀ ਵਿੱਚ ਪਹੁੰਚਣ ਦੀ ਅਪੀਲ ਕੀਤੀ। ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਵਿਰੁੱਧ ਵਰ੍ਹਦਿਆਂ ਉਨ੍ਹਾਂ ਕਿਹਾ ਕਿ ਕਿਰਤੀ ਲੋਕਾਂ ਖਿਲਾਫ ਬਣਾਈਆਂ ਨੀਤੀਆਂ ਦਾ ਜੁਆਬ ਲੋਕ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਦੇਣਗੇ। ਹੋਰਨਾਂ ਤੋਂ ਇਲਾਵਾ ਇਸ ਇਸ ਮੌਕੇ ਰਾਜੂ ਮਹੇਸ਼ਰੀ, ਸੁੱਖਾ ਪੇਂਟਰ, ਜਬਰਜੰਗ ਮਹੇਸ਼ਰੀ, ਜਸਵੀਰ ਕੌਰ, ਰਮਨਦੀਪ ਕੌਰ, ਕਰਮਜੀਤ ਕੌਰ ਚੰਦ ਪੁਰਾਣਾ, ਦਰਸ਼ਨ ਕੌਰ ਦੌਲਤਪੁਰਾ ਨੀਵਾਂ, ਮੁਕੰਦ ਸਿੰਘ, ਰਮਨਦੀਪ ਕੌਰ ਚੋਟੀਆਂ, ਸੁਖਜੀਤ ਕੌਰ ਚੋਟੀਆਂ, ਕੁਲਵਿੰਦਰ ਕੌਰ ਦਾਰਾਪੁਰ ਤੇ ਡਾਕਟਰ ਉਂਕਾਰ ਸਿੰਘ ਚੰਦ ਨਵਾਂ ਹਾਜ਼ਰ ਸਨ।

## ਕਣਕ ਦੀ ਕਟਾਈ ਫਸਲ ਦੇ ਪੂਰੀ ਤਰ੍ਹਾਂ ਪੱਕਣ 'ਤੇ ਹੀ ਕੀਤੀ ਜਾਵੇ : ਮੁੱਖ ਖੇਤੀਬਾੜੀ ਅਫ਼ਸਰ



**ਫਰੀਦਕੋਟ (ਐਲਿਗਜੈਂਡਰ ਡਿਸੂਜ਼ਾ)**

ਡਾ. ਅਮਰੀਕ ਸਿੰਘ ਮੁੱਖ ਖੇਤੀਬਾੜੀ ਅਫਸਰ ਫਰੀਦਕੋਟ ਵੱਲੋਂ ਸਾਲ 2024-25 ਦੌਰਾਨ ਪ੍ਰਦੂਸ਼ਣ ਮੁਕਤ ਕਰਨ ਦੇ ਟੀਚੇ ਦੀ ਪੂਰਤੀ ਲਈ ਆਰ ਜੀ ਆਰ ਸੈੱਲ (ਰਤਨ ਟਾਟਾ ਟ੍ਰਸਟ) ਵੱਲੋਂ ਪ੍ਰਾਨਾ ਪ੍ਰੋਜੈਕਟ ਤਹਿਤ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਦੇ ਸਹਿਯੋਗ ਨਾਲ ਜ਼ਿਲ੍ਹੇ ਅੰਦਰ ਨਰਮੇ ਦੀ ਫਸਲ ਨੂੰ ਪੁਨਰਸੁਰਜੀਤ ਕਰਨ ਤੇ ਕਣਕ ਦੇ ਨਾੜ ਨੂੰ ਅੱਗ ਨਾ ਲਗਾਉਣ ਲਈ ਕਿਸਾਨਾਂ ਨੂੰ ਪ੍ਰੇਰਿਤ ਕਰਨ ਲਈ ਬਲਾਕ ਫਰੀਦਕੋਟ ਦੇ ਪਿੰਡ ਵੀਰੇਵਾਲ ਕਲਾਂ ਵਿੱਚ ਕਿਸਾਨ ਜਾਗਰੂਕਤਾ ਕੈਂਪ ਲਗਾਇਆ। ਕੈਂਪ ਵਿੱਚ ਹਾਜ਼ਰ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਡਾ. ਅਮਰੀਕ ਸਿੰਘ ਨੇ ਕਿਹਾ ਕਿ ਪਿਛਲੇ ਸਮੇਂ ਦੌਰਾਨ ਦੇਖਿਆ ਗਿਆ ਹੈ ਕਿ ਕਣਕ ਦੀ ਕਟਾਈ ਸਮੇਂ ਬਿਜਲੀ ਦੀਆਂ ਤਾਰਾਂ ਢਿੱਲੀਆਂ ਹੋਣ, ਬਿਜਲੀ ਦੇ ਟਰਾਂਸਫਰ ਤੋਂ ਨਿਕਲੇ ਚੰਗਿਆੜਿਆਂ ਕਾਰਨ, ਮਜ਼ਦੂਰ ਦੁਆਰਾ ਸੁੱਟੀ ਸੁਲਗਦੀ ਬੀੜੀ ਸਿਗਰਟ ਕਾਰਨ ਜਾਂ ਕਿਸੇ ਹੋਰ ਅਣਗਹਿਲੀ ਕਾਰਨ ਕਣਕ ਦੀ ਫਸਲ ਜਾਂ ਕਣਕ ਦੇ ਨਾੜ ਨੂੰ ਅੱਗ ਲੱਗ ਜਾਂਦੀ ਹੈ, ਜਿਸ ਨਾਲ ਫਸਲ ਦੇ ਨੁਕਸਾਨ ਹੋਣ ਦੇ ਨਾਲ ਨਾਲ ਖੇਤੀ ਮਸ਼ੀਨਰੀ, ਪਸ਼ੂਆਂ ਤੇ ਮਨੁੱਖਾਂ ਦਾ ਵੀ ਨੁਕਸਾਨ ਹੋ ਜਾਂਦਾ ਹੈ। ਉਨ੍ਹਾਂ ਕਿਹਾ ਕਿ ਜਿਨ੍ਹਾਂ ਖੇਤਾਂ ਦੇ ਉੱਪਰੋਂ ਬਿਜਲੀ ਦੀਆਂ ਤਾਰਨ ਢਿੱਲੀਆਂ ਹੋਣ ਤਾਂ ਬਿਜਲੀ ਵਿਭਾਗ ਦੇ ਅਧਿਕਾਰੀਆਂ ਦੇ ਧਿਆਨ ਵਿੱਚ ਲਿਆ ਕੇ ਤਾਰਾਂ ਕਸਵਾ ਲੈਣੀਆਂ ਚਾਹੀਦੀਆਂ, ਬਿਜਲੀ ਦੇ ਟਰਾਂਸਫਾਰਮਰ ਦੇ ਆਲੇ ਦੁਆਲਿਓਂ ਕਣਕ ਦੀ ਕਟਾਈ ਕਰ ਲੈਣੀ ਚਾਹੀਦੀ ਹੈ। ਅੱਗ ਲੱਗਣ ਦੀ ਦੁਰਘਟਨਾ ਤੋਂ ਬਚਣ ਲਈ ਚੁਬੱਚਿਆਂ ਤੇ ਸਪਰੇਅ ਪੰਪਾਂ ਦੀਆਂ ਟੈਂਕੀਆਂ ਵਿੱਚ ਪਾਣੀ ਭਰ ਕੇ ਰੱਖਣਾ ਚਾਹੀਦਾ ਹੈ। ਫ਼ੀਲਡ ਸਹਾਇਕ ਅਰਸ਼ਦੀਪ ਸਿੰਘ ਨੇ ਫਸਲੀ ਵਿਭਿੰਨਤਾ ਦੀ ਮਹੱਤਤਾ ਬਾਰੇ ਕਿਹਾ ਕਿ ਮਾਲਵਾ ਖੇਤਰ ਵਿੱਚ ਝੋਨਾ-ਕਣਕ ਫਸਲੀ ਚੱਕਰ ਹੇਠੋਂ ਰਕਬਾ ਘਟਾਉਣ ਲਈ ਨਰਮੇ ਦੀ ਫਸਲ ਅਹਿਮ ਭੂਮਿਕਾ ਨਿਭਾਅ ਸਕਦੀ ਹੈ। ਉਨ੍ਹਾ ਕਿਸਾਨਾਂ ਨੂੰ ਅਪੀਲ ਕੀਤੀ ਕਿ ਨਰਮੇ ਦੀ ਬਿਜਾਈ ਤੋਂ ਪਹਿਲਾਂ ਕੀੜੇ-ਮਕੌੜੇ ਖਾਸਕਰ ਗੁਲਾਬੀ ਸੁੰਡੀ ਦੀ ਰੋਕਥਾਮ ਲਈ ਪਿੰਡਾਂ ਵਿੱਚ ਪਈਆਂ ਛਟੀਆਂ ਨੂੰ ਨਸ਼ਟ ਕਰ ਦੇਣ। ਇਸ ਮੌਕੇ ਹੋਰਨਾਂ ਤੋਂ ਇਲਾਵਾ ਅਰਸ਼ਦੀਪ ਸਿੰਘ ਫ਼ੀਲਡ ਸਹਾਇਕ, ਲਵਪ੍ਰੀਤ ਸਿੰਘ, ਸੁਖਵੰਤ ਸਿੰਘ, ਜਸਵੰਤ ਸਿੰਘ, ਜਗਜੀਤ ਸਿੰਘ, ਰਮਨਦੀਪ ਸਿੰਘ, ਰਜਿੰਦਰ ਸਿੰਘ, ਕੁਲਦੀਪ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਕਿਸਾਨ ਹਾਜ਼ਰ ਸਨ।

## ਵਿਰੋਧੀ ਪਾਰਟੀਆਂ ਨੈਤਿਕ ਹਾਰ ਕਬੂਲ ਚੁੱਕੀਆਂ ਨੇ : ਖੁੱਡੀਆਂ



**ਬਰੇਟਾ (ਰੀਤਵਾਲ)**-ਪੰਜਾਬ ਦੇ ਲੋਕਾਂ ਨੂੰ ਜੇ ਸਹੂਲਤਾਂ ਦੇਣ ਲਈ ਫਿਕਰਮੰਦ ਹੈ ਤਾਂ ਉਹ ਆਮ ਆਦਮੀ ਪਾਰਟੀ ਹੀ ਹੈ।ਪਹਿਲਾਂ ਵਾਲੀਆਂ ਪਾਰਟੀਆਂ ਰਾਜ ਭਾਗ ਦਾ ਸੁੱਖ ਭੋਗ ਕੇ, ਲੋਕਾਂ ਨੂੰ ਲੁੱਟ ਕੇ ਚਲੀਆਂ ਜਾਂਦੀਆਂ ਰਹੀਆਂ ਹਨ।ਇਹ ਸ਼ਬਦ ਆਮ ਆਦਮੀ ਪਾਰਟੀ ਵੱਲੋਂ ਲੋਕ ਸਭਾ ਹਲਕਾ ਬਠਿੰਡਾ ਦੇ ਉਮੀਦਵਾਰ ਗੁਰਮੀਤ ਸਿੰਘ ਖੁੱਡੀਆਂ ਨੇ ਬਰੇਟਾ ਸ਼ਹਿਰ ਦੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਸਾਂਝੇ ਕੀਤੇ।ਇਸ ਮੌਕੇ ਹਲਕਾ ਵਿਧਾਇਕ ਪ੍ਰਿੰਸੀਪਲ ਬੁੱਧ ਰਾਮ ਨੇ ਸੰਬੋਧਨ ਕਰਦਿਆਂ ਕਿਹਾ ਕਿ ਵਿਧਾਨ ਸਭਾ ਹਲਕਾ ਬੁਢਲਾਡਾ ਵਿੱਚ ਵਰਕਰ ਮਿਲਣੀ ਪ੍ਰੋਗਰਾਮ ਸ਼ੁਰੂ ਕੀਤੇ ਗਏ ਹਨ, ਜਿਸ ਦਾ ਵਰਕਰਾਂ ਵਿੱਚ ਭਾਰੀ ਉਤਸ਼ਾਹ ਹੈ ਤੇ ਖੁੱਡੀਆਂ ਨੂੰ ਜਿਤਾਉਣ ਲਈ ਲੋਕ ਭੱਬਾਂ ਭਾਰ ਨਜ਼ਰ ਆ ਰਹੇ ਹਨ।ਉਨ੍ਹਾਂ ਕਿਹਾ ਕਿ ਵਰਕਰ ਘਰ ਘਰ ਜਾ ਕੇ ਆਮ ਆਦਮੀ ਪਾਰਟੀ ਦੇ ਲੋਕ ਸਭਾ ਹਲਕਾ ਬਠਿੰਡਾ ਦੇ ਉਮੀਦਵਾਰ ਨੂੰ ਵੱਡੀ ਲੀਡ ਨਾਲ ਜਿਤਾਉਣ ਲਈ ਮੁਹਿੰਮ ਚਲਾ ਰਹੇ ਹਨ, ਕਿਉਂਕਿ ਦੂਜੀਆਂ ਪਾਰਟੀਆਂ ਤਾਂ ਅਜੇ ਤੱਕ ਆਪਣੇ ਉਮੀਦਵਾਰਾਂ ਦਾ ਐਲਾਨ ਵੀ ਨਹੀਂ ਕਰ ਸਕੀਆਂ, ਜਿਸ ਕਾਰਨ ਉਨ੍ਹਾਂ ਦੀ ਇਹ ਨੈਤਿਕ ਹਾਰ ਹੈ। ਇਸ ਮੌਕੇ ਵਿਧਾਇਕ ਲਹਿਰਾਗਾਗਾ ਵਰਿੰਦਰ ਗੋਇਲ, ਚਰਨਜੀਤ ਸਿੰਘ ਅੱਕਾਂਵਾਲੀ, ਚਰਨਜੀਤ ਸਿੰਘ ਅੱਕਾਂਵਾਲੀ, ਗੁਰਦਰਸ਼ਨ ਸਿੰਘ ਪਟਵਾਰੀ, ਕੇਵਲ ਸ਼ਰਮਾ ਸ਼ਹਿਰੀ ਪ੍ਰਧਾਨ, ਚਮਕੌਰ ਸਿੰਘ ਚੇਅਰਮੈਨ ਮਾਰਕੀਟ ਕਮੇਟੀ ਬਰੇਟਾ, ਸਤੀਸ਼ ਸਿੰਗਲਾ ਚੇਅਰਮੈਨ ਮਾਰਕੀਟ ਕਮੇਟੀ ਬੁਢਲਾਡਾ, ਪ੍ਰੀਤ ਕੁਮਾਰ, ਕਾਕੂ ਸਿੰਘ, ਸੰਸਾਰ ਸਿੰਘ, ਕੁਲਵਿੰਦਰ ਸਿੰਘ ਖੁਡਾਲ, ਕਪਿਲ ਕੁਮਾਰ, ਹਰਜੀਤ ਬਿੱਟੂ, ਚਰਨਜੀਤ ਸਿੰਘ ਕਿਸ਼ਨਗੜ੍ਹ, ਗੁਰਦੀਪ ਸਿੰਘ ਬਲਵਾਨ ਸਿੰਘ, ਰਜਿੰਦਰ ਸ਼ਰਮਾ ਆਦਿ ਨੇ ਵੀ ਸ਼ਿਰਕਤ ਕੀਤੀ।

## ਗੁਲਾੜ੍ਹੀ 'ਚ ਡਾ. ਅੰਬੇਡਕਰ ਦਾ ਜਨਮ ਦਿਹਾੜਾ ਮਨਾਇਆ

**ਮੂਨਕ (ਰਾਜਪਾਲ ਸਿੰਗਲਾ)**-ਨੇੜਲੇ ਪਿੰਡ ਗੁਲਾੜ੍ਹੀ ਵਿਖੇ ਡਾ. ਭੀਮ ਰਾਓ ਅੰਬੇਡਕਰ ਸਮਾਰਟ ਲਾਇਬ੍ਰੇਰੀ ਵਿੱਚ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦਾ ਜਨਮ ਦਿਹਾੜਾ ਮਨਾਇਆ ਤੇ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ।ਪ੍ਰੋਗਰਾਮ ਦੀ ਸ਼ੁਰੂਆਤ ਗੁਰਮੀਤ ਸਿੰਘ ਨੇ ਕੀਤੀ। ਇਸ ਮੌਕੇ ਮਾਸਟਰ ਨਰੇਸ਼ ਕੁਮਾਰ, ਮਾਸਟਰ ਸੰਦੀਪ ਤੇ ਡਾ. ਬਲਵੀਰ ਸਿੰਘ ਨੇ ਐਜੂਕੇਸ਼ਨ ਦਾ ਮਹੱਤਵ ਦੱਸਿਆ ਕਿ ਸਾਡੇ ਲਈ ਐਜੂਕੇਸ਼ਨ ਕਿਉਂ ਜ਼ਰੂਰੀ ਹੈ? ਪਵਨ ਕੁਮਾਰ, ਗੁਰਸੇਵ ਸਿੰਘ ਤੇ ਹੋਰ ਸਾਥੀਆਂ ਨੇ ਬਾਬਾ ਸਾਹਿਬ ਜੀ ਦੇ ਜੀਵਨ ਸੰਘਰਸ਼ ਤੇ ਪ੍ਰਾਪਤੀ ਬਾਰੇ ਦੱਸਿਆ। ਪੂਜਾ ਦੇਵੀ ਨੇ ਹਿੰਦੂ ਕੋਡ ਬਿੱਲ ਤੇ ਮਹਿਲਾਵਾਂ ਦੇ ਹੱਕ ਅਧਿਕਾਰਾਂ ਬਾਰੇ ਚਾਨਣ ਪਾਇਆ।ਇਸ ਮੌਕੇ ਸਮੂਹ ਅਧਿਆਪਕ, ਵਿਦਿਆਰਥੀ ਤੇ ਹੋਰ ਸੂਝਵਾਨ ਵਿਅਕਤੀ ਸ਼ਾਮਲ ਸਨ।ਡਾ. ਭੀਮ ਰਾਓ ਅੰਬੇਡਕਰ ਐਜੂਕੇਸ਼ਨਲ ਸਪੋਰਟਸ ਐਂਡ ਵੈੱਲਫੇਅਰ ਸੁਸਾਇਟੀ ਦੇ ਪ੍ਰਧਾਨ ਗੁਰਮੀਤ ਨੇ ਆਏ ਵਿਅਕਤੀਆਂ ਦਾ ਧੰਨਵਾਦ ਕੀਤਾ।



## ਸ਼ਿਆਮ ਯੂਥ ਵੈੱਲਫੇਅਰ ਸੁਸਾਇਟੀ 'ਚ 3 ਨਵੇਂ ਮੈਂਬਰ ਸ਼ਾਮਲ ਕੀਤੇ



**ਕੋਟਕਪੂਰਾ (ਰਛਪਾਲ ਭੁੱਲਰ)**-ਸਥਾਨਕ ਸ਼ਹਿਰ ਦੀ ਧਾਰਮਿਕ ਸੰਸਥਾ ਸ੍ਰੀ ਸ਼ਿਆਮ ਯੁਵਾ ਵੈੱਲਫੇਅਰ ਸੁਸਾਇਟੀ ਦੀ ਮੀਟਿੰਗ ਸੁਸਾਇਟੀ ਪ੍ਰਧਾਨ ਸਚਿਨ ਸਿੰਗਲਾ ਦੀ ਅਗਵਾਈ ਹੇਠ ਹੋਈ।ਇਸ ਮੀਟਿੰਗ ਵਿੱਚ ਸੁਸਾਇਟੀ ਦੇ ਜਨਰਲ ਸਕੱਤਰ ਮੁਕੁਲ ਬਾਂਸਲ ਨੇ ਸੁਸਾਇਟੀ ਵੱਲੋਂ ਪਿਛਲੇ ਸਮੇਂ ਵਿੱਚ ਕੀਤੇ ਗਏ ਧਾਰਮਿਕ ਤੇ ਸਮਾਜ ਸੇਵਾ ਦੇ ਕੰਮਾਂ ਬਾਰੇ ਜਾਣਕਾਰੀ ਦਿੱਤੀ ਅਤੇ ਭਵਿੱਖ ਵਿੱਚ ਕੀਤੇ ਜਾਣ ਵਾਲੇ ਕੰਮਾਂ ਬਾਰੇ ਵਿਸਥਾਰ ਨਾਲ ਦੱਸਿਆ ਅਤੇ ਖਜ਼ਾਨਚੀ ਕਰਨ ਸਿੰਗਲਾ ਨੇ ਸੁਸਾਇਟੀ ਦਾ ਲੇਖਾ-ਜੋਖਾ ਪੇਸ਼ ਕੀਤਾ ਜੋ ਕਿ ਇਸ ਨੂੰ ਸਾਰੇ ਮੈਂਬਰਾਂ ਨੇ ਸਰਬਸੰਮਤੀ ਨਾਲ ਪਾਸ ਕਰ ਦਿੱਤਾ।ਇਸ ਸਮੇਂ ਪ੍ਰਧਾਨ ਸਚਿਨ ਸਿੰਗਲਾ ਨੇ ਦੱਸਿਆ ਕਿ ਅੱਜ ਦੀ ਮੀਟਿੰਗ ਦਾ ਮੁੱਖ ਮੰਤਵ ਸੁਸਾਇਟੀ ਵਿੱਚ ਕੁਝ ਨਵੇਂ ਮੈਂਬਰਾਂ ਨੂੰ ਸ਼ਾਮਲ ਕਰਨਾ ਸੀ, ਜਿਨ੍ਹਾਂ 'ਚ ਧਰਮ ਪ੍ਰੇਮੀ ਓਮ ਪ੍ਰਕਾਸ਼ ਗੋਇਲ, ਨੌਜਵਾਨ ਸ਼ੁਭਮ ਗਰਗ, ਬੱਚਿਆਂ ਦੇ ਡਾਕਟਰ ਰਾਜੂ ਜੀ ਨੂੰ ਸੁਸਾਇਟੀ ਦਾ ਮੈਂਬਰ ਬਣਾਇਆ ਗਿਆ ਹੈ।ਇਸ ਸਮੇਂ ਤਿੰਨੋ ਮੈਂਬਰਾਂ ਨੇ ਸੁਸਾਇਟੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਤਨ, ਮਨ, ਧਨ ਨਾਲ ਸੁਸਾਇਟੀ ਦੀ ਸੇਵਾ ਲਈ ਹਮੇਸ਼ਾ ਤਤਪਰ ਰਹਿਣਗੇ। ਇਸ ਸਮੇਂ ਸੁਸਾਇਟੀ ਦੇ ਸਰਪ੍ਰਸਤ ਮਹੇਸ਼ ਗਰਗ, ਪੀ ਆਰ ਓ ਚੰਦਰ ਕੁਮਾਰ ਗਰਗ, ਐਡਵੋਕੇਟ ਰਾਜੇਸ਼ ਮਿੱਤਲ, ਅਮਿਤ ਗੋਇਲ, ਵਾਸੂ ਗੋਇਲ, ਸਤੀਸ਼ ਸਿੰਗਲਾ, ਦੇਵਾਸ਼ੂ ਮਿੱਤਲ, ਕੁਨਾਲ ਮਿੱਤਲ, ਪ੍ਰਿੰਸ ਬਾਂਸਲ, ਨੀਰਜ ਏਰਨ, ਸੁਰਿੰਦਰ ਕੁਮਾਰ ਪੋਸਟਮੈਨ, ਨਿਖਿਲ ਬਾਂਸਲ, ਪ੍ਰਥਮ ਬਾਂਸਲ, ਡਾ. ਅੰਕੁਸ਼ ਕਾਮਰਾ, ਸਾਹਿਲ ਸਿੰਗਲਾ, ਅੰਕੁਸ਼ ਗੋਇਲ, ਮਾਨਵ ਗਰਗ, ਮੋਹਿਤ ਗੋਇਲ, ਰਾਹੁਲ ਕੁਮਾਰ, ਵਰੁਣ ਸਿੰਗਲਾ ਆਦਿ ਹਾਜ਼ਰ ਸਨ।

## ਵਿਜ਼ਡਮ ਇੰਟਰਨੈਸ਼ਨਲ ਸਕੂਲ 'ਚ ਵਿਸਾਖੀ ਦਾ ਤਿਉਹਾਰ ਮਨਾਇਆ



**ਜਗਰਾਉਂ (ਸੰਜੀਵ ਅਰੋੜਾ, ਅਮਿਤ ਖੰਨਾ)**-ਵਿਜ਼ਡਮ ਇੰਟਰਨੈਸ਼ਨਲ ਸਕੂਲ ਲੀਲਾ ਮੇਘ ਸਿੰਘ ਜਗਰਾਉਂ 'ਚ ਵਿਸਾਖੀ ਦਾ ਤਿਉਹਾਰ ਨਰਸਰੀ ਤੋਂ ਲੈ ਕੇ ਅੱਠਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਦੁਆਰਾ ਵੱਖ-ਵੱਖ ਗਤੀਵਿਧੀਆਂ ਕਰਵਾ ਕੇ ਮਨਾਇਆ ਗਿਆ। ਪੰਜਾਬ ਦੀ ਸੱਭਿਆਚਾਰਕ ਵਿਰਾਸਤ ਦੇ ਇੱਕ ਜੀਵੰਤ ਜਸ਼ਨ ਵਿੱਚ ਵਿਜ਼ਡਮ ਇੰਟਰਨੈਸ਼ਨਲ ਸਕੂਲ ਨੇ ਇਸ ਖੇਤਰ ਦੀ ਅਮੀਰ ਪ੍ਰੰਪਰਾ ਨੂੰ ਦਰਸਾਉਂਦੇ ਹੋਏ ਇੱਕ ਸ਼ਾਨਦਾਰ ਵਿਸਾਖੀ ਪ੍ਰੋਗਰਾਮ ਕੀਤਾ। ਵਿਦਿਆਰਥੀਆਂ ਨੇ ਰੰਗੀਨ ਪੰਜਾਬੀ ਪਹਿਰਾਵੇ ਪਾ ਕੇ ਗਤੀਵਿਧੀਆਂ ਵਿੱਚ ਭਾਗ ਲਿਆ। ਨਰਸਰੀ ਤੋਂ ਪਹਿਲੀ ਜਮਾਤ ਤੱਕ ਫੈਂਸੀ ਡ੍ਰੈੱਸ, ਦੂਜੀ ਤੋਂ ਪੰਜਵੀਂ ਜਮਾਤ ਤੱਕ ਡਾਂਸ, ਛੇਵੀਂ ਤੋਂ ਅੱਠਵੀਂ ਜਮਾਤ ਤੱਕ ਸਲੋਗਨ ਲਿਖਣ ਪੋਸਟਰ ਬਣਾਉਣ ਤੇ ਭਾਸ਼ਣ ਮੁਕਾਬਲੇ ਕਰਵਾਏ ਗਏ। ਇਸ ਮੌਕੇ ਚੇਅਰਮੈਨ ਸਤੀਸ਼ ਕਾਲੜਾ ਨੇ ਵਿਦਿਆਰਥੀਆਂ ਦੀ ਉਤਸ਼ਾਹੀ ਭਾਗੀਦਾਰੀ ਤੇ ਪੰਜਾਬ ਦੇ ਜਿਉਂਦੇ ਸੱਭਿਆਚਾਰ ਨੂੰ ਪ੍ਰਦਰਸ਼ਤ ਕਰਨ ਦੀਆਂ ਉਨ੍ਹਾਂ ਦੀਆਂ ਕੋਸ਼ਿਸ਼ਾਂ 'ਤੇ ਖੁਸ਼ੀ ਪ੍ਰਗਟ ਕੀਤੀ। ਉਨ੍ਹਾਂ ਨੇ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਖਾਲਸੇ ਦੇ ਜਨਮ ਦਿਹਾੜੇ ਦੀ ਵਧਾਈ ਦਿੱਤੀ।

ਇਸ ਮੌਕੇ ਪ੍ਰਿੰਸੀਪਲ ਮੈਡਮ ਅਨੀਤਾ ਕਾਲੜਾ ਨੇ ਵਿਦਿਆਰਥੀਆਂ ਨੂੰ ਵਿਸਾਖੀ ਦੇ ਤਿਉਹਾਰ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਤਿਉਹਾਰ ਕਣਕ ਪੱਕਣ ਤੇ ਵਾਢੀ ਸ਼ੁਰੂ ਕਰਨ ਦੀ ਖ਼ੁਸ਼ੀ ਵਿੱਚ ਮਨਾਇਆ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਇਸ ਦਿਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ ਖਾਲਸਾ ਪੰਥ ਦੀ ਸਾਜਨਾ ਕੀਤੀ ਸੀ। ਉਨ੍ਹਾਂ ਸਕੂਲ ਦੇ ਅਧਿਆਪਕਾਂ ਦੁਆਰਾ ਵਿਦਿਆਰਥੀਆਂ ਤੋਂ ਕਰਵਾਈਆਂ ਗਤੀਵਿਧੀਆਂ ਦੀ ਸ਼ਲਾਘਾ ਕੀਤੀ।

## ਹਜ਼ਾਰਾਂ ਸੇਜਲ ਅੱਖਾਂ ਨੇ ਦਿੱਤੀ ਜਸਕਰਨ ਸਿੰਘ ਨੂੰ ਅੰਤਿਮ ਵਿਦਾਇਗੀ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਪਰਮਜੀਤ ਸਿੰਘ, ਚਾਵਲਾ)**-ਬੀਤੇ ਦਿਨੀਂ ਪਿੰਡ ਬੁੱਟਰ ਸਰੀਂਹ ਕੋਲ ਹੋਏ ਸੜਕ ਹਾਦਸੇ ਵਿੱਚ ਮਾਰੇ ਗਏ ਪਿੰਡ ਲੰਬੀ ਢਾਬ ਦੇ ਜਸਕਰਨ ਸਿੰਘ ਉਰਫ ਸੱਤਪਾਲ ਸਿੰਘ ਦਾ ਅੰਤਿਮ ਸੰਸਕਾਰ ਪਿੰਡ ਲੰਬੀ ਢਾਬ ਵਿਖੇ ਕੀਤਾ ਗਿਆ।ਇਸ ਮੌਕੇ ਹਜ਼ਾਰਾਂ ਸੇਜਲ ਅੱਖਾਂ ਨੇ ਜਸਕਰਨ ਸਿੰਘ ਨੂੰ ਅੰਤਿਮ ਵਿਦਾਇਗੀ ਦਿੱਤੀ।ਇਸ ਦੌਰਾਨ ਬੇਟੇ ਗੁਰਫਤਹਿ ਸਿੰਘ, ਛੋਟੇ ਭਰਾ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਜਨਰਲ ਸਕੱਤਰ ਜਗਜੀਤ ਸਿੰਘ ਬਰਾੜ ਹਨੀ ਫੱਤਣਵਾਲਾ ਤੇ ਸਾਲਾ ਸੁਖਜਿੰਦਰਪਾਲ ਸਿੰਘ ਗੁਰੂ ਭਲਾਈਆਣਾ ਵੱਲੋਂ ਚਿਤਾ ਨੂੰ ਅਗਨੀ ਭੇਟ ਕੀਤੀ ਗਈ।ਵਰਨਣਯੋਗ ਹੈ ਕਿ ਮ੍ਰਿਤਕ ਫੱਤਣਵਾਲਾ ਪਰਿਵਾਰ ਦਾ ਹੀ ਜੀਅ ਸੀ, ਜਿਸ ਕਰਕੇ ਫੱਤਣਵਾਲਾ ਪਰਿਵਾਰ ਨੂੰ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।

ਜ਼ਿਕਰਯੋਗ ਹੈ ਕਿ ਇਸ ਹਾਦਸੇ ਵਿੱਚ ਜਸਕਰਨ ਸਿੰਘ ਦੀ ਪਤਨੀ ਜਸਵਿੰਦਰ ਕੌਰ ਨੂੰ ਗੰਭੀਰ ਸੱਟਾਂ ਲੱਗੀਆਂ ਹਨ, ਜੋ ਨਿੱਜੀ ਹਸਪਤਾਲ ਵਿੱਚਜ਼ੇਰੇ ਇਲਾਜ ਹੈ।ਮ੍ਰਿਤਕ ਆਪਣੇ ਪਿੱਛੇ ਬੇਟੀ ਸੁਖਮਨਪ੍ਰੀਤ ਕੌਰ ਤੇ ਬੇਟਾ ਗੁਰਫਤਹਿ ਸਿੰਘ ਛੱਡ ਗਿਆ ਹੈ।ਅੰਤਿਮ ਸੰਸਕਾਰ ਮੌਕੇ ਮਨਜੀਤ ਸਿੰਘ ਫੱਤਣਵਾਲਾ ਸਾਬਕਾ ਚੇਅਰਮੈਨ, ਮਨਜਿੰਦਰ ਸਿੰਘ ਬਿੱਟੂ ਜ਼ਿਲ੍ਹਾ ਸ਼ਹਿਰੀ ਪ੍ਰਧਾਨ, ਹਰਪਾਲ ਸਿੰਘ ਬੇਦੀ, ਕਰਮਜੀਤ ਸਿੰਘ ਕਰਮਾ, ਜਗਵੰਤ ਸਿੰਘ, ਪਾਰਸ ਲੂਣਾ, ਮਿੰਟੂ ਸਿੰਘ, ਗੁਰਬਿੰਦਰ ਸਿੰਘ ਸਾਬਕਾ ਸਰਪੰਚ ਬਾਜਾ ਮਰਾੜ੍ਹ, ਜਸਪਾਲ ਸਿੰਘ ਪੀ ਏ, ਸੁਖਪਾਲ ਸਿੰਘ ਫੱਤਣਵਾਲਾ, ਸੰਦੀਪ ਸ਼ਰਮਾ, ਗੁਰਜੰਟ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਤੇ ਰਿਸ਼ਤੇਦਾਰ ਹਾਜ਼ਰ ਸਨ।

## ਖ਼ਾਲਸਾ ਮਾਰਚ ਸਮੇਂ ਲੋਕ ਸੇਵਾ ਸੁਸਾਇਟੀ ਨੇ ਲੱਡੂ ਵੰਡੇ



**ਜਗਰਾਉਂ (ਅਮਿਤ ਖੰਨਾ)**-ਖ਼ਾਲਸਾ ਸਾਜਨਾ ਦਿਵਸ ਵਿਸਾਖੀ ਨੂੰ ਸਮਰਪਤ ਜਗਰਾਉਂ ਵਿਖੇ ਐਤਵਾਰ ਨੂੰ ਕੱਢੇ ਗਏ ਖ਼ਾਲਸਾ ਮਾਰਚ ਸਮੇਂ ਲੋਕ ਸੇਵਾ ਸੁਸਾਇਟੀ ਵੱਲੋਂ ਸਥਾਨਕ ਲਿੰਕ ਰੋਡ 'ਤੇ ਲੱਡੂ ਵੰਡੇ ਗਏ। ਇਸ ਮੌਕੇ ਚੇਅਰਮੈਨ ਗੁਲਸ਼ਨ ਅਰੋੜਾ, ਪ੍ਰਧਾਨ ਮਨੋਹਰ ਸਿੰਘ ਟੱਕਰ, ਸੈਕਟਰੀ ਕੁਲਭੂਸ਼ਨ ਗੁਪਤਾ ਤੇ ਕੈਸ਼ੀਅਰ ਸੁਨੀਲ ਬਜਾਜ ਨੇ ਸਮੂਹ ਸੰਗਤਾਂ ਨੂੰ ਖ਼ਾਲਸਾ ਸਾਜਨਾ ਦਿਵਸ ਦੀਆਂ ਵਧਾਈਆਂ ਦਿੱਤੀਆਂ। ਜਗਰਾਉਂ ਦੀਆਂ ਸਿੱਖ ਸੰਗਤਾਂ ਵੱਲੋਂ ਕੱਢਿਆ ਗਿਆ ਇਹ ਖ਼ਾਲਸਾ ਮਾਰਚ ਸਥਾਨਕ ਗੁਰਦੁਆਰਾ ਸ੍ਰੀ ਭਜਨਗੜ੍ਹ ਸਾਹਿਬ ਤੋਂ ਆਰੰਭ ਹੋ ਕੇ ਸ਼ਹਿਰ ਦੇ ਵੱਖ-ਵੱਖ ਬਾਜ਼ਾਰਾਂ ਵਿੱਚੋਂ ਹੁੰਦਾ ਹੋਇਆ ਸਮਾਪਤ ਹੋਇਆ। ਸ਼ਹਿਰ ਵਾਸੀਆਂ ਨੇ ਖ਼ਾਲਸਾ ਮਾਰਚ ਦੇ ਸਵਾਗਤ ਲਈ ਜਿੱਥੇ ਥਾਂ ਥਾਂ ਗੇਟ ਬਣਾਏ, ਉੱਥੇ ਲੰਗਰ ਵੀ ਲਗਾਏ। ਇਸ ਮੌਕੇ ਸੁਸਾਇਟੀ ਦੇ ਸੀਨੀਅਰ ਮੀਤ ਪ੍ਰਧਾਨ ਰਜਿੰਦਰ ਜੈਨ ਕਾਕਾ, ਸਤਿੰਦਰ ਪਾਲ ਸਿੰਘ ਕਾਕਾ ਗਰੇਵਾਲ, ਵਿਸ਼ਾਲ ਸ਼ਰਮਾ, ਅਮਿਤ ਅਰੋੜਾ, ਮਨੀ ਗਰਗ, ਕੰਵਲ ਕੱਕੜ, ਅਨਿਲ ਮਲਹੋਤਰਾ, ਪ੍ਰੇਮ ਬਾਂਸਲ, ਗੋਪਾਲ ਗੁਪਤਾ, ਕਮਲ ਗੁਪਤਾ, ਨਨੇਸ਼ ਗਾਂਧੀ, ਪ੍ਰਿੰਸੀਪਲ ਚਰਨਜੀਤ ਸਿੰਘ ਭੰਡਾਰੀ, ਰਾਜੀਵ ਗੁਪਤਾ, ਦੀਪਇੰਦਰ ਭੰਡਾਰੀ, ਇਸ਼ਟਪ੍ਰੀਤ ਸਿੰਘ, ਜਨਪ੍ਰੀਤ ਸਿੰਘ ਆਦਿ ਹਾਜ਼ਰ ਸਨ।

## ਕੁਲਵਿੰਦਰ ਕੌਰ ਨਾਲ ਹੋਏ ਵਹਿਸ਼ੀਆਨਾ ਕਾਰੇ ਵਿਰੁੱਧ ਥਾਣੇ ਅੱਗੇ ਧਰਨਾ



**ਵਲਟੋਹਾ (ਰਣਜੀਤ ਸਿੰਘ ਵਲਟੋਹਾ)**-ਪਿਛਲੇ ਦਿਨੀਂ ਨਰਿੰਦਰ ਕੌਰ ਔਰਤ ਮਹਿਲਾ ਮੁਕਤੀ ਮੋਰਚੇ ਦੀ ਆਗੂ, ਸੁਖਵਿੰਦਰ ਕੌਰ ਮਾਛੀਕੇ ਆਂਗਣਵਾੜੀ ਮੁਲਾਜ਼ਮ ਯੂਨੀਅਨ, ਜਸਬੀਰ ਕੌਰ ਮੁੱਠਿਆਂ ਵਾਲਾ ਮਿੱਡ ਡੇ ਮੀਲ ਵਰਕਰ ਯੂਨੀਅਨ ਅਤੇ ਚਰਨਜੀਤ ਕੌਰ ਫਰੰਦੀਪੁਰ ਆਸ਼ਾ ਵਰਕਰ ਯੂਨੀਅਨ ਦੀ ਸਾਂਝੀ ਅਗਵਾਈ ਵਿੱਚ ਪਿੰਡ ਵਲਟੋਹਾ ਅਤੇ ਬਾਜ਼ਾਰ ਵਿੱਚ ਮਾਰਚ ਕਰਨ ਤੋਂ ਬਾਅਦ ਥਾਣੇ ਅੱਗੇ ਰੋਸ ਧਰਨਾ ਦਿੱਤਾ ਗਿਆ।ਇਸ ਐਕਸ਼ਨ ਵਿੱਚ ਜਮਹੂਰੀ ਕਿਸਾਨ ਸਭਾ ਪੰਜਾਬ, ਦਿਹਾਤੀ ਮਜ਼ਦੂਰ ਸਭਾ ਦੇ ਵਰਕਰ ਵੀ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਏ। ਇਸ ਇਕੱਠ ਨੂੰ ਔਰਤ ਆਗੂਆਂ ਤੋਂ ਇਲਾਵਾ ਦਿਹਾਤੀ ਮਜ਼ਦੂਰ ਸਭਾ ਦੇ ਜ਼ਿਲ੍ਹਾ ਪ੍ਰਧਾਨ ਚਮਨ ਲਾਲ ਦਰਾਜਕੇ, ਜਮਹੂਰੀ ਕਿਸਾਨ ਸਭਾ ਵੱਲੋਂ ਅਰਸਾਲ ਸਿੰਘ ਸੰਧੂ, ਦਲਜੀਤ ਸਿੰਘ ਦਿਆਲਪੁਰਾ, ਹਰਭਜਨ ਸਿੰਘ ਚੂਸਲੇਵੜ, ਕੇਵਲ ਸਿੰਘ ਕੰਬੋਕੇ ਅਤੇ ਜਮਹੂਰੀ ਅਧਿਕਾਰ ਸਭਾ ਦੇ ਆਗੂ ਨਰਭਿੰਦਰ ਸਿੰਘ ਪਧਰੀ ਵੱਲੋਂ ਸੰਬੋਧਨ ਕੀਤਾ ਗਿਆ ਅਤੇ ਆਖਿਆ ਗਿਆ ਕਿ ਜੇ ਵਲਟੋਹੇ ਥਾਣੇ ਦੀ ਪੁਲਸ ਵੱਲੋਂ ਸ਼ਾਦੀ ਕਰਵਾਉਣ ਵਾਲੇ ਜੋੜੇ ਨੂੰ ਪੁਲਸ ਸੁਰੱਖਿਆ ਦਿੱਤੀ ਹੁੰਦੀ ਤਾਂ ਔਰਤ ਕੁਲਵਿੰਦਰ ਕੌਰ ਨੂੰ ਨਿਰਵਸਤਰ ਕਰਕੇ ਘੁੰਮਾਉਣ ਵਾਲਾ ਸ਼ਰਮਨਾਕ ਕਾਰਾ ਟਲ ਸਕਦਾ ਸੀ।ਹਾਈਕੋਰਟ ਵੱਲੋਂ ਕੇਸ ਆਪਣੇ ਹੱਥ ਵਿੱਚ ਲੈਣ ਕਰਕੇ ਦੋਸ਼ੀਆਂ ਨੂੰ ਸਜ਼ਾ ਮਿਲਣ ਦੀ ਆਸ ਬੱਝੀ ਹੈ।ਪੁਲਸ ਦੀ ਇਸ ਢਿੱਲੀ ਕਾਰਗੁਜ਼ਾਰੀ ਦੇ ਚਲਦਿਆਂ ਦੋਸ਼ੀਆਂ ਦੇ ਹੌਸਲੇ ਇੰਨੇ ਬੁਲੰਦ ਹੋ ਗਏ ਕਿ ਉਹ ਕੁਲਵਿੰਦਰ ਦੀ ਮਦਦ ਤੇ ਆਏ ਰਿਸ਼ਤੇਦਾਰ ਦੇ ਘਰ ਵੀ ਦੋ ਵਾਰ ਇੱਟਾਂ/ਰੋੜੇ ਚਲਾਉਣ ਦਾ ਹੌਸਲਾ ਕਰ ਗਏ।ਬੁਲਾਰਿਆਂ ਨੇ ਚੇਤਾਵਨੀ ਦਿੱਤੀ ਕਿ ਜੇ ਕੁਲਵਿੰਦਰ ਕੌਰ ਅਤੇ ਉਸਦੇ ਪਰਿਵਾਰ ਦਾ ਕੋਈ ਨੁਕਸਾਨ ਹੋਇਆ ਤਾਂ ਪੁਲਸ ਨੂੰ ਜ਼ੁੰਮੇਵਾਰ ਮੰਨ ਕੇ ਉਸ ਵਿਰੁੱਧ ਸੰਘਰਸ਼ ਕੀਤਾ ਜਾਵੇਗਾ।ਇਸ ਮੌਕੇ ਜਗੀਰ ਸਿੰਘ ਗੰਡੀਵਿੰਡ, ਗੁਰਨਾਮ ਸਿੰਘ ਬਾਸਰਕੇ, ਜਸਵੰਤ ਸਿੰਘ ਭਿੱਖੀਵਿੰਡ ਅਤੇ ਸੰਤੋਖ ਸਿੰਘ ਮੱਖੀ ਕਲਾਂ ਵੀ ਮੌਜੂਦ ਸਨ।

## ਤਿੰਨ ਰਾਜਾਂ ਦੀ ਪੁਲਸ ਨੇ ਕੀਤਾ ਸਾਂਝਾ ਆਪ੍ਰੇਸ਼ਨ

**ਲੰਬੀ/ਮਲੋਟ (ਗੁਰਮੀਤ ਸਿੰਘ ਮੱਕੜ)**-ਲੋਕ ਸਭਾ ਦੀਆਂ ਚੋਣਾਂ ਨੂੰ ਦੇਖਦੇ ਹੋਏ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੀ ਪੁਲਸ ਪੂਰੀ ਤਰ੍ਹਾਂ ਚੌਕਸ ਹੈ। ਹਲਕਾ ਲੰਬੀ ਦੇ ਨਾਲ ਲੱਗਦੇ ਹਰਿਆਣਾ ਤੇ ਰਾਜਸਥਾਨ ਵੱਲੋਂ ਆਉਣ ਵਾਲੇ ਹਰ ਰਸਤੇ ਉੱਪਰ ਨਾਕੇਬੰਦੀ ਕੀਤੀ ਹੋਈ ਹੈ, ਜਿੱਥੇ ਪੰਜਾਬ ਪੁਲਸ ਤਾਇਨਾਤ ਹੈ, ਉੱਥੇ ਪੈਰਾਮਿਲਟਰੀ ਫੋਰਸ ਵੀ ਤਾਇਨਾਤ ਕੀਤੀ ਗਈ ਹੈ।

ਅੱਜ ਤਿੰਨਾਂ ਰਾਜਾਂ ਦੇ ਪੁਲਸ ਅਧਿਕਾਰੀਆਂ ਵੱਲੋਂ ਇੱਕ ਸਾਂਝੇ ਤੌਰ 'ਤੇ ਚਲਾਏ ਆਪ੍ਰੇਸ਼ਨ ਦੌਰਾਨ ਸਵੇਰ ਤੋਂ ਲੈ ਕੇ ਹਰ ਆਉਣ-ਜਾਣ ਵਾਲੇ ਵਾਹਨ ਦੀ ਤਲਾਸ਼ੀ ਲਈ ਗਈ। ਫਰੀਦਕੋਟ ਰੇਂਜ ਦੇ ਆਈ ਜੀ ਤੇ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਪੁਲਸ ਮੁਖੀ ਭਾਗੀਰਥ ਸਿੰਘ ਮੀਨਾ ਨੇ ਦੱਸਿਆ ਕਿ ਪੰਜਾਬ ਨਾਲ ਲੱਗਦੇ ਹਰਿਆਣਾ ਤੇ ਰਾਜਸਥਾਨ ਆਉਣ ਵਾਲੇ ਹਰ ਰਸਤੇ 'ਤੇ ਕਰੀਬ 17 ਨਾਕੇ ਲਗਾਏ ਗਏ ਹਨ, ਜਿਨ੍ਹਾਂ 'ਤੇ ਪੰਜਾਬ ਪੁਲਸ ਦੇ ਨਾਲ-ਨਾਲ ਪੈਰਾਮਿਲਟਰੀ ਫੋਰਸ ਦੇ ਜਵਾਨ ਤਾਇਨਾਤ ਕੀਤੇ ਗਏ ਹਨ।

ਇੱਕ ਸਾਂਝੇ ਆਪ੍ਰੇਸ਼ਨ ਦੌਰਾਨ ਸਵੇਰ ਤੋਂ ਲੈ ਕੇ 250 ਦੇ ਕਰੀਬ ਵਾਹਨਾਂ ਦੀ ਤਲਾਸ਼ੀ ਲਈ ਗਈ ਹੈ ਤੇ ਅਜਿਹਾ ਸਭ ਕੁੱਝ ਲੋਕ ਸਭਾ ਦੀਆਂ ਚੋਣਾਂ ਨੂੰ ਮੱਦੇਨਜ਼ਰ ਕੀਤਾ ਜਾ ਰਿਹਾ ਹੈ।

## ...ਸ.ਫਾ 1 ਦੇ ਬਾਕੀ

### ਅੰਬੇਡਕਰ ਅਛੂਤ ਪ੍ਰਥਾ ਦੇ ...

ਨਿਭਾਓਗੇ, ਤਹਾਨੂੰ ਪਿੰਡ ਵਿੱਚ ਵੜਨ ਦਾ ਅਧਿਕਾਰ ਨਹੀਂ ਹੋਵੇਗਾ। ਤੁਸੀਂ ਮੁਰਦਿਆਂ ਨੂੰ ਮੜ੍ਹੀਆਂ ਤੱਕ ਪਹੁੰਚਾਉਣ ਦਾ ਕੰਮ ਕਰਿਆ ਕਰੋਗੇ। ਪਿੰਡ ਤੋਂ ਬਾਹਰ ਰਹਿਣ ਦੀ ਸੂਰਤ ਨੇ ਇਨ੍ਹਾਂ ਨੂੰ ਅਛੂਤ ਬਣਾ ਦਿੱਤਾ, ਜਦੋਂ ਕਿ ਮੌਜੂਦਾ ਹਾਲਾਤ ਇਹ ਹਨ ਕਿ ਇਹ ਸਮਾਂ ਵਹਿ ਚੁੱਕਾ ਹੈ, ਹੁਣ ਸਾਨੂੰ ਨਵੇਂ ਹਾਲਾਤ ਨਾਲ ਵਿਚਰਨਾ ਚਾਹੀਦਾ ਹੈ। ਮੌਜੂਦਾ ਸਮੇਂ ਵਿੱਚ ਵੀ ਮਿਹਨਤਕਸ਼ਾਂ ਨਾਲ ਖਾਂਦੇ-ਪੀਂਦੇ ਲੋਕਾਂ ਵੱਲੋਂ ਅਛੂਤਾਂ ਤੇ ਦਲਿਤਾਂ ਵਾਲਾ ਵਿਹਾਰ ਹੀ ਸਮਾਜ ਵਿੱਚ ਹੋ ਰਿਹਾ ਹੈ। ਲੋੜ ਇਸ ਗੱਲ ਦੀ ਹੈ ਕਿ ਅਜਿਹੀ ਸਮਾਜ ਵਿਰੋਧੀ ਅਲਾਮਤ ਨੂੰ ਖਤਮ ਕਰਨ ਵਾਸਤੇ ਹਰੇਕ ਬੇਰੁਜ਼ਗਾਰ ਵਿਅਕਤੀ ਭਾਵੇਂ ਉਹ ਔਰਤ ਜਾਂ ਮਰਦ ਹੈ, ਨੂੰ ਰੁਜ਼ਗਾਰ ਦਿੱਤਾ ਜਾਵੇ। ਹਰੇਕ ਬੱਚੇ ਨੂੰ ਵਿਦਿਆ ਮੁਫ਼ਤ ਤੇ ਲਾਜ਼ਮੀ ਦਿੱਤੀ ਜਾਵੇ।

ਸਮਾਗਮ ਨੂੰ ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਦਵਿੰਦਰ ਸੋਹਲ, ਬਲਕਾਰ ਸਿੰਘ ਵਲਟੋਹਾ, ਏਟਕ ਆਗੂ ਅਜਮੇਰ ਸਿੰਘ ਕੱਲ੍ਹਾ, ਬਲਵਿੰਦਰ ਸਿੰਘ ਦਦੇਹਰ ਸਾਹਿਬ, ਟਹਿਲ ਸਿੰਘ ਲੱਧੂ, ਜੈਮਲ ਸਿੰਘ ਬਾਠ, ਰਾਜਗੋਬਿੰਦ ਸਿੰਘ, ਜਸਬੀਰ ਸਿੰਘ ਜਿਉਣੇਕੇ ਤੇ ਪਰਮਜੀਤ ਸਿੰਘ ਹਰੀਕੇ ਨੇ ਸੰਬੋਧਨ ਕੀਤਾ।

### ਸੀ ਪੀ ਆਈ ਵੱਲੋਂ ...

ਦੁਆਰਾ ਹੱਤਿਆਵਾਂ ਕਰਨ ਨੂੰ ਉਕਸਾਇਆ ਗਿਆ ਤੇ ਹੱਤਿਆ ਕਰਨ ਵਾਲਿਆਂ ਨੂੰ ਸਿਰੋਪੇ ਭੇਟ ਕੀਤੇ ਜਾ ਰਹੇ ਹਨ।ਇਸ ਮੌਕੇ ਹਾਜ਼ਰ ਪਾਰਟੀ ਕਾਰਕੁਨਾਂ ਨੇ ਸੰਕਲਪ ਲਿਆ ਕਿ ਹੋਰਨਾਂ ਜਥੇਬੰਦੀਆਂ ਨਾਲ ਮਿਲ ਕੇ ਇਸ ਕੱਟੜਪੰਥੀ ਫਿਰਕੂ ਸਰਕਾਰ ਨੂੰ ਚਲਦਾ ਕਰਨਾ ਹੈ। ਸੰਬੋਧਨ ਕਰਨ ਵਾਲਿਆਂ ਵਿੱਚ ਡੀ ਪੀ ਮੌੜ ਜ਼ਿਲਾ ਸਕੱਤਰ, ਅਰੁਣ ਮਿੱਤਰਾ ਕੌਮੀ ਕੌਂਸਲ ਮੈਂਬਰ, ਐੱਮ ਐੱਸ ਭਾਟੀਆ ਸ਼ਹਿਰੀ ਸਕੱਤਰ, ਰਮੇਸ਼ ਰਤਨ ਚੇਅਰਮੈਨ ਕੰਟਰੋਲ ਕਮਿਸ਼ਨ, ਕੇਵਲ ਸਿੰਘ ਬਨਵੈਤ ਆਦਿ ਸਨ।ਇਸ ਮੌਕੇ ਅਵਤਾਰ ਛਿੱਬੜ, ਸਤਿਨਾਮ ਸਿੰਘ, ਦਾਨ ਸਿੰਘ, ਡਾਕਟਰ ਐੱਸ ਕੇ ਨਗੇਸ਼, ਰਾਮ ਚੰਦ ਅਤੇ ਅਨੋਦ ਕੁਮਾਰ ਆਦਿ ਸ਼ਾਮਲ ਸਨ।

## ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਨੇ ਲੱਖਾ ਸਿਧਾਣਾ ਨੂੰ ਬਠਿੰਡਾ ਤੋਂ ਉਮੀਦਵਾਰ ਐਲਾਨਿਆ

**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਨੇ ਲੱਖੇ ਸਿਧਾਣੇ ਨੂੰ ਬਠਿੰਡਾ ਲੋਕ ਸਭਾ ਸੀਟ ਤੋਂ ਉਮੀਦਵਾਰ ਐਲਾਨਿਆ ਹੈ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਵੀ ਖੁਦ ਚੋਣ ਲੜਨ ਦਾ ਐਲਾਨ ਕੀਤਾ ਤੇ ਕਿਹਾ ਸੰਗਰੂਰ ਤੋਂ ਹੀ ਚੋਣ ਲੜਾਂਗਾ। ਪ੍ਰੈੱਸ ਕਾਨਫਰੰਸ ਕਰਦੇ ਹੋਏ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਸਾਡੇ ਵੱਲੋਂ ਲੱਖੇ ਸਿਧਾਣੇ ਨੂੰ ਬਠਿੰਡਾ ਤੋਂ ਉਮੀਦਵਾਰ ਵਜੋਂ ਚੋਣ ਮੈਦਾਨ 'ਚ ਉਤਾਰਿਆ ਗਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੌਜੂਦਾ ਹਾਲਾਤ ਨੂੰ ਦੇਖਦੇ ਹੋਏ ਅਤੇ ਪੰਜਾਬੀ ਸਿੱਖ ਕੌਮ ਨੂੰ ਬਚਾਉਣ ਲਈ ਸਾਡੇ ਵੱਲੋਂ ਹੋਰਨਾਂ ਥਾਵਾਂ ਉੱਤੇ ਵੀ ਉਮੀਦਵਾਰ ਉਤਾਰੇ ਜਾਣਗੇ, ਦੂਜੇ ਪਾਸੇ ਲੱਖੇ ਸਿਧਾਣੇ ਨੇ ਕਿਹਾ ਕਿ ਮੈਨੂੰ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦਾ ਸਮਰਥਨ ਮਿਲਿਆ ਹੈ ਅਤੇ ਮੈਂ ਖੁਦ ਆਜ਼ਾਦ ਚੋਣ ਲੜਾਂਗਾ, ਕਿਉਂਕਿ ਜਦ ਸਿਮਰਨਜੀਤ ਸਿੰਘ ਮਾਨ ਸਾਹਿਬ ਨੇ ਚੋਣ ਲੜੀ ਸੀ ਤਾਂ ਉਸ ਸਮੇਂ ਤੋਂ ਅਸੀਂ ਇਕੱਠੇ ਹਾਂ ਅਤੇ ਇਨ੍ਹਾਂ ਦੇ ਹੱਕ ਵਿੱਚ ਅਸੀਂ ਪ੍ਰਚਾਰ ਕੀਤਾ ਸੀ।



## ਕਾਮਰੇਡ ਬਲਕਾਰ ਸਿੰਘ ਦੀ ਮਿੱਠੀ ਯਾਦ 'ਚ ਸ਼ਰਧਾਂਜਲੀ ਸਮਾਗਮ



**ਫਰੀਦਕੋਟ (ਨ ਜ਼ ਸ)**-ਕਾਮਰੇਡ ਮੁਖਤਿਆਰ ਸਿੰਘ ਭਾਣਾ ਦੇ ਛੋਟੇ ਭਰਾ ਬਲਕਾਰ ਸਿੰਘ ਭਾਣਾ ਐਕਸੀਡੈਂਟ ਦੌਰਾਨ ਸਾਨੂੰ ਸਦੀਵੀ ਵਿਛੋੜਾ ਦੇ ਗਏ ਸਨ ਜਿਨ੍ਹਾਂ ਦੀ ਯਾਦ ਵਿੱਚ ਉਨ੍ਹਾਂ ਦੇ ਪਿੰਡ ਭਾਣਾ ਵਿਖੇ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ।ਗੁਰਦੁਆਰਾ ਸਾਹਿਬ ਵਿਖੇ ਭਾਰੀ ਇਕੱਠ ਹੋਇਆ। ਰਾਗੀ ਸਿੰਘਾਂ ਨੇ ਕੀਰਤਨ ਰਾਹੀਂ ਸ਼ਰਧਾ ਦੇ ਫੁੱਲ ਭੇਟ ਕੀਤੇ।ਉਪਰੰਤ ਵੱਖ-ਵੱਖ ਜਥੇਬੰਦੀਆਂ ਦੇ ਆਗੂਆਂ ਨੇ ਪੀੜਤ ਪਰਿਵਾਰ ਨਾਲ ਹਮਦਰਦੀ ਅਤੇ ਦੁੱਖ ਸਾਂਝਾ ਕੀਤਾ।ਬੁਲਾਰਿਆਂ ਨੇ ਕਿਹਾ ਕਿ ਸੜਕੀ ਆਵਾਜਾਈ ਦੇ ਨਿਯਮਾਂ ਦੀਆਂ ਬਹੁਤ ਸਾਰੀਆਂ ਖਾਮੀਆਂ ਅਤੇ ਸੜਕਾਂ ਦੇ ਕੁਪ੍ਰਬੰਧ ਕਾਰਨ ਹਰ ਰੋਜ਼ ਐਕਸੀਡੈਂਟ ਹੋ ਰਹੇ ਹਨ।ਇਨ੍ਹਾਂ ਦੁਰਘਟਨਾਵਾਂ ਦੇ ਵਾਪਰਨ ਵਿੱਚ ਆਵਾਰਾ ਪਸ਼ੂ, ਆਵਾਰਾ ਕੁੱਤੇ ਵੀ ਆਪਣਾ ਰੋਲ ਅਦਾ ਕਰ ਰਹੇ ਹਨ।ਇਸੇ ਤਰ੍ਹਾਂ ਦੀ ਘਟਨਾ ਨੇ ਖੇਤ ਮਜ਼ਦੂਰ ਆਗੂ ਬਲਕਾਰ ਸਿੰਘ ਭਾਣਾ ਦੀ ਜਾਨ ਲੈ ਲਈ।ਸ਼ਰਧਾ ਦੇ ਫੁੱਲ ਭੇਟ ਕਰਨ ਵਾਲਿਆਂ ਵਿੱਚ ਪੰਜਾਬ ਖੇਤ ਮਜ਼ਦੂਰ ਸਭਾ ਦੀ ਸੂਬਾ ਜਨਰਲ ਸਕੱਤਰ ਕਾਮਰੇਡ ਦੇਵੀ ਕੁਮਾਰੀ ਸਰਹਾਲੀ ਕਲਾਂ, ਜ਼ਿਲਾ ਪ੍ਰਧਾਨ ਕਾਮਰੇਡ ਗੁਰਨਾਮ ਸਿੰਘ ਮਾਨੀ ਸਿੰਘ ਵਾਲਾ, ਕਾਮਰੇਡ ਗੁਰਚਰਨ ਸਿੰਘ ਮਾਨ, ਕਾਮਰੇਡ ਹਰਪਾਲ ਸਿੰਘ ਮਚਾਕੀ, ਕਾਮਰੇਡ ਜਗਤਾਰ ਸਿੰਘ ਭਾਣਾ, ਕਾਮਰੇਡ ਵੀਰ ਸਿੰਘ ਕੰਮੇਆਣਾ, ਕਾਮਰੇਡ ਚਰਨਜੀਤ ਸਿੰਘ ਚਮੇਲੀ ਆਦਿ ਸ਼ਾਮਲ ਸਨ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**
ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**

# ਫਿਰੌਤੀਆਂ ਮੰਗਣ ਵਾਲੇ ਗਿਰੋਹ ਦਾ ਪਰਦਾਫਾਸ਼; ਦੋ ਦੋਸ਼ੀ ਗ੍ਰਿਫ਼ਤਾਰ



**ਬਟਾਲਾ, (ਡਾ. ਮਲਵਿੰਦਰ ਸਿੰਘ)**-ਐੱਸਐੱਸਪੀ ਬਟਾਲਾ ਮੈਡਮ ਅਸ਼ਵਨੀ ਗੋਟਿਆਲ ਵਲੋਂ ਪੁਲਸ ਲਾਈਨ ਵਿਖੇ ਪ੍ਰੈੱਸ ਕਾਨਫਰੰਸ ਕੀਤੀ ਗਈ ਤੇ ਦੱਸਿਆ ਕਿ ਬਟਾਲਾ ਪੁਲਸ ਵੱਲੋਂ ਫਿਰੌਤੀਆਂ ਮੰਗਣ ਵਾਲੇ ਗਿਰੋਹ ਦਾ ਪਰਦਾਫਾਸ਼ ਕਰਕੇ ਦੋ ਦੋਸ਼ੀ ਗਿਰਫ਼ਤਾਰ ਕੀਤੇ ਗਏ ਹਨ।ਐੱਸਐੱਸਪੀ ਬਟਾਲਾ ਨੇ ਦੱਸਿਆ ਕਿ 12 ਅਪਰੈਲ 2024 ਨੂੰ ਇਕ ਦਰਖਾਸਤ ਜੋਬਨਜੀਤ ਸਿੰਘ ਪੁੱਤਰ ਮਨਜੀਤ ਸਿੰਘ ਵਾਸੀ ਪਿੰਡ ਜੋਧਾ ਨੰਗਲ ਨੇ ਇਕ ਦਰਖਾਸਤ ਦਿੱਤੀ ਕਿ ਉਸਦਾ ਵੱਡਾ ਭਰਾ ਪ੍ਰਭਦੀਪ ਸਿੰਘ ਉਰਫ ਭੀਮ ਪੁੱਤਰ ਮਨਜੀਤ ਸਿੰਘ ਮਿਤੀ 11 ਅਪਰੈਲ 2024 ਦਾ ਸੁਰੇਸ਼ ਕੁਮਾਰ ਪੁੱਤਰ ਸੁਰਜੀਤ ਸਿੰਘ ਵਾਸੀ ਮੋਹਰਬਾਨਪੁਰ ਅੰਮ੍ਰਿਤਸਰ ਨੂੰ ਮਿਲਣ ਲਈ ਜਿਲਾ ਬਟਾਲਾ ਵਿਖੇ ਗਿਆ ਪਰ ਉਸ ਤੋ ਬਾਅਦ ਘਰ ਵਾਪਸ ਨਹੀਂ ਆਇਆ ਤਾਂ ਕਾਫੀ ਉਡੀਕ ਕਰਨ ਤੋ ਬਾਅਦ ਉਸਨੇ ਸੁਰੇਸ਼ ਕੁਮਾਰ ਨੂੰ ਫੋਨ ਕੀਤਾ ਅਤੇ ਆਪਣੇ ਭਰਾ ਸਬੰਧੀ ਪੁੱਛਿਆ ਜਿਸ 'ਤੇ ਸੁਰੇਸ਼ ਕੁਮਾਰ ਨੇ ਉਸਨੂੰ ਕਿਹਾ ਕਿ ਉਹ ਇੱਥੇ ਕਿਤੇ ਹੋਵੇਗਾ ਅਤੇ ਆਪਾਂ ਉਸਨੂੰ ਲੱਭ ਲੈਂਦੇ ਹਾਂ ਜਿਸ 'ਤੇ ਦਰਖਾਸਤ ਕਰਤਾ ਸੁਰੇਸ਼ ਕੁਮਾਰ ਨਾਲ ਆਪਣੇ ਭਰਾ ਨੂੰ ਲੱਭਦਾ ਰਿਹਾ ਜੋ ਉਸਨੂੰ ਬਾਅਦ ਵਿੱਚ ਪਤਾ ਲੱਗਾ ਕਿ ਉਸਦੇ ਭਰਾ ਦੇ ਨਾਲ 11 ਅਪਰੈਲ 2024 ਨੂੰ ਆਏ ਦੋ ਵਿਅਕਤੀ ਜਿਨ੍ਹਾਂ ਦਾ ਨਾਮ ਰਜਿੰਦਰ ਸਿੰਘ ਵਾਸੀ ਗੁੰਮਟਾਲਾ ਰੋਡ ਅੰਮ੍ਰਿਤਸਰ ਅਤੇ ਵੱਸਣ ਸਿੰਘ ਵਾਸੀ ਪਿੰਡ ਮੋਨੀਆ ਕੁਹਾਰਾ ਅੰਮ੍ਰਿਤਸਰ ਦਿਹਾਤੀ ਅਗਵਾ ਹੋ ਚੁੱਕੇ ਹਨ ਅਤੇ ਉਸਦਾ ਭਰਾ ਵੀ ਉਨ੍ਹਾਂ ਦੇ ਨਾਲ ਅਗਵਾ ਹੋ ਚੁੱਕਾ ਹੈ ਜੋ ਇਸ ਸਬੰਧੀ ਰਜਿੰਦਰ ਸਿੰਘ ਦੀ ਪਤਨੀ ਮੋਨਿਕਾ ਨੂੰ ਕਿਸੇ ਵਿਦੇਸ਼ੀ ਨੰਬਰ ਤੋਂ 2 ਕਰੋੜ 50 ਲੱਖ ਦੀ ਫਿਰੌਤੀ ਸਬੰਧੀ ਫੋਨ ਆਇਆ ਕਿ ਤੁਸੀਂ ਫਿਰੌਤੀ ਦੀ ਮੰਗ ਪੂਰੀ ਕਰੋ ਤਾਂ ਹੀ ਅਸੀ ਤਿੰਨ ਅਗਵਾ ਵਿਅਕਤੀਆ ਨੂੰ ਰਿਹਾਅ ਕਰਾਂਗੇ ਜਿਸ ਤੇ ਮੁਕੱਦਮਾ ਨੰਬਰ 30 ਮਿਤੀ 12.4.2024 ਜੁਰਮ 365,387,506,120-ਬੀ ਥਾਣਾ ਸਿਟੀ ਬਟਾਲਾ ਦਰਜ ਰਜਿਸਟਰ ਕਰਕੇ ਤਫਤੀਸ਼ ਅਮਲ ਵਿੱਚ ਲਿਆਂਦੀ ਗਈ।ਮੈਡਮ ਅਸ਼ਵਨੀ ਗੋਟਿਆਲ, ਆਈਪੀਐੱਸ ਸੀਨੀਅਰ ਕਪਤਾਨ ਪੁਲਸ ਬਟਾਲਾ ਦੇ ਦਿਸ਼ਾ ਨਿਰਦੇਸ਼ ਤੇ ਡੀਐੱਸਪੀ ਆਜ਼ਾਦ ਦਵਿੰਦਰ ਸਿੰਘ ਪੀਪੀਐੱਸ ਸਬ ਡਵੀਜਨ ਸਿਟੀ ਬਟਾਲਾ ਦੀ ਨਿਗਰਾਨੀ ਹੇਠ ਐਸ ਆਈ ਖੁਸ਼ਬੂ ਸ਼ਰਮਾ ਮੁੱਖ ਅਫਸਰ ਥਾਣਾ ਸਿਟੀ ਬਟਾਲਾ ਦੀ ਟੀਮ ਨੇ ਦੌਰਾਨੇ ਤਫਤੀਸ਼ ਮਾਮਲੇ ਦੇ ਤੱਥਾਂ ਦੀ ਪੜਤਾਲ ਕਰਦੇ ਹੋਏ ਸੁਰੇਸ਼ ਕੁਮਾਰ ਉਕਤ ਦੀ ਨੀਅਤ ਸ਼ੱਕੀ ਪਾਈ ਗਈ ਅਤੇ ਪੁੱਛਗਿੱਛ ਦੌਰਾਨ ਉਸਦੇ ਫੋਨ ਟੈਕਨੀਕਲ ਤਰੀਕੇ ਨਾਲ ਜਾਂਚ ਕਰਨ ਤੇ ਕੁੱਝ ਸ਼ੱਕੀ ਨੰਬਰਾਂ ਦਾ ਪਤਾ ਕਰਕੇ ਪਿੰਡ ਗਾਜੀਭਰਵਾਨ ਜ਼ਿਲਾ ਪਠਾਨਕੋਟ ਵਿਖੇ ਰੇਡ ਕੀਤੀ ਗਈ ਜਿਥੇ ਉਕਤ ਤਿੰਨਾਂ ਵਿਅਕਤੀਆਂ ਨੂੰ ਅਗਵਾ ਕਰਨ ਵਾਲੇ ਵਿਅਕਤੀ ਦੀ ਪਹਿਚਾਣ ਕੀਤੀ ਗਈ ਜੋ ਕਿ ਭੂਸ਼ਨ ਸਿੰਘ ਪੁੱਤਰ ਰੱਖ ਸਿੰਘ ਵਾਸੀ ਗਾਜੀਭਰਵਾਨ ਜਿਲਾ ਪਠਾਨਕੋਟ ਵਜੋ ਹੋਈ ਜਿਸਨੂੰ ਮੁਕੱਦਮਾ ਵਿੱਚ ਨਾਮਜ਼ਦ ਕਰਕੇ ਪੁਲਸ ਪਾਰਟੀ ਵੱਲੋ ਕਾਬੂ ਕੀਤਾ ਗਿਆ ਜਿਸ ਪਾਸੋ ਉਕਤ ਤਿੰਨੇ ਅਗਵਾ ਵਿਅਕਤੀਆਂ ਨੂੰ ਉਸਦੇ ਕਬਜ਼ੇ ਵਿੱਚੋ ਸੁਰੱਖਿਅਤ ਹਾਲਤ ਵਿੱਚ ਛੁਡਵਾਇਆ ਗਿਆ।ਇਸ ਤੋਂ ਇਲਾਵਾ ਵਾਰਦਾਤ ਸਮੇਂ ਵਰਤੀ ਗੱਡੀ ਸਵਿਫਟ ਡਿਜ਼ਾਇਰ ਉਸ ਪਾਸੋ ਬ੍ਰਾਮਦ ਕੀਤੀ ਗਈ ਜੋ ਅਗਵਾ ਰਜਿੰਦਰ ਸਿੰਘ ਦੀ ਪਤਨੀ ਮੋਨਿਕਾ ਨੂੰ ਕਿਸੇ ਵਿਦੇਸ਼ੀ ਨੰਬਰ ਤੋਂ ਦੋ ਕਰੋੜ 50 ਲੱਖ ਦੀ ਫਿਰੌਤੀ ਸਬੰਧੀ ਫੋਨ ਆਇਆ ਸੀ, ਉਹ ਨੰਬਰ ਭੂਸ਼ਨ ਸਿੰਘ ਦੇ ਲੜਕੇ ਬੀਰ ਸਿੰਘ ਉਮਰ ਕ੍ਰੀਬ 26 ਸਾਲ ਜੋ ਕ੍ਰੀਬ ਦੋ ਸਾਲਾ ਤੋਂ ਵਿਦੇਸ਼ ਸਪੇਨ ਵਿੱਚ ਰਹਿ ਰਿਹਾ ਹੈ ਪਾਇਆ ਗਿਆ ਹੈ।ਜੋ ਦੋਸ਼ੀਆਂ ਪਾਸੋਂ ਛੁਡਵਾਏ ਗਏ ਉਕਤ ਤਿੰਨੇ ਪੀੜਤ ਵਿਅਕਤੀਆਂ ਨੂੰ ਉਨ੍ਹਾਂ ਦੇ ਵਾਰਸਾਂ ਹਵਾਲੇ ਕੀਤਾ ਗਿਆ ਹੈ। ਗ੍ਰਿਫਤਾਰ ਦੋਸ਼ੀ ਸੁਰੇਸ਼ ਕੁਮਾਰ ਪੁੱਤਰ ਸੁਰਜੀਤ ਸਿੰਘ ਵਾਸੀ ਮੇਹਰਬਾਨਪੁਰਾ ਜ਼ਿਲਾ ਅੰਮ੍ਰਿਤਸਰ ਦਿਹਾਤੀ ਪਹਿਲਾ ਤੋਂ ਦਰਜ ਮੁਕੱਦਮਾ ਨੰਬਰ 21/2020 ਜੁਰਮ 406,420, ਭ:ਦ 13 ਪੰਜਾਬ ਟ੍ਰੈਵਲ ਪਰਫੈਸ਼ਨਲ ਰੈਗੂਲੇਸ਼ਨ ਐਕਟ ਥਾਣਾ ਬਹਿਰਾਮ ਐੱਸਬੀਐੱਸ ਨਗਰ ਵਿਖੇ ਦਰਜ ਹੈ ਅਤੇ ਦੋਸ਼ੀ ਭੂਸ਼ਨ ਸਿੰਘ ਪੁੱਤਰ ਰੱਖ ਸਿੰਘ ਵਾਸੀ ਗਾਜੀਭਰਵਾਨ ਜ਼ਿਲਾ ਪਠਾਨਕੋਟ ਹੈ।

## ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਵਿਖੇ ਵਿਸਾਖੀ ਦਾ ਜਸ਼ਨ ਮਨਾਇਆ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਧਾਰੀਵਾਲ ਵਿਖੇ ਡਾਇਰੈਕਟਰ ਅਮਰਜੀਤ ਸਿੰਘ ਚਾਹਲ ਅਤੇ ਪ੍ਰਿੰ. ਕਿਰਨ ਕੇਸਰ ਦੀ ਯੋਗ ਅਗਵਾਈ ਹੇਠ ਵਿਸਾਖੀ ਦਾ ਜ਼ਸਨ ਮਨਾਇਆ ਗਿਆ। ਇਸ ਮੌਕੇ ਦਸਵੀਂ ਜਮਾਤ ਦੀ ਵਿਦਿਆਰਥਣ ਅਨਮੋਲਪ੍ਰੀਤ ਕੌਰ ਨੇ ਵਿਸਾਖੀ ਦੇ ਇਤਿਹਾਸ ਤੇ ਚਾਨਣਾ ਪਾਇਆ। ਉਪਰੰਤ ਅੱਠਵੀਂ ਏ ਜਮਾਤ ਦੀ ਵਿਦਿਆਰਥਣ ਹਰਮਨ ਕੌਰ ਨੇ ਆਪਣੀ ਕਵਿਤਾ ਪੇਸ ਕੀਤੀ। ਚੌਥੀ ਜਮਾਤ ਦੇ ਮਾਯੂਕ ਕੁਮਾਰ ਨੇ ਬਹੁਤ ਹੀ ਸੁੰਦਰ ਕਵਿਤਾ ਗਾ ਕੇ ਵਿਸਾਖੀ ਦੇ ਮਾਹੌਲ ਨੂੰ ਹੋਰ ਖੁਸ਼ਨੁਮਾ ਬਣਾਇਆ। ਵਿਸਾਖੀ ਦੇ ਮੌਕੇ ਨੂੰ ਮੁੱਖ ਰੱਖਦੇ ਹੋਏ ਸਕੂਲ ਵਿੱਚ ਦਸਤਾਰਬੰਦੀ ਦਾ ਮੁਕਾਬਲਾ ਕਰਵਾਇਆ। ਇਸ ਮੁਕਾਬਲੇ ਵਿੱਚ ਅਧਿਆਪਕ ਸੁਖਦੀਪ ਸਿੰਘ ਅਤੇ ਮਨਬੀਰ ਸਿੰਘ ਬਤੌਰ ਜੱਜ ਸ਼ਾਮਿਲ ਹੋਏ। ਮੁਕਾਬਲੇ ਵਿੱਚ ਜਮਾਤ ਸੱਤਵੀਂ ਤੋਂ ਦਸਵੀਂ ਤੱਕ ਦੇ ਵਿਦਿਆਰਥੀਆਂ ਨੇ ਭਾਗ ਲਿਆ। ਇਸ ਦਸਤਾਰਬੰਦੀ ਮੁਕਾਬਲੇ (ਸੱਤਵੀਂ ਤੇ ਅੱਠਵੀਂ ਜਮਾਤ) ਵਿੱਚੋਂ ਅਰਮਾਨਜੋਤ ਸਿੰਘ ਜਮਾਤ ਅੱਠਵੀਂ ਬੀ ਨੇ ਪਹਿਲਾ ਸਥਾਨ, ਜਸਪਿੰਦਰ ਸਿੰਘ ਜਮਾਤ ਅੱਠਵੀਂ ਦੂਸਰਾ ਸਥਾਨ, ਪਵਲਪ੍ਰੀਤ ਸਿੰਘ ਅਤੇ ਕਰਨਦੀਪ ਸਿੰਘ ਨੇ ਤੀਸਰਾ ਸਥਾਨ ਹਾਸਿਲ ਕੀਤਾ। ਨੌਵੀਂ ਅਤੇ ਦਸਵੀਂ ਜਮਾਤ ਵਿੱਚੋਂ ਚਾਹਤਪ੍ਰੀਤ ਸਿੰਘ ਜਮਾਤ ਦਸਵੀਂ ਨੇ ਪਹਿਲਾ ਸਥਾਨ, ਲਵਪ੍ਰੀਤ ਸਿੰਘ ਜਮਾਤ ਦਸਵੀਂ ਅਤੇ ਸਿਮਰਨਜੀਤ ਸਿਮਰਜੀਤ ਸਿੰਘ ਜਮਾਤ ਨੌਵੀਂ ਨੇ ਦੂਸਰਾ ਸਥਾਨ,



ਸੁਖਮਨਪ੍ਰੀਤ ਸਿੰਘ ਅਤੇ ਤੇਜਬੀਰ ਸਿੰਘ ਜਮਾਤ ਦਸਵੀਂ ਨੇ ਤੀਸਰਾ ਸਥਾਨ ਹਾਸਿਲ ਕੀਤਾ। ਲਿਟਲ ਸਪਰਾਊਟ ਦੇ ਵਿਦਿਆਰਥੀ ਸੱਭਿਆਚਾਰਕ ਪਹਿਰਾਵੇ ਵਿੱਚ ਲੜਕੇ ਕੁੜਤਾ ਪਜਾਮਾ ਅਤੇ ਲੜਕੀਆਂ ਸਲਵਾਰ ਸੂਟ ਪਹਿਨ ਕੇ ਆਈਆਂ। ਛੋਟੇ-ਛੋਟੇ ਵਿਦਿਆਰਥੀਆਂ ਨੇ ਪੰਜਾਬੀ ਲੋਕ ਨਾਚ, ਗਿੱਧਾ ਅਤੇ ਭੰਗੜਾ ਪਾਇਆ। ਸਕੂਲ ਦੇ ਡਾਇਰੈਕਟਰ ਅਮਰਜੀਤ ਸਿੰਘ ਚਾਹਲ ਅਤੇ ਪ੍ਰਿੰ. ਕਿਰਨ ਕੇਸਰ ਵੱਲੋਂ ਸਮੂਹ ਸੰਗਤ ਨੂੰ ਵਿਸਾਖੀ ਦੇ ਤਿਉਹਾਰ 'ਤੇ ਲੱਖ ਲੱਖ ਵਧਾਈ ਦਿੱਤੀ ਗਈ।

## ਉੱਪਲ ਬਰਾਦਰੀ ਦੇ ਜਠੇਰਿਆਂ ਦੀ ਮੇਲ 21 ਨੂੰ



**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**-ਉੱਪਲ ਭਾਈਚਾਰੇ ਦੇ ਜਠੇਰਿਆਂ ਦੀ ਸਾਲਾਨਾ ਮੇਲਾ 21 ਅਪ੍ਰੈਲ ਦਿਨ ਐਤਵਾਰ ਨੂੰ ਉੱਪਲ ਗੋਤ ਦੇ ਕੁੱਲ ਦੇਵਤਾ ਬਾਬਾ ਨਾਹਰ ਸਿੰਘ ਜੀ ਦੇ ਮੰਦਰ ਪਰਮੰਡਲ ਜ਼ਿਲ੍ਹਾ ਸਾਂਭਾ (ਜੰਮੂ-ਕਸ਼ਮੀਰ) ਵਿਖੇ ਬੜੀ ਸ਼ਰਧਾ ਭਾਵਨਾ ਤੇ ਉਤਸ਼ਾਹ ਨਾਲ ਮਨਾਈ ਜਾਵੇਗੀ ਜਿਸ ਵਿਚ ਦੇਸ਼-ਵਿਦੇਸ਼ ਤੋਂ ਆ ਰਹੇ ਉੱਪਲ ਗੋਤ ਦੇ ਪਰਿਵਾਰ ਸ਼ਰਧਾ ਭਾਵਨਾ ਨਾਲ ਸ਼ਾਮਿਲ ਹੋਣਗੇ।ਇਸ ਮੌਕੇ ਮੰਦਰ ਵਿੱਚ ਪਵਿੱਤਰ ਹਵਨ ਯੱਗ ਵੀ ਹੋਵੇਗਾ ਅਤੇ ਸੰਗਤ ਲਈ ਲੰਗਰ ਭੰਡਾਰਾ ਵੀ ਅਤੁੱਟ ਵਰਤਾਇਆ ਜਾਵੇਗਾ।ਇਹ ਜਾਣਕਾਰੀ ਪਰਮੰਡਲ ਮੰਦਰ ਕਮੇਟੀ ਦੇ ਮੈਂਬਰ ਡਾ. ਮਨੀਸ਼ ਕੁਮਾਰ ਉੱਪਲ ਅਜਨਾਲਾ ਨੇ ਸਾਂਝੀ ਕੀਤੀ।ਇਸ ਮੌਕੇ ਰਮੇਸ਼ ਕੁਮਾਰ ਉੱਪਲ, ਰਮਨੀਕ ਕੁਮਾਰ ਉੱਪਲ ਜੰਮੂ ਵਾਲੇ, ਜ਼ਿਲਾ ਸੇਵਾ ਮੁਕਤ ਸਿਹਤ ਅਫ਼ਸਰ ਡਾ. ਗੁਰਦੀਪ ਕੁਮਾਰ ਉੱਪਲ (ਅੰਮ੍ਰਿਤਸਰ), ਵਿਕਰਾਂਤ ਕੁਮਾਰ ਉੱਪਲ, ਐਡਵੋਕੇਟ ਅਵਧ ਕੁਮਾਰ ਉੱਪਲ, ਡਾ. ਸੰਦੀਪ ਉੱਪਲ, ਰਾਜੀਵ ਕੁਮਾਰ ਉੱਪਲ, ਰਵਿੰਦਰ ਕੁਮਾਰ ਉੱਪਲ, ਡਾ. ਪਰਦੀਪ ਕੁਮਾਰ ਉੱਪਲ ਰਾਜਾਂਸਾਸੀ, ਪਵਨ ਕੁਮਾਰ ਉੱਪਲ, ਰਿਆਂਸ ਉੱਪਲ, ਬਬਲੂ ਉੱਪਲ ਅਜਨਾਲਾ ਆਦਿ ਹਾਜ਼ਰ ਸਨ ।

# ਅਕਾਲੀ ਦਲ ਛੱਡ ਕੇ ਦਰਜਨਾਂ ਪਰਿਵਾਰ ਭਾਜਪਾ 'ਚ ਸ਼ਾਮਲ : ਹਰਜੀਤ ਸੰਧੂ



**ਤਰਨ ਤਾਰਨ (ਪ੍ਰਿਤਪਾਲ ਸਿੰਘ)**-ਵਿਧਾਨ ਸਭਾ ਹਲਕਾ ਤਰਨਤਾਰਨ ਦੇ ਮੁਰਾਦਪੁਰ ਇਲਾਕਾ ਨਿਵਾਸੀ ਅਕਾਲੀ ਦਲ ਦੇ ਪ੍ਰਮੁੱਖ ਲੀਡਰ ਨਗਰ ਕੌਂਸਲ ਦੇ ਸਾਬਕਾ ਮੀਤ ਪ੍ਰਧਾਨ ਸਵਰਗੀ ਬਲਦੇਵ ਸਿੰਘ ਬਿੱਲਾ ਦੇ ਨੌਜਵਾਨ ਸਪੁੱਤਰ ਪਵਨਦੀਪ ਸਿੰਘ ਪ੍ਰਿੰਸ ਅਕਾਲੀ ਦਲ ਛੱਡ ਕੇ ਦਰਜਨਾਂ ਪਰਿਵਾਰਾਂ ਸਮੇਤ ਜ਼ਿਲਾ ਪ੍ਰਧਾਨ ਹਰਜੀਤ ਸਿੰਘ ਸੰਧੂ ਦੀ ਅਗਵਾਈ ਹੇਠ ਵਿਧਾਨ ਸਭਾ ਹਲਕਾ ਤਰਨਤਾਰਨ ਦੇ ਕੋ-ਕਨਵੀਨਰ ਜ਼ਿਲਾ ਮੀਤ ਪ੍ਰਧਾਨ ਰਾਣਾ ਗੁਲਬੀਰ ਸਿੰਘ ਅਤੇ ਯੁਵਾ ਮੋਰਚਾ ਦੇ ਜ਼ਿਲਾ ਪ੍ਰਧਾਨ ਦਿਨੇਸ਼ ਜੋਸ਼ੀ, ਅਵਤਾਰ ਬੰਟੀ ਦੀ ਪ੍ਰੇਰਨਾ ਸਦਕਾ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋ ਗਏ।ਇਸ ਮੌਕੇ ਸੰਬੋਧਨ ਕਰਦਿਆਂ ਹਰਜੀਤ ਸਿੰਘ ਸੰਧੂ ਨੇ ਕਿਹਾ ਕਿ ਨੌਜਵਾਨ ਦੇਸ਼ ਦੀ ਰੀੜ੍ਹ ਦੀ ਹੱਡੀ ਹੁੰਦੇ ਹਨ। ਜਿਹੜੇ ਵੀ ਸੂਬਿਆਂ ਵਿੱਚ ਭਾਰਤੀ ਜਨਤਾ ਪਾਰਟੀ ਦੀਆਂ ਭਾਰੀ ਬਹੁਮਤ ਨਾਲ ਵਾਰ-ਵਾਰ ਲਗਾਤਾਰ ਸਰਕਾਰਾਂ ਬਣਦੀਆਂ ਆ ਰਹੀਆਂ ਹਨ ਉਨ੍ਹਾਂ ਵਿੱਚ ਨੌਜਵਾਨਾਂ ਦਾ ਬਹੁਤ ਵੱਡਾ ਅਤੇ ਅਹਿਮ ਯੋਗਦਾਨ ਹੈ ਕਿਉਂਕਿ ਨੌਜਵਾਨ ਸਮਝ ਚੁੱਕੇ ਹਨ ਕਿ ਉਨ੍ਹਾਂ ਦਾ ਭਵਿੱਖ ਭਾਰਤੀ ਜਨਤਾ ਪਾਰਟੀ ਹੀ ਸੁਧਾਰ ਸਕਦੀ ਹੈ। ਇਸ ਮੌਕੇ ਸ਼ਾਮਲ ਹੋਣ ਵਾਲਿਆਂ ਵਿੱਚ ਕਿਸ਼ਨ ਸਿੰਘ ਮਾਨਾ, ਇੰਦਰਜੀਤ ਸਿੰਘ, ਲਵ, ਸਵਿੰਦਰ ਸਿੰਘ ਛਿੰਦਾ, ਪ੍ਰਧਾਨ ਸੋਖਾ, ਨਿਰਮਲਜੀਤ ਸਿੰਘ ਨਿੰਮਾ, ਨਿਸ਼ਾਨ ਸਿੰਘ, ਵਿਜੇ, ਛਿੰਦਾ ਨਾਥ, ਅਜੇ ਕੁਮਾਰ, ਭੁੱਟੋ ਪ੍ਰਧਾਨ, ਲਖਨਜੀਤ ਸਿੰਘ, ਰਾਜੂ, ਕੰਵਰਦੀਪ ਸਿੰਘ, ਛਿੰਦਰ ਸਿੰਘ, ਆਕਾਸ਼ਦੀਪ ਸਿੰਘ, ਜਸ਼ਨਦੀਪ ਸਿੰਘ, ਦੀਪ ਸਿੰਘ, ਸੁਲਤਾਨ ਸਿੰਘ, ਬਿੱਲੂ ਕਟਿੰਗ ਸੈਂਟਰ, ਕਾਸ਼ੀ, ਹਰਿਆ, ਖੁਸ਼ੀਆ, ਆਸ਼ੀਆ ਅਤੇ ਹੋਰ ਦਰਜਨਾਂ ਮੋਹਤਬਰਾਂ ਨੇ ਪਰਿਵਾਰਾਂ ਸਮੇਤ ਭਾਰਤੀ ਜਨਤਾ ਪਾਰਟੀ ਵਿੱਚ ਸ਼ਮੂਲੀਅਤ ਕੀਤੀ, ਜਿਨ੍ਹਾਂ ਨੂੰ ਜ਼ਿਲਾ ਪ੍ਰਧਾਨ ਹਰਜੀਤ ਸਿੰਘ ਸੰਧੂ ਅਤੇ ਉਨ੍ਹਾਂ ਦੀ ਸਮੁੱਚੀ ਟੀਮ ਨੇ ਪਾਰਟੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ।ਇਸ ਮੌਕੇ ਵਿਧਾਨ ਸਭਾ ਹਲਕਾ ਤਰਨਤਾਰਨ ਦੇ ਕੋ-ਕਨਵੀਨਰ ਅਤੇ ਜ਼ਿਲਾ ਮੀਤ ਪ੍ਰਧਾਨ ਰਾਣਾ ਗੁਲਬੀਰ ਸਿੰਘ, ਜ਼ਿਲਾ ਜਨਰਲ ਸਕੱਤਰ ਹਰਪ੍ਰੀਤ ਸਿੰਘ ਸਿੰਦਬਾਦ, ਜ਼ਿਲਾ ਜਨਰਲ ਸਕੱਤਰ ਸੁਰਜੀਤ ਸਿੰਘ ਸਾਗਰ, ਜ਼ਿਲਾ ਜਨਰਲ ਸਕੱਤਰ ਸ਼ਿਵ ਕੁਮਾਰ ਸੋਨੀ, ਮੀਤ ਪ੍ਰਧਾਨ ਸਤਨਾਮ ਸਿੰਘ ਭੁੱਲਰ, ਜ਼ਿਲਾ ਪ੍ਰਧਾਨ ਯੁਵਾ ਮੋਰਚਾ ਦਿਨੇਸ਼ ਜੋਸ਼ੀ, ਤਰਨਤਾਰਨ ਮੰਡਲ ਪ੍ਰਧਾਨ ਪਵਨ ਕੁੰਦਰਾ, ਜ਼ਿਲਾ ਮੀਤ ਪ੍ਰਧਾਨ ਸਤਨਾਮ ਸਿੰਘ ਭੁੱਲਰ, ਐਜੂਕੇਸ਼ਨ ਸੈੱਲ ਕਨਵੀਨਰ ਗੁਰਪ੍ਰੀਤ ਸਿੰਘ, ਲੀਗਲ ਸੈੱਲ ਕੋ-ਕਨਵੀਨਰ ਜਸਕਰਨ ਸਿੰਘ, ਐੱਸਸੀ ਮੋਰਚਾ ਜਨਰਲ ਸਕੱਤਰ ਅਵਤਾਰ ਸਿੰਘ ਬੰਟੀ, ਐਗਜ਼ੈਕਟਿਵ ਮੈਂਬਰ ਐੱਸਸੀ ਮੋਰਚਾ ਸੁਰਜੀਤ ਸਿੰਘ ਮਾਹਲ, ਲਲਿਤ ਪ੍ਰੀਂਜਾ, ਪਰਮਜੀਤ ਸਿੰਘ ਲਾਲਕਾ, ਨੌਜਵਾਨ ਆਗੂ ਕਾਰਤਿਕ ਸ਼ਰਮਾ ਵੀ ਮੌਜੂਦ ਸਨ।

## ਮੁਹੱਲਾ ਨਾਨਕਸਰ ਅੱਡਾ ਝਬਾਲ ਵਿਖੇ ਵਿਸਾਖੀ ਦਾ ਦਿਹਾੜਾ ਮਨਾਇਆ



**ਝਬਾਲ (ਹਰਜਿੰਦਰ ਸਿੰਘ ਸੋਨੀ)**-ਮੁਹੱਲਾ ਨਾਨਕਸਰ ਅੱਡਾ ਝਬਾਲ ਗੁਰਦੁਆਰਾ ਸਿੰਘ ਸਭਾ ਵਿਖੇ ਹਰ ਸਾਲ ਦੀ ਤਰ੍ਹਾਂ ਵਿਸਾਖੀ ਦਾ ਸ਼ੁਭ ਦਿਹਾੜਾ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸਮੂਹ ਸੰਗਤਾਂ ਸੰਗਤਾਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ।ਇਸ ਮੌਕੇ ਰੱਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਸ਼ਰਧਾਪੂਰਵਕ ਪਾਏ ਗਏ।ਇਸ ਮੌਕੇ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਸਿੰਘ ਵੱਲੋਂ ਗੁਰੂ ਇਤਿਹਾਸ ਸੁਣਾ ਕੇ ਨਿਹਾਲ ਕੀਤਾ ਗਿਆ। ਇਸ ਮੌਕੇ ਸੰਗਤਾਂ ਨੂੰ ਵੱਖ-ਵੱਖ ਤਰ੍ਹਾਂ ਦੇ ਲੰਗਰ ਵਰਤਾਏ ਗਏ।ਇਸ ਮੌਕੇ ਵਿਸ਼ੇਸ਼ ਤੌਰ 'ਤੇ ਪੁੱਜੇ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਮੋਨੂੰ ਚੀਮਾ ਤੇ ਮੈਂਬਰ ਪੰਚਾਇਤ ਮਨਜੀਤ ਸਿੰਘ ਭੋਜੀਆਂ, ਮੈਂਬਰ ਪੰਚਾਇਤ ਮੁਖਤਾਰ ਸਿੰਘ ਮੋਖੀ ਨੂੰ ਸਿਰੋਪਾਉ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਪ੍ਰਧਾਨ ਹਰਜਿੰਦਰ ਸਿੰਘ ਫੌਜੀ ਛੀਨਾ, ਦਿਲਬਾਗ ਸਿੰਘ, ਬਲਦੇਵ ਸਿੰਘ, ਅਜੀਤ ਸਿੰਘ ਲਹੀਆ, ਮੈਂਬਰ ਪੰਚਾਇਤ ਮਨਜੀਤ ਸਿੰਘ ਭੋਜੀਆਂ, ਮੈਂਬਰ ਪੰਚਾਇਤ ਮੁਖਤਾਰ ਸਿੰਘ, ਰਾਜਬੀਰ ਸਿੰਘ ਸੰਧੂ, ਹਰਪ੍ਰੀਤ ਸਿੰਘ, ਬਲਬੀਰ ਸਿੰਘ, ਮਨਜੀਤ ਸਿੰਘ ਕਸੇਲ, ਗਿੰਦਰ ਸਿੰਘ ਝਬਾਲ, ਸਿਮਰਨ ਸਿੰਘ ਭੋਜੀਆਂ ਆਦਿ ਤੋਂ ਇਲਾਵਾ ਸੰਗਤਾਂ ਵੱਡੀ ਗਿਣਤੀ ਵਿੱਚ ਹਾਜ਼ਰ ਸਨ ।

## ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਸਜਾਏ ਧਾਰਮਿਕ ਦੀਵਾਨ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-325ਵੇਂ ਖ਼ਾਲਸਾ ਸਾਜਨਾ ਦਿਵਸ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਭਰਵੀਂ ਗਿਣਤੀ 'ਚ ਸੰਗਤਾਂ ਨਤਮਸਤਕ ਹੋਈਆਂ।ਸ਼ਰਧਾਲੂਆਂ ਨੇ ਇਸ ਪਾਵਨ ਅਸਥਾਨ 'ਤੇ ਹਾਜ਼ਰੀ ਭਰ ਕੇ ਜਿਥੇ ਗੁਰਬਾਣੀ ਕੀਰਤਨ ਸਰਵਨ ਕੀਤਾ, ਉਥੇ ਪਵਿੱਤਰ ਸਰੋਵਰ ਵਿਚ ਇਸ਼ਨਾਨ ਕਰਕੇ ਸ਼ਰਧਾ ਪ੍ਰਗਟਾਈ।ਇਸੇ ਦੌਰਾਨ ਹਰ ਸਾਲ ਵਾਂਗ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਧਾਰਮਿਕ ਦੀਵਾਨ ਸਜਾਏ ਗਏ।ਬੀਤੇ ਕੱਲ੍ਹ ਤੋਂ ਸਜੇ ਧਾਰਮਿਕ ਦੀਵਾਨ ਵਿਚ ਸਿੱਖ ਧਰਮ ਦੇ ਪ੍ਰਚਾਰਕ, ਕਥਾਵਾਚਕ, ਰਾਗੀ, ਢਾਡੀ ਅਤੇ ਕਵੀਸ਼ਰ ਜਥਿਆਂ ਨੇ ਸੰਗਤ ਨੂੰ ਖ਼ਾਲਸਾ ਪੰਥ ਦੇ ਸਾਜਨਾ ਦਿਹਾੜੇ ਦੇ ਸ਼ਾਨਾਂਮੱਤਾ ਇਤਿਹਾਸ ਨਾਲ ਜੋੜਿਆ। ਇਸੇ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਅੰਮ੍ਰਿਤ ਸੰਚਾਰ ਕਰਵਾਇਆ ਗਿਆ, ਜਿਸ ਵਿਚ ਵੱਡੀ ਗਿਣਤੀ 'ਚ ਪ੍ਰਾਣੀ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਗੁਰੂ ਵਾਲੇ ਬਣੇ।ਅੰਮ੍ਰਿਤ ਅਭਿਲਾਖੀਆਂ ਨੂੰ ਕਕਾਰ ਧਰਮ ਪ੍ਰਚਾਰ ਕਮੇਟੀ ਵੱਲੋਂ ਭੇਟਾ ਰਹਿਤ ਦਿੱਤੇ ਗਏ।ਖ਼ਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਸੁੰਦਰ ਦੀਪਮਾਲਾ ਵੀ ਕੀਤੀ ਗਈ।

## ਨੰਗਲ 'ਚ ਡਾ. ਅੰਬੇਡਕਰ ਦਾ ਜਨਮ ਦਿਹਾੜਾ ਮਨਾਇਆ



**ਫਿਲੌਰ (ਨਿਰਮਲ)**- ਫਿਲੌਰ ਦੇ ਪਿੰਡ ਨੰਗਲ ਵਿਖੇ ਡਾਕਟਰ ਭੀਮ ਰਾਓ ਅੰਬੇਡਕਰ ਦਾ 133 ਵਾਂ ਜਨਮ ਦਿਹਾੜਾ ਬੜੀ ਸ਼ਰਧਾ ਨਾਲ ਮਨਾਇਆ ਗਿਆ। ਉਨ੍ਹਾ ਦੇ ਬੁੱਤ 'ਤੇ ਫੁੱਲਾਂ ਦੇ ਹਾਰ ਪਾ ਕੇ ਉਨ੍ਹਾ ਨੂੰ ਯਾਦ ਕੀਤਾ ਗਿਆ। ਕਿਹਾ ਕਿ ਉਹ ਦਲਿਤ ਸਮਾਜ ਦੇ ਮਸੀਹਾ ਸਨ। ਉਨ੍ਹਾ ਦਲਿਤ ਸਮਾਜ ਦੀ ਬਿਹਤਰੀ ਲਈ ਆਪਣਾ ਸਾਰਾ ਜੀਵਨ ਲਾ ਦਿੱਤਾ। ਅਸੀਂ ਉਨ੍ਹਾ ਦਾ ਦੇਣਾ ਨਹੀਂ ਦੇ ਸਕਦੇ। ਅੱਜ ਉਨਾਂ ਦੀ ਬਦੌਲਤ ਅਸੀਂ ਆਜ਼ਾਦੀ ਮਾਣ ਰਹੇ ਹਾਂ। ਸਾਨੂੰ ਪੜ੍ਹੋ, ਲਿਖੋ, ਸੰਘਰਸ਼ ਕਰੋ ਦਾ ਨਾਅਰਾ ਦਿੱਤਾ। ਪ੍ਰਧਾਨ ਅਸ਼ੋਕ ਕੁਮਾਰ, ਨਰਿੰਦਰ ਕੁਮਾਰ ਮੀਤ ਪ੍ਰਧਾਨ, ਅੰਮ੍ਰਿਤ ਪਾਲ ਖਜ਼ਾਨਚੀ, ਅਮੀਰ ਚੰਦ, ਸੁਖਦੇਵ ਰਾਮ, ਸਾਬਕਾ ਸਰਪੰਚ ਖੁਸ਼ੀਰਾਮ, ਅਸ਼ਵਨੀ ਕੁਮਾਰ, ਪ੍ਰਵੀਨ ਕੁਮਾਰ, ਬਖਸ਼ੀ ਰਾਮ, ਜੀਤਪਾਲ, ਜਗਦੀਸ਼ ਕੁਮਾਰ ਅਤੇ ਹੋਰ ਹਾਜ਼ਰ ਸਨ।

## ਸਾਹਿਬਜ਼ਾਦਾ ਜ਼ੋਰਾਵਰ ਸਿੰਘ ਫਤਿਹ ਸਿੰਘ ਖਾਲਸਾ ਸਕੂਲ 'ਚ ਨਵਾਂ ਵਿੱਦਿਅਕ ਸੈਸ਼ਨ ਆਰੰਭ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**-ਸਾਹਿਬਜ਼ਾਦਾ ਜ਼ੋਰਾਵਰ ਸਿੰਘ ਫਤਿਹ ਸਿੰਘ ਖਾਲਸਾ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਧਾਰੀਵਾਲ ਵੱਲੋਂ ਨਵੇਂ ਸੈਸਨ 2024-2025 ਦੀ ਆਰੰਭਤਾ ਅਰਦਾਸ ਸਮਾਗਮ ਨਾਲ ਕੀਤੀ ਗਈ। ਇਸ ਮੌਕੇ ਪ੍ਰਿੰਸੀਪਲ ਡਾਕਟਰ ਗਗਨਜੀਤ ਕੌਰ ਦੇ ਪ੍ਰਬੰਧਾਂ ਹੇਠ ਧਾਰਮਿਕ ਸਮਾਗਮ ਕਰਵਾਇਆ ਗਿਆ। ਸਮਾਗਮ ਦੌਰਾਨ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਪਾਏ ਗਏ। ਉਪਰੰਤ ਸਕੂਲ ਦੇ ਵਿਦਿਆਰਥੀਆਂ ਅਜਮੇਰ ਸਿੰਘ, ਜੋਬਨਪ੍ਰੀਤ ਸਿੰਘ ਨੇ ਰਸਭਿੰਨਾ ਕੀਰਤਨ ਕੀਤਾ। ਪੰਥਪ੍ਰੀਤ ਸਿੰਘ, ਜਪਨੀਤ ਸਿੰਘ ਤੇ ਤਨਵੀਰ ਕੌਰ ਨੇ ਕਵੀਸ਼ਰੀਆਂ ਪੇਸ਼ ਕੀਤੀਆਂ। ਵਿਦਿਆਰਥਣ ਮਹਿਕਪ੍ਰੀਤ ਕੌਰ ਨੇ ਕਵਿਤਾ ਪੇਸ ਕੀਤੀ। ਇਸ ਮੌਕੇ ਪ੍ਰਿੰਸੀਪਲ ਡਾ: ਗਗਨਜੀਤ ਕੌਰ ਨੇ ਵਿਦਿਆਰਥੀਆਂ ਦੇ ਉਜਵਲ ਭਵਿੱਖ ਦੀ ਕਾਮਨਾ ਕੀਤੀ ਅਤੇ ਵਿਦਿਆਰਥੀਆਂ ਪੂਰੀ ਲਗਨ ਤੇ ਮਿਹਨਤ ਨਾਲ ਅੱਗੇ ਵਧਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਸੰਸਥਾ ਦੀ ਚੜ੍ਹਦੀਕਲਾ ਲਈ ਅਰਦਾਸ ਕੀਤੀ ਗਈ। ਸਮਾਗਮ ਵਿੱਚ ਸਕੂਲ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੁਰਦੇਵ ਸਿੰਘ ਸੋਹਲ (ਐਡਵੋਕੇਟ), ਸਕੱਤਰ ਕੁਲਦੀਪ ਸਿੰਘ ਪਟਵਾਰੀ, ਗੁਰਜੀਤ ਸਿੰਘ ਲੇਹਲ, ਕੁਲਦੀਪ ਸਿੰਘ ਸੋਹਲ ਅਤੇ ਸਕੂਲ ਦਾ ਸਮੂਹ ਸਟਾਫ ਤੇ ਵਿਦਿਆਰਥੀ ਸਾਮਲ ਸਨ। ਇਸ ਮੌਕੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

## ਨੋਬਲ ਵਿਜ਼ਨ ਇੰਟਰਨੈਸ਼ਨਲ ਕਾਨਵੈਂਟ ਸਕੂਲ 'ਚ ਵਿਸਾਖੀ ਦਾ ਤਿਉਹਾਰ ਮਨਾਇਆ




**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**-ਇਤਿਹਾਸਕ ਦਿਨਾਂ ਦੀ ਬਹੁਤ ਮਹੱਤਤਾ ਹੁੰਦੀ ਹੈ।ਜੇਕਰ ਇਤਿਹਾਸਿਕ ਦਿਹਾੜਿਆਂ ਨੂੰ ਸਕੂਲਾਂ/ਕਾਲਜਾਂ ਵਿਚ ਮਨਾਇਆ ਜਾਵੇ ਤਾਂ ਵਿਦਿਆਰਥੀਆਂ ਵਿੱਚ ਉਸ ਦਿਨ ਸਬੰਧੀ ਪਿਆਰ, ਸਤਿਕਾਰ, ਭਾਵਨਾ, ਆਦਰ ਅਤੇ ਮਾਣ ਭਰਿਆ ਜਾ ਸਕਦਾ ਹੈ ਅਤੇ ਸ਼ਾਇਦ ਅਗਲੀਆਂ ਪੀੜ੍ਹੀਆਂ ਨੂੰ ਸਾਂਭਣ ਦਾ ਇਹ ਸਭ ਤੋਂ ਸਟੀਕ ਤਰੀਕਾ ਹੋ ਸਕਦਾ ਹੈ।ਇਸੇ ਉਦੇਸ਼ ਤਹਿਤ ਨੋਬਲ ਵਿਜ਼ਨ ਇੰਟਰਨੈਸ਼ਨਲ ਕਾਨਵੈਂਟ ਸਕੂਲ ਖੁਜਾਲਾ ਵਿਖੇ ਸਕੂਲ ਦੀ ਮੈਨੇਜਮੈਂਟ ਕਮੇਟੀ ਦੇ ਸਹਿਯੋਗ ਨਾਲ ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੇ ਪਾਕ ਪਵਿੱਤਰ ਦਿਹਾੜੇ ਨੂੰ ਸਮਰਪਿਤ ਇੱਕ ਸਮਾਗਮ ਕਰਵਾਇਆ ਗਿਆ।ਇਸ ਦੌਰਾਨ ਸਕੂਲ ਪ੍ਰਿੰਸੀਪਲ, ਸਟਾਫ ਅਤੇ ਵਿਦਿਆਰਥੀਆਂ ਨੇ ਸਭ ਤੋਂ ਪਹਿਲਾਂ ਜਪੁਜੀ ਸਾਹਿਬ, ਚੌਪਈ ਸਾਹਿਬ ਤੇ ਅਨੰਦ ਸਾਹਿਬ ਬਾਣੀਆਂ ਦਾ ਜਾਪ ਕੀਤਾ ਗਿਆ।ਉਪਰੰਤ ਵਿਦਿਆਰਥੀਆਂ ਵੱਲੋਂ ਭਾਸ਼ਣ, ਕਵਿਤਾਵਾਂ, ਧਾਰਮਿਕ ਗੀਤ ਅਤੇ ਗਿੱਧੇ-ਭੰਗੜੇ ਦੀਆਂ ਪੇਸ਼ਕਾਰੀਆਂ ਰਾਹੀਂ ਵਿਸਾਖੀ ਦਾ ਨਜ਼ਾਰਾ ਬੰਨ੍ਹਿਆ।ਇਸ ਵਿੱਚ ਛੋਟੇ ਵਿਦਿਆਰਥੀਆਂ ਦੀ ਸ਼ਮੂਲੀਅਤ ਜ਼ਿਆਦਾ ਕਰਵਾਈ ਗਈ।ਸਕੂਲ ਪ੍ਰਿੰ. ਗੁਰਦਿਆਲ ਸਿੰਘ ਨੇ ਸਮੂਹ ਸਟਾਫ ਅਤੇ ਵਿਦਿਆਰਥੀਆਂ ਨੂੰ ਵਧਾਈ ਦਿੰਦੇ ਹੋਏ ਉਨ੍ਹਾਂ ਦਾ ਹੌਸਲਾ ਵਧਾਇਆ।ਉਨ੍ਹਾਂ ਸਕੂਲ ਦੀ ਅਪਾਰ ਸਫਲਤਾ ਤੇ ਗੁਰੂ ਸਾਹਿਬ ਦਾ ਸ਼ੁਕਰਾਨਾ ਕੀਤਾ ਅਤੇ ਇਲਾਕੇ ਦੇ ਸਮੂਹ ਨਿਵਾਸੀਆਂ ਦਾ ਸਕੂਲ ਨੂੰ ਭਰਵਾਂ ਹੁੰਗਾਰਾ ਦੇਣ 'ਤੇ ਸ਼ਲਾਘਾ ਕੀਤੀ ਅਤੇ ਵਿਸਾਖੀ ਦੇ ਪਵਿੱਤਰ ਦਿਹਾੜੇ ਦੀ ਵਧਾਈ ਦਿੱਤੀ।ਪ੍ਰਿੰਸੀਪਲ ਨੇ ਕਿਹਾ ਕਿ ਪੇਂਡੂ ਇਲਾਕੇ ਦਾ ਆਈਸੀਐੱਸਈ ਬੋਰਡ ਦੀ ਸਿੱਖਿਆ ਦੇਣ ਵਾਲਾ ਇਹ ਨਿਵੇਕਲਾ ਸਕੂਲ ਵਿਦਿਆਰਥੀਆਂ ਨੂੰ ਨੈਤਿਕ ਕਦਰਾਂ-ਕੀਮਤਾਂ ਅਤੇ ਸੱਭਿਆਚਾਰ ਨਾਲ ਜੋੜ ਕੇ ਮਿਆਰੀ ਸਿਖਿਆ ਦੇ ਰਿਹਾ ਹੈ। ਨੋਬਲ ਵਿਜ਼ਨ ਸਕੂਲ ਦਾ ਅੰਤਰਰਾਸ਼ਟਰੀ ਪੱਧਰ ਦਾ ਇਨਫਰਾਸਟਰੱਕਚਰ ਅਤੇ ਸਿੱਖਿਆ ਸਟੈਂਡਰਡ ਇਸ ਗੱਲ ਦਾ ਗਵਾਹ ਹੈ ਕਿ ਇਸ ਸਕੂਲ ਦੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਇਲਾਕੇ ਵਿਚ ਹੀ ਵਿਸ਼ਵ ਪੱਧਰੀ ਸਿੱਖਿਆ ਮਿਲ ਰਹੀ ਹੈ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ 'ਚ ਵਿਦਿਆਰਥੀਆਂ ਨੂੰ ਅਜੋਕੇ ਵਿਸ਼ਵ ਦੇ ਹਾਣੀ ਬਣਾਉਣ ਲਈ ਅੰਤਰਰਾਸ਼ਟਰੀ (ਵਿਦੇਸ਼ੀ) ਟੂਰ ਪ੍ਰੋਗਰਾਮ ਵੀ ਕਰਵਾਏ ਜਾਣਗੇ। ਇਸ ਮੌਕੇ ਸਮੂਹ ਅਧਿਆਪਕ ਅਤੇ ਸਟਾਫ ਮੈਂਬਰ ਹਾਜ਼ਰ ਸਨ।

## ਖਾਲੜਾ ਮਿਸ਼ਨ ਕਮੇਟੀ ਵੱਲੋਂ 318 ਸ਼ਰਧਾਲੂਆਂ ਦਾ ਜਥਾ ਪਾਕਿ ਰਵਾਨਾ




**ਸਰਾਏ ਅਮਾਨਤ ਖਾਂ (ਮੱਖਣ ਮਨੋਜ)**-ਖਾਲਸੇ ਦੇ ਸਾਜਨਾ ਦਿਵਸ ਮੌਕੇ ਅੱਜ ਖਾਲੜਾ ਮਿਸ਼ਨ ਕਮੇਟੀ ਨੇ 318 ਸ਼ਰਧਾਲੂਆਂ ਦਾ ਜਥਾ ਝਬਾਲ ਤੋਂ ਪਾਕਿਸਤਾਨ ਵਿਖੇ ਖਾਲਸੇ ਦੇ ਸਾਜਨਾ ਦਿਵਸ ਵਿੱਚ ਸ਼ਾਮਿਲ ਹੋਣ ਲਈ ਰਵਾਨਾ ਕੀਤਾ।ਇਸ ਸਬੰਧੀ ਜਾਣਕਾਰੀ ਦਿੰਦਿਆਂ ਖਾਲੜਾ ਮਿਸ਼ਨ ਕਮੇਟੀ ਦੇ ਚੇਅਰਮੈਨ ਬਲਵਿੰਦਰ ਸਿੰਘ ਝਬਾਲ ਨੇ ਦੱਸਿਆ ਕਿ ਇਹ 318 ਸ਼ਰਧਾਲੂਆਂ ਦਾ ਜਥਾ ਜਥੇਦਾਰ ਬਲਬੀਰ ਸਿੰਘ ਸੁਰ ਸਿੰਘ ਦੀ ਅਗਵਾਈ ਵਿੱਚ ਪਾਕਿਸਤਾਨ ਲਈ ਰਵਾਨਾ ਹੋਇਆ ਜੋ ਵਾਹਗਾ ਬਾਰਡਰ ਰਾਹੀਂ ਸੜਕ ਰਸਤੇ ਪਾਕਿਸਤਾਨ ਵਿੱਚ ਦਾਖਲ ਹੋਵੇਗਾ ਅਤੇ 14 ਅਪਰੈਲ ਨੂੰ ਗੁਰਦੁਆਰਾ ਪੰਜਾ ਸਾਹਿਬ ਵਿਖੇ ਮਨਾਏ ਜਾ ਰਹੇ ਖਾਲਸੇ ਦੇ ਸਾਜਨਾ ਦਿਵਸ ਵਿੱਚ ਸ਼ਾਮਿਲ ਹੋਣ ਉਪਰੰਤ 16 ਨੂੰ ਗੁਰਦੁਆਰਾ ਨਨਕਾਣਾ ਸਾਹਿਬ, ਗੁਰਦੁਆਰਾ ਸ੍ਰੀ ਸੱਚਾ ਸੌਦਾ, ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਅਤੇ ਲਾਹੌਰ ਦੇ ਵੱਖ-ਵੱਖ ਗੁਰਧਾਮਾਂ ਦੇ ਦਰਸ਼ਨ ਕਰੇਗਾ।ਝਬਾਲ ਅਨੁਸਾਰ ਇਹ ਜਥਾ 22 ਅਪ੍ਰੈਲ ਨੂੰ ਸੜਕ ਰਸਤੇ ਰਾਹੀਂ ਭਾਰਤ ਪਰਤੇਗਾ। ਇਸ ਜਥੇ ਵਿੱਚ ਮੁੱਖ ਤੌਰ ਤੇ ਕਰਨੈਲ ਸਿੰਘ ਮੰਡ, ਐਡਵੋਕੇਟ ਬਲਜੀਤ ਸਿੰਘ, ਅਮਰਜੀਤ ਸਿੰਘ, ਲੱਖਾ ਸਿੰਘ, ਬੀਬੀ ਕੁਲਵਿੰਦਰ ਕੌਰ ਅਤੇ ਗੁਰਮੁਖ ਸਿੰਘ ਆਦਿ ਸ਼ਾਮਿਲ ਸਨ।

## ਗੁਰਦੁਆਰਾ ਭਗਤ ਜੱਲਣ ਦਾਸ ਨੌਸ਼ਹਿਰਾ ਢਾਲਾ ਵਿਖੇ ਧਾਰਮਿਕ ਦੀਵਾਨ ਸਜਾਏ



**ਝਬਾਲ (ਹਰਜਿੰਦਰ ਸਿੰਘ ਸੋਨੀ)**-ਖਾਲਸਾ ਸਾਜਨਾ ਦਿਵਸ ਵਿਸਾਖੀ 'ਤੇ ਹਰ ਸਾਲ ਤਰ੍ਹਾਂ ਸਰਹੱਦ ਤੇ ਵੱਸਦੇ ਪਿੰਡ ਨੌਸ਼ਹਿਰਾ ਢਾਲਾ ਵਿਖੇ ਗੁਰਦੁਆਰਾ ਭਗਤ ਜੱਲਣ ਦਾਸ ਜੀ ਵਿਖੇ ਜੋੜ ਮੇਲਾ ਮਨਾਇਆ ਗਿਆ ਜਿਥੇ 21 ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਉਪਰੰਤ ਦੀਵਾਨ ਹਾਲ ਵਿਖੇ ਦੀਵਾਨ ਸਜਾਏ ਗਏ ਜਿਥੇ ਕੌਮ ਦੇ ਪ੍ਰਸਿੱਧ ਭਾਈ ਰਮਿੰਦਰ ਸਿੰਘ (ਕੀਰਤਨੀਏ), ਭਾਈ ਕੁਲਦੀਪ ਸਿੰਘ ਖਾਲਸਾ (ਰਾਗੀ), ਭਾਈ ਜਗਦੀਸ਼ ਸਿੰਘ ਵਡਾਲਾ (ਢਾਡੀ), ਭਾਈ ਗੁਰਪ੍ਰੀਤ ਸਿੰਘ ਭੰਗੂ (ਢਾਡੀ), ਭਾਈ ਬਲਵਿੰਦਰ ਸਿੰਘ ਬਹਿਲਾ ਜਥਿਆਂ ਨੇ ਢਾਡੀ ਕਵੀਸ਼ਰੀ ਵਾਰਾ ਸੁਣਾ ਕੇ ਸੰਗਤ ਨੂੰ ਨਿਹਾਲ ਕੀਤਾ।ਇਸ ਮੌਕੇ ਕੁੰਵਰ ਅਜੀਤ ਸਿੰਘ ਪਹਿਲਵਾਨ ਤੇ ਬਾਬਾ ਨਿਰਮਲ ਸਿੰਘ ਮੈਂਬਰ ਐੱਸਜੀਪੀਸੀ ਤੇ ਮੁੱਖ ਸੇਵਾਦਾਰ ਗੁਰਦੁਆਰਾ ਭਗਤ ਜੱਲਣ ਦਾਸ ਨੇ ਸੰਗਤ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਵਿਸਾਖੀ ਖੁਸ਼ੀਆਂ ਤੇ ਖੇੜਿਆਂ ਦਾ ਤਿਉਹਾਰ ਹੈ ਜਿਸ ਦਿਨ ਕਿਸਾਨ ਆਪਣੀ ਫਸਲ ਨੂੰ ਪੱਕਦੀ ਵੇਖ ਖੁਸ਼ੀ ਵਿੱਚ ਗੁਰੂ ਸਾਹਿਬ ਦਾ ਸ਼ੁਕਰਾਨਾ ਕਰਦਾ ਹੈ ਤੇ ਵਿਸਾਖੀ ਦੇ ਦਿਹਾੜੇ ਤੇ ਹੀ ਗੁਰੂ ਸਾਹਿਬ ਨੇ ਖਾਲਸੇ ਦੀ ਸਿਰਜਨਾ ਕੀਤੀ ਸੀ ਤੇ ਸਾਨੂੰ ਖੰਡੇ ਦੀ ਪਹੁਲ ਛਕਾ ਕੇ ਗੁਰੂ ਵਾਲੇ ਬਣਾਇਆ।ਦੀਵਾਨ ਤੋਂ ਉਪਰੰਤ ਬਲਦਾਂ ਦੀਆਂ ਦੌੜਾਂ ਕਰਵਾਈਆਂ ਗਈਆਂ ਜਿਸ ਵਿਚ ਜੇਤੂ ਬਲਦਾਂ ਦੀ ਜੋੜੀ ਨੂੰ ਨਗਦ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਬਾਬਾ ਨਿਰਮਲ ਸਿੰਘ ਨੌਸ਼ਹਿਰਾ ਢਾਲਾ, ਪਹਿਲਵਾਨ ਕੁੰਵਰ ਅਜੀਤ ਸਿੰਘ, ਦਵਿੰਦਰ ਸਿੰਘ ਲਾਲੀ ਢਾਲਾ, ਸਾਬਕਾ ਸਰਪੰਚ ਜਗਬੀਰ ਸਿੰਘ ਟਿੰਮੀ, ਗ੍ਰੰਥੀ ਅਮਨਦੀਪ ਸਿੰਘ, ਬਲਵਿੰਦਰ ਸਿੰਘ ਪ੍ਰਚਾਰਕ, ਜਸਪਾਲ ਸਿੰਘ ਰਿਕਾਰਡ ਕੀਪਰ ਗੁ. ਬੀੜ ਸਾਹਿਬ, ਰਾਜਬੀਰ ਸਿੰਘ ਮੰਡਿਆਲਾ ਪ੍ਰਚਾਰਕ, ਸਤਨਾਮ ਸਿੰਘ ਝਬਾਲ ਮੈਨੇਜਰ ਗੁ: ਬੀੜ ਸਾਹਿਬ, ਮਨਜਿੰਦਰ ਸਿੰਘ ਮੰਨਾ, ਹਰਵਿੰਦਰ ਸਿੰਘ ਵੇਰਕਾ ਮੈਨੇਜਰ ਗੁ: ਗੁਰੂਸਰ ਸਤਲਾਨੀ ਸਾਹਿਬ, ਚੇਅਰਮੈਨ ਗੁਰਬੀਰ ਸਿੰਘ, ਚੇਅਰਮੈਨ ਰਣਜੀਤ ਸਿੰਘ ਰਾਣਾ ਗੰਡੀਵਿੰਡ, ਐਡਵੋਕੇਟ ਜਗਮੀਤ ਸਿੰਘ ਢਿੱਲੋਂ ਗੰਡੀਵਿੰਡ, ਸਾਬਕਾ ਸਰਪੰਚ ਦਵਿੰਦਰ ਸਿੰਘ ਹਵੇਲੀਆਂ, ਸੁਖਜੀਤ ਸਿੰਘ ਸੁਖ, ਸਰਪੰਚ ਕੇਹਰ ਸਿੰਘ ਆਧੀ, ਮਨਜਿੰਦਰ ਸਿੰਘ ਮੰਨਾ, ਮਹਿੰਦਰ ਸਿੰਘ ਰਾਣਾ, ਸ਼ੈਲੀ ਸੋਹਲ, ਗੁਰਭਾਗ ਸਿੰਘ ਭਾਗਾ ਸੋਹਲ, ਰਣਯੋਧ ਸਿੰਘ ਯੋਧਾ ਹਵੇਲੀਆਂ, ਹਰਮਨ ਸਿੰਘ ਹੰਮਾ, ਪ੍ਰਦੀਪ ਸਿੰਘ ਉਪਲ, ਭਗਵਾਨ ਸਿੰਘ ਭਾਗਾ, ਅਰਸ਼ ਢਾਲਾ, ਬਲਦੇਵ ਸਿੰਘ ਢਾਲਾ, ਸੁਖਜੀਤ ਸਿੰਘ ਬਾਵਾ, ਬਲਵੰਤ ਸਿੰਘ ਸੰਧੂ, ਅੰਮ੍ਰਿਤ ਢਾਲਾ, ਆਗਿਆਪਾਲ ਸਿੰਘ ਸੰਧੂ, ਬਲਕਾਰ ਸਿੰਘ ਢਾਲਾ, ਗੋਰਾ ਬਾਵਾ, ਸੁਖਮਨ ਢਾਲਾ, ਸੋਨੂੰ ਬਾਵਾ, ਸੰਮੀ ਢਾਲਾ, ਗੁਰਜੰਟ ਸਿੰਘ ਢਾਲਾ, ਸਾਬਕਾ ਸਰਪੰਚ ਸਤਨਾਮ ਸਿੰਘ, ਗੋਪੀ ਬਾਵਾ, ਗੁਰਜੀਤ ਸਿੰਘ ਬਾਵਾ, ਨਿਸ਼ਾਨ ਸਿੰਘ ਸੰਧੂ, ਮਾ ਹਰਭਜਨ ਸਿੰਘ, ਹਰਜੀਤ ਸਿੰਘ ਢਾਲਾ, ਸੇਵਕ ਢਾਲਾ, ਦਾਜਬੀਰ ਸਿੰਘ ਸੰਧੂ, ਗੁਰਪਾਲ ਸਿੰਘ ਹਜਰਾ, ਬਲਕਾਰ ਸਿੰਘ ਹਜਰਾ ਆਦਿ ਹਾਜ਼ਰ ਸਨ ।

## ਬਾਬਾ ਕਮਲ ਦਾਸ ਗੱਦੀ ਲੇਹਲ ਧਾਰੀਵਾਲ ਵਿਖੇ ਤਿੰਨ ਰੋਜ਼ਾ ਵਿਸਾਖੀ ਮੇਲਾ ਸ਼ੁਰੂ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**-ਬਾਬਾ ਕਮਲ ਦਾਸ ਜੀ ਗੱਦੀ ਲੇਹਲ, ਧਾਰੀਵਾਲ ਵਿਖੇ ਤਿੰਨ ਰੋਜ਼ਾ ਵਿਸਾਖੀ ਮੇਲਾ ਸ਼ਾਨੋ-ਸ਼ੌਕਤ ਨਾਲ ਸ਼ੁਰੂ ਹੋਇਆ। ਮੇਲੇ ਦੇ ਪਹਿਲੇ ਦਿਨ ਬਾਬਾ ਕਮਲ ਦਾਸ ਜੀ ਗੱਦੀ ਲੇਹਲ ਦੇ ਮਹੰਤ ਬਾਬਾ ਜਾਨਕੀ ਦਾਸ ਦੀ ਅਗਵਾਈ ਹੇਠ ਮੇਲਾ ਕਮੇਟੀ ਦੇ ਪ੍ਰਬੰਧਾਂ ਵਿੱਚ ਵਿਸਾਖੀ ਨੂੰ ਸਮਰਪਿਤ ਵਿਸ਼ਾਲ ਸ਼ੋਭਾ ਯਾਤਰਾ ਕੱਢੀ ਗਈ। ਇਹ ਸ਼ੋਭਾ ਯਾਤਰਾ ਠਾਕੁਰ ਦੁਆਰਾ ਮੰਦਿਰ ਬਾਬਾ ਕਮਲ ਦਾਸ ਜੀ ਲੇਹਲ ਤੋਂ ਆਰੰਭ ਹੋ ਕੇ ਪਿੰਡ ਫੱਜੂਪੁਰ ਫਤਿਹਨੰਗਲ, ਧਾਰੀਵਾਲ ਸ਼ਹਿਰ ਵਿੱਚੋਂ ਹੁੰਦੀ ਹੋਈ ਮੁੜ ਵਾਪਿਸ ਅਰੰਭਿਕ ਸਥਾਨ 'ਤੇ ਸਮਾਪਤ ਹੋਈ। ਸ਼ੋਭਾ ਯਾਤਰਾ ਦੌਰਾਨ ਘੋੜ ਸਵਾਰ, ਗੱਤਕਾ ਪਾਰਟੀ, ਬੈਂਡ ਵਾਜੇ, ਢੋਲ-ਧਮੱਕੇ ਅਤੇ ਆਤਿਸ਼ਬਾਜ਼ੀ ਇਸ ਸ਼ੋਭਾ ਯਾਤਰਾ ਦੀ ਸ਼ੋਭਾ ਵਧਾ ਰਹੇ ਸਨ। ਸ਼ੋਭਾ ਯਾਤਰਾ ਦਾ ਸ਼ਰਧਾਲੂਆਂ ਵਲੋਂ ਥਾਂ ਥਾਂ 'ਤੇ ਸਵਾਗਤ ਕੀਤਾ ਗਿਆ ਅਤੇ ਸੰਗਤਾਂ ਲਈ ਲੰਗਰ ਲਗਾਏ। ਇਸ ਮੌਕੇ ਮਹੰਤ ਬਾਬਾ ਜਾਨਕੀ ਦਾਸ ਨੇ ਦੱਸਿਆ ਕਿ ਬਾਬਾ ਕਮਲ ਦਾਸੀ ਗੱਦੀ ਲੇਹਲ ਵਿਖੇ ਤਿੰਨ ਰੋਜ਼ਾ ਵਿਸਾਖੀ ਮੇਲੇ ਦੌਰਾਨ ਹਰ ਸਾਲ ਦੀ ਤਰ੍ਹਾਂ ਧਾਰਮਿਕ ਸਮਾਗਮ, ਸੱਭਿਆਚਾਰਕ ਪ੍ਰੋਗਰਾਮ ਅਤੇ ਕਬੱਡੀ ਟੂਰਨਾਮੈਂਟ ਹੋਵੇਗਾ। ਇਸ ਮੌਕੇ ਆਮ ਆਦਮੀ ਪਾਰਟੀ ਦੇ ਆਗੂ ਡਾਕਟਰ ਕਮਲਜੀਤ ਸਿੰਘ ਕੇ ਜੇ, ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਹਲਕਾ ਇੰਚਾਰਜ ਗੁਰਇਕਬਾਲ ਸਿੰਘ ਮਾਹਲ, ਪ੍ਰਧਾਨ ਅਸ਼ਵਨੀ ਦੁੱਗਲ, ਸ਼ਿਵ ਸ਼ੈਨਾ ਉਧਵ ਬਾਲਾ ਠਾਕਰੇ ਯੂਥ ਪ੍ਰਧਾਨ ਹਨੀ ਮਹਾਜਨ, ਕ੍ਰਿਸ਼ਚੀਅਨ ਯੂਥ ਆਗੂ ਬੱਬਾ ਗਿੱਲ, ਪ੍ਰਬੰਧਕ ਕਮੇਟੀ ਸਤਿਗੁਰੂ ਕਬੀਰ ਮੰਦਿਰ ਫੱਜੂਪੁਰ ਦੇ ਪ੍ਰਧਾਨ ਅਸ਼ਵਨੀ ਫੱਜੂਪੁਰ, ਜਾਨੂ ਜਸਜੀਤ ਸਿੰਘ, ਬੀਬੀ ਸੁਖਵਿੰਦਰ ਕੌਰ ਬਾਜਵਾ, ਰਮਨਦੀਪ ਵਾਹਲਾ, ਕੌਂਸਲਰ ਪਵਨ ਅਬਰੋਲ, ਕੌਂਸਲਰ ਦੀਪਕ ਕੁਮਾਰ ਰਿੰਟੂ, ਬੰਟੀ ਸ਼ਰਮਾ, ਕੌਂਸਲਰ ਰਜਿੰਦਰ ਕੁਮਾਰ ਲਵਲੀ, ਇੰਜ. ਜੇ. ਪੀ. ਸਿੰਘ, ਐੱਸਡੀਓ ਸੁਖਦੇਵ ਸਿੰਘ, ਦਲਜੀਤ ਸਿੰਘ ਛੋਟੇਪੁਰ, ਸ਼ਮਸ਼ੇਰ ਸਿੰਘ ਲੇਹਲ, ਰਮਨ ਸਲਾਰੀਆ, ਕੈਪਟਨ ਵਰਿਆਮ ਸਿੰਘ ਕਾਹਲੋਂ, ਥਾਣੇਦਾਰ ਪ੍ਰੀਤਮ ਸਿੰਘ ਕਾਹਲੋਂ, ਮਨਜੀਤ ਕੁਮਾਰ, ਬਾਬਾ ਮੋਹਨ ਦਾਸ, ਅਮਰੀਕ ਸਿੰਘ, ਪੰਡਿਤ ਮਨੋਜ ਕੁਮਾਰ ਆਦਿ ਸਮੇਤ ਇਲਾਕੇ ਦੀਆਂ ਸੰਗਤਾਂ ਵੱਡੀ ਗਿਣਤੀ ਵਿੱਚ ਸ਼ਾਮਲ ਸਨ।

## ਕੰਡਿਆਲੀ ਤਾਰ ਤੋਂ ਪ੍ਰਭਾਵਿਤ ਕਿਸਾਨਾਂ/ਮਜ਼ਦੂਰਾਂ ਨਾਲ ਭਾਜਪਾ ਉਮੀਦਵਾਰ ਸੰਧੂ ਨੇ ਕੀਤੀ ਮੁਲਾਕਾਤ



**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**-ਅੰਮ੍ਰਿਤਸਰ ਲੋਕ ਸਭਾ ਤੋਂ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਤਰਨਜੀਤ ਸਿੰਘ ਸੰਧੂ ਸਮੁੰਦਰੀ ਨੇ ਭਾਰਤ-ਪਾਕਿਸਤਾਨ ਸਰਹੱਦ 'ਤੇ ਸ਼ਾਹਪੁਰ ਬੀਐੱਸੈੱਫ਼ ਚੌਕੀ ਨੇੜੇ ਜ਼ੀਰੋ ਲਾਈਨ 'ਤੇ ਪਹੁੰਚ ਕੇ ਕੰਡਿਆਲੀ ਤਾਰ ਤੋਂ ਪ੍ਰਭਾਵਿਤ ਕਿਸਾਨਾਂ ਅਤੇ ਮਜ਼ਦੂਰਾਂ ਨਾਲ ਮੁਲਾਕਾਤ ਕੀਤੀ ਅਤੇ ਕਿਹਾ ਕਿ ਅਜਿਹਾ ਕੋਈ ਮੁੱਦਾ ਨਹੀਂ ਹੈ ਜਿਸ ਦਾ ਹੱਲ ਨਾ ਕੀਤਾ ਜਾ ਸਕੇ।

ਉਨ੍ਹਾਂ ਕਿਹਾ ਕਿ ਮੈਂ ਖ਼ੁਦ ਇੱਕ ਕਿਸਾਨ ਪਰਿਵਾਰ ਨਾਲ ਸਬੰਧਿਤ ਹਾਂ ਅਤੇ ਸਰਹੱਦੀ ਸੁਰੱਖਿਆ ਨੂੰ ਧਿਆਨ ਵਿੱਚ ਰੱਖਦਿਆਂ ਸਰਹੱਦੀ ਕਿਸਾਨਾਂ ਦੇ ਮਸਲੇ ਜ਼ਰੂਰ ਹੱਲ ਕਰਵਾਏ ਜਾਣਗੇ।ਜ਼ੀਰੋ ਲਾਈਨ 'ਤੇ ਆਉਣ 'ਤੇ ਸਥਾਨਕ ਕਿਸਾਨਾਂ ਵੱਲੋਂ ਉਨ੍ਹਾਂ ਦਾ ਫੁੱਲਾਂ ਦੀ ਵਰਖਾ ਕਰਦਿਆਂ ਸਵਾਗਤ ਕੀਤਾ। ਇਕ ਅੱਧੀ ਕਿਸਾਨ ਯੂਨੀਅਨ ਵਾਲੇ ਜੋ ਉਨ੍ਹਾਂ 'ਤੇ ਪੱਥਰ ਸੁੱਟਣ ਦੀ ਸੋਚ ਰਹੇ ਹਨ ਉਹ ਅਸਲ ਵਿਚ ਕਿਸਾਨ ਹਿਤੈਸ਼ੀ ਬਿਲਕੁਲ ਨਹੀਂ ਹਨ, ਉਹ ਕਿਸਾਨਾਂ ਦੇ ਨਾਮ 'ਤੇ ਸੌੜੀ ਸਿਆਸਤ ਕਰ ਰਹੇ ਹਨ।ਇਸ ਮੌਕੇ ਕਿਸਾਨਾਂ ਨੇ ਕਿਹਾ ਕਿ ਚੁਣੇ ਹੋਏ ਕਿਸੇ ਵੀ ਲੋਕ ਪ੍ਰਤੀਨਿਧ ਨੇ ਸਾਡੀ ਸਾਰ ਨਹੀਂ ਲਈ ਹੈ।ਉਨ੍ਹਾਂ ਸ. ਸੰਧੂ ਨੂੰ ਪੂਰਨ ਸਮਰਥਨ ਦੇਣ ਦਾ ਭਰੋਸਾ ਦਿੱਤਾ।ਇਸ ਮੌਕੇ ਸੰਧੂ ਤੇ ਬੋਨੀ ਅਜਨਾਲਾ ਨਾਲ ਰਾਜਬੀਰ ਸ਼ਰਮਾ, ਰਾਮ ਸ਼ਰਨ ਪ੍ਰਾਸ਼ਰ, ਪ੍ਰੋ. ਸਰਚਾਂਦ ਸਿੰਘ ਖਿਆਲਾ, ਬਲਵਿੰਦਰ ਸਿੰਘ, ਸਵਰਨ ਸਿੰਘ, ਸੁਖਦੇਵ ਸਿੰਘ, ਮੁਖਤਾਰ ਸਿੰਘ, ਪ੍ਰਦੀਪ ਕੁਮਾਰ ਬੰਟਾ, ਵਿਪਨ ਕੁਮਾਰ ਖੱਤਰੀ, ਲੱਕੀ ਬੇਦੀ, ਕੌਂਸਲਰ ਵਿਕਰਮ ਬੇਦੀ, ਦੀਪੂ ਅਰੋੜਾ, ਧਰਮਿੰਦਰ ਸਿੰਘ ਪ੍ਰਿੰਸ, ਵਿਜੇ ਕੁਮਾਰ ਸਰੀਨ, ਵਿਨੋਦ ਅਰੋੜਾ ਅਤੇ ਵਿਨੋਦ ਸਰੀਨ ਹਾਜ਼ਰ ਸਨ।

## ਉਦੈਵੀਰ ਰੰਧਾਵਾ ਵੱਲੋਂ ਕਾਂਗਰਸੀ ਵਰਕਰਾਂ ਨਾਲ ਖਾਸ ਮੀਟਿੰਗ



**ਕਲਾਨੌਰ, (ਮਨਦੀਪ ਕੋਹਲੀ)**-ਹਲਕਾ ਡੇਰਾ ਬਾਬਾ ਨਾਨਕ ਤੋਂ ਕਾਂਗਰਸ ਪਾਰਟੀ ਦੇ ਵਿਧਾਇਕ ਅਤੇ ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਦੇ ਸਪੁੱਤਰ ਉਦੈਵੀਰ ਸਿੰਘ ਰੰਧਾਵਾ ਵੱਲੋਂ ਕਲਾਨੌਰ ਵਿਖੇ ਪਹੁੰਚ ਕੇ ਕਾਂਗਰਸੀ ਵਰਕਰਾਂ ਨਾਲ ਇੱਕ ਵਿਸ਼ੇਸ਼ ਮੀਟਿੰਗ ਕੀਤੀ ਗਈ।ਇਸ ਮੌਕੇ ਉਨ੍ਹਾਂ ਦੱਸਿਆ ਕਿ ਆਉਂਦੀਆਂ ਲੋਕ ਸਭਾ ਚੋਣਾਂ ਵਿੱਚ ਕਾਂਗਰਸ ਪਾਰਟੀ ਹਲਕਾ ਡੇਰਾ ਬਾਬਾ ਨਾਨਕ ਵਿੱਚੋਂ ਵੱਡੀ ਲੀਡ ਨਾਲ ਸਾਂਸਦ ਨੂੰ ਜਿਤਾ ਕੇ ਭੇਜੇਗੀ।ਇਸ ਮੌਕੇ ਡੇਰਾ ਬਾਬਾ ਨਾਨਕ ਤੋਂ ਸਿਮਰਜੀਤ ਸਿੰਘ, ਬਲਜੀਤ ਸਿੰਘ, ਮਨਿੰਦਰ ਸਿੰਘ, ਸੁਰਿੰਦਰ ਭਾਰਦਵਾਜ, ਰੋਹਿਤ ਭਾਰਦਵਾਜ, ਰਜਨੀਸ਼ ਸ਼ਰਮਾ, ਰਮੇਸ਼ ਕੁਮਾਰ, ਸੁਨੀਲ ਕੁਮਾਰ ਸਰਬਜੀਤ ਮੱਲ੍ਹੀ, ਬਲਦੇਵ ਸਿੰਘ ਬਿੱਟਾ, ਸੁਖਜਿੰਦਰ ਸਿੰਘ ਮੱਲ੍ਹੀ, ਕਮਲ ਟੇਲਰ, ਸੁਰਿੰਦਰ ਸੱਚਰ, ਧਰਮਪਾਲ, ਰਣਜੋਤ ਸਿੰਘ ਦੀ ਵੱਡੀ ਗਿਣਤੀ ਵਿੱਚ ਕਲਾਨੌਰ ਤੋਂ ਕਾਂਗਰਸ ਪਾਰਟੀ ਦੇ ਵਰਕਰ ਹਾਜ਼ਰ ਸਨ ।

ਨਵਾਂ ਜ਼ਮਾਨਾ
ਸੋਮਵਾਰ, 15 ਅਪ੍ਰੈਲ 2024

# ਦੱਖਣੀ ਰਾਜਾਂ ਦਾ ਹਾਲ

*ਪਿਛਲੇ ਦਿਨੀਂ ਅਸੀਂ ਦੋ ਸੰਪਾਦਕੀਆਂ ਵਿੱਚ ਉੱਤਰ ਭਾਰਤ ਦੇ ਰਾਜਾਂ ਦੇ ਚੋਣ ਦ੍ਰਿਸ਼ਾਂ ਦਾ ਹਾਲ ਜਾਣਨ ਦੀ ਕੋਸ਼ਿਸ਼ ਕੀਤੀ ਸੀ। ਇਸ ਵਾਰ ਅਸੀਂ ਦੱਖਣੀ ਰਾਜਾਂ ਦੀ ਸਥਿਤੀ ਦਾ ਜਾਇਜ਼ਾ ਲਵਾਂਗੇ। ਇੱਕ ਗੱਲ ਸਾਨੂੰ ਸਮਝ ਲੈਣੀ ਚਾਹੀਦੀ ਹੈ ਕਿ ਚੋਣ ਪ੍ਰਕਿਰਿਆ ਹਾਲੇ ਪੌਣੇ ਦੋ ਮਹੀਨੇ ਚੱਲਣੀ ਹੈ ਤੇ ਹਰ ਰੋਜ਼ ਸਥਿਤੀਆਂ ਵਿੱਚ ਬਦਲਾਅ ਹੁੰਦਾ ਰਹਿਣਾ ਹੈ।*

*ਦੱਖਣੀ ਭਾਰਤ ਦੇ ਪੰਜ ਰਾਜਾਂ ਤੇਲੰਗਾਨਾ, ਕਰਨਾਟਕ, ਤਾਮਿਲਨਾਡੂ, ਕੇਰਲਾ, ਆਂਧਰਾ ਪ੍ਰਦੇਸ਼ ਤੇ ਤਿੰਨ ਕੇਂਦਰੀ ਸ਼ਾਸਤ ਪ੍ਰਦੇਸ਼ਾਂ ਪੁੱਡੂਚੇਰੀ, ਲਕਸ਼ਦੀਪ ਤੇ ਅੰਡੇਮਾਨ ਨਿਕੋਬਾਰ ਦੀਪ ਸਮੂਹ ਵਿੱਚ ਲੋਕ ਸਭਾ ਦੀਆਂ ਕੁੱਲ 132 ਸੀਟਾਂ ਆਉਂਦੀਆਂ ਹਨ। ਇੱਕ ਵਿਸ਼ੇਸ਼ ਹਾਲਤ ਵਿੱਚ ਹੋਈਆਂ 2019 ਦੀਆਂ ਲੋਕ ਸਭਾ ਚੋਣਾਂ ਵਿੱਚ ਵੀ ਭਾਜਪਾ ਇਨ੍ਹਾਂ 132 ਸੀਟਾਂ ਵਿੱਚੋਂ ਸਿਰਫ਼ 30 ਸੀਟਾਂ (ਕਰਨਾਟਕ ਦੀਆਂ 26 ਤੇ ਤੇਲੰਗਾਨਾ ਦੀਆਂ 4 ਸੀਟਾਂ) ਹੀ ਜਿੱਤ ਸਕੀ ਸੀ।*

*ਇਸ ਵਾਰ ਨਾ ਕਰਨਾਟਕ ਦੀ ਸਥਿਤੀ ਭਾਜਪਾ ਦੇ ਅਨੁਕੂਲ ਹੈ ਤੇ ਨਾ ਤੇਲੰਗਾਨਾ ਦੀ। ਹਾਲੇ ਕੁਝ ਮਹੀਨੇ ਪਹਿਲਾਂ ਹੀ ਕਰਨਾਟਕ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਨੇ ਭਾਜਪਾ ਨੂੰ ਚਿੱਤ ਕਰਕੇ ਸੱਤਾ ਸੰਭਾਲੀ ਹੈ। ਇਨ੍ਹਾਂ ਚੋਣਾਂ ਵਿੱਚ ਕਾਂਗਰਸ ਨੂੰ 42.88 ਫ਼ੀਸਦੀ ਤੇ ਭਾਜਪਾ ਨੂੰ 36 ਫ਼ੀਸਦੀ ਵੋਟਾਂ ਮਿਲੀਆਂ ਸਨ। ਯਾਦ ਰਹੇ ਕਿ 2019 ਵਿੱਚ ਭਾਜਪਾ ਨੂੰ 51.7 ਫ਼ੀਸਦੀ ਵੋਟਾਂ ਮਿਲੀਆਂ ਸਨ। ਇਸ ਤਰ੍ਹਾਂ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਦਾ ਗਰਾਫ਼ 15 ਫ਼ੀਸਦੀ ਤੋਂ ਵੱਧ ਡਿੱਗਿਆ ਹੈ। ਇਸ ਦੇ ਨਾਲ ਹੀ ਕਾਂਗਰਸ ਸਰਕਾਰ ਵੱਲੋਂ ਔਰਤਾਂ ਨੂੰ ਮੁਫ਼ਤ ਸਫ਼ਰ, ਬੀ ਪੀ ਐੱਲ ਪਰਵਾਰਾਂ ਨੂੰ 10 ਕਿਲੋ ਮੁਫ਼ਤ ਰਾਸ਼ਨ, 200 ਯੂਨਿਟ ਮੁਫ਼ਤ ਬਿਜਲੀ ਤੇ ਬੇਰੁਜ਼ਗਾਰਾਂ ਨੂੰ 3000 ਰੁਪਏ ਮਹੀਨਾ ਭੱਤੇ ਦਿੱਤੇ ਜਾਣ ਨੇ ਕਾਂਗਰਸ ਦਾ ਗਰਾਫ ਹੋਰ ਵਧਾ ਦਿੱਤਾ ਹੈ।*

*ਭਾਜਪਾ ਨੇ ਹਾਰ ਦੇ ਡਰੋਂ ਇਸ ਵਾਰ ਜਨਤਾ ਦਲ ਸੈਕੂਲਰ ਨਾਲ ਗੱਠਜੋੜ ਕੀਤਾ ਹੈ। ਇਹ ਵੀ ਕਾਂਗਰਸ ਲਈ ਲਾਹੇਵੰਦ ਰਿਹਾ ਹੈ, ਕਿਉਂਕਿ ਜੇ ਡੀ ਐੱਸ ਨਾਲ ਜੁੜਿਆ ਮੁਸਲਿਮ ਵੋਟ ਕਾਂਗਰਸ ਦੇ ਪਾਲੇ ਵਿੱਚ ਆ ਗਿਆ ਹੈ।*

*ਕਰਨਾਟਕ ਵਿੱਚ ਇਸ ਸਮੇਂ ਭਾਜਪਾ ਵਿੱਚ ਅੰਦਰੂਨੀ ਕਲੇਸ਼ ਜ਼ੋਰਾਂ ਉੱਤੇ ਹੈ। ਪਾਰਟੀ ਵੱਲੋਂ ਯੇਦੀਯੁਰੱਪਾ ਦੇ ਬੇਟੇ ਨੂੰ ਸੂਬਾ ਪ੍ਰਧਾਨ ਬਣਾਉਣ ਕਾਰਨ ਲਿੰਗਾਇਤਾਂ ਦੇ ਇੱਕ ਹੋਰ ਆਗੂ ਬਸਨਗੌਡਾ ਨਾਰਾਜ਼ ਚੱਲ ਰਹੇ ਹਨ। ਲਿੰਗਾਇਤ ਸਮੁਦਾਏ ਹਮੇਸ਼ਾ ਭਾਜਪਾ ਦੇ ਨਾਲ ਰਿਹਾ ਹੈ, ਪਰ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਨੇ 51 ਲਿੰਗਾਇਤ ਉਮੀਦਵਾਰ ਖੜ੍ਹੇ ਕਰਕੇ ਇਸ ਵਿੱਚ ਸੰਨ੍ਹ ਲਾ ਲਈ ਸੀ। ਇਸ ਵਾਰ ਵਿਧਾਨ ਸਭਾ ਵਿੱਚ ਕਾਂਗਰਸ ਦੇ 38 ਲਿੰਗਾਇਤ ਵਿਧਾਇਕ ਤੇ ਭਾਜਪਾ ਦੇ ਸਿਰਫ਼ 18 ਲਿੰਗਾਇਤ ਵਿਧਾਇਕ ਹਨ।*

*ਕਰਨਾਟਕ ਦਾ ਦੂਜਾ ਵੱਡਾ ਭਾਈਚਾਰਾ ਵੋਕਾਲਿਗਾ ਪਹਿਲਾਂ ਦੇਵਗੌੜਾ ਪਿੱਛੇ ਹੁੰਦਾ ਸੀ, ਪਰ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਨੇ ਇਸ ਭਾਈਚਾਰੇ ਨੂੰ ਵੱਡੀ ਪ੍ਰਤੀਨਿਧਤਾ ਦੇ ਕੇ ਆਪਣੇ ਪਾਲੇ ਵਿੱਚ ਕਰ ਲਿਆ ਹੈ। ਵਿਧਾਨ ਸਭਾ ਵਿੱਚ ਕਾਂਗਰਸ ਦੇ 22 ਤੇ ਭਾਜਪਾ ਦੇ ਸਿਰਫ਼ 10 ਵੋਕਾਲਿਗਾ ਵਿਧਾਇਕ ਹਨ। ਦੇਵਗੌੜਾ ਤੇ ਉਸ ਦੇ ਪੁੱਤਰ ਦੀ ਥਾਂ ਹੁਣ ਡੀ ਕੇ ਸ਼ਿਵਕੁਮਾਰ ਇਸ ਭਾਈਚਾਰੇ ਦੇ ਮੁੱਖ ਆਗੂ ਵਜੋਂ ਉੱਭਰ ਆਇਆ ਹੈ। ਕਰਨਾਟਕ ਦਾ ਸਭ ਤੋਂ ਵੱਡਾ ਓ ਬੀ ਸੀ ਭਾਈਚਾਰਾ ਕੁਰਬਾ ਹੈ। ਮੁੱਖ ਮੰਤਰੀ ਸਿੱਧਰਮਈਆ ਦੇ ਇਸ ਭਾਈਚਾਰੇ ਦੇ ਹੋਣ ਕਰਕੇ ਇਹ ਕਾਂਗਰਸ ਨਾਲ ਪੱਕੇ ਤੌਰ ਉੱਤੇ ਜੁੜਿਆ ਹੋਇਆ ਹੈ।*

*ਕਰਨਾਟਕ ਵਿੱਚ ਲਿੰਗਾਇਤ ਅਬਾਦੀ 15 ਫ਼ੀਸਦੀ, ਵੋਕਾਲਿਗਾ 11 ਫੀਸਦੀ, ਕੁਰਬਾ 9 ਫ਼ੀਸਦੀ, ਦਲਿਤ 19 ਫ਼ੀਸਦੀ, ਮੁਸਲਿਮ 13 ਫ਼ੀਸਦੀ ਤੇ ਬ੍ਰਾਹਮਣ 2.5 ਫ਼ੀਸਦੀ ਹਨ। ਭਾਜਪਾ ਵਿੱਚ ਬ੍ਰਾਹਮਣ ਲਾਬੀ ਦਾ ਬੋਲਬਾਲਾ ਹੈ, ਜਿਸ ਕਾਰਨ ਬਾਕੀ ਭਾਈਚਾਰੇ ਨਾਰਾਜ਼ ਹਨ। ਕੇਂਦਰੀ ਮੰਤਰੀ ਪ੍ਰਹਿਲਾਦ ਜੋਸ਼ੀ ਦੇ ਖ਼ਿਲਾਫ਼ ਤਾਂ ਇੱਕ ਲਿੰਗਾਇਤ ਸੰਤ ਹੀ ਅਜ਼ਾਦ ਉਮੀਦਵਾਰ ਵਜੋਂ ਖੜ੍ਹਾ ਹੋ ਗਿਆ ਹੈ। ਅਜਿਹੀ ਹਾਲਾਤ ਵਿੱਚ ਆਰ ਐੱਸ ਐੱਸ ਦੇ ਅੰਦਰੂਨੀ ਸਰਵੇ ਮੁਤਾਬਕ ਇਸ ਵਾਰ ਭਾਜਪਾ ਕਰਨਾਟਕ ਦੀਆਂ ਸਿਰਫ਼ 6 ਸੀਟਾਂ ਜਿੱਤ ਸਕੇਗੀ।*

*ਦੂਜਾ ਰਾਜ ਤੇਲੰਗਾਨਾ ਹੈ, ਜਿੱਥੇ ਭਾਜਪਾ ਨੇ 2019 ਵਿੱਚ 4 ਸੀਟਾਂ ਜਿੱਤੀਆਂ ਸਨ, ਪਰ ਇਸ ਵਾਰ ਹਾਲਾਤ ਵੱਖਰੇ ਹਨ, ਕਿਉਂਕਿ ਕਾਂਗਰਸ ਚੜ੍ਹਾਈ ਵਿੱਚ ਹੈ। ਕਾਂਗਰਸ ਨੇ ਚੰਦਰਸ਼ੇਖਰ ਰਾਓ ਦੀ ਪਾਰਟੀ ਨੂੰ ਬੁਰੀ ਤਰ੍ਹਾਂ ਪਛਾੜ ਕੇ ਵਿਧਾਨ ਸਭਾ ਚੋਣਾਂ ਜਿੱਤੀਆਂ ਹਨ। ਭਾਜਪਾ ਨੂੰ ਉੱਥੇ ਸਿਰਫ਼ 8 ਸੀਟਾਂ ਮਿਲੀਆਂ ਹਨ। ਅੰਦਰੂਨੀ ਸਰਵੇ ਦਾ ਅਨੁਮਾਨ ਹੈ ਕਿ ਇਸ ਵਾਰ ਭਾਜਪਾ ਇੱਕ ਸੀਟ 'ਤੇ ਅਟਕ ਜਾਵੇਗੀ।*

*ਆਂਧਰਾ ਪ੍ਰਦੇਸ਼ ਵਿੱਚ ਭਾਜਪਾ ਟੀ ਡੀ ਪੀ ਤੇ ਜਨ ਸੇਵਾ ਪਾਰਟੀ ਨਾਲ ਗੱਠਜੋੜ ਬਣਾ ਕੇ 6 ਸੀਟਾਂ ਲੜ ਰਹੀ ਹੈ। ਗੋਦੀ ਮੀਡੀਆ ਦਾ ਸਰਵੇ ਉਸ ਨੂੰ 3 ਸੀਟਾਂ ਦਿੰਦਾ ਹੈ। ਤੇਲੰਗਾਨਾ ਵਾਂਗ ਜੇਕਰ ਕਾਂਗਰਸ ਇਸ ਰਾਜ ਵਿੱਚ ਵਾਪਸੀ ਕਰਦੀ ਹੈ ਤਾਂ ਸੰਘ ਦੇ ਅੰਦਰੂਨੀ ਸਰਵੇ ਦੀ ਕੋਈ ਵੀ ਸੀਟ ਨਾ ਮਿਲਣ ਦੀ ਭਵਿੱਖਬਾਣੀ ਸੱਚ ਸਾਬਤ ਹੋ ਜਾਵੇਗੀ। ਬਾਕੀ ਦੱਖਣੀ ਰਾਜਾਂ ਨਾ ਤਾਮਿਲਨਾਡੂ 'ਤੇ ਨਾ ਕੇਰਲਾ ਵਿੱਚ ਤੇ ਨਾ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੀਆਂ ਤਿੰਨ ਸੀਟਾਂ ਵਿੱਚੋਂ ਭਾਜਪਾ ਨੂੰ ਕੋਈ ਮਿਲਣੀ ਹੈ। ਸਰਵੇ ਦਾ ਅੰਦਾਜ਼ਾ ਵੀ ਇਹੋ ਹੈ। ਬਾਕੀ ਰਾਜਾਂ ਬਾਰੇ ਫਿਰ ਸਹੀ।*

**-ਚੰਦ ਫਤਿਹਪੁਰੀ**

# ਲੋਕ-ਪੱਖੀ ਰਾਜਨੀਤੀ 'ਚ ਸਰਗਰਮ ਹਿੱਸਾ ਲੈਣ ਦੀ ਲੋੜ



ਮੰਗਤ ਰਾਮ ਪਾਸਲਾ

'ਸੱਤਾ ਵਿਰੁੱਧ ਲੜਾਈ ਤੇ ਸੱਤਾ ਦੀ ਪ੍ਰਾਪਤੀ' ਰਾਜਨੀਤੀ ਦਾ ਮੂਲ ਮਨੋਰਥ ਹੈ। ਜੇਕਰ ਕਿਸੇ ਦੇਸ਼ ਦੀ ਸੱਤਾ ਵਿਦੇਸ਼ੀ ਤਾਕਤਾਂ ਦੇ ਹੱਥ 'ਚ ਹੈ, ਤਾਂ ਲੋਕ ਪੱਖੀ ਰਾਜਨੀਤੀ ਮੰਗ ਕਰਦੀ ਹੈ ਕਿ ਸੱਤਾ 'ਤੇ ਕਾਬਜ਼ ਸਾਮਰਾਜੀ ਸ਼ਕਤੀਆਂ ਖ਼ਿਲਾਫ਼ ਆਜ਼ਾਦੀ ਅੰਦੋਲਨ ਦਾ ਬਿਗਲ ਵਜਾਇਆ ਜਾਵੇ। ਲਗਭਗ ਦੋ ਸਦੀਆਂ ਦੀ ਅੰਗਰੇਜ਼ ਸਾਮਰਾਜ ਦੀ ਗੁਲਾਮੀ ਤੋਂ ਛੁਟਕਾਰਾ ਹਾਸਲ ਕਰਨ ਲਈ ਭਾਰਤ ਦੇ ਸਮੂਹ ਦੇਸ਼ ਭਗਤ ਲੋਕਾਂ ਤੇ ਰਾਜਨੀਤਕ ਜਥੇਬੰਦੀਆਂ ਨੇ ਇਸੇ ਰਾਜਨੀਤੀ 'ਤੇ ਚੱਲਦਿਆਂ ਕੁਰਬਾਨੀ ਭਰਿਆ ਇਕ ਸ਼ਾਨਦਾਰ ਆਜ਼ਾਦੀ ਸੰਗਰਾਮ ਲੜਿਆ। ਮਿਹਨਤਕਸ਼ ਲੋਕਾਂ ਦੀ ਅੰਗਰੇਜ਼ਾਂ ਵਿਰੁੱਧ ਮੁੱਖ ਸ਼ਿਕਾਇਤ ਭਾਵੇਂ ਉਨ੍ਹਾਂ ਦੀ ਆਰਥਿਕ ਪੱਖੋਂ ਹੋਈ ਤਬਾਹੀ ਸੀ, ਪ੍ਰੰਤੂ ਗੁਲਾਮੀ ਦਾ ਦਰਦ ਇਸ ਤੋਂ ਵੀ ਜ਼ਿਆਦਾ ਸੀ। ਇਸ ਦੇ ਨਾਲ ਹੀ ਅੰਗਰੇਜ਼ਾਂ ਵੱਲੋਂ ਰਾਜਨੀਤਕ ਅਧਿਕਾਰਾਂ ਤੇ ਨਿੱਜੀ ਆਜ਼ਾਦੀਆਂ ਉਪਰ ਕੀਤੇ ਜਾ ਰਹੇ ਹੱਲਿਆਂ ਨੇ ਭਾਰਤੀ ਲੋਕਾਂ 'ਚ ਸਵੈਮਾਣ ਤੇ ਅਣਖ ਦੀ ਭਾਵਨਾ ਨੂੰ ਪ੍ਰਜਵਲਤ ਕੀਤਾ। ਕੂਕਿਆਂ, ਗ਼ਦਰੀ ਬਾਬਿਆਂ, ਬੱਬਰ ਅਕਾਲੀਆਂ, ਸ਼ਹੀਦ-ਇ-ਆਜ਼ਮ ਸ. ਭਗਤ ਸਿੰਘ ਤੇ ਉਸ ਦੇ ਸਾਥੀਆਂ ਦਾ ਜਾਨਾਂ ਵਾਰਨ ਦੀਆਂ ਸੁਗੰਧਾਂ ਖਾ ਕੇ ਆਜ਼ਾਦੀ ਸੰਗਰਾਮ 'ਚ ਕੁੱਦਣਾ ਕਿਸੇ ਆਰਥਿਕ ਮਜਬੂਰੀ ਵੱਸ ਕੀਤੇ ਫੈਸਲੇ ਤੋਂ ਵੀ ਜ਼ਿਆਦਾ ਸਾਮਰਾਜੀ ਗੁਲਾਮੀ ਵਿਰੁੱਧ ਲੜਨ ਦੀ ਮਾਨਵੀ ਤਾਂਘ ਦਾ ਪ੍ਰਗਟਾਵਾ ਸੀ। ਆਜ਼ਾਦੀ ਅੰਦੋਲਨ ਦੇ ਸਾਮਰਾਜ ਵਿਰੋਧੀ ਜਜ਼ਬੇ ਅਧੀਨ 'ਰੰਗ ਦੇ ਬਸੰਤੀ ਚੋਲਾ' ਦੇ ਗੀਤ ਗਾਉਣ ਵਾਲੇ ਯੋਧਿਆਂ ਦੇ ਵਿਰੋਧ 'ਚ ਅੰਗਰੇਜ਼ੀ ਸਾਮਰਾਜ ਦੇ ਦਲਾਲਾਂ ਤੇ ਟੋਡੀਆਂ ਦਾ ਟੋਲਾ ਵੀ ਨਜ਼ਰ ਆਉਂਦਾ ਹੈ, ਜੋ ਕੇਂਦਰ ਤੋਂ ਲੈ ਕੇ ਪਿੰਡ ਪੱਧਰ ਤੱਕ ਅੰਗਰੇਜ਼ਾਂ ਨੂੰ ਸੂਹਾਂ ਦੇਣ ਦਾ ਕੰਮ ਕਰਦਾ ਸੀ। ਦੋਨਾਂ ਵੰਨਗੀਆਂ ਦੇ ਲੋਕ ਸਾਮਰਾਜ ਦੇ ਵਿਰੋਧ ਤੇ 'ਪੱਖ' ਦੀ 'ਰਾਜਨੀਤੀ' 'ਚ ਇਕ-ਦੂਸਰੇ ਦੀਆਂ ਅੱਖਾਂ 'ਚ ਅੱਖਾਂ ਪਾ ਕੇ ਆਪਣੇ ਮਿਸ਼ਨ ਦੀ ਪ੍ਰਾਪਤੀ ਲਈ ਅਗਰਸਰ ਸਨ।

ਰਾਜ ਸੱਤਾ ਵਿਰੋਧੀ ਜਦੋਜਹਿਦ ਦੇ ਦੂਸਰੇ ਪੜਾਅ ਵਜੋਂ 1947 'ਚ ਆਜ਼ਾਦੀ ਮਿਲਣ ਉਪਰੰਤ ਵਿਦੇਸ਼ੀ ਹਾਕਮਾਂ ਨਾਲ ਜੁੜੀਆਂ ਰਹਿ ਗਈਆਂ ਤਾਰਾਂ ਤੋੜਨ ਦੇ ਨਾਲ-ਨਾਲ ਲੋਕ ਪੱਖੀ ਰਾਜਨੀਤੀ ਦੀ ਤਤਕਾਲੀਨ ਧਾਰਾ ਭਾਰਤੀ ਹਾਕਮਾਂ ਦੇ ਵਿਰੁੱਧ ਸੇਧਤ ਹੋ ਗਈ, ਕਿਉਂਕਿ ਸੱਤਾ 'ਤੇ ਕਾਬਜ਼ ਹਾਕਮਾਂ ਦੇ ਰੰਗ ਦੀ ਤਬਦੀਲੀ ਤੋਂ ਬਿਨਾਂ ਲੋਟੂ ਪ੍ਰਬੰਧ ਦੀ ਬੁਨਿਆਦੀ ਖਸਲਤ 'ਚ ਕੋਈ ਫਰਕ ਨਹੀਂ ਸੀ ਆਇਆ। ਰਾਜਨੀਤੀ ਦਾ ਇਹ ਪੜਾਅ ਪਹਿਲਾਂ ਤੋਂ ਵੀ ਜ਼ਿਆਦਾ ਮੁਸ਼ਕਿਲ ਸੀ, ਕਿਉਂਕਿ ਇਹ ਆਪਣੇ ਹੀ ਦੇਸ਼ ਦੇ ਸ਼ਾਸਕਾਂ ਵਿਰੁੱਧ ਸੇਧਤ ਸੀ, ਜਿਨ੍ਹਾਂ 'ਚੋਂ ਜ਼ਿਆਦਾਤਰ ਆਜ਼ਾਦੀ ਸੰਗਰਾਮ ਦੌਰਾਨ ਦੇਸ਼ ਭਗਤ ਸ਼ਕਤੀਆਂ ਸੰਗ ਖੜੋਤੇ ਸਨ। ਜਿਥੇ ਇਕ ਪਾਸੇ ਸੱਤਾ ਨਾਲ ਜੁੜੀਆਂ ਹੋਈਆਂ ਆਰਥਿਕ ਤੇ ਰਾਜਨੀਤਕ ਨੀਤੀਆਂ ਵਿਰੁੱਧ ਖੱਬੀਆਂ ਤੇ ਜਮਹੂਰੀ ਸ਼ਕਤੀਆਂ ਨੇ ਸਮਰੱਥਾ ਅਨੁਸਾਰ ਸ਼ਾਨਦਾਰ ਘੋਲ ਕੀਤੇ ਤੇ ਮਾਣ ਕਰਨ ਯੋਗ ਪ੍ਰਾਪਤੀਆਂ ਵੀ ਕੀਤੀਆਂ, ਉਥੇ ਸੱਤਾਧਾਰੀਆਂ ਨੇ 'ਸਾਮ ਦਾਮ ਦੰਡ ਭੇਦ' ਭਾਵ ਹਰ ਤਰੀਕੇ ਨਾਲ ਜਨਤਕ ਲਹਿਰਾਂ ਨੂੰ ਕੁਚਲਣ ਲਈ ਕੋਈ ਕਸਰ ਬਾਕੀ ਨਹੀਂ ਛੱਡੀ। ਆਜ਼ਾਦੀ ਤੋਂ ਬਾਅਦ ਦੇ ਸੱਤਾ ਵਿਰੋਧੀ ਅੰਦੋਲਨ ਹਰ ਅਨੈਤਿਕ ਢੰਗ ਨਾਲ 'ਪੂੰਜੀ' ਇਕੱਠੀ ਕਰਕੇ 'ਅਮੀਰਜ਼ਾਦਿਆਂ' ਦੇ ਖ਼ਿਲਾਫ਼ ਸੇਧਤ ਹੋਣ ਦੇ ਨਾਲ-ਨਾਲ ਮੌਕਾਪ੍ਰਸਤ ਰਾਜਨੀਤੀਵਾਨਾਂ ਵਿਰੁੱਧ ਵੀ ਕੇਂਦਰਤ ਕਰਨਾ ਪਿਆ, ਜਿਹਨਾਂ ਦੀ ਗਿਣਤੀ ਆਜ਼ਾਦੀ ਸੰਗਰਾਮ 'ਚ ਬਹੁਤ ਨਹੀਂ ਸੀ। ਪ੍ਰਸਪਰ ਵਿਰੋਧੀ ਦੋ ਰਾਜਨੀਤਕ ਗੁੱਟਾਂ ਵਿਚਕਾਰ ਚੱਲ ਰਹੀ ਰਾਜਨੀਤੀ 'ਚ ਇਸ ਤਰ੍ਹਾਂ ਇਕ 'ਮੌਕਾਪ੍ਰਸਤ ਰਾਜਸੀ ਟੋਲੇ' ਦੀ ਸ਼ਮੂਲੀਅਤ ਵੀ ਹੋ ਗਈ, ਜਿਹੜੀ ਜਮਾਤੀ ਹਿੱਤਾਂ ਤੋਂ ਵੀ ਅੱਗੇ ਵਧ ਕੇ ਸਿਰਫ ਆਪਣੇ ਤੇ ਆਪਣੇ ਹੀ ਨਿੱਜੀ ਸਵਾਰਥਾਂ ਨੂੰ ਪਹਿਲ ਦਿੰਦੀ ਹੈ। ਇਸ ਵੰਨਗੀ ਦੇ ਰਾਜਨੀਤੀਵਾਨਾਂ ਲਈ ਕਿਸੇ ਖਾਸ ਤਰ੍ਹਾਂ ਦੀ ਵਿਚਾਰਧਾਰਾ ਜਾਂ ਰਾਜਨੀਤਕ ਪ੍ਰਤੀਬੱਧਤਾ ਦੀ ਕੋਈ ਮਹੱਤਤਾ ਨਹੀਂ ਹੁੰਦੀ ਤੇ ਨਾ ਹੀ ਕਿਸੇ ਵਿਸ਼ੇਸ਼ ਰਾਜਸੀ ਦਲ ਨਾਲ ਇਨ੍ਹਾਂ ਦਾ ਕੋਈ ਪੱਕਾ-ਠੱਕਾ ਰਿਸ਼ਤਾ ਹੀ ਹੁੰਦਾ ਹੈ। ਇਕ ਦਿਨ 'ਚ ਇਹ ਸੱਜਣ ਕਈ-ਕਈ ਪਾਸੇ ਪਲਟ ਲੈਂਦੇ ਹਨ। ਰਾਜਨੀਤਕ ਨੈਤਿਕਤਾ, ਲੋਕ ਲੱਜਿਆ, ਸਦਾਚਾਰ ਤੇ ਉੱਚ ਇਖ਼ਲਾਕ ਵਰਗੇ ਸ਼ਬਦਾਂ ਦਾ ਇਨ੍ਹਾਂ 'ਪਲਟੂ ਰਾਮਾਂ' ਵਾਸਤੇ ਕੋਈ ਅਰਥ ਨਹੀਂ ਹੁੰਦਾ। ਇਸ ਤਰ੍ਹਾਂ ਦੋ ਵਿਰੋਧੀ ਜਮਾਤਾਂ ਦੀ ਅਲੱਗ-ਅਲੱਗ ਸਪੱਸ਼ਟ ਤੇ ਲਕੀਰ ਖਿਚਵੀਂ ਰਾਜਨੀਤੀ ਸੰਗ ਮੌਕਾਪ੍ਰਸਤ 'ਰਾਜਨੀਤੀ' ਦਾ ਕੋਹੜ ਵੀ ਚੁੰਬੜ ਗਿਆ। ਉਂਝ ਤਾਂ ਸਮੁੱਚੇ ਪੂੰਜੀਵਾਦੀ ਸੰਸਾਰ 'ਚ ਇਹ ਵੰਨਗੀ ਉਪਲੱਬਧ ਹੈ, ਪ੍ਰੰਤੂ ਪੱਛੜੇ ਹੋਏ ਨਵ-ਆਜ਼ਾਦ ਹੋਏ ਦੇਸ਼ਾਂ ਅੰਦਰ, ਜਿੱਥੇ ਪੂੰਜੀਵਾਦੀ ਪ੍ਰਬੰਧ ਦੇ ਨਾਲ ਜਗੀਰੂ ਤੇ ਅਰਧ ਜਗੀਰੂ ਰਿਸ਼ਤੇ ਵੀ ਮੌਜੂਦ ਹਨ, ਉਥੇ ਅਜਿਹੇ ਭ੍ਰਿਸ਼ਟ ਤੇ ਮੌਕਾਪ੍ਰਸਤ ਰਾਜਨੀਤੀਵਾਨਾਂ ਦੀ ਹਮੇਸ਼ਾ ਭਰਮਾਰ ਰਹਿੰਦੀ ਹੈ। ਅਜਿਹੇ ਤੱਤ ਸਰਮਾਏਦਾਰੀ ਪ੍ਰਬੰਧ ਦੀਆਂ ਮਿੱਥੀਆਂ ਸੀਮਾਵਾਂ ਨੂੰ ਵੀ ਉਲੰਘ ਕੇ ਜੁੰਡੀ ਪੂੰਜੀਵਾਦ (Carony Capitalism) ਨੂੰ ਜਨਮ ਦਿੰਦੇ ਹਨ। ਇਨ੍ਹਾਂ 'ਦਲ ਬਦਲੂਆਂ' ਦੇ ਕਾਲੇ ਕਾਰਨਾਮਿਆਂ ਦੀ ਪ੍ਰਤੀਕਿਰਿਆ ਵਜੋਂ ਆਮ ਜਨਤਾ ਨੂੰ 'ਰਾਜਨੀਤੀ' ਵਰਗੇ ਸਾਰਥਕ ਸ਼ਬਦ ਨੂੰ ਤਰ੍ਹਾਂ ਤਰ੍ਹਾਂ ਦੇ ਇਲਜ਼ਾਮ ਲਗਾ ਕੇ ਨਿੰਦਣ ਦਾ ਮੌਕਾ ਮਿਲ ਜਾਂਦਾ ਹੈ। ਸੱਤਾ 'ਤੇ ਕਬਜ਼ਾ ਜਮਾਈ ਬੈਠੇ ਲੋਟੂ ਸੰਗਠਤ ਗੁੱਟ 'ਰਾਜਨੀਤੀ' ਨੂੰ ਸਿਰਫ ਆਪਣੇ ਅਧਿਕਾਰ ਖੇਤਰ ਦਾ ਵਿਸ਼ਾ ਹੀ ਦਰਸਾਉਣ ਦਾ ਪ੍ਰਚਾਰ ਕਰਦੇ ਹਨ ਤੇ ਦੂਸਰੇ ਵਰਗਾਂ ਨੂੰ ਇਸ ਖਿੱਤੇ 'ਚ ਪ੍ਰਵੇਸ਼ ਕਰਨ ਤੋਂ ਹਮੇਸ਼ਾ ਵਰਜਦੇ ਰਹਿੰਦੇ ਹਨ। ਜੇਕਰ ਨੌਜਵਾਨ ਤੇ ਵਿਦਿਆਰਥੀ ਲੋਕ-ਪੱਖੀ ਰਾਜਨੀਤੀ ਸੰਗ ਤੁਰਨ ਦਾ ਯਤਨ ਕਰਦੇ ਹਨ, ਤਾਂ ਸੱਤਾਧਾਰੀ ਉਪਦੇਸ਼ ਦਿੰਦੇ ਹਨ ਕਿ ਇਨ੍ਹਾਂ ਤਬਕਿਆਂ ਨੂੰ ਰਾਜਨੀਤੀ ਦੇ ਗੰਦੇ ਖੇਡ 'ਚ ਸ਼ਾਮਿਲ ਹੋਣ ਦੀ ਥਾਂ ਆਪਣੀ ਪੜ੍ਹਾਈ ਤੇ ਕੰਮਕਾਜ ਤੱਕ ਸੀਮਤ ਰਹਿਣਾ ਚਾਹੀਦਾ ਹੈ। ਇਸੇ ਤਰ੍ਹਾਂ ਦੇ ਵਿਖਿਆਨ ਔਰਤਾਂ, ਮਜ਼ਦੂਰਾਂ, ਕਿਸਾਨਾਂ, ਬੁੱਧੀਜੀਵੀਆਂ ਭਾਵ ਹਰ ਉਸ ਵਰਗ ਦੇ ਖ਼ਿਲਾਫ਼ ਵੀ ਦਿੱਤੇ ਜਾਂਦੇ ਹਨ, ਜੋ ਦੇਸ਼ ਦੀ ਮੌਜੂਦਾ ਤੇ ਨਾ-ਬਰਾਬਰੀ ਵਾਲੇ ਆਰਥਿਕ ਢਾਂਚੇ ਦੀ ਵੰਨਗੀ ਵਾਲੇ ਸਮਾਜ ਨੂੰ ਹਕੀਕੀ ਰੂਪ 'ਚ ਸਮੂਹ ਮਿਹਨਤਕਸ਼ ਲੋਕਾਂ ਦੀ ਮੁਕਤੀ ਵਾਲੇ ਸਮਾਜ 'ਚ ਤਬਦੀਲ ਕਰਨ ਲਈ ਯਤਨਸ਼ੀਲ ਹਨ। ਸੱਤਾਧਾਰੀਆਂ ਦੇ ਰਾਜਨੀਤੀ ਤੋਂ ਦੂਰ ਰਹਿਣ ਦੇ ਉਪਰੋਕਤ ਉਪਦੇਸ਼ਾਂ ਦਾ ਅਰਥ ਹੈ 'ਰਾਜਨੀਤੀ ਸਿਰਫ ਸੱਤਾਧਾਰੀਆਂ ਤੇ ਧਨਵਾਨ ਲੋਕਾਂ ਦੀ ਹੀ ਖੇਡ ਹੈ, ਜਿਸ 'ਚ ਦੇਸ਼ ਦੇ ਕਰੋੜਾਂ ਕਿਰਤੀ ਲੋਕਾਂ ਨੂੰ ਹਿੱਸਾ ਲੈਣ ਦੀ ਇਜਾਜ਼ਤ ਨਹੀਂ ਹੈ, ਜੋ ਆਪਣਾ ਖ਼ੂਨ-ਪਸੀਨਾ ਵਹਾ ਕੇ ਵੀ ਦੋ ਡੰਗ ਦੀ ਰੱਜਵੀਂ ਰੋਟੀ ਦਾ ਜੁਗਾੜ ਨਹੀਂ ਕਰ ਸਕਦੇ।'

ਜੇਕਰ ਸਾਡੇ ਕੂੜ ਪ੍ਰਚਾਰ ਨੂੰ ਅਣਸੁਣਿਆ ਕਰਕੇ ਆਮ ਲੋਕ ਰਾਜਨੀਤੀ ਨੂੰ ਸੱਤਾ ਦੀ ਪ੍ਰਾਪਤੀ ਦਾ ਹਥਿਆਰ ਸਮਝ ਕੇ ਇਸ 'ਚ ਕੁੱਦ ਜਾਂਦੇ ਹਨ, ਤਾਂ ਫਿਰ ਧਨ ਤੇ ਗੁੰਡਾ ਤੱਤਾਂ ਦੀ ਹਮਾਇਤ ਨਾਲ ਲੋਕਾਂ ਦੇ ਮੱਤ ਨੂੰ ਬਦਲਣ ਦਾ ਯਤਨ ਕੀਤਾ ਜਾਂਦਾ ਹੈ। 'ਚੋਣ ਬਾਂਡਾਂ' ਰਾਹੀਂ ਕਰੋੜਾਂ ਰੁਪਏ ਦਾ ਚੰਦਾ ਲੋਕ ਰਾਜ ਨੂੰ ਲੀਹੋਂ ਲਾਹ ਕੇ ਸੱਤਾ ਨੂੰ ਪੱਕੇ ਤੌਰ 'ਤੇ 'ਇਕ ਖਾਸ ਵਿਅਕਤੀ, ਖਾਸ ਵਿਚਾਰਧਾਰਾ, ਖਾਸ ਧਰਮ ਤੇ ਖਾਸ ਜਮਾਤ' ਦੇ ਹੱਥਾਂ 'ਚ ਸੌਂਪਣ ਦਾ ਪ੍ਰਯੋਜਨ ਹੀ ਤਾਂ ਹੈ। ਮੌਜੂਦਾ ਆਰਥਿਕ ਢਾਂਚੇ ਤੋਂ ਲਾਹਾ ਲੈ ਕੇ ਬਣੇ ਧਨਵਾਨ ਸਾਰੇ ਹੀ ਰਾਜਸੀ ਦਲਾਂ ਨੂੰ (ਇਨਕਲਾਬੀ ਵਿਚਾਰਧਾਰਾ ਨਾਲ ਲੈਸ ਰਾਜਸੀ ਦਲਾਂ ਤੋਂ ਬਿਨਾਂ) ਉਨ੍ਹਾਂ ਦੀ ਹੈਸੀਅਤ ਤੇ ਕੰਪਨੀਆਂ/ਕਾਰਪੋਰੇਟ ਘਰਾਣਿਆਂ ਦੀਆਂ ਆਪਣੀਆਂ ਲੋੜਾਂ ਅਨੁਸਾਰ ਚੰਦਾ ਦਿੰਦੇ ਹਨ, ਪ੍ਰੰਤੂ ਇਸ ਵਾਰ 'ਚੋਣ ਬਾਂਡਾਂ' ਰਾਹੀਂ ਜ਼ਿਆਦਾ ਪੈਸਾ ਇਕੱਠਾ ਕਰਨ ਲਈ ਸੱਤਾ 'ਤੇ ਕਾਬਜ਼ ਪਾਰਟੀ, ਭਾਜਪਾ ਨੇ ਈ ਡੀ, ਸੀ.ਬੀ.ਆਈ. ਤੇ ਇਨਕਮ ਟੈਕਸ ਵਿਭਾਗ ਦੀ ਦੁਰਵਰਤੋਂ ਕਰਦਿਆਂ ਪਹਿਲਾਂ ਧਨਵਾਨ ਲੋਕਾਂ, ਕੰਪਨੀਆਂ ਤੇ ਇਕ ਹਿੱਸੇ ਦੇ ਕਾਰਪੋਰੇਟਾਂ ਨੂੰ ਡਰਾਇਆ, ਧਮਕਾਇਆ, ਤਾਂ ਕਿ ਉਹ ਹਾਕਮ ਪਾਰਟੀ ਦੀ ਇੱਛਾ ਅਨੁਸਾਰ 'ਦਾਨ' ਦੇਣ । ਅਜਿਹਾ ਬ੍ਰਿਤਾਂਤ ਸੁਪਰੀਮ ਕੋਰਟ ਅੰਦਰ ਐਸ.ਬੀ.ਆਈ. ਵੱਲੋਂ ਪੇਸ਼ ਕੀਤੇ ਚੋਣ ਬਾਂਡਾਂ ਦੇ ਰਿਕਾਰਡ ਤੋਂ ਦੇਖਿਆ ਜਾ ਸਕਦਾ ਹੈ, ਜਿਸ ਨੂੰ ਸਰਕਾਰ ਦੀ ਮਿਲੀਭੁਗਤ ਨਾਲ ਸਟੇਟ ਬੈਂਕ ਆਫ ਇੰਡੀਆ ਨੇ ਵਾਰ-ਵਾਰ ਛੁਪਾਉਣ ਦਾ ਯਤਨ ਕੀਤਾ। ਕਾਰਪੋਰੇਟ ਤੇ ਧਨਵਾਨ ਲੋਕਾਂ ਤੋਂ ਜਨਤਾ ਦੀ ਲੁੱਟ ਤੋਂ ਕੀਤੀ ਕਮਾਈ 'ਚੋਂ ਚੰਦਾ ਲੈਣ ਵਾਲੀਆਂ ਰਾਜਨੀਤਕ ਪਾਰਟੀਆਂ ਆਮ ਲੋਕਾਂ ਦਾ ਕਿੰਨਾ ਕੁ ਭਲਾ ਕਰ ਸਕਦੀਆਂ ਹਨ, ਦਾ ਹੁਣ ਅੰਦਾਜ਼ਾ ਲਗਾਉਣਾ ਜ਼ਿਆਦਾ ਮੁਸ਼ਕਿਲ ਨਹੀਂ ਹੈ ਤੇ ਜਿਹੜੀਆਂ ਰਾਜਸੀ ਧਿਰਾਂ ਆਮ ਲੋਕਾਂ ਤੋਂ ਦਸ-ਵੀਹ ਰੁਪਿਆਂ ਦੇ ਰੂਪ ਵਿਚ ਮਾਇਕ ਸਾਧਨ ਜੁਟਾ ਕੇ ਅਸੂਲੀ ਰਾਜਨੀਤੀ ਕਰਦੀਆਂ ਹਨ, ਉਹ ਅਰਬਾਂ ਰੁਪਏ ਦੇ ਖਜ਼ਾਨੇ ਦੀਆਂ ਮਾਲਕ ਪਾਰਟੀਆਂ ਦਾ 'ਚੋਣ ਯੁੱਧ' ਅੰਦਰ ਮੁਕਾਬਲਾ ਕਿਵੇਂ ਕਰ ਸਕਦੇ ਹਨ? ਕੀ ਅਜਿਹੀ ਲੋਕ ਰਾਜੀ ਪ੍ਰਣਾਲੀ 'ਚ ਸਾਰੀਆਂ ਸੰਬੰਧਤ ਧਿਰਾਂ ਨੂੰ ਚੋਣਾਂ ਜਿੱਤਣ ਲਈ ਬਰਾਬਰ ਦੇ ਮੌਕੇ ਪ੍ਰਾਪਤ ਹਨ? ਕੀ ਅਜਿਹੀ ਸੰਭਾਵਨਾ ਮੌਜੂਦਾ ਵੀ ਹੈ? ਇਨ੍ਹਾਂ ਸਵਾਲਾਂ ਦੇ ਉਤਰ ਭਾਲਣ ਦਾ ਹੁਣ ਮੌਕਾ ਆ ਗਿਆ ਹੈ। ਪ੍ਰੰਤੂ ਇਹ ਸਾਰਾ ਬ੍ਰਿਤਾਂਤ ਸਮਝਣ ਤੇ ਕੋਈ ਯੋਗ ਹੱਲ ਲੱਭਣ ਦੇ ਨਾਲ ਇਸ ਸੱਚਾਈ ਨੂੰ ਵੀ ਧਿਆਨ ਗੋਚਰੇ ਰੱਖਣਾ ਹੋਵੇਗਾ ਕਿ ਲੁਟੇਰੀਆਂ ਜਮਾਤਾਂ ਕੋਲ ਬੇਓੜਕ ਵਿੱਤੀ ਸਾਧਨ, ਕੂੜ ਪ੍ਰਚਾਰ ਕਰਦਾ ਮੀਡੀਆ ਤੇ ਲੱਠਮਾਰਾਂ ਦੀ ਸੈਨਾ ਹੋਣ ਦੇ ਬਾਵਜੂਦ 'ਲੋਕ ਸ਼ਕਤੀ' ਸਭ ਤੋਂ ਸ਼ਕਤੀਸ਼ਾਲੀ ਤੇ ਫੈਸਲਾਕੁੰਨ ਹੈ। ਇਸ ਸ਼ਕਤੀ ਨੂੰ ਕਿਵੇਂ ਇਕਮੁੱਠ ਕਰਨਾ ਹੈ, ਇਸ ਬਾਰੇ ਵੀ ਅੰਤਮ ਮੰਥਨ ਕਰਨ ਦੀ ਲੋੜ ਹੈ।

ਮੌਜੂਦਾ ਲੋਕ ਰਾਜੀ ਢਾਂਚੇ ਦੀ ਚੋਣ ਪ੍ਰਕਿਰਿਆ 'ਚ ਜਿਥੇ ਧਨ ਤੇ ਬਾਹੂਬਲੀਆਂ ਦਾ ਬੋਲਬਾਲਾ ਹੈ, ਉਥੇ ਦਲ-ਬਦਲੂਆਂ ਨੇ ਆਪਣੇ ਮੌਕਾਪ੍ਰਸਤ ਕਿਰਦਾਰ ਕਾਰਨ 'ਰਾਜਨੀਤੀ' ਦੇ ਸ਼ਬਦ ਨੂੰ ਹੋਰ ਵੀ ਗੰਧਲਾ ਤੇ ਸ਼ੱਕੀ ਬਣਾ ਦਿੱਤਾ ਹੈ। ਸੱਤਾ ਦੇ ਵਿਰੋਧ 'ਚ ਤੇ ਸੱਤਾ ਦੀ ਪ੍ਰਾਪਤੀ ਲਈ ਅਜੋਕੀ 'ਰਾਜਨੀਤੀ' 'ਚ ਜਿਹੜੀਆਂ ਰਾਜਸੀ ਧਿਰਾਂ ਮੂਲ ਰੂਪ 'ਚ ਸਮਾਜਿਕ ਬਦਲਾਅ ਲਈ ਸਰਗਰਮ ਹਨ, ਉਨ੍ਹਾਂ ਨੂੰ ਵਧੇਰੇ ਸਾਵਧਾਨੀ ਤੇ ਦ੍ਰਿੜ੍ਹਤਾ ਨਾਲ ਲੋਕ-ਪੱਖੀ ਰਾਜਨੀਤੀ ਪ੍ਰਤੀ ਆਪਣੀ ਪ੍ਰਤੀਬੱਧਤਾ ਨੂੰ ਕਾਇਮ ਰੱਖਣਾ ਹੋਵੇਗਾ ਅਤੇ ਆਮ ਲੋਕਾਂ ਨੂੰ ਮੌਜੂਦਾ ਲੋਕ ਰਾਜੀ ਪ੍ਰਣਾਲੀ ਦੀਆਂ ਸੀਮਾਵਾਂ ਤੇ ਕਮਜ਼ੋਰੀਆਂ ਤੋਂ ਜਾਣੂੰ ਵੀ ਕਰਾਉਣਾ ਹੋਵੇਗਾ। ਰਾਜਨੀਤੀ ਤੋਂ ਨਿਰਲੇਪ ਰਹਿਣ ਦੇ ਪ੍ਰਚਾਰ ਦੀ ਹਾਕਮ ਧਿਰਾਂ ਵੱਲੋਂ ਖੇਡੀ ਜਾ ਰਹੀ ਚਾਲ ਦੀ ਹਕੀਕਤ ਨੂੰ ਸਮਝ ਕੇ ਜਨ-ਸਮੂਹਾਂ ਨੂੰ ਲੋਕ ਪੱਖੀ ਰਾਜਨੀਤੀ 'ਚ ਵਧੇਰੇ ਸਰਗਰਮੀ ਨਾਲ ਭਾਗ ਲੈਣ ਲਈ ਪ੍ਰੇਰਤ ਕਰਨ ਦੀ ਵੀ ਸਖਤ ਜ਼ਰੂਰਤ ਹੈ। ਅਜਿਹੀਆਂ ਪ੍ਰਸਥਿਤੀਆਂ ਅੰਦਰ ਦਲ-ਬਦਲੂਆਂ ਵੱਲੋਂ ਰਾਜਨੀਤੀ ਨੂੰ ਬਦਨਾਮ ਕਰਨ ਹਿਤ ਖੇਡੀ ਜਾ ਰਹੀ 'ਪਲਟੂ ਰਾਮੀ' ਖੇਡ ਨੂੰ ਜਨਤਾ ਸਾਹਮਣੇ ਬੇਪਰਦ ਕਰਨਾ ਲੋਕ ਪੱਖੀ ਰਾਜਨੀਤੀ ਨੂੰ ਬੜ੍ਹਾਵਾ ਦੇਣ 'ਚ ਮਦਦਗਾਰ ਸਿੱਧ ਹੋ ਸਕਦਾ ਹੈ।

**# ਸੰਪਰਕ : 98148-82998**

# ਇੰਡੀਆ ਗੱਠਜੋੜ ਦੀ ਰਣਨੀਤੀ ਤੋਂ ਭਾਜਪਾ ਪ੍ਰੇਸ਼ਾਨ



ਹਰਜਿੰਦਰ ਸਿੰਘ ਗੁਲਪੁਰ

2024 ਦੀਆਂ ਲੋਕ ਸਭਾਈ ਚੋਣਾਂ ਨੂੰ ਲੈ ਕੇ ਦੇਸ਼ ਪੱਧਰ 'ਤੇ ਸਥਿਤੀ ਸਾਫ਼ ਹੁੰਦੀ ਜਾ ਰਹੀ ਹੈ । ਭਾਜਪਾ ਨੂੰ ਭਰੋਸਾ ਸੀ ਕਿ ਇੰਡੀਆ ਅਲਾਇੰਸ ਵਿੱਚ ਸ਼ਾਮਲ ਪਾਰਟੀਆਂ ਵਿਚ ਕਦੇ ਵੀ ਏਕਤਾ ਨਹੀਂ ਹੋ ਸਕੇਗੀ । ਇੰਡੀਆ ਸ਼ਬਦ ਅਜੇ ਤੱਕ ਨਰਿੰਦਰ ਮੋਦੀ ਨੂੰ ਹਜ਼ਮ ਨਹੀਂ ਹੋ ਸਕਿਆ, ਇਸੇ ਲਈ ਉਹ ਇਸ ਨੂੰ ਇੰਡੀ ਆਖਦੇ ਹਨ। ਆਮ ਲੋਕਾਂ ਨੂੰ ਵੀ ਲਗਦਾ ਸੀ ਕਿ ਇਹਨਾਂ ਪਾਰਟੀਆਂ ਦਰਮਿਆਨ ਏਕਾ ਹੋਣਾ ਬਹੁਤ ਮੁਸ਼ਕਿਲ ਹੈ । ਭਾਜਪਾ ਨੇ ਸਰਕਾਰੀ ਤੰਤਰ ਦੇ ਜ਼ੋਰ ਨਾਲ ਕਈ ਮਹੀਨਿਆਂ ਤੋਂ ਇਹ ਧਾਰਨਾ ਬਣਾਉਣੀ ਸ਼ੁਰੂ ਕੀਤੀ ਹੋਈ ਹੈ ਕਿ ਇਸ ਵਾਰ ਉਹ 400 ਸੀਟਾਂ ਤੋਂ ਪਾਰ ਜਾਵੇਗੀ। ਸਾਰਾ ਮੇਨ ਸਟਰੀਮ ਮੀਡੀਆ ਦਿਨ-ਰਾਤ ਇਹ ਗੁਣ ਗਾਣ ਕਰਨ ਵਿਚ ਲੱਗਾ ਹੋਇਆ ਸੀ । ਦਿੱਲੀ ਵਿਖੇ ਹੋਈ ਰੈਲੀ ਤੋਂ ਬਾਅਦ ਅਚਾਨਕ ਉਸ ਦੇ ਦਾਅਵਿਆਂ ਨੂੰ ਬਰੇਕਾਂ ਲੱਗ ਗਈਆਂ ਹਨ । ਹੁਣ ਮੋਦੀ ਸਮੇਤ ਕੋਈ ਵੀ ਭਾਜਪਾਈ ਨੇਤਾ ਨਾ ਚਾਰ ਸੌ ਦਾ ਦਾਅਵਾ ਕਰ ਰਿਹਾ ਨਾ ਤਿਨ ਸੌ ਸੱਤਰ ਦਾ । 370 ਦੇ ਅੰਕੜੇ ਦਾ ਮਕਸਦ ਆਪਣੇ ਕੋਰ ਵੋਟਰਾਂ ਦੇ ਮਨਾਂ ਵਿਚ ਧਾਰਾ 370 ਨੂੰ ਤਰੋਤਾਜ਼ਾ ਕਰਨਾ ਸੀ ।ਇਸ ਦਾ ਸਭ ਤੋਂ ਵੱਡਾ ਕਾਰਨ ਇਲੈਕਟੋਰਲ ਬਾਂਡ ਹਨ । ਮੋਦੀ ਕੈਬਨਿਟ ਦੀ ਵਿੱਤ ਮੰਤਰੀ ਦੇ ਪਤੀ ਡਾ. ਪਰਕਲਾ ਪ੍ਰਭਾਕਰ, ਜੋ ਉੱਘੇ ਅਰਥ ਸ਼ਾਸਤਰੀ ਹਨ, ਨੇ ਪ੍ਰਸਿੱਧ ਪੱਤਰਕਾਰ ਦੀਪਕ ਸ਼ਰਮਾ ਨਾਲ ਕੀਤੀ ਇੱਕ ਇੰਟਰਵਿਊ ਦੌਰਾਨ ਦੱਸਿਆ ਕਿ ਇਹ ਮਾਮਲਾ ਹੇਠਲੇ ਪੱਧਰ ਤੱਕ ਚਰਚਾ ਦਾ ਵਿਸ਼ਾ ਬਣਦਾ ਜਾ ਰਿਹਾ ਹੈ। ਭ੍ਰਿਸ਼ਟਾਚਾਰ ਖ਼ਿਲਾਫ਼ ਜਿੰਨਾ ਮੋਦੀ ਬੋਲ ਰਹੇ ਹਨ, ਉਸ ਦਾ ਉਲਟ ਅਸਰ ਹੋ ਰਿਹਾ ਹੈ। ਲੋਕਾਂ ਨੂੰ ਉਹਨਾ ਦੀ ਕਹਿਣੀ ਅਤੇ ਕਰਨੀ ਵਿਚ ਅੰਤਰ ਸਾਫ ਮਹਿਸੂਸ ਹੋ ਰਿਹਾ ਹੈ। ਇਹ ਗੱਲ ਵੀ ਲੋਕਾਂ ਤੱਕ ਪਹੁੰਚ ਰਹੀ ਹੈ ਕਿ ਭਾਜਪਾ ਸਰਕਾਰ ਨੇ ਰਿਸ਼ਵਤ ਨੂੰ ਕਨੂੰਨੀ ਸ਼ਕਲ ਦੇ ਦਿੱਤੀ ਹੈ । ਬਾਂਡਜ਼ ਦਾ ਮਾਮਲਾ ਤਕਰੀਬਨ 7 ਸਾਲਾਂ ਤੋਂ ਸੁਪਰੀਮ ਕੋਰਟ ਵਿੱਚ ਲਟਕਿਆ ਹੋਇਆ ਸੀ। ਵਰਤਮਾਨ ਮੁੱਖ ਜੱਜ ਡੀ ਵਾਈ ਚੰਦਰਚੂੜ ਨੇ ਜਦੋਂ ਇਸ ਦੀ ਸੁਣਵਾਈ ਸ਼ੁਰੂ ਕੀਤੀ ਤਾਂ ਕੇਂਦਰ ਸਰਕਾਰ ਸਕਤੇ ਵਿੱਚ ਆ ਗਈ। ਉਹ ਕਿਸੇ ਵੀ ਹਾਲਤ ਵਿੱਚ ਬਾਂਡ ਖਰੀਦਣ ਵਾਲਿਆਂ ਦੇ ਨਾਂਅ ਜਨਤਕ ਨਹੀਂ ਕਰਨਾ ਚਾਹੁੰਦੀ ਸੀ।ਉਸ ਨੇ ਸੁਣਵਾਈ ਦੇ ਰਾਹ ਵਿੱਚ ਆਪਣੇ ਸਰਕਾਰੀ ਅਤੇ ਗੈਰ-ਸਰਕਾਰੀ ਵਕੀਲਾਂ ਰਾਹੀਂ ਰੋੜੇ ਅਟਕਾਉਣੇ ਸ਼ੁਰੂ ਕਰ ਦਿੱਤੇ। ਮੋਹਰਾ ਬਣਾਇਆ ਸਟੇਟ ਬੈਂਕ ਆਫ ਇੰਡੀਆ ਨੂੰ ਜਦੋਂ ਮੁੱਖ ਜੱਜ ਨੇ ਸਖ਼ਤੀ ਵਿਖਾਈ ਤਾਂ ਐੱਸ ਬੀ ਆਈ ਨੇ ਬਾਂਡਜ਼ ਸੰਬੰਧੀ ਸਾਰੀ ਸੂਚਨਾ ਪੇਸ਼ ਕਰ ਦਿੱਤੀ। ਇਸ ਸੂਚਨਾ ਨਾਲ ਜਿਹੜੇ ਖੁਲਾਸੇ ਹੋ ਰਹੇ ਹਨ, ਉਸ ਨੇ ਭਾਜਪਾ ਦੇ ਵਕਾਰ ਨੂੰ ਬਹੁਤ ਵੱਡੀ ਸੱਟ ਮਾਰੀ ਹੈ। ਇਸ ਤੋਂ ਇਲਾਵਾ ਜਿਸ ਤਰਾਂ ਇੰਡੀਆ ਅਲਾਇੰਸ ਨੇ ਮਜ਼ਬੂਤੀ ਫੜੀ ਹੈ, ਉਸ ਨੇ ਭਾਜਪਾ ਦੇ ਪੈਰਾਂ ਥੱਲਿਓਂ ਜ਼ਮੀਨ ਖਿਸਕਾ ਦਿੱਤੀ ਹੈ । ਭਾਜਪਾ ਨੂੰ ਆਸ ਸੀ ਕਿ ਸੀਟਾਂ ਦੀ ਵੰਡ ਦੇ ਮਾਮਲੇ ਵਿਚ ਪੇਚ ਫਸ ਜਾਵੇਗਾ ਅਤੇ ਇੰਡੀਆ ਅਲਾਇੰਸ ਬਿਖਰ ਜਾਵੇਗਾ, ਅਜਿਹਾ ਨਹੀਂ ਹੋਇਆ । ਇਸ ਦੇ ਉਲਟ ਰਾਜ ਦਰ ਰਾਜ ਸੀਟ ਵੰਡ ਦਾ ਮਾਮਲਾ ਸੁਲਝਦਾ ਜਾ ਰਿਹਾ ਹੈ। ਇੰਡੀਆ ਅਲਾਇੰਸ ਇੱਕ ਵਿਰੁੱਧ ਇੱਕ ਉਮੀਦਵਾਰ ਦੇ ਨੁਕਤੇ ਉੱਤੇ ਗੰਭੀਰਤਾ ਨਾਲ ਕੰਮ ਕਰ ਰਿਹਾ ਹੈ । ਭਾਜਪਾ ਵਾਂਗ ਉਸ ਦੀ ਕੋਈ ਵੀ ਰਣਨੀਤੀ ਲੀਕ ਨਹੀਂ ਹੋ ਰਹੀ, ਜਿਸ ਤੋਂ ਭਾਜਪਾ ਪ੍ਰੇਸ਼ਾਨ ਹੈ।ਇੰਡੀਆ ਅਲਾਇੰਸ ਦੀ ਇਸ ਵਿਉਂਤਬੰਦੀ ਨੂੰ ਤਹਿਸ-ਨਹਿਸ ਕਰਨ ਲਈ ਭਾਜਪਾ ਨੇ ਈ ਡੀ ਅਤੇ ਸੀ ਬੀ ਆਈ ਵਰਗੀਆਂ ਏਜੰਸੀਆਂ ਰਾਹੀਂ ਵਿਰੋਧੀ ਆਗੂਆਂ ਨੂੰ ਡਰਾਉਣਾ-ਧਮਕਾਉਣਾ ਸ਼ੁਰੂ ਕਰ ਦਿੱਤਾ। ਦੋ ਮੁੱਖ ਮੰਤਰੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਕੁਝ ਵਿਰੋਧੀ ਆਗੂ ਪਹਿਲਾਂ ਹੀ ਜੇਲ੍ਹ ਵਿਚ ਬੰਦ ਹਨ ਅਤੇ ਕੁਝ ਆਗੂਆਂ ਨੂੰ ਨੋਟਿਸ-ਦਰ-ਨੋਟਿਸ ਭੇਜ ਕੇ ਗ੍ਰਿਫਤਾਰੀ ਦਾ ਡਰ ਦਿਖਾਇਆ ਜਾ ਰਿਹਾ ਹੈ ।

ਭਾਜਪਾ ਨੇ ਜਿਸ ਵਿਭਾਜਨ ਅਤੇ ਰਾਸ਼ਟਰਵਾਦ ਦੇ ਫਾਰਮੂਲੇ ਨੂੰ ਅਧਾਰ ਬਣਾ ਕੇ 2014 ਤੇ 2019 ਦੀਆਂ ਲੋਕ ਸਭਾਈ ਚੋਣਾਂ ਵਿੱਚ ਜਿੱਤ ਪ੍ਰਾਪਤ ਕੀਤੀ ਸੀ , ਉਸੇ ਫਾਰਮੂਲੇ ਨੂੰ ਅਧਾਰ ਬਣਾ ਕੇ ਉਹ 2024 ਦੀਆਂ ਚੋਣਾਂ ਜਿੱਤਣਾ ਚਾਹੁੰਦੀ ਸੀ, ਪਰ ਇਹ ਫ਼ਾਰਮੂਲਾ ਇਸ ਵਾਰ ਕੰਮ ਨਹੀਂ ਆ ਰਿਹਾ । ਹਿੰਦੂ-ਮੁਸਲਿਮ ਅਤੇ ਰਾਸ਼ਟਰਵਾਦ ਦੇ ਤੜਕੇ ਤੋਂ ਬਗੈਰ ਨਰਿੰਦਰ ਮੋਦੀ ਕੋਲ ਦੇਸ਼ ਵਾਸੀਆਂ ਨੂੰ ਦੱਸਣ ਲਈ ਕੁਝ ਵੀ ਨਹੀਂ । ਆਪਣੇ ਦਸ ਸਾਲਾ ਕਾਰਜਕਾਲ ਦੌਰਾਨ ਉਹਨਾ ਵੱਲੋਂ ਇੱਕ ਵੀ ਪ੍ਰੈੱਸ ਕਾਨਫਰੰਸ ਨਾ ਕਰਨਾ ਇਸ ਦਾ ਮੂੰਹੋਂ ਬੋਲਦਾ ਸਬੂਤ ਹੈ। ਰਾਹੁਲ ਗਾਂਧੀ ਦੇ ਭਾਸ਼ਣਾਂ ਵਿੱਚੋ ਕੋਈ ਨਿੱਕਾ ਜਿਹਾ ਅੰਸ਼ ਕੱਟ ਕੇ ਉਸ ਦਾ ਹਊਆ ਬਣਾ ਕੇ ਪੇਸ਼ ਕੀਤਾ ਜਾਂਦਾ ਹੈ। ਇੱਕ ਤਰ੍ਹਾਂ ਨਾਲ ਅਰਥਾਂ ਦੇ ਅਨਰਥ ਕੀਤੇ ਜਾਂਦੇ ਹਨ। ਨਰਿੰਦਰ ਮੋਦੀ ਦਾ ਇਸ਼ਾਰਾ ਸਮਝ ਕੇ ਉਸ ਦੇ ਡਿਜੀਟਲ ਫੁੱਟ ਸੋਲਜਰ ਉਹਨਾਂ ਗੱਲਾਂ ਦਾ ਪ੍ਰਚਾਰ ਪ੍ਰਸਾਰ ਕਰਨ ਲੱਗ ਪੈਂਦੇ ਹਨ, ਜੋ ਕਿਸੇ ਨੇ ਕਹੀਆਂ ਹੀ ਨਹੀਂ ਹੁੰਦੀਆਂ। ਕਦੇ ਲੰਕਾ ਦਾ ਟਾਪੂ ਕਢਾਦੀਵੂ , ਕਦੇ ਪਾਕਿਸਤਾਨ ਦੇ ਅਧਿਕਾਰ ਵਾਲਾ ਕਸ਼ਮੀਰ ਵਾਪਸ ਲੈਣ ਵਰਗੇ ਮੁੱਦੇ ਉਛਾਲ ਕੇ ਰਾਸ਼ਟਰਵਾਦ ਦਾ ਉਨਮਾਦ ਫੈਲਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਵਾਰ ਕੋਈ ਵੀ ਮੁੱਦਾ ਚੱਲ ਨਹੀਂ ਰਿਹਾ। ਕਾਂਗਰਸ ਵੱਲੋਂ ਹਾਲ ਹੀ ਵਿੱਚ ਜਾਰੀ ਕੀਤੇ ਚੋਣ ਮਨੋਰਥ ਪੱਤਰ ਨੇ ਤਾਂ ਭਾਜਪਾ ਨੂੰ ਸ਼ਸ਼ੋਪੰਜ ਵਿੱਚ ਪਾ ਦਿੱਤਾ ਹੈ। ਜਿੱਥੇ ਦੇਸ਼ ਦੇ ਪ੍ਰਸਿੱਧ ਵਿਦਵਾਨ ਅਤੇ ਜਰਨਲਿਸਟ ਇਸ ਚੋਣ ਮਨੋਰਥ ਪੱਤਰ ਦੀ ਸ਼ਲਾਘਾ ਕਰ ਰਹੇ ਹਨ, ਉਥੇ ਪ੍ਰਧਾਨ ਸੇਵਕ ਇਸ ਨੂੰ ਮੁਸਲਿਮ ਲੀਗ ਅਤੇ ਖ਼ੱਬੇ-ਪੱਖੀਆਂ ਦਾ ਚੋਣ ਮਨੋਰਥ ਪੱਤਰ ਆਖ ਕੇ ਇਸ ਦੀ ਨਿੰਦਿਆ ਕਰ ਰਹੇ ਹਨ। ਵਿਰੋਧੀ ਧਿਰਾਂ ਵੱਲੋਂ ਬੋਲੇ ਹਰ ਸ਼ਬਦ ਨੂੰ ਫ਼ਿਰਕੂ ਚਸ਼ਮੇ ਨਾਲ ਦੇਖਿਆ ਜਾਂਦਾ ਹੈ । ਲੋਕ ਦਸ ਸਾਲ ਤੋਂ ਅਜਿਹੀਆਂ ਗੱਲਾਂ ਸੁਣ-ਸੁਣ ਕੇ ਅੱਕ ਚੁੱਕੇ ਹਨ । ਕੱਟੜ ਸਮਰਥਕਾਂ ਤੋਂ ਇਲਾਵਾ ਆਮ ਲੋਕ ਇਹਨਾਂ ਗੱਲਾਂ ਨੂੰ ਦਰ-ਕਿਨਾਰ ਕਰਨ ਲੱਗ ਪਏ ਹਨ । ਇਸ ਤੋਂ ਇਲਾਵਾ ਨਰਿੰਦਰ ਮੋਦੀ ਦਾ ਸਾਰਾ ਜ਼ੋਰ ਵਿਰੋਧੀ ਆਗੂਆਂ ਨੂੰ ਕੁਰੱਪਟ ਸਾਬਤ ਕਰਨ ਉੱਤੇ ਲੱਗਿਆ ਹੋਇਆ ਹੈ। ਇਸ ਵਿਚ ਦੇਸ਼ ਦਾ ਮੇਨ ਸਟਰੀਮ ਮੀਡੀਆ ਅਤੇ ਸਰਕਾਰੀ ਏਜੰਸੀਆਂ ਉਸ ਦਾ ਪੂਰਾ ਸਾਥ ਦੇ ਰਹੇ ਹਨ । ਐੱਨ ਡੀ ਏ ਨਾਲ ਸਬੰਧਤ ਕਿਸੇ ਵੀ ਨੇਤਾ ਉੱਤੇ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ, ਜਿਵੇਂ ਉਹ ਸਾਰੇ ਨਿਸ਼ਕਾਮ ਸੇਵਕ ਹੁੰਦੇ ਹਨ। ਵਿਰੋਧੀ ਧਿਰਾਂ ਵੱਲੋਂ ਭਾਜਪਾ ਦੀ ਤੁਲਨਾ ਵਾਸ਼ਿੰਗ ਮਸ਼ੀਨ ਨਾਲ ਕੀਤੀ ਜਾ ਰਹੀ ਹੈ ਜਿਸ ਵਿਚ ਜਾ ਕਿ ਮਾੜੇ ਤੋਂ ਮਾੜੇ ਅਕਸ ਵਾਲੇ ਨੇਤਾ ਸਾਫ-ਸੁਥਰੇ ਅਕਸ ਵਾਲੇ ਬਣ ਜਾਂਦੇ ਹਨ । ਇਸ ਦੀ ਪੁਸ਼ਟੀ 'ਇੰਡੀਅਨ ਐਕਸਪ੍ਰੈੱਸ' ਨੇ ਆਪਣੀ ਰਿਪੋਰਟ ਵਿੱਚ ਵੀ ਕੀਤੀ ਹੈ । ਰਿਪੋਰਟ ਵਿੱਚ 23 ਮਹਾਂ-ਭ੍ਰਿਸ਼ਟ ਨੇਤਾਵਾਂ ਦੀ ਲਿਸਟ ਛਾਪੀ ਗਈ ਹੈ, ਜਿਹਨਾਂ ਨੂੰ ਭਾਜਪਾ ਵਿੱਚ ਸ਼ਾਮਲ ਹੁੰਦੇ ਸਾਰ ਕਲੀਨ ਚਿੱਟ ਦੇ ਦਿੱਤੀ ਗਈ। ਭਾਜਪਾ ਦਾ ਮੁੱਖ ਉਦੇਸ਼ ਇੱਕ-ਪਾਸੜ ਕਾਰਵਾਈ ਕਰਕੇ ਉਸ ਖਿਲਾਫ ਬੋਲਣ ਵਾਲੇ ਵਿਰੋਧੀ ਆਗੂਆਂ ਦੇ ਕਿਰਦਾਰ ਨੂੰ ਲੋਕਾਂ ਦੀਆਂ ਨਜ਼ਰਾਂ ਵਿੱਚ ਦਾਗਦਾਰ ਬਣਾਉਣਾ ਹੈ । ਹਰ ਤਰਾਂ ਦੇ ਹੱਥਕੰਡੇ ਵਰਤਣ ਦੇ ਬਾਵਜੂਦ ਵੀ ਭਾਜਪਾ ਨੂੰ ਇੰਡੀਆ ਅਲਾਇੰਸ ਵੱਲੋਂ ਸਖ਼ਤ ਚੁਣੌਤੀ ਮਿਲਣ ਦੀਆਂ ਸੰਭਾਵਨਾਵਾਂ ਪੈਦਾ ਹੋ ਰਹੀਆਂ ਹਨ। ਦੱਖਣ ਅਤੇ ਉੱਤਰ-ਪੂਰਬ ਦੇ ਰਾਜਾਂ ਵਿੱਚ ਭਾਜਪਾ ਕਾਫੀ ਪਛੜ ਰਹੀ ਹੈ। ਉਸ ਦਾ ਸਾਰਾ ਦਾਰੋ-ਮਦਾਰ ਉੱਤਰੀ ਭਾਰਤ (ਹਿੰਦੀ ਪੱਟੀ) ਦੇ ਰਾਜਾਂ ਉੱਤੇ ਨਿਰਭਰ ਕਰਦਾ ਹੈ। ਪਿਛਲੀਆਂ ਦੋ ਚੋਣਾਂ ਦੌਰਾਨ ਇਹਨਾਂ ਰਾਜਾਂ ਵਿੱਚ ਉਸ ਨੂੰ ਹੂੰਝਾ-ਫੇਰ ਜਿੱਤ ਪ੍ਰਾਪਤ ਹੋਈ ਸੀ। ਇਸ ਵਾਰ ਹਾਲਾਤ ਬਦਲੇ ਹੋਏ ਹਨ । ਕਰਨਾਟਕ,ਤੇਲੰਗਾਨਾ, ਮਹਾਰਾਸ਼ਟਰ, ਬਿਹਾਰ, ਬੰਗਾਲ, ਝਾਰਖੰਡ, ਦਿੱਲੀ, ਪੰਜਾਬ ਅਤੇ ਹਰਿਆਣਾ ਆਦਿ ਰਾਜਾਂ ਵਿੱਚ ਭਾਜਪਾ ਦਾ ਪਿਛਲੀਆਂ ਚੋਣਾਂ ਦੇ ਮੁਕਾਬਲੇ ਬਹੁਤ ਨੁਕਸਾਨ ਹੋ ਸਕਦਾ ਹੈ । ਉੱਤਰ ਪ੍ਰਦੇਸ਼, ਰਾਜਸਥਾਨ ਅਤੇ ਗੁਜਰਾਤ ਅੰਦਰ ਵੀ ਸਭ ਅੱਛਾ ਨਹੀਂ ਹੈ। ਕੁਝ ਦਿਨ ਪਹਿਲਾਂ ਮੇਰਠ ਵਿਖੇ ਇੱਕ ਰੈਲੀ ਵਿੱਚ ਵਿਕਾਸ ਦਾ ਜ਼ਿਕਰ ਕਰਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਸੀ ਕਿ ਅਜੇ ਤਾਂ ਇਹ ਟਰੇਲਰ ਹੀ ਹੈ, ਪਿਕਚਰ ਅਜੇ ਬਾਕੀ ਹੈ । ਵਿਰੋਧੀ ਧਿਰਾਂ ਇਸ ਬਿਆਨ ਨੂੰ ਲੁਕਵੀਂ ਧਮਕੀ ਵਜੋਂ ਪੇਸ਼ ਕਰ ਰਹੀਆਂ ਹਨ । ਜਿੱਤ-ਹਾਰ ਦਾ ਪਤਾ ਤਾਂ 4 ਜੂਨ ਨੂੰ ਹੀ ਲੱਗੇਗਾ, ਪਰੰਤੂ ਇਸ ਵਾਰ ਭਾਜਪਾ ਨੂੰ ਹਰ ਇੱਕ ਸੀਟ ਉੱਤੇ ਸਖ਼ਤ ਮੁਕਾਬਲੇ ਵਿਚੋਂ ਗੁਜ਼ਰਨਾ ਪਵੇਗਾ।

***# ਸੰਪਰਕ : 79735-01892***

# ਆਈਲੈਟਸ ਕੇਂਦਰ ਪੰਜਾਬ ਦੀ ਬਰਬਾਦੀ ਦੇ ਅੱਡੇ



ਜੰਗੀਰ ਸਿੰਘ ਦਿਲਬਰ

ਬਰਬਾਦੀ ਸ਼ਬਦ ਆਮ ਤੌਰ 'ਤੇ ਉਹਨਾਂ ਥਾਂਵਾਂ ਜਾਂ ਕਾਰੋਬਾਰਾਂ ਲਈ ਵਰਤਿਆ ਜਾਂਦਾ ਹੈ, ਜਿੱਥੇ ਕਿਸੇ ਚੀਜ਼ ਦੀ ਹੋਂਦ ਦਾ ਨਾਮੋ-ਨਿਸ਼ਾਨ ਮਿਟ ਗਿਆ ਹੋਵੇ ਜਾਂ ਮਿਟਣ ਵਾਲਾ ਹੋਵੇ । ਜੇਕਰ ਅੱਜ-ਕੱਲ੍ਹ ਪੰਜਾਬ ਦੀ ਧਰਤੀ 'ਤੇ ਇਸ ਦੇ ਪਿੰਡਾਂ ਅਤੇ ਸ਼ਹਿਰਾਂ ਵੱਲ ਧਿਆਨ ਨਾਲ ਨਜ਼ਰ ਮਾਰੀਏ ਤਾਂ ਇਸ ਤਰ੍ਹਾਂ ਮਹਿਸੂਸ ਹੋਵੇਗਾ, ਜਿਵੇਂ ਅਖੌਤੀ ਰੰਗਲਾ ਪੰਜਾਬ ਹੁਣ ਬਹੁਤ ਹੀ ਤੇਜ਼ੀ ਨਾਲ ਕੰਗਲਾ ਜਾਂ ਅੱਧ ਉੱਜੜੇ ਪੰਜਾਬ ਦੀ ਝਲਕ ਪੇਸ਼ ਕਰ ਰਿਹਾ ਹੋਵੇ । ਜਿੱਧਰ ਵੀ ਨਜ਼ਰ ਮਾਰੋ, ਸਾਰੇ ਹੀ ਪਿੰਡ ਜਾਂ ਸ਼ਹਿਰ ਇਸ ਤਰ੍ਹਾਂ ਨਜ਼ਰ ਆਉਂਦੇ ਹਨ, ਜਿਵੇਂ ਬੇ-ਵਕਤੀ ਤੇਜ਼ ਬਾਰਸ਼ ਅਤੇ ਵੱਡੇ-ਵੱਡੇ ਗੜਿਆਂ ਨੇ ਵਿੱਚੋਂ-ਵਿੱਚੋਂ ਕਿਸਾਨਾਂ ਦੀਆਂ ਪੱਕੀਆਂ ਫਸਲਾਂ ਬਰਬਾਦ ਕਰ ਦਿੱਤੀਆਂ ਹੋਣ। ਇਸ ਭਿਆਨਕ ਬਿਮਾਰੀ ਦਾ ਮੁੱਖ ਕਾਰਨ ਹੈ ਹਰ ਰੋਜ਼ ਉੱਗ ਰਹੇ ਖੁੰਬਾਂ ਦੀ ਤਰ੍ਹਾਂ ਜਾਂ ਖੁੱਲ੍ਹ ਗਏ ਅਣ-ਗਿਣਤ ਆਈਲੈਟਸ ਕੇਂਦਰ। ਇਸ ਬਿਮਾਰੀ ਨੇ ਦੇਸ਼ ਅਤੇ ਖਾਸ ਕਰਕੇ ਸਾਰਾ ਪੰਜਾਬ ਘੇਰ ਲਿਆ । ਕਿਸੇ ਵੀ ਪਾਸੇ ਨਜ਼ਰ ਮਾਰੋ, ਹਰ ਪਾਸੇ ਆਈਲੈਟਸ ਕੇਂਦਰ ਇਸ ਤਰ੍ਹਾਂ ਨਜ਼ਰ ਆਉਣਗੇ, ਜਿਵੇਂ ਰੋਜ਼ਾਨਾ ਵਰਤੋਂ ਦੀਆਂ ਚੀਜ਼ਾਂ ਦੀ ਗਿਣਤੀ ਘੱਟ ਹੋਵੇ । ਇਸ ਦੇ ਉਲਟ ਆਈਲੈਟਸ ਕੇਂਦਰਾਂ ਦੀ ਗਿਣਤੀ ਵਧ ਗਈ ਹੋਵੇ ।

ਪਿੰਡਾਂ, ਸ਼ਹਿਰਾਂ ਅਤੇ ਕਸਬਿਆਂ ਵਿੱਚ ਆਈਲੈਟਸ ਕੇਂਦਰਾਂ ਦਾ ਇਕ ਹੜ੍ਹ ਜਿਹਾ ਆਇਆ ਜਾਪਦਾ ਹੈ । ਵਪਾਰਕ ਸੋਚ ਰੱਖਣ ਵਾਲੇ ਲੋਕਾਂ ਨੇ ਚੱਪੇ-ਚੱਪੇ 'ਤੇ ਆਈਲੈਟਸ ਕੇਂਦਰ ਖੋਲ੍ਹ ਕੇ ਆਪਣੀ ਰੋਜ਼ੀ-ਰੋਟੀ ਦਾ ਜੁਗਾੜ ਬਣਾ ਲਿਆ। ਇਸ ਤਰ੍ਹਾਂ ਇਹ ਇਕ ਕਮਾਊ ਧੰਦਾ ਬਣਨ ਦੇ ਨਾਲ-ਨਾਲ ਹੋਰ ਵੀ ਬਹੁਤ ਸਾਰੇ ਸਮਾਜਿਕ ਗਿਰਾਵਟ ਵਾਲੇ ਖਤਰਨਾਕ ਕਾਰਨਾਮਿਆਂ ਦੇ ਅੱਡਿਆਂ ਦਾ ਰੂਪ ਵੀ ਧਾਰਨ ਕਰ ਚੁੱਕੇ ਹਨ। ਜਿੱਥੇ ਨੇੜਲੇ ਇਲਾਕੇ ਦੇ ਲੜਕੇ-ਲੜਕੀਆਂ ਗਲਤ ਸੰਗਤ ਵਿੱਚ ਪੈ ਕੇ ਕਥਿਤ ਬੁਰੀਆਂ ਆਦਤਾਂ ਦੇ ਸ਼ਿਕਾਰ ਵੀ ਹੋ ਰਹੇ ਹਨ । ਇੱਥੇ ਹੀ ਬਸ ਨਹੀਂ, ਥਾਂ-ਥਾਂ ਇਹ ਵੀ ਚਰਚਾ ਸੁਣਨ ਨੂੰ ਮਿਲਦੀ ਹੈ ਕਿ ਇੱਥੇ ਆਉਣ ਵਾਲੇ 75 ਫੀਸਦੀ ਤੋਂ ਉੱਪਰ ਲੜਕੇ-ਲੜਕੀਆਂ ਕੁਸੰਗਤ ਦੇ ਨਾਲ-ਨਾਲ ਹਰ ਤਰ੍ਹਾਂ ਦੇ ਕਥਿਤ ਨਸ਼ਿਆਂ ਦੇ ਆਦੀ ਹੋਣ ਤੋਂ ਇਲਾਵਾ ਵੱਡੀ ਪੱਧਰ 'ਤੇ ਨਸ਼ੇ ਇੱਧਰ-ਉਧਰ ਭੇਜਣ ਦਾ ਧੰਦਾ ਵੀ ਕਰਦੇ ਨਜ਼ਰ ਆਉਂਦੇ ਹਨ। ਇਹ ਵੀ ਸੁਣਿਆ ਗਿਆ ਹੈ ਆਮ ਲੋਕਾਂ ਵਿੱਚ ਇਹ ਵੀ ਚਰਚਾ ਹੈ ਕਿ ਗਰੀਬ ਪਰਵਾਰਾਂ ਦੇ ਬੱਚਿਆਂ ਨੂੰ ਆਈਲੈਟਸ ਵਿੱਚੋਂ ਪਾਸ ਕਰਾਉਣ ਅਤੇ ਚੰਗੇ ਬੈਂਡ ਹਾਸਲ ਕਰਨ ਦੇ ਧੰਦੇ ਵਿੱਚ ਵੀ ਵਿਦਿਆਰਥੀਆਂ ਦਾ ਹਰ ਤਰ੍ਹਾਂ ਨਾਲ ਵੱਡੀ ਪੱਧਰ 'ਤੇ ਸ਼ੋਸ਼ਣ ਕੀਤਾ ਜਾਂਦਾ ਹੈ। ਇਹ ਬਿਮਾਰੀ ਇਕ ਤੇਜ਼ ਤੁਫਾਨ ਦੀ ਤਰ੍ਹਾਂ ਏਨੀ ਤੇਜ਼ੀ ਨਾਲ ਫੈਲ ਗਈ ਕਿ ਵੱਡੀ ਗਿਣਤੀ ਵਿੱਚ ਇਸ ਅੱਗ ਦੇ ਦਰਿਆ ਵਿੱਚ ਅਖੌਤੀ ਰੰਗਲੇ ਪੰਜਾਬ ਦੀ 75 ਫੀਸਦੀ ਅਬਾਦੀ ਨੇ ਅੱਖਾਂ ਬੰਦ ਕਰਕੇ ਛਾਲ ਮਾਰ ਕੇ ਆਪਣੇ ਪੁਰਖਿਆਂ ਦੀ ਖ਼ੂਨ-ਪਸੀਨੇ ਨਾਲ ਬਣਾਈ ਜਾਇਦਾਦ ਬਰਬਾਦ ਕਰ ਦਿੱਤੀ ।

ਅੱਜ-ਕੱਲ੍ਹ ਪਿੰਡਾਂ ਦੀਆਂ ਸੱਥਾਂ ਵਿੱਚ ਆਮ ਖੁੰਡ ਚਰਚਾ ਸੁਣਨ ਨੂੰ ਮਿਲੇਗੀ ਕਿ ਫਲਾਣੇ ਲਾਣੇਦਾਰਾਂ ਦਾ ਮੁੰਡਾ ਫਲਾਣੇ ਦੇਸ਼ ਵਿੱਚ ਗਿਆ ਸੀ, ਉਸ ਨੇ ਉਸ ਪਰਵਾਰ ਦੀ ਗਰੀਬੀ ਧੋ ਦਿੱਤੀ। ਇਹੀ ਚਰਚਾ ਘਰਾਂ ਵਿੱਚ ਸੁਣਨ ਨੂੰ ਮਿਲਦੀ ਹੈ ਕਿ 'ਘਮੰਡੇ ਦਾ ਮੁੰਡਾ ਕੈਨੇਡਾ ਗਿਆ ਸੀ, ਸੁਣਿਆ ਹੈ, ਉੱਥੇ ਉਸ ਨੇ ਟਰਾਲੇ ਪਾ ਲਏ, ਕਰੋੜਾਂ ਦਾ ਮਾਲਕ ਹੈ। ਇਹ ਵੀ ਸੁਣਿਆ ਹੈ ਕਿ ਫਿਡਿਆਂ ਦੇ ਦੀਪੇ ਦਾ ਘੁੰਨਾ ਅਤੇ ਤੋਤੀ ਘੁਮਿਆਰ ਦਾ ਮੁੰਡਾ ਠੋਲੂ ਆਸਟਰੇਲੀਆ ਗਏ ਸਨ, ਉਨ੍ਹਾਂ ਨੇ ਮਾਪਿਆਂ ਦੀ ਜ਼ਿੰਦਗੀ ਸੁਧਾਰ ਦਿੱਤੀ। ਹੁਣ ਜਦੋਂ ਵੀ ਉਹ ਡਾਲਰਾਂ ਦੀਆਂ ਪੰਡਾਂ ਬੰਨ੍ਹ ਕੇ ਪਿੰਡ ਆਉਂਦੇ ਹਨ ਤਾਂ ਦੋ-ਦੋ ਮਹੀਨੇ ਕਾਰਾਂ ਲੈ ਕੇ ਅਤੇ ਪੰਜ-ਪੰਜ ਲੀਟਰਾਂ ਦੀਆਂ ਅੰਗਰੇਜ਼ੀ ਦਾਰੂ ਦੀਆਂ ਬੋਤਲਾਂ ਲੈ ਕੇ ਆਪਣੇ ਘਰ ਦੇ ਬਜ਼ੁਰਗਾਂ ਅਤੇ ਦੋਸਤਾਂ, ਮਿੱਤਰਾਂ ਦੇ ਨਾਲ-ਨਾਲ ਆਪਣੇ ਰਿਸ਼ਤੇਦਾਰਾਂ ਨੂੰ ਮੌਜਾਂ ਦੇ ਝੂਟੇ ਦਿਵਾਉਂਦੇ ਨਜ਼ਰ ਆਉਂਦੇ ਹਨ। ਇਹ ਖੁੰਡ ਚਰਚਾ ਦੀਆਂ ਗੱਲਾਂ ਅਤੇ ਗੀਸ ਦੀ ਅੱਗ ਦਾ ਸੇਕ ਆਮ ਘਰਾਂ ਦੀਆਂ ਦਹਿਲੀਜ਼ਾਂ ਦੀਆਂ ਵਿੱਥਾਂ ਵਿਚ ਦੀ ਦਾਖਲ ਹੋ ਕੇ ਹਜ਼ਾਰਾਂ ਘਰਾਂ ਨੂੰ ਆਪਣੇ ਬੱਚੇ ਬਾਹਰ ਭੇਜਣ ਲਈ ਮਜਬੂਰ ਕਰ ਦਿੰਦਾ ਹੈ। ਇਸ ਤੋਂ ਇਲਾਵਾ ਜੋ ਲੜਕੇ-ਲੜਕੀਆਂ ਕੁਝ ਸਮਾਂ ਵਿਦੇਸ਼ਾਂ ਵਿੱਚ ਰਹਿ ਕੇ ਕਿਸੇ ਕਾਰਨ ਵਾਪਸ ਦੇਸ਼ ਆਉਂਦੇ ਹਨ, ਉਹ ਬਲਦੀ ਅੱਗ 'ਤੇ ਤੇਲ ਪਾਉਣ ਦਾ ਵਧੇਰੇ ਕੰਮ ਕਰਦੇ ਹਨ । ਉਹ ਜਦੋਂ ਵੀ ਦੇਸ਼ ਆਉਂਦੇ ਹਨ ਤਾਂ ਆਪਣੀ ਫੋਕੀ ਟੌਹਰ ਸਾਬਤ ਕਰਨ ਲਈ ਜਿਸ ਵੀ ਹਵਾਈ ਅੱਡੇ ਉੱਪਰ ਉੱਤਰਦੇ ਹਨ, ਹਵਾਈ ਅੱਡੇ ਦੇ ਬਾਹਰ ਖੁੱਲ੍ਹੀਆਂ ਨਕਲੀ ਵਿਦੇਸ਼ੀ ਕੱਪੜਿਆਂ ਦੀਆਂ ਦੁਕਾਨਾਂ ਤੋਂ ਵਿਦੇਸ਼ੀ ਮਾਰਕਾ ਚੀਜ਼ਾਂ 85 ਫੀਸਦੀ ਲੜਕੇ-ਲੜਕੀਆਂ ਸਸਤੀ ਕੀਮਤ 'ਤੇ ਖਰੀਦ ਕੇ ਬੈਗ ਭਰ ਲਿਆਉਂਦੇ ਹਨ, ਜਿਨ੍ਹਾ ਨੂੰ ਖੁਦ ਪਹਿਨ ਕੇ ਅਤੇ ਆਪਣੇ ਦੋਸਤਾਂ, ਮਿੱਤਰਾਂ ਤੇ ਰਿਸ਼ਤੇਦਾਰਾਂ ਵਿੱਚ ਫੋਕੀ ਭੱਲ ਬਣਾਉਣ ਲਈ ਵੰਡਦੇ ਵੀ ਹਨ । ਇੱਥੇ ਹੀ ਬਸ ਨਹੀਂ, ਬਹੁਤ ਸਾਰੇ ਬੱਚੇ ਤਾਂ ਵਿਦੇਸ਼ਾਂ ਵਿੱਚ ਆਪਣੇ ਵੱਲੋਂ ਡਾਲਰਾਂ ਦੇ ਰੂਪ 'ਚ ਕੀਤੀ ਜਾਂਦੀ ਕਮਾਈ ਜ਼ਾਹਰ ਕਰਨ ਲਈ ਹਵਾਈ ਅੱਡਿਆਂ ਦੇ ਬਾਹਰ ਨਕਲੀ ਸੋਨੇ ਅਤੇ ਹੀਰਿਆਂ ਦੀਆਂ ਦੁਕਾਨਾਂ ਤੋਂ ਸਸਤੇ ਰੇਟਾਂ 'ਤੇ ਖਰੀਦ ਕੇ ਆਪਣੇ ਦੋਸਤਾਂ ਅਤੇ ਰਿਸ਼ਤੇਦਾਰਾਂ ਵਿੱਚ ਜਗਤ ਵਿਖਾਵੇ ਦੇ ਡਰਾਮੇ ਕਰਕੇ ਪਿੰਡਾਂ ਅਤੇ ਸ਼ਹਿਰਾਂ ਦੇ ਬੱਚਿਆਂ ਨੂੰ ਗੁੰਮਰਾਹ ਵੀ ਕਰਦੇ ਹਨ। ਲੜਕੇ ਤਾਂ ਬਿਨਾਂ ਆਬਕਾਰੀ ਟੈਕਸ ਤੋਂ ਹਵਾਈ ਅੱਡਿਆਂ ਵਿੱਚ ਮਿਲਦੀ ਕੋਈ ਸਸਤੀ ਵਿਸਕੀ ਦੀ ਪੰਜ ਲੀਟਰ ਵਾਲੀ ਬੋਤਲ ਲੈ ਕੇ ਆਪਣੇ ਘਰੇ ਹੀ ਦੋ ਦਿਨਾਂ ਵਿੱਚ ਪੀ ਕੇ ਫਿਰ ਉਸੇ ਵਿਦੇਸ਼ੀ ਵਿਸਕੀ ਵਾਲੀ ਪੰਜ ਲੀਟਰ ਦੀ ਬੋਤਲ ਵਿੱਚ ਆਪਣੇ ਦੇਸ਼ ਦੀ ਬਣੀ ਘਟੀਆ ਤੋਂ ਘਟੀਆ ਵਿਸਕੀ ਭਰ ਕੇ, ਵਿਦੇਸ਼ੀ ਵਿਸਕੀ ਕਹਿ ਕੇ, ਕਿਰਾਏ 'ਤੇ ਲੈ ਕੇ ਜਾਂ ਕੋਈ ਆਪਣੀ ਘਰੇ ਖੜੀ ਖਟਕਾਰਾਂ ਜਿਹੀ ਕਾਰ ਵਿੱਚ ਬੈਠ ਕੇ ਆਪਣੇ ਦੋਸਤਾਂ, ਰਿਸ਼ਤੇਦਾਰਾਂ ਅਤੇ ਖਾਸ ਕਰਕੇ ਉਨ੍ਹਾਂ ਲੋਕਾਂ ਪਾਸ ਚੱਕਰ ਲਾਉਂਦੇ ਹਨ, ਜਿਹੜੇ ਉਸ ਦੇ ਵਿਦੇਸ਼ ਜਾਣ 'ਤੇ ਈਰਖਾ ਕਰਦੇ ਸਨ ਜਾਂ ਮਖੌਲ ਉਡਾਉਂਦੇ ਸਨ । ਇਸ ਤਰ੍ਹਾਂ ਇਨ੍ਹਾਂ ਵਿਦੇਸ਼ੋਂ ਆਏ ਲੜਕੇ-ਲੜਕੀਆਂ ਦੀ ਨਕਲੀ ਅਮੀਰੀ ਅਤੇ ਫੋਕੀ ਚਕਾਚੌਂਧ ਨੂੰ ਵੇਖ ਕੇ ਉਨ੍ਹਾਂ ਅਤੇ ਉਨ੍ਹਾਂ ਦੇ ਮਾਪਿਆਂ ਅੰਦਰ ਇਕ ਉਤਸੁਕਤਾ ਜਾਂ ਖਾਹਿਸ਼ ਪੈਦਾ ਹੁੰਦੀ ਹੈ। ਇਸ ਫੋਕੀ ਅਤੇ ਨਕਲੀ ਸ਼ੋਹਰਤ ਨੂੰ ਹਾਸਲ ਕਰਨ ਲਈ ਮਾਪੇ ਅਤੇ ਬੱਚੇ ਹਰ ਕੀਮਤ 'ਤੇ ਵਿਦੇਸ਼ ਜਾਣ ਲਈ ਆਪਣਾ ਅਤੇ ਆਪਣੇ ਮਾਪਿਆਂ ਦਾ ਸਭ ਕੁਝ ਦਾਅ 'ਤੇ ਲਾ ਦਿੰਦੇ ਹਨ, ਇੱਥੋਂ ਤੱਕ ਕਿ ਬੱਚੇ +2 (ਬਾਰ੍ਹਵੀਂ) ਪਾਸ ਕਰਦੇ ਹੀ ਆਈਲੈਟਸ ਦੇ ਅਗਨੀ ਦਰਿਆ ਵਿੱਚ ਸ਼ਲਾਗ ਮਾਰ ਦਿੰਦੇ ਹਨ ਅਤੇ ਪੁਰਖਿਆਂ ਦੀ ਖ਼ੂਨ-ਪਸੀਨੇ ਨਾਲ ਬਣਾਈ ਜਾਇਦਾਦ ਅਤੇ ਹੋਰ ਘਰ ਦੀ ਹਰ ਕੀਮਤੀ ਚੀਜ਼ ਵੇਚ ਕੇ ਵਿਦੇਸ਼ ਭੇਜਣ ਲਈ ਤਿਆਰੀ ਕਰ ਲੈਂਦੇ ਹਨ। ਇੰਜ 70% ਬੱਚਿਆਂ ਅਤੇ ਪਰਵਾਰਾਂ ਦੀ ਬਰਬਾਦੀ ਦਾ ਮੁੱਢ ਬੱਝ ਜਾਂਦਾ ਹੈ । ਅੱਜ ਲੋੜ ਹੈ ਸਾਨੂੰ ਉਪਰੋਕਤ ਹਾਲਾਤ ਦੇ ਪੈਦਾ ਹੋਣ ਦੇ ਮੁੱਖ ਕਾਰਨਾਂ ਦੀ ਗੰਭੀਰਤਾ ਨਾਲ ਪੜਤਾਲ ਅਤੇ ਘੋਖ ਕਰਨ ਦੀ ਕਿ ਅਜਿਹੇ ਹਾਲਾਤ ਪੰਜਾਬ ਵਰਗੀ ਦੁਨੀਆ ਦੀ ਸਭ ਤੋਂ ਉਪਜਾਊ ਅਤੇ ਹਰ ਤਰ੍ਹਾਂ ਦੇ ਜਲਵਾਯੂ ਦੀ ਵਿਲੱਖਣਤਾ ਨਾਲ ਭਰਭੂਰ ਧਰਤੀ ਦੇ ਲੋਕ ਏਨੀ ਤੇਜ਼ੀ ਅਤੇ ਬੇ-ਸਬਰੀ ਨਾਲ ਇੱਥੋਂ ਦੌੜ ਕਿਉਂ ਰਹੇ ਹਨ। ਜਦੋਂ ਵੀ ਕੋਈ ਬੁੱਧੀਮਾਨ ਜਾਂ ਚਿੰਤਕ ਆਦਮੀ ਇਸ ਗੱਲ ਦੀ ਤਹਿ ਤੱਕ ਜਾ ਕੇ ਪੜਤਾਲ ਕਰੇਗਾ ਤਾਂ ਇਹ ਗੱਲ ਖੁੱਲ੍ਹ ਕੇ ਸਾਹਮਣੇ ਆਵੇਗੀ ਕਿ ਪੰਜਾਬ ਦੇ ਲੜਕੇ-ਲੜਕੀਆਂ ਦਾ ਇਸ ਤਰ੍ਹਾਂ ਤੇਜ਼ੀ ਨਾਲ ਵਿਦੇਸ਼ਾਂ ਵੱਲ ਦੌੜਨ ਦਾ ਮੁੱਖ ਕਾਰਨ ਹੈ ਸਾਡੀਆਂ ਹੁਣ ਤੱਕ ਦੀਆਂ ਸਰਕਾਰਾਂ ਦਾ ਆਪਣੇ ਨਿੱਜੀ ਹਿੱਤਾਂ ਲਈ ਰਾਜ ਗੱਦੀਆਂ 'ਤੇ ਬਿਰਾਜਮਾਨ ਹੋਣਾ ਅਤੇ ਬੇਰੁਜ਼ਗਾਰ ਬੱਚਿਆਂ ਦੇ ਭਵਿੱਖ ਵੱਲ ਧਿਆਨ ਹੀ ਨਾ ਦੇਣਾ, ਸਿਰਫ ਅਤੇ ਸਿਰਫ ਆਪਣੇ ਲਈ ਜਾਂ ਆਪਣੇ ਸਕੇ-ਸੰਬੰਧੀਆਂ ਦੇ ਨਾਲ-ਨਾਲ ਆਪਣੇ ਚਮਚੇ ਚਹੇਤਿਆਂ ਦੀ ਮਦਦ ਨਾਲ ਸਰਕਾਰੀ ਪੈਸਾ ਹੜੱਪ ਕਰਨਾ । ਇਸ ਤੋਂ ਇਲਾਵਾ ਕੁਝ ਸਾਲਾਂ ਬਾਅਦ ਵਿਦੇਸ਼ੋਂ ਆਏ ਲੜਕੇ-ਲੜਕੀਆਂ ਵੱਲੋਂ ਵਿਦੇਸ਼ਾਂ ਬਾਰੇ ਉੱਥੋਂ ਦੇ ਰਹਿਣ-ਸਹਿਣ, ਕਮਾਈ ਅਤੇ ਉੱਥੋਂ ਦੀ ਐਸ਼ਪ੍ਰਸਤ ਜ਼ਿੰਦਗੀ ਦੀਆਂ ਰੰਗੀਨੀਆਂ ਦੇ ਨਾਲ-ਨਾਲ ਬਹੁਤ ਸਾਰੇ ਹੋਰ ਤੱਥਾਂ ਦੀਆਂ ਦਿਲਕਸ਼ ਗੱਲਾਂ ਨੂੰ ਵਧਾ-ਚੜ੍ਹਾ ਕੇ ਗਲਤ ਤੱਥਾਂ ਨੂੰ ਵੀ ਚੰਗੇ ਕਹਿ ਕੇ ਪੇਸ਼ ਕਰਨਾ । ਇਸ ਤੋਂ ਇਲਾਵਾ ਉਹ ਖਰਚਿਆਂ ਅਤੇ ਆਪਣੇ ਕਾਰੋਬਾਰੀ ਕਿੱਤੇ, ਆਮਦਨ ਅਤੇ ਹੋਰ ਚੀਜ਼ਾਂ ਦੀ ਆਜ਼ਾਦੀ ਦੀਆਂ ਗੱਲਾਂ ਕੁਝ ਆਪਣੇ ਕੋਲੋਂ ਲਾ ਕੇ ਵੀ ਬੱਚਿਆਂ ਅੰਦਰ ਵਿਦੇਸ਼ਾਂ ਵਿੱਚ ਜਾਣ ਦੀ ਤਾਂਘ ਜਾਂ ਚੇਟਕ ਲਾਉਣਾ ਵੀ ਬੱਚਿਆਂ ਨੂੰ ਵਿਦੇਸ਼ਾਂ ਵੱਲ ਖਿੱਚ ਦਾ ਇਕ ਵੱਡਾ ਕਾਰਨ ਹੈ । ਬਾਹਰੋਂ ਆਏ ਬੱਚੇ ਜਦੋਂ ਇੱਧਰ ਆ ਕੇ ਆਪਣੀ ਫੋਕੀ ਟੌਹਰ ਦਾ ਆਰਜ਼ੀ ਵਿਖਾਵਾ ਕਰਦੇ ਹਨ ਤਾਂ ਇਹ ਆਰਜ਼ੀ ਜਾਂ ਨਕਲੀ ਚਮਕ-ਦਮਕ ਜਾਂ ਚਕਾਚੌਂਧ ਵੇਖ ਕੇ ਵੀ ਬੱਚੇ ਘਰਾਂ ਦੀਆਂ ਮਜਬੂਰੀਆਂ ਜਾਂ ਤੰਗੀਆਂ-ਤੁਰਸ਼ੀਆਂ ਹੁੰਦਿਆਂ ਨਾ ਚਾਹੁੰਦੇ ਹੋਏ ਵੀ ਇਸ ਅੱਗ ਦੇ ਦਰਿਆ ਵਿੱਚ ਆਪਣੀ ਜੀਵਨ ਪਾਰ ਲਾਉਣ ਵਾਲੀ ਕਿਸ਼ਤੀ ਨੂੰ ਬਹਾ ਦਿੰਦੇ ਹਨ । ਇਸ ਕੰਮ ਵਿੱਚ ਪਿੰਡਾਂ ਅਤੇ ਸ਼ਹਿਰਾਂ ਵਿੱਚ ਗੀਸ ਦੀ ਖ਼ਤਰਨਾਕ ਬਿਮਾਰੀ ਵੀ ਆਪਣਾ ਚੰਗਾ ਯੋਗਦਾਨ ਪਾਂਉਂਦੀ ਹੈ, ਗੀਸੋ-ਗੀਸੀ, ਭੇਡ-ਚਾਲ ਜਾਂ ਵੇਖੋ-ਵੇਖੀ ਦੀ ਬਿਮਾਰੀ ਵੀ ਬੱਚਿਆਂ ਨੂੰ ਵੱਡੀ ਗਿਣਤੀ ਵਿੱਚ ਖਿੱਚ ਦਾ ਕਾਰਨ ਬਣਾ ਰਹੀ ਹੈ ।

ਉਪਰੋਕਤ ਹਾਲਾਤ ਉੱਪਰ ਕਾਬੂ ਪਾਉਣ ਲਈ ਮੌਕੇ ਦੀਆਂ ਸਰਕਾਰਾਂ ਨੂੰ ਤੁਰੰਤ ਧਿਆਨ ਦੇਣ ਦੀ ਲੋੜ ਹੈ ਅਤੇ ਬੱਚਿਆਂ ਨੂੰ ਹਰ ਖੇਤਰ ਵਿੱਚ ਰੋਜ਼ਗਾਰ ਦਾ ਪ੍ਰਬੰਧ ਕਰਨ ਦੇ ਨਾਲ-ਨਾਲ ਸੂਬੇ ਵਿੱਚ ਨਿੱਤ ਨਵੀਆਂ ਖੁੰਬਾਂ ਦੀ ਤਰ੍ਹਾਂ ਉੱਗ ਰਹੀਆਂ ਆਈਲੈਟਸਾਂ 'ਤੇ ਪਾਬੰਦੀ ਲਗਾਉਣੀ ਚਾਹੀਦੀ ਹੈ ਅਤੇ ਪਹਿਲਾਂ ਖੁੱਲ੍ਹ ਚੁੱਕੀਆਂ ਉੱਪਰ ਸਖ਼ਤ ਸ਼ਰਤਾਂ ਤਹਿਤ ਪਾਬੰਦੀਆਂ ਲਾ ਦੇਣੀਆਂ ਚਾਹੀਦੀਆਂ ਹਨ ਕਿ ਉਹ ਸਾਲ ਵਿੱਚ ਇਸ ਤੋਂ ਜ਼ਿਆਦਾ ਬੱਚੇ ਦਾਖ਼ਲ ਨਹੀਂ ਕਰ ਸਕਦੇ। ਜੇਕਰ ਇਸ ਤਰ੍ਹਾਂ ਜਲਦੀ ਨਾ ਕੀਤਾ ਗਿਆ ਤਾਂ ਉਹ ਦਿਨ ਦੂਰ ਨਹੀਂ ਜਦੋਂ ਪੰਜਾਬ ਇੰਝ ਨਜ਼ਰ ਆਵੇਗਾ, ਜਿਵੇਂ ਬੇ-ਮੌਸਮੀ ਬਾਰਸ਼ ਪੈਣ ਕਾਰਨ ਕਿਸਾਨ ਦੀ ਕਣਕ ਦੇ ਖੇਤ ਵਿਚ ਉਜਾੜੇ ਜਾਂ ਫਸਲ ਦੀ ਬਰਬਾਦੀ ਦੇ ਚਿੰਨ੍ਹ ਨਜ਼ਰ ਆਉਂਦੇ ਹਨ । ਮੇਰਾ ਸੁਝਾਅ ਜਲਦੀ ਧਿਆਨ ਮੰਗਦਾ ਹੈ, ਜੇ ਚਿੜੀਆਂ ਖੇਤ ਹੀ ਚੁਗ ਗਈਆਂ ਤਾਂ ਫਿਰ ਪਛਤਾਉਣ ਨਾਲ ਕੁਝ ਵੀ ਪੱਲੇ ਨਹੀਂ ਪਵੇਗਾ।

***# ਸੰਪਰਕ : 98770-33838***

# ਰਾਣਵਾਂ ਨੇੜੇ ਸੜਕ ਹਾਦਸੇ 'ਚ ਤਿੰਨ ਨੌਜਵਾਨਾਂ ਦੀ ਮੌਤ, ਦੋ ਗੰਭੀਰ



**ਮਾਲੇਰਕੋਟਲਾ (ਅਸਗਰ ਪਰਿਹਾਰ)**
ਲੰਘੀ ਰਾਤ ਸਵਾ 11 ਵਜੇ ਦੇ ਕਰੀਬ ਮਾਲੇਰਕੋਟਲਾ-ਖੰਨਾ ਮੁੱਖ ਸੜਕ 'ਤੇ ਪਿੰਡ ਰਾਣਵਾਂ ਵਿਖੇ ਵਾਪਰੇ ਇਕ ਦਰਦਨਾਕ ਭਿਆਨਕ ਕਾਰ ਸੜਕ ਹਾਦਸ਼ੇ 'ਚ ਕਾਰ ਸਵਾਰ ਤਿੰਨ ਨੌਜਵਾਨਾਂ ਦੀ ਮੌਤ ਹੋ ਗਈ ਹੈ ਅਤੇ ਦੋ ਨੌਜਵਾਨ ਗੰਭੀਰ ਰੂਪ 'ਚ ਜ਼ਖਮੀ ਹੋ ਗਏ।ਮੌਕੇ ਤੋਂ ਪ੍ਰਾਪਤ ਜਾਣਕਾਰੀ ਮੁਤਾਬਕ ਖੰਨਾ ਤੋਂ ਮਾਲੇਰਕੋਟਲਾ ਨੂੰ ਆ ਰਹੀ ਇਕ ਸਕੌਡਾ ਕਾਰ ਨੰਬਰ ਸੀ.ਐੱਚ.01 ਏ ਐੱਸ 1504 'ਚ ਸਵਾਰ ਪੰਜ ਨੌਜਵਾਨ ਦੋਸਤ ਮੋਹਾਲੀ ਤੋਂ ਮਾਲੇਰਕੋਟਲਾ ਨੂੰ ਵਾਪਸ ਪਰਤ ਰਹੇ ਸਨ ਕਿ ਪਿੰਡ ਰਾਣਵਾਂ ਪੁੱਜਣ 'ਤੇ ਅਚਾਨਕ ਕਾਰ ਦੇ ਡਰਾਈਵਰ ਸਾਈਡ ਵਾਲੇ ਪਾਸੇ ਦਾ ਅਗਲਾ ਟਾਇਰ ਫਟ ਜਾਣ ਕਾਰਨ ਕਾਰ ਦਾ ਸੰਤੁਲਨ ਵਿਗੜ ਗਿਆ ਤੇ ਬੇ-ਕਾਬੂ ਹੋਈ ਕਾਰ ਪਲਟੀਆਂ ਖਾਂਦੀ ਹੋਈ ਕਾਫੀ ਦੂਰ ਤੱਕ ਚਲੀ ਗਈ, ਜਦਕਿ ਪਲਟੀਆਂ ਖਾਂਦੀ ਕਾਰ 'ਚ ਸਵਾਰ ਨੌਜਵਾਨਾਂ 'ਚੋਂ ਚਾਰ ਨੌਜਵਾਨ ਬੁੜਕ ਕੇ ਕਾਰ 'ਚੋਂ ਬਾਹਰ ਸੜਕ 'ਤੇ ਜਾ ਡਿੱਗੇ।

ਇਸ ਹਾਦਸਾਗ੍ਰਸਤ ਕਾਰ ਸਵਾਰ ਪੰਜ ਨੌਜਵਾਨਾਂ 'ਚ ਸਿਮਰਨਜੀਤ ਸਿੰਘ ਪੁੱਤਰ ਗੁਰਮੇਲ ਸਿੰਘ ਤੇ ਮਨਵੀਰ ਸਿੰਘ ਪੁੱਤਰ ਦੇਵਿੰਦਰ ਸਿੰਘ ਦੋਵੇਂ ਵਾਸੀ ਪਿੰਡ ਗੁਆਰਾ ਜ਼ਿਲ੍ਹਾ ਮਾਲੇਰਕੋਟਲਾ, ਆਲੀਸ਼ਾਨ ਪੁੱਤਰ ਮੁਹੰਮਦ ਰਮਜ਼ਾਨ ਜਾਨੂ ਵਾਸੀ ਮੁਹੱਲਾ ਅਜ਼ੀਮਪੁਰਾ ਮਾਲੇਰਕੋਟਲਾ, ਉਮੈਰ ਅਸਲਮ ਪੁੱਤਰ ਮੁਹੰਮਦ ਅਸਲਮ ਵਾਸੀ ਮੁਹੱਲਾ ਜਮਾਲਪੁਰਾ ਮਾਲੇਰਕੋਟਲਾ ਤੇ ਪ੍ਰਭਸਿਮਰਨ ਸਿੰਘ ਪੁੱਤਰ ਗੁਰਤੇਜ ਸਿੰਘ ਵਾਸੀ ਦਹੇੜੂ (ਖੰਨਾ) ਸ਼ਾਮਲ ਸਨ।ਪ੍ਰਾਪਤ ਜਾਣਕਾਰੀ ਮੁਤਾਬਕ ਸਿਮਰਨਜੀਤ ਸਿੰਘ ਪੁੱਤਰ ਗੁਰਮੇਲ ਸਿੰਘ ਪਿੰਡ ਗੁਆਰਾ, ਆਲੀਸ਼ਾਨ ਪੁੱਤਰ ਮੁਹੰਮਦ ਰਮਜ਼ਾਨ ਵਾਸੀ ਮੁਹੱਲਾ ਅਜ਼ੀਮਪੁਰਾ ਦੀ ਮਾਲੇਰਕੋਟਲਾ ਹਸਪਤਾਲ ਪਹੁੰਚਦਿਆਂ ਹੀ ਮੌਤ ਹੋ ਗਈ, ਜਦਕਿ ਉਮੈਰ ਅਸਲਮ ਪੁੱਤਰ ਮੁਹੰਮਦ ਅਸਲਮ ਵਾਸੀ ਮੁਹੱਲਾ ਜਮਾਲਪੁਰਾ ਨੇ ਲੁਧਿਆਣੇ ਜਾਂਦਿਆਂ ਰਸਤੇ 'ਚ ਦਮ ਤੋੜ ਦਿੱਤਾ।ਹਾਦਸੇ 'ਚ ਜ਼ਖਮੀਂ ਨੌਜਵਾਨ ਮਨਵੀਰ ਸਿੰਘ ਗੁਆਰਾ ਨੂੰ ਦਿਆਨੰਦ ਹਸਪਤਾਲ ਲੁਧਿਆਣਾ ਤੇ ਪ੍ਰਭਸਿਮਰਨ ਸਿੰਘ ਨੂੰ ਰਜਿੰਦਰਾ ਹਸਪਤਾਲ ਪਟਿਆਲਾ ਵਿਖੇ ਦਾਖਲ ਕਰਵਾਇਆ ਗਿਆ ਹੈ।ਦੋਵੇਂ ਜ਼ਖਮੀਆਂ ਦੀ ਸੰਭਾਲ ਕਰ ਰਹੇ ਵਾਰਸਾਂ ਮੁਤਾਬਕ ਦੋਵਾਂ ਦੀ ਹਾਲਤ ਅਤਿ ਨਾਜ਼ੁਕ ਬਣੀ ਹੋਈ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਹਾਦਸੇ ਦਾ ਪਤਾ ਲਗਦਿਆਂ ਹੀ ਮੌਕੇ 'ਤੇ ਪੁੱਜੇ ਪਿੰਡ ਵਾਸੀਆਂ ਨੇ ਤੁਰੰਤ ਥਾਣਾ ਅਹਿਮਦਗੜ੍ਹ ਦੀ ਪੁਲਸ ਨੂੰ ਸੂਚਿਤ ਕੀਤਾ ਤੇ ਮ੍ਰਿਤਕਾਂ ਸਮੇਤ ਲਹੂ ਲੁਹਾਨ ਹਾਲਤ 'ਚ ਹਾਦਸਾਗ੍ਰਸਤ ਜ਼ਖਮੀ ਕਾਰ ਸਵਾਰ ਨੌਜਵਾਨਾਂ ਨੂੰ ਲੋਕਾਂ ਨੇ ਪੁਲਸ ਦੀ ਮੱਦਦ ਨਾਲ ਸਿਵਲ ਹਸਪਤਾਲ ਮਾਲੇਰਕੋਟਲਾ ਵਿਖੇ ਪਹੁੰਚਾਇਆ।ਰਜਿੰਦਰਾ ਹਸਪਤਾਲ ਪਟਿਆਲਾ ਵਿਖੇ ਦਾਖਲ ਨੌਜਵਾਨ ਪ੍ਰਭਸਿਮਰਨ ਸਿੰਘ ਦੇ ਇਕ ਨਜ਼ਦੀਕੀ ਰਿਸ਼ਤੇਦਾਰ ਨੇ ਦੱਸਿਆ ਕਿ ਪ੍ਰਭਸਿਮਰਨ ਸਿੰਘ ਦੀ ਹਾਲਤ ਅਤਿ ਨਾਜ਼ੁਕ ਹੈ ਅਤੇ ਡਾਕਟਰਾਂ ਨੇ ਅਗਲੇ 72 ਘੰਟਿਆਂ ਤੱਕ ਉਡੀਕ ਕਰਨ ਲਈ ਕਿਹਾ ਹੈ।

ਥਾਣਾ ਸਦਰ ਅਹਿਮਦਗੜ੍ਹ ਵਿਖੇ ਮਾਮਲੇ ਦੇ ਤਫਤੀਸ਼ੀ ਅਧਿਕਾਰੀ ਸਹਾਇਕ ਥਾਣੇਦਾਰ ਗੁਰਮੀਤ ਸਿੰਘ ਮੁਤਾਬਕ ਮ੍ਰਿਤਕ ਨੌਜਵਾਨ ਸਿਮਰਨਜੀਤ ਸਿੰਘ ਦੇ ਪਿਤਾ ਗੁਰਮੇਲ ਸਿੰਘ ਗੁਆਰਾ ਦੇ ਬਿਆਨਾਂ 'ਤੇ ਕਾਰਵਾਈ ਅਮਲ 'ਚ ਲਿਆਂਦੀ ਜਾ ਰਹੀ ਹੈ।ਮਿਲੀ ਜਾਣਕਾਰੀ ਅਨੁਸਾਰ ਮ੍ਰਿਤਕ ਨੌਜਵਾਨ ਉਮੈਰ ਅਸਲਮ ਤੇ ਆਲੀਸ਼ਾਨ ਨੂੰ ਬਾਅਦ ਦੁਪਹਿਰ ਸਪੁਰਦ-ਏ-ਖ਼ਾਕ ਕਰ ਦਿੱਤਾ ਗਿਆ ਹੈ, ਜਦਕਿ ਤੀਜੇ ਮ੍ਰਿਤਕ ਨੌਜਵਾਨ ਸਿਮਰਨਜੀਤ ਸਿੰਘ ਦਾ ਵੀ ਪਿੰਡ ਗੁਆਰਾ ਵਿਖੇ ਅੰਤਿਮ ਸੰਸਕਾਰ ਕਰ ਦਿੱਤਾ ਗਿਆ ਹੈ।

# ਰਾਤ ਨੂੰ ਕੁੜੀ ਦੇ ਘਰ ਮਿਲਣ ਗਏ ਨੌਜਵਾਨ ਦੀ ਕੁੱਟਮਾਰ ਮਗਰੋਂ ਮੌਤ, ਦੋ ਨਾਮਜ਼ਦ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਨੌਜਵਾਨ ਰਾਤ ਸਮੇਂ ਕਈ ਕਿਲੋਮੀਟਰ ਦਾ ਸਫਰ ਤੈਅ ਕਰਕੇ ਕਿਸੇ ਦੇ ਘਰ ਜਾ ਵੜਿਆ, ਘਰ ਵਿੱਚ ਮੌਜੂਦ ਬਜ਼ੁਰਗ ਤੇ ਨੌਜਵਾਨ ਵੱਲੋਂ ਉਸ ਦੀ ਕੁੱਟਮਾਰ ਕੀਤੀ ਗਈ।ਝਗੜੇ ਦੌਰਾਨ ਨੌਜਵਾਨ ਦੇ ਸਿਰ ਵਿੱਚ ਮਾਰੀਆਂ ਇੱਟਾਂ ਨੂੰ ਮੌਤ ਦਾ ਕਾਰਨ ਮੰਨਦਿਆਂ ਮ੍ਰਿਤਕ ਦੇ ਪਿਤਾ ਪ੍ਰਿਥੀ ਸਿੰਘ ਵੱਲੋਂ ਥਾਣਾ ਘੱਗਾ 'ਚ ਕੀਤੀ ਸ਼ਿਕਾਇਤ 'ਤੇ ਪੁਲਸ ਨੇ ਇਰਾਦਾ ਕਤਲ ਦੀਆਂ ਧਰਾਵਾਂ ਤਹਿਤ ਦੋ ਵਿਕਤੀਆਂ ਖਿਲਾਫ਼ ਕੇਸ ਦਰਜ ਕਰਕੇ ਬਣਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।ਥਾਣਾ ਘੱਗਾ ਦੇ ਇੰਚਾਰਜ ਦਰਸ਼ਨ ਸਿੰਘ ਨੇ ਦੱਸਿਆ ਕਿ ਪ੍ਰਿਥੀ ਸਿੰਘ ਵਾਸੀ ਸੋਡੀਵਾਲਾ (ਉੱਗੋਕੇ) ਨੇ ਥਾਣੇ ਵਿੱਚ ਸ਼ਿਕਾਇਤ ਕੀਤੀ ਹੈ, ਉਸ ਦਾ ਲੜਕਾ ਗੁਰਬਖਸ਼ ਸਿੰਘ ਸ਼ੁੱਕਰਵਾਰ ਦੀ ਦਰਮਿਆਨੀ ਰਾਤ ਨੂੰ ਪਿੰਡ ਸਧਾਰਨਪੁਰ ਕਿਸੇ ਲੜਕੀ ਨੂੰ ਮਿਲਣ ਗਿਆ ਸੀ।ਇਸੇ ਦੌਰਾਨ ਘਰ ਵਿੱਚ ਮੌਜੂਦ ਦਾਦੇ-ਪੋਤੇ ਨੇ ਨੌਜਵਾਨ ਨੂੰ ਫੜ ਕੇ ਮਾਰਨ ਦੀ ਨੀਅਤ ਨਾਲ ਉਸ ਦੇ ਸਿਰ ਵਿੱਚ ਇੱਟਾਂ ਮਾਰੀਆਂ ਤੇ ਕੁੱਟਮਾਰ ਕੀਤੀ। ਅਖੀਰ ਉਹ ਉਨ੍ਹਾਂ ਤੋਂ ਆਪਣੇ ਆਪ ਨੂੰ ਛੁਡਾ ਕੇ ਮੋਟਰਸਾਈਕਲ 'ਤੇ ਆਪਣੇ ਨਾਨੇ ਜੋਗਿੰਦਰ ਸਿੰਘ ਵਾਸੀ ਕੱਕੜ ਫਾਰਮ ਹਾਊਸ ਟੋਹਾਣਾ ਚਲਾ ਗਿਆ।ਰਸਤੇ ਵਿੱਚ ਉਸ ਨੇ ਕਿਸੇ ਪ੍ਰਾਈਵੇਟ ਡਾਕਟਰ ਤੋਂ ਪੱਟੀ ਕਰਵਾਈ ਸੀ।ਉਸ ਦਾ ਲੜਕਾ ਆਪਣੇ ਨਾਨੇ ਨੂੰ ਉਕਤ ਘਟਨਾ ਬਾਰੇ ਦੱਸ ਕੇ ਸੌਂ ਗਿਆ, ਜਦੋਂ ਉਹ ਸਵੇਰ ਨਾ ਉੱਠਿਆ ਤਾਂ ਉਸ ਨੂੰ ਸੰਗਮ ਹਸਪਤਾਲ ਟੋਹਾਣਾ ਲਿਜਾਇਆ ਗਿਆ ਤੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ ਹੈ।ਉਨ੍ਹਾਂ ਦੱਸਿਆ ਕਿ ਉਕਤ ਸ਼ਿਕਾਇਤ ਦੇ ਅਧਾਰਤ ਧਾਰਾ 302, 34 ਆਈਪੀਐੱਸ ਤਹਿਤ ਜੈਮਲ ਸਿੰਘ ਤੇ ਗੁਰਜੰਟ ਸਿੰਘ ਵਾਸੀ ਸਧਾਰਨਪੁਰ ਖਿਲਾਫ਼ ਕੇਸ ਦਰਜ ਕਰਕੇ ਬਣਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਨਹਿਰ ਦੇ ਕੰਢਿਓਂ ਗਲੀ-ਸੜੀ ਲਾਸ਼ ਮਿਲੀ

**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਪਿੰਡ ਸਧਾਨਾ ਵਿੱਚੋਂ ਲੰਘ ਰਹੀ ਸਰਹੰਦ ਨਹਿਰ ਘਰਾਟਾਂ ਦੇ ਪੁਲ ਨਜ਼ਦੀਕ ਨਹਿਰ ਦੇ ਕਿਨਾਰੇ ਤੋਂ ਲਾਵਾਰਿਸ ਗਲੀ ਸੜੀ ਡੈੱਡ ਬੋਡੀ ਦਾ ਪਿੰਜਰ ਮਿਲਣ ਦਾ ਸਮਾਚਾਰ ਹੈ। ਜਾਣਕਾਰੀ ਦਿੰਦੇ ਹੋਏ ਸਹਾਰਾ ਸਮਾਜ ਸੇਵਾ ਪੰਜਾਬ ਦੇ ਮੁਖੀ ਸੰਦੀਪ ਵਰਮਾ ਦੱਸਿਆ ਕਿ ਮੈਨੂੰ ਇਤਲਾਹ ਮਿਲੀ ਕਿ ਨਹਿਰ ਦੇ ਕਿਨਾਰੇ ਪਾਣੀ ਵਿੱਚ ਗਲੀ ਸੜੀ ਲਾਸ਼ ਪਈ ਹੈ ਤਾਂ ਤੁਰੰਤ ਸਹਾਰਾ ਦੀ ਟੀਮ ਨੇ ਘਟਨਾ ਸਥਾਨ 'ਤੇ ਪਹੁੰਚ ਕੇ ਇਸ ਦੀ ਸੂਚਨਾ ਥਾਣਾ ਫੂਲ ਟਾਊਨ ਦੇ ਐੱਸ ਐੱਚ ਓ ਜਸਵੀਰ ਸਿੰਘ ਚਹਿਲ ਨੂੰ ਦਿੱਤੀ। ਉਪਰੰਤ ਲਾਸ਼ ਨੂੰ ਪੁਲਸ ਪਾਰਟੀ ਦੀ ਮੌਜੂਦਗੀ ਵਿੱਚ ਬਾਹਰ ਕੱਢਿਆ ਗਿਆ। ਉਸ ਦੇ ਨੀਲੇ ਰੰਗ ਦੀ ਕਮੀਜ਼ ਪਹਿਨੀ ਹੋਈ ਸੀ, ਲਾਸ਼ ਦੇ ਸਰੀਰ ਤੋਂ ਮਾਸ ਝੜ ਚੁੱਕਿਆ ਸੀ ਤੇ ਪਿੰਜਰ ਹੀ ਰਹਿ ਗਿਆ ਸੀ। ਲਾਸ਼ ਮੇਲ ਜਾਂ ਫੀਮੇਲ, ਉਮਰ, ਕਿੰਨੇ ਦਿਨ ਪੁਰਾਣੀ ਹੈ, ਇਹ ਤਾਂ ਪੋਸਟਮਾਰਟਮ ਤੋਂ ਬਾਅਦ ਹੀ ਪਤਾ ਲੱਗ ਸਕੇਗਾ। ਲਾਸ਼ ਨੂੰ ਸ਼ਨਾਖਤ ਲਈ ਸਿਵਲ ਹਸਪਤਾਲ ਰਾਮਪੁਰਾ ਦੀ ਮੋਰਚਰੀ ਵਿੱਚ 72 ਘੰਟਿਆਂ ਲਈ ਰੱਖਿਆ ਗਿਆ ਹੈ।

# ਕਿਸਾਨਾਂ ਵੱਲੋਂ ਐੱਸ ਡੀ ਐੱਮ ਦਫਤਰ ਦਾ ਘਿਰਾਓ ਜਾਰੀ, ਸਰਕਾਰ ਨਹੀਂ ਸੁਣ ਰਹੀ ਗੱਲ



**ਮੂਨਕ (ਰਾਜਪਾਲ ਸਿੰਗਲਾ)**-ਸੁਨਾਮ ਸਾਇਲੋ ਦੇ ਸਾਹਮਣੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੀ ਅਗਵਾਈ ਹੇਠ ਕਿਸਾਨਾਂ ਵੱਲੋਂ 11 ਅਪ੍ਰੈਲ ਨੂੰ ਦਿੱਤੇ ਧਰਨੇ ਦੌਰਾਨ ਪਿੰਡ ਸੰਗਤਪੁਰਾ ਦੇ ਕਿਸਾਨ ਕਰਮਜੀਤ ਸਿੰਘ ਦੀ ਦਿਲ ਦਾ ਦੌਰਾ ਪੈਣ ਕਰਕੇ ਪਟਿਆਲਾ ਦੇ ਰਾਜਿੰਦਰਾ ਹਸਪਤਾਲ ਵਿੱਚ ਮੌਤ ਹੋ ਜਾਣ ਉਪਰੰਤ ਪੀੜਤ ਪਰਿਵਾਰ ਨੂੰ ਮਾਲੀ ਮੱਦਦ ਤੇ ਸਰਕਾਰੀ ਨੌਕਰੀ ਦਿਵਾਉਣ ਲਈ ਉਕਤ ਜਥੇਬੰਦੀ ਦੀ ਅਗਵਾਈ ਹੇਠ ਕਿਸਾਨਾਂ ਵੱਲੋਂ ਐੱਸ ਡੀ ਐੱਮ ਲਹਿਰਾ ਦੇ ਦਫ਼ਤਰ ਲਾਇਆ ਧਰਨਾ ਅੱਜ ਤੀਸਰੇ ਦਿਨ ਵੀ ਜਾਰੀ ਰਿਹਾ ਹੈ, ਪ੍ਰੰਤੂ ਸਰਕਾਰ ਨੇ ਅਜੇ ਤੱਕ ਕਿਸਾਨਾਂ ਦੀ ਗੱਲ ਨਹੀਂ ਸੁਣੀ ਅਤੇ ਨਾ ਹੀ ਇਸ ਮਸਲੇ ਨੂੰ ਹੱਲ ਕਰਨ ਲਈ ਪ੍ਰਸ਼ਾਸਨ ਵੱਲੋਂ ਕੋਈ ਸਾਰਥਕ ਕਦਮ ਪੁੱਟਿਆ ਗਿਆ ਹੈ, ਜਿਸ ਦੇ ਚੱਲਦਿਆਂ ਕਿਸਾਨ ਕਰਮਜੀਤ ਸਿੰਘ ਦੀ ਲਾਸ਼ ਪਟਿਆਲਾ ਦੇ ਰਾਜਿੰਦਰਾ ਹਸਪਤਾਲ ਦੀ ਮੋਰਚਰੀ ਵਿੱਚ ਪਈ ਹੈ।ਦੂਸਰੇ ਪਾਸੇ ਅੱਜ ਦੇ ਧਰਨੇ ਨੂੰ ਸੰਬੋਧਨ ਕਰਦਿਆਂ ਕਿਸਾਨ ਬੀਬੀਆਂ ਤੇ ਆਗੂਆਂ ਨੇ ਕਿਹਾ ਕਿ ਸਰਕਾਰ ਤੇ ਪ੍ਰਸ਼ਾਸਨ ਕਿਸਾਨਾਂ ਦੇ ਸਬਰ ਨੂੰ ਪਰਖਣਾ ਬੰਦ ਕਰਕੇ ਕਿਸਾਨ ਦੇ ਪੀੜਤ ਪਰਿਵਾਰ ਨੂੰ 10 ਲੱਖ ਰੁਪਿਆ ਤੇ ਪਰਿਵਾਰ ਦੇ ਇੱਕ ਮੈਂਬਰ ਨੂੰ ਸਰਕਾਰੀ ਨੌਕਰੀ ਦੇਣ ਦੇ ਨਾਲ ਨਾਲ ਪਰਿਵਾਰ ਸਿਰ ਚੜ੍ਹਿਆ ਸਾਰਾ ਸਰਕਾਰੀ ਤੇ ਗੈਰ-ਸਰਕਾਰੀ ਕਰਜ਼ਾ ਮੁਆਫ ਕਰੇ।

ਉਨ੍ਹਾਂ ਕਿਹਾ ਕਿ ਜਦੋਂ ਤੱਕ ਸਰਕਾਰ ਤੇ ਪ੍ਰਸ਼ਾਸਨ ਸਾਡੀ ਇਸ ਮੰਗ ਨੂੰ ਪੂਰੀ ਨਹੀਂ ਕਰੇਗਾ ਓਦੋਂ ਤੱਕ ਅਸੀਂ ਕਿਸਾਨ ਕਰਮਜੀਤ ਸਿੰਘ ਦੀ ਸੋਚ ਲਾਸ਼ ਦਾ ਪੋਸਟਮਾਰਟਮ ਨਹੀਂ ਕਰਨ ਦੇਵਾਂਗੇ।ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਨੇ ਸਾਡੀ ਇਸ ਮੰਗ ਨੂੰ ਪੂਰਾ ਨਾ ਕੀਤਾ ਤਾਂ ਸੰਘਰਸ਼ ਨੂੰ ਹੋਰ ਤਿੱਖਾ ਕਰਨਾ ਸਾਡੀ ਮਜਬੂਰੀ ਬਣ ਜਾਵੇਗੀ, ਜਿਸ ਦੇ ਨਿਕਲਣ ਵਾਲੇ ਚੰਗੇ ਮਾੜੇ ਸਿੱਟਿਆਂ ਦੀ ਜ਼ਿੰਮੇਵਾਰੀ ਇਥੋਂ ਦੇ ਪ੍ਰਸ਼ਾਸਨ ਤੇ ਸਰਕਾਰ ਦੀ ਹੋਵੇਗੀ।ਧਰਨੇ ਨੂੰ ਧਰਮਿੰਦਰ ਸਿੰਘ ਪਸ਼ੌਰ ਬਲਾਕ ਪ੍ਰਧਾਨ ਲਹਿਰਾਗਾਗਾ, ਉਪ ਪ੍ਰਧਾਨ ਸੂਬਾ ਸਿੰਘ ਸੰਗਤਪੁਰਾ, ਬਹਾਦਰ ਸਿੰਘ ਭੁਟਾਲ, ਬਿੰਦਰ ਸਿੰਘ ਖੋਖਰ, ਪ੍ਰੀਤਮ ਸਿੰਘ ਲਹਿਲ ਕਲਾ, ਪਰਮਜੀਤ ਕੌਰ ਲਹਿਲ ਕਲਾ, ਬਲਜੀਤ ਕੌਰ, ਰਾਜ ਕੌਰ ਤੇ ਹੋਰ ਪਿੰਡ ਇਕਾਈਆਂ ਦੇ ਪ੍ਰਧਾਨਾਂ ਨੇ ਸੰਬੋਧਨ ਕੀਤਾ।

## ਕਾਤਰਾਂ

### ਸ੍ਰੀ ਰਾਮ ਨੌਵੀਂ ਦੇ ਸਬੰਧ 'ਚ ਸਮਾਗਮ 17 ਨੂੰ

**ਮਲੋਟ (ਗੁਰਮੀਤ ਸਿੰਘ ਮੱਕੜ)**-ਸ੍ਰੀ ਰਾਮ ਨੌਵੀਂ ਉਤਸਵ ਕਮੇਟੀ ਵੱਲੋਂ ਸ਼ਹਿਰ ਦੀਆਂ ਸਮੂਹ ਧਾਰਮਿਕ ਤੇ ਸਮਾਜਿਕ ਸੰਸਥਾਵਾਂ ਦੇ ਸਹਿਯੋਗ ਨਾਲ ਸ਼੍ਰੀ ਰਾਮ ਨੌਵੀਂ ਦਾ ਤਿਉਹਾਰ ਸ਼੍ਰੀ ਸਨਾਤਮ ਧਰਮ ਕ੍ਰਿਸ਼ਨਾ ਮੰਦਰ (ਨਜ਼ਦੀਕ ਵਾਟਰ ਵਰਕਸ) ਮਲੋਟ ਵਿਖੇ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਕਮੇਟੀ ਦੇ ਮੈਂਬਰਾਂ ਨੇ ਦੱਸਿਆ ਕਿ ਇਸ ਸਮਾਗਮ ਸੰਬੰਧੀ 15 ਅਪ੍ਰੈਲ ਨੂੰ ਦੁਪਹਿਰ 2 ਵਜੇ ਸ਼ੋਭਾ ਯਾਤਰਾ ਕੱਢੀ ਜਾਵੇਗੀ। ਇਸ ਤੋਂ ਇਲਾਵਾ 17 ਅਪ੍ਰੈਲ ਨੂੰ ਭਜਨ ਕੀਰਤਨ ਸ਼ਾਮ 6 ਵਜੇ ਤੋਂ ਲੈ ਕੇ ਰਾਤ 9 ਵਜੇ ਤੱਕ ਹੋਵੇਗਾ। ਉਨ੍ਹਾਂ ਵੱਲੋਂ ਸ਼ਹਿਰ ਦੀਆਂ ਸੰਗਤਾਂ ਨੂੰ ਇਸ ਸਮਾਗਮ ਵਿੱਚ ਪਹੁੰਚਣ ਦੀ ਅਪੀਲ ਕੀਤੀ।

### ਬਾਊ ਓਮ ਪ੍ਰਕਾਸ਼ ਦੇ ਦੇਹਾਂਤ 'ਤੇ ਦੁੱਖ ਦਾ ਪ੍ਰਗਟਾਵਾ

**ਭਗਤਾ ਭਾਈ ਕਾ (ਰਾਜੀਵ ਗੋਇਲ)**-ਸਥਾਨਕ ਸ਼ਹਿਰ



ਦੇ ਰਹਿਣ ਵਾਲੇ ਬੜੇ ਹੀ ਨੇਕ ਤੇ ਨਰਮ ਸੁਭਾਅ ਦੇ ਮਾਲਕ ਬਾਊ ਮਾਸਟਰ ਓਮ ਪ੍ਰਕਾਸ਼ ਮਹੇਸ਼ਵਰੀ ਭਿਆਨਕ ਬਿਮਾਰੀ ਤੋਂ ਪੀੜਤ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗੁਰੂ ਚਰਨਾਂ 'ਚ ਜਾ ਬਿਰਾਜੇ ਹਨ।ਬਾਊ ਓਮ ਪ੍ਰਕਾਸ਼ ਸਥਾਨਕ ਡਾਕਘਰ ਦਾ ਵੀ ਕੰਮ ਸੰਭਾਲਦੇ ਸਨ।ਇਸ ਦੁੱਖ ਦੀ ਘੜੀ ਵਿੱਚ ਮਹੇਸ਼ਵਰੀ ਪਰਿਵਾਰ ਨਾਲ ਦੁੱਖ ਸਾਂਝਾ ਕਰਦੇ ਹੋਏ ਸਾਬਕਾ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ ਵੱਲੋਂ ਵੀ ਮਾਸਟਰ ਜੀ ਦੇ ਸੁਭਾਅ ਦੀ ਸ਼ਲਾਘਾ ਕਰਦੇ ਹੋਏ ਪਰਿਵਾਰ ਨਾਲ ਡੂੰਘੀ ਹਮਦਰਦੀ ਦਾ ਪ੍ਰਗਟਾਵਾ ਕੀਤਾ ਗਿਆ ਤੇ ਪਰਿਵਾਰ ਨੂੰ ਕਦੇ ਵੀ ਨਾ ਪੂਰਾ ਹੋਣ ਵਾਲਾ ਘਾਟਾ ਦੱਸਿਆ।ਇਸ ਦੁੱਖ ਦੀ ਘੜੀ ਵਿੱਚ ਪਰਿਵਾਰ ਨਾਲ ਇੰਦਰਜੀਤ ਸਿੰਘ ਮਾਨ ਚੇਅਰਮੈਨ ਪੰਜਾਬ ਖਾਦੀ ਤੇ ਗ੍ਰਾਮ ਉਦਯੋਗ ਬੋਰਡ, ਬੂਟਾ ਸਿੱਧੂ ਪ੍ਰਧਾਨ ਨਗਰ ਪੰਚਾਇਤ ਭਗਤਾ, ਵਿਜੈ ਕੁਮਾਰ ਪ੍ਰਧਾਨ ਆੜ੍ਹਤੀਆ ਯੂਨੀਅਨ, ਜਗਮੋਹਨ ਲਾਲ ਕੌਂਸਲਰ, ਪਰਮਿੰਦਰ ਕੁਮਾਰ ਟੀਨਾ, ਸੁਨੀਲ ਕੁਮਾਰ ਭਦੌੜੀਆ, ਗੁਰਬਿੰਦਰ ਸਿੱਧੂ ਭਾਜਪਾ ਆਗੂ, ਬਬਲੇਸ਼ ਕੁਮਾਰ ਬੌਬੀ ਸਿੰਗਲਾ ਸਮੇਤ ਇਲਾਕੇ ਦੇ ਸਮੂਹ ਸਿਆਸੀ ਤੇ ਧਾਰਮਿਕ ਆਗੂਆਂ ਤੋਂ ਇਲਾਵਾ ਸਥਾਨਕ ਬਾਜ਼ਾਰ ਦੇ ਸਮੂਹ ਦੁਕਾਨਦਾਰਾਂ ਵੱਲੋਂ ਪਰਿਵਾਰ ਨਾਲ ਡੂੰਘੀ ਹਮਦਰਦੀ ਦਾ ਪ੍ਰਗਟਾਵਾ ਕੀਤਾ ਗਿਆ।

### ਛਾਬੜਾ ਜ਼ਿਲ੍ਹਾ ਪ੍ਰਧਾਨ ਨਿਯੁਕਤ



**ਮੱਖੂ (ਰਛਪਾਲ ਸਿੰਘ ਸੰਧੂ)**-ਵਿਸ਼ਵ ਪ੍ਰਸਿੱਧ ਸਮਾਜ ਸੇਵੀ ਸੰਸਥਾ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੈਨੇਜਿੰਗ ਟਰੱਸਟੀ ਡਾ. ਐੱਸ. ਪੀ. ਸਿੰਘ ਓਬਰਾਏ ਤੇ ਕੌਮੀ ਪ੍ਰਧਾਨ ਜੱਸਾ ਸਿੰਘ ਸੰਧੂ ਵੱਲੋਂ ਜ਼ਿਲ੍ਹਾ ਫਿਰੋਜ਼ਪੁਰ ਦੇ ਪ੍ਰਧਾਨ ਹਰਜਿੰਦਰ ਸਿੰਘ ਕਤਨਾ ਦੇ ਅਚਾਨਕ ਅਕਾਲ ਚਲਾਣਾ ਕਰ ਜਾਣ ਮਗਰੋਂ ਜ਼ਿਲ੍ਹੇ ਅੰਦਰ ਟਰੱਸਟ ਵੱਲੋਂ ਚੱਲ ਰਹੀਆਂ ਸੇਵਾਵਾਂ ਨੂੰ ਜਾਰੀ ਰੱਖਣ ਲਈ ਮੈਡਮ ਅਮਰਜੀਤ ਕੌਰ ਛਾਬੜਾ, ਜੋ ਲੰਮੇ ਸਮੇਂ ਤੋਂ ਟਰੱਸਟ ਨਾਲ ਸੇਵਾਵਾਂ ਨਿਭਾਅ ਰਹੇ ਹਨ, ਉਨ੍ਹਾਂ ਨੂੰ ਜ਼ਿਲ੍ਹਾ ਫਿਰੋਜ਼ਪੁਰ ਦੇ ਪ੍ਰਧਾਨ ਬਣਾ ਕੇ ਮੁੱਖ ਦਫਤਰ ਪਟਿਆਲਾ ਤੋਂ ਨਿਯੁਕਤੀ ਪੱਤਰ ਜਾਰੀ ਕੀਤਾ ਗਿਆ।ਟਰੱਸਟ ਦੇ ਬਾਨੀ ਡਾ. ਐੱਸ. ਪੀ. ਸਿੰਘ ਓਬਰਾਏ ਤੇ ਕੌਮੀ ਪ੍ਰਧਾਨ ਜੱਸਾ ਸਿੰਘ ਸੰਧੂ ਵੱਲੋਂ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਅਮਰਜੀਤ ਕੌਰ ਛਾਬੜਾ ਨੇ ਟਰੱਸਟ ਦੀਆਂ ਸੇਵਾਵਾਂ ਵਿੱਚ ਪਿਛਲੇ ਲੰਮੇ ਸਮੇਂ ਤੋਂ ਵਡਮੁੱਲਾ ਯੋਗਦਾਨ ਪਾਇਆ ਹੈ। ਨਵਨਿਯੁਕਤ ਜ਼ਿਲ੍ਹਾ ਪ੍ਰਧਾਨ ਮੈਡਮ ਅਮਰਜੀਤ ਕੌਰ ਛਾਬੜਾ ਨੇ ਕਿਹਾ ਕਿ ਉਹ ਇਸ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਸਮਰਪਤ ਹੋ ਕੇ ਨਿਭਾਵਾਉਗੇ।

# ਭਾਰਤੀ ਸੰਵਿਧਾਨ ਨੂੰ ਦਰਪੇਸ਼ ਫਾਸ਼ੀਵਾਦੀ ਖਤਰਿਆਂ ਤੋਂ ਸੁਚੇਤ ਹੋਣ ਦੀ ਲੋੜ : ਮੰਗਤ ਰਾਮ



ਕਾਲਾਂਵਾਲੀ ਦੇ ਅੰਬੇਡਕਰ ਚੌਕ ਵਿੱਚ ਜੁੜੇ ਵੱਖ-ਵੱਖ ਸੰਗਠਨਾਂ ਦੇ ਕਾਰਕੁਨ।

**ਕਾਲਾਂਵਾਲੀ (ਸੁਰਿੰਦਰ ਪਾਲ ਸਿੰਘ)**
ਮੰਡੀ ਕਾਲਾਂਵਾਲੀ ਦੇ ਡਾਕਟਰ ਭੀਮ ਰਾਓ ਅੰਬੇਦਕਰ ਚੌਕ ਵਿੱਚ ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾਕਟਰ ਭੀਮ ਰਾਓ ਅੰਬੇਡਕਰ ਦੇ 133ਵੇਂ ਜਨਮ ਦਿਨ ਮੌਕੇ ਇਕੱਤਰ ਹੋਏ ਬੁੱਧੀਜੀਵੀਆਂ ਵੱਲੋਂ ਭਾਰਤੀ ਸੰਵਿਧਾਨ ਦੀ ਰਾਖੀ ਕਰਨ ਦਾ ਦ੍ਰਿੜ ਸੰਕਲਪ ਲਿਆ ਗਿਆ। ਇਸ ਮੌਕੇ ਬੋਲਦਿਆਂ ਡਾਕਟਰ ਅੰਬੇਡਕਰ ਸਭਾ ਦੇ ਕਾਲਾਂਵਾਲੀ ਦੇ ਪ੍ਰਧਾਨ ਮੰਗਤ ਨਾਗਰ ਨੇ ਕਿਹਾ ਕਿ ਮੌਜੂਦਾ ਹਾਕਮਾਂ ਵੱਲੋਂ ਭਾਰਤੀ ਸੰਵਿਧਾਨ ਨੂੰ ਬਦਲਣ ਦੀਆਂ ਕੋਝੀਆਂ ਨੀਤੀਆਂ ਦਾ ਹਰ ਵਰਗ ਵੱਲੋਂ ਸਖਤ ਵਿਰੋਧ ਹੋ ਰਿਹਾ ਹੈ। ਇਸ ਮੌਕੇ ਬੋਲਦਿਆਂ ਅੰਬੇਡਕਰ ਸਭਾ ਦੇ ਉਪ ਪ੍ਰਧਾਨ ਮੰਗਤ ਰਾਮ ਨੇ ਕਿਹਾ ਕਿ ਮੌਜੂਦਾ ਹਾਕਮਾਂ ਵੱਲੋਂ ਭਾਰਤੀ ਸੰਵਿਧਾਨ ਵਿੱਚ ਤਬਦੀਲੀਆਂ ਕਰਨ ਦੇ ਮਨਸੂਬੇ ਕਦੇ ਵੀ ਕਾਮਯਾਬ ਨਹੀਂ ਹੋਣ ਦਿੱਤੇ ਜਾਣਗੇ। ਰਿਟਾਇਰ ਕਰਮਚਾਰੀ ਸੰਘ ਦੇ ਆਗੂ ਹਰਮੀਤ ਸਿੰਘ ਪੱਕਾ ਨੇ ਕਿਹਾ ਕਿ ਅੱਜ ਦੇ ਦੌਰ ਵਿੱਚ ਫਾਸ਼ੀਵਾਦੀ ਤਾਕਤਾਂ ਲੋਕਾਂ ਦੇ ਸੰਵਿਧਾਨਕ ਹੱਕਾਂ ਨੂੰ ਬੁਰੀ ਤਰ੍ਹਾਂ ਕੁਚਲਣ 'ਤੇ ਲੱਗੀਆਂ ਹੋਈਆਂ ਹਨ। ਅਧਿਆਪਕ ਆਗੂ ਮਾਸਟਰ ਫੂਲ ਸਿੰਘ ਲੁਹਾਣੀ ਵੱਲੋਂ ਡਾ: ਅੰਬੇਡਕਰ ਦੀਆਂ ਯੋਗਤਾਵਾਂ ਪ੍ਰਤੀ ਭਾਵਪੂਰਤ ਕਵਿਤਾ ਗਾਇਨ ਕੀਤਾ ਗਿਆ। ਇਸ ਮੌਕੇ ਰਿਟਾਇਰ ਅਧਿਆਪਕ ਮਾਸਟਰ ਸੁਖਦਰਸ਼ਨ ਸਿੰਘ ਔਲਖ ਦਾ ਕਹਿਣਾ ਸੀ ਕਿ ਭਾਰਤੀ ਸੰਵਿਧਾਨ ਅਨੁਸਾਰ ਘੱਟ ਗਿਣਤੀਆਂ ਨੂੰ ਮਿਲੀ ਆਜ਼ਾਦੀ ਨੂੰ ਭਾਜਪਾ ਦੇ ਫਾਸ਼ੀਵਾਦੀ ਬੁਲਡੋਜ਼ਰਾਂ ਨਾਲ ਕੁਚਲਿਆ ਜਾ ਰਿਹਾ ਹੈ। ਮੰਡੀ ਕਾਲਾਂਵਾਲੀ ਦੇ ਅੰਬੇਡਕਰ ਚੌਕ ਵਿਖੇ ਇਕੱਤਰ ਹੋਏ ਵੱਖ-ਵੱਖ ਸੰਸਥਾਵਾਂ ਦੇ ਬੁਲਾਰਿਆਂ ਵੱਲੋਂ ਡਾਕਟਰ ਅੰਬੇਡਕਰ ਦੀ ਤਸਵੀਰ ਅੱਗੇ ਫੁੱਲ ਮਾਲਾਵਾਂ ਅਰਪਿਤ ਕੀਤੀਆਂ ਗਈਆਂ ਤੇ ਭਾਰਤੀ ਸੰਵਿਧਾਨ ਨੂੰ ਬਚਾਉਣ ਦੀ ਰਾਖੀ ਦੀ ਸਹੁੰ ਚੁੱਕੀ ਗਈ। ਇਸ ਮੌਕੇ ਜਗਤਾਰ ਸਿੰਘ ਪ੍ਰਧਾਨ, ਰਮੇਸ਼ ਕੁਮਾਰ ਲੂਣਾ, ਰਜਿੰਦਰ ਸਿੰਘ ਰਾਜੂ ਅਜੈਬ ਸਿੰਘ ਸਰਪੰਚ, ਅਮਰ ਕੁਮਾਰ, ਮਾ: ਮਹਿੰਦਰ ਪਾਲ ਪੱਖੋ, ਮਾਸਟਰ ਗੁਰਤੇਜ ਸਿੰਘ, ਮਨੋਹਰ ਲਾਲ ਖੰਗਣਵਾਲ, ਰਜਿੰਦਰ ਲੂਣਾ, ਗੁਰਜੰਟ ਸਿੰਘ ਜੇ ਈ, ਪ੍ਰਿ: ਗੁਰਤੇਜ ਸਿੰਘ, ਭੁਪਿੰਦਰ ਸਿੰਘ ਗਿੱਲ, ਮੇਜਰ ਸਿੰਘ ਖਤਰਾਵਾਂ, ਅਸ਼ਵਨੀ ਕੁਮਾਰ ਲੂਣਾ, ਮਾਸਟਰ ਵਿਨੋਦ ਕੁਮਾਰ ਤੇ ਗੁਰਸੇਵਕ ਸਿੰਘ ਕਾਲਾਂਵਾਲੀ ਸਮੇਤ ਬਹੁਤ ਸਾਰੇ ਸੰਗਠਨਾਂ ਦੇ ਕਾਰਜਕਰਤਾ ਮੌਜੂਦ ਰਹੇ।

# ਡਿਪਟੀ ਕਮਿਸ਼ਨਰ ਨੇ ਡਾ. ਅੰਬੇਡਕਰ ਨੂੰ ਕੀਤੇ ਸ਼ਰਧਾ ਦੇ ਫੁੱਲ ਭੇਟ

## ਸੰਵਿਧਾਨ ਦੀ ਰਚਨਾ ਕਾਰਨ ਸਮਾਜ ਦੇ ਦੱਬੇ ਕੁਚਲੇ ਵਰਗਾਂ ਨੂੰ ਅੱਗੇ ਵਧਣ ਦਾ ਮੌਕਾ ਮਿਲਿਆ : ਪਰਮਵੀਰ



**ਮਾਨਸਾ (ਆਤਮਾ ਸਿੰਘ ਪਮਾਰ)**
ਭਾਰਤੀ ਸੰਵਿਧਾਨ ਦੇ ਨਿਰਮਾਤਾ, ਯੁਗ ਪੁਰਸ਼ ਤੇ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ 133ਵੇਂ ਜਨਮ ਦਿਹਾੜੇ ਮੌਕੇ ਡਿਪਟੀ ਕਮਿਸ਼ਨਰ ਸ੍ਰੀ ਪਰਮਵੀਰ ਸਿੰਘ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਸਥਾਪਤ ਬਾਬਾ ਸਾਹਿਬ ਦੇ ਬੁੱਤ 'ਤੇ ਸ਼ਰਧਾ ਦੇ ਫੁੱਲ ਭੇਟ ਕੀਤੇ।ਡਿਪਟੀ ਕਮਿਸ਼ਨਰ ਨੇ ਬਾਬਾ ਸਾਹਿਬ ਦੇ ਜਨਮ ਦਿਹਾੜੇ 'ਤੇ ਜ਼ਿਲ੍ਹਾ ਵਾਸੀਆਂ ਨੂੰ ਸ਼ੁੱਭ-ਕਾਮਨਾਵਾਂ ਦਿੰਦਿਆਂ ਉਨ੍ਹਾਂ ਦੇ ਦਿਖਾਏ ਮਾਰਗ 'ਤੇ ਚੱਲਣ ਲਈ ਪ੍ਰੇਰਿਤ ਕੀਤਾ।ਉਨ੍ਹਾਂ ਕਿਹਾ ਕਿ ਬਾਬਾ ਸਾਹਿਬ ਬਹੁਤ ਹੀ ਮਹਾਨ ਸ਼ਖ਼ਸੀਅਤ ਸਨ ਤੇ ਉਨ੍ਹਾਂ ਨੇ ਸੰਵਿਧਾਨ ਦੀ ਰਚਨਾ ਕਰ ਕੇ ਦੇਸ਼ ਦੀ ਤਰੱਕੀ ਵਿੱਚ ਵੱਡਮੁੱਲਾ ਯੋਗਦਾਨ ਪਾਇਆ।ਇਸ ਕਾਰਨ ਸਮਾਜ ਦੇ ਦੱਬੇ ਕੁਚਲੇ ਵਰਗਾਂ ਨੂੰ ਅੱਗੇ ਵਧਣ ਦਾ ਮੌਕਾ ਮਿਲਿਆ ਹੈ।ਉਨ੍ਹਾਂ ਕਿਹਾ ਕਿ ਬਾਬਾ ਸਾਹਿਬ ਦੇ ਯੋਗਦਾਨ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ।ਡਿਪਟੀ ਕਮਿਸ਼ਨਰ ਨੇ ਕਿਹਾ ਕਿ ਪੂਰੇ ਭਾਰਤ ਨੂੰ ਇਸ ਮਹਾਨ ਸ਼ਖ਼ਸੀਅਤ 'ਤੇ ਮਾਣ ਹੈ।ਸਾਨੂੰ ਸਾਰਿਆਂ ਨੂੰ ਡਾ. ਅੰਬੇਡਕਰ ਜੀ ਦੇ ਨਕਸ਼ੇ ਕਦਮਾਂ 'ਤੇ ਚੱਲਣ ਦੀ ਲੋੜ ਹੈ।ਉਨ੍ਹਾ ਕਿਹਾ ਕਿ ਡਾ. ਅੰਬੇਡਕਰ ਜੀ ਨੇ ਆਪਣਾ ਪੂਰਾ ਜੀਵਨ ਸਮਾਜਿਕ, ਸਦਭਾਵਨਾ ਤੇ ਸਭ ਨੂੰ ਬਰਾਬਰਤਾ ਦੇ ਹੱਕ ਦਿਵਾਉਣ ਲਈ ਸਮਰਪਤ ਕੀਤਾ।ਇਸ ਮੌਕੇ ਸੁਪਰਡੈਂਟ ਜਗਸੀਰ ਸਿੰਘ, ਪੀ. ਏ. ਸੁਖਰਾਜ ਸਿੰਘ, ਜ਼ਿਲ੍ਹਾ ਨਾਜ਼ਰ ਗੁਰਮੀਤ ਸਿੰਘ ਤੋਂ ਇਲਾਵਾ ਹੋਰ ਸਟਾਫ ਮੈਂਬਰ ਮੌਜੂਦ ਸਨ।

## ਡਾ. ਅੰਬੇਡਕਰ ਜੈਅੰਤੀ ਤੇ ਵਿਸਾਖੀ ਦਾ ਤਿਉਹਾਰ ਮਨਾਇਆ



**ਰਾਜਪੁਰਾ (ਰਮੇਸ਼ ਕਟਾਰੀਆ)**-ਡੀ.ਏ. ਵੀ. ਸਕੂਲ ਰਾਜਪੁਰਾ ਦੇ ਵਿਦਿਆਰਥੀਆਂ ਨੇ ਵਿਸਾਖੀ ਤੇ ਅੰਬੇਡਕਰ ਜਯੰਤੀ ਮੌਕੇ ਕਰਵਾਏ ਗਏ ਵਿਸ਼ੇਸ਼ ਸਮਾਗਮ ਵਿੱਚ ਉਤਸ਼ਾਹ ਤੇ ਸ਼ਰਧਾ ਨਾਲ ਭਾਗ ਲਿਆ। ਡਾ. ਭੀਮ ਰਾਓ ਅੰਬੇਡਕਰ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਸਕੂਲ ਦੀ ਪ੍ਰਿੰਸੀਪਲ ਸ੍ਰੀਮਤੀ ਅਲਪਨਾ ਪਾਠਕ ਤੇ ਅਧਿਆਪਕਾਂ ਨੇ ਉਨ੍ਹਾਂ ਦੇ ਨਕਸ਼ੇ ਕਦਮਾਂ 'ਤੇ ਚੱਲਣ ਦਾ ਪ੍ਰਣ ਲਿਆ।ਇਸ ਮੌਕੇ ਵਿਦਿਆਰਥੀਆਂ ਵੱਲੋਂ ਉਚ-ਨੀਚ ਦੇ ਵਿਤਕਰੇ ਨੂੰ ਮਿਟਾਉਣ ਦੀ ਪ੍ਰੇਰਨਾ ਦਿੰਦੇ ਹੋਏ ਕਵਿਤਾਵਾਂ ਤੇ ਭਾਸ਼ਣ ਵੀ ਕੀਤੇ ਗਏ।ਨੌਵੀਂ ਤੇ ਦਸਵੀਂ ਜਮਾਤ ਦੇ ਵਿਦਿਆਰਥੀਆਂ ਦੁਆਰਾ ਵਿਸਾਖੀ ਦੀ ਇਤਿਹਾਸਕ ਮਹੱਤਤਾ ਨੂੰ ਦਰਸਾਉਂਦੇ ਹੋਏ ਨਾਟਕ ਵੀ ਪੇਸ਼ ਕੀਤਾ ਗਿਆ।ਵਿਸਾਖੀ ਦੇ ਤਿਉਹਾਰ ਮੌਕੇ ਨੰਨ੍ਹੇ ਮੁੰਨੇ ਵਿਦਿਆਰਥੀਆਂ ਵੱਲੋਂ ਪੰਜਾਬੀ ਲੋਕ ਨਾਚ ਭੰਗੜਾ ਪੇਸ਼ ਕੀਤਾ ਗਿਆ।ਅਧਿਆਪਕਾਂ ਨੇ ਬੱਚਿਆਂ ਨੂੰ ਮਿੱਟੀ ਦੀ ਮਹਿਕ, ਫ਼ਸਲਾਂ ਦੀ ਸੁੰਦਰਤਾ ਤੇ ਹੋਰ ਚੀਜ਼ਾਂ ਦੀ ਮਹੱਤਤਾ ਬਾਰੇ ਸਮਝਾਇਆ।ਸਕੂਲ ਦੀ ਪ੍ਰਿੰਸੀਪਲ ਸ੍ਰੀਮਤੀ ਅਲਪਨਾ ਪਾਠਕ ਨੇ ਸਭ ਨੂੰ ਵਿਸਾਖੀ ਦੇ ਤਿਉਹਾਰ ਦੀਆਂ ਬਹੁਤ-ਬਹੁਤ ਵਧਾਈਆਂ ਦਿੱਤੀਆਂ।

## ਕਰਮਜੀਤ ਅਨਮੋਲ ਗੁਰਦੁਆਰਾ ਗੁਰੂਸਰ ਮਹਿਰਾਜ ਵਿਖੇ ਹੋਏ ਨਤਮਸਤਕ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਵਿਸਾਖੀ ਦੇ ਸ਼ੁੱਭ ਦਿਹਾੜੇ 'ਤੇ ਲੋਕ ਸਭਾ ਫਰੀਦਕੋਟ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਕਰਮਜੀਤ ਅਨਮੋਲ ਗੁਰਦੁਆਰਾ ਸਾਹਿਬ ਗੁਰੂਸਰ ਮਹਿਰਾਜ ਵਿਖੇ ਪਹੁੰਚੇ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਨਤਮਸਤਕ ਹੋ ਕੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ।ਇਸ ਮੌਕੇ ਉਨ੍ਹਾਂ ਨਾਲ ਹਲਕਾ ਰਾਮਪੁਰਾ ਫੂਲ ਦੇ ਵਿਧਾਇਕ ਬਲਕਾਰ ਸਿੰਘ ਸਿੱਧੂ ਵੀ ਹਾਜ਼ਰ ਸਨ।ਗੁਰਦੁਆਰਾ ਸਾਹਿਬ ਮੱਥਾ ਟੇਕਣ ਤੋਂ ਬਾਅਦ ਕਰਮਜੀਤ ਅਨਮੋਲ ਨੇ ਸਮੂਹ ਪੰਜਾਬੀਆਂ ਨੂੰ ਵਿਸਾਖੀ ਦੀ ਵਧਾਈ ਦਿੰਦਿਆਂ ਕਿਹਾ ਕਿ ਉਨ੍ਹਾਂ ਕਦੇ ਨਹੀਂ ਸੀ ਸੋਚਿਆਂ ਕਿ ਉਨ੍ਹਾਂ ਨੂੰ ਜਨਤਾ ਵੱਲੋਂ ਇੰਨਾ ਪਿਆਰ ਮਿਲੇਗਾ।ਉਹ ਲੋਕਾਂ ਦਾ ਇਹ ਕਰਜ਼ ਸਾਰੀ ਜ਼ਿੰਦਗੀ ਨਹੀਂ ਉਤਾਰ ਸਕਦੇ।ਅਨਮੋਲ ਨੇ ਕਿਹਾ ਕਿ ਫਰੀਦਕੋਟ ਹਲਕੇ ਨੂੰ ਵਿਕਾਸ ਪੱਖੋਂ ਅੱਗੇ ਲੈ ਕੇ ਜਾਣਾ ਮੇਰਾ ਮੁੱਖ ਏਜੰਡਾ ਹੈ।ਉਹ ਪਾਰਲੀਮੈਂਟ ਵਿੱਚ ਪੂਰੇ ਲੋਕ ਸਭਾ ਹਲਕੇ ਫਰੀਦਕੋਟ ਦੀ ਆਵਾਜ਼ ਨੂੰ ਬੁਲੰਦ ਕਰਨਗੇ ਅਤੇ ਹਲਕੇ ਦੇ ਵਿਕਾਸ ਤੇ ਤਰੱਕੀ ਲਈ ਯਤਨਸ਼ੀਲ ਰਹਿਣਗੇ।

# ਚੋਰਾਂ ਨੇ ਦੁਕਾਨ ਦੀ ਛੱਤ ਪਾੜ ਕੇ 20 ਮੋਬਾਇਲ ਤੇ ਹੋਰ ਸਾਮਾਨ ਕੀਤਾ ਚੋਰੀ



**ਜਲਾਲਾਬਾਦ (ਜੀਤ ਕੁਮਾਰ)**-ਜਿੱਥੇ ਇਕ ਪਾਸੇ ਪੁਲਸ ਪ੍ਰਸ਼ਾਸਨ ਵੱਲੋਂ ਲੋਕਾਂ ਦੀ ਸੁਰੱਖਿਆ ਦੇ ਮੱਦੇਨਜ਼ਰ ਨਫਰੀ ਜਾਰੀ ਰੱਖਣ ਦੇ ਦਾਅਵੇ ਕੀਤੇ ਜਾ ਰਹੇ ਹਨ, ਪਰ ਫਿਰ ਵੀ ਜਲਾਲਾਬਾਦ ਸ਼ਹਿਰ ਵਿੱਚ ਫਾਜ਼ਿਲਕਾ ਰੋਡ 'ਤੇ ਸਥਿਤ ਮੋਬਾਇਲਾਂ ਵਾਲੀ ਦੁਕਾਨ ਦੀ ਛੱਤ ਪਾੜ ਕੇ ਚੋਰਾਂ ਵੱਲੋਂ ਅੰਦਰ ਪਏ ਮੋਬਾਇਲ ਤੇ ਹੋਰ ਸਾਮਾਨ ਚੋਰੀ ਕਰਕੇ ਲੈ ਕੇ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ।

ਇਸ ਸਬੰਧੀ ਥਾਣਾ ਸਿਟੀ ਦੇ ਐੱਸ.ਐੱਚ.ਓ. ਨੂੰ ਲਿਖਤੀ ਰੂਪ ਵਿੱਚ ਦਿੱਤੀ ਦਰਖਾਸਤ ਵਿੱਚ ਚੰਦਰ ਕੁਮਾਰ ਪੁੱਤਰ ਫੂਲ ਚੰਦ ਪਾਸਵਾਨ ਵਾਸੀ ਨੇੜੇ ਲਕਸ਼ਮੀ ਕੰਡਾ, ਫਾਜ਼ਿਲਕਾ ਰੋਡ ਜਲਾਲਾਬਾਦ ਨੇ ਦੱਸਿਆ ਕਿ ਉਸ ਦੀ ਦੁਕਾਨ ਚੰਦਨ ਮੋਬਾਇਲ ਰਿਪੇਅਰ ਜਲਾਲਾਬਾਦ 'ਚ ਫਾਜ਼ਿਲਕਾ ਰੋਡ 'ਤੇ ਸਥਿਤ ਹੈ। ਅੱਜ ਬੀਤੀ ਰਾਤ ਨੂੰ ਚੋਰਾਂ ਨੇ ਦੁਕਾਨ ਦੀ ਛੱਤ ਨੂੰ ਸੰਨ੍ਹ ਲਗਾ ਕੇ ਉਸ ਦੀ ਦੁਕਾਨ ਦੇ ਅੰਦਰ ਵੜੇ ਤੇ ਦੁਕਾਨ ਵਿੱਚੋਂ 20 ਮੋਬਾਇਲ ਰਿਪੇਅਰ ਕਰਨ ਵਾਲੇ, ਅਸੈਸਰੀ ਕੰਪਲੀਟ, ਬਲਿਊ ਟੂਥ ਸਪੀਕਰ, ਵਾਚ, ਨੈਕ ਬੈਂਡ, ਮੋਬਾਇਲ ਬੈਟਰੀ ਆਦਿ ਸਾਮਾਨ ਚੋਰੀ ਕਰਕੇ ਲੈ ਗਏ ਹਨ। ਉਸ ਦਾ ਕਰੀਬ ਡੇਢ ਲੱਖ ਰੁਪਏ ਦਾ ਸਾਮਾਨ ਚੋਰੀ ਹੋ ਗਿਆ ਹੈ। ਇਸ ਚੋਰੀ ਬਾਰੇ ਉਸ ਨੂੰ ਅੱਜ ਸਵੇਰੇ ਦੁਕਾਨ ਖੋਲ੍ਹਣ ਸਮੇਂ ਪਤਾ ਚੱਲਿਆ ਹੈ। ਦੁਕਾਨ ਦੀ ਛੱਤ ਪੱਟੀ ਹੋਈ ਸੀ ਤੇ ਸਾਮਾਨ ਖਿਲਰਿਆ ਪਿਆ ਸੀ ਅਤੇ ਉਕਤ ਸਾਮਾਨ ਗਾਇਬ ਸੀ। ਦੁਕਾਨਦਾਰ ਨੇ ਅੱਗੇ ਦੱਸਿਆ ਕਿ ਕਰੀਬ ਇਕ ਸਾਲ ਪਹਿਲਾਂ ਵੀ ਉਸ ਦੀ ਦੁਕਾਨ ਵਿੱਚੋਂ ਚੋਰੀ ਹੋ ਚੁੱਕੀ ਹੈ ਤੇ ਅੱਜ ਦੂਜੀ ਵਾਰ ਦੁਕਾਨ ਵਿੱਚ ਪਏ ਸਾਮਾਨ ਦੀ ਚੋਰੀ ਹੋਈ ਹੈ। ਦੁਕਾਨਦਾਰ ਨੇ ਥਾਣਾ ਸਿਟੀ ਪੁਲਸ ਨੂੰ ਦਿੱਤੀ ਦਰਖਾਸਤ ਰਾਹੀਂ ਮੰਗ ਕੀਤੀ ਕਿ ਉਸ ਦੇ ਚੋਰੀ ਹੋਏ ਸਾਮਾਨ ਦੀ ਪੜਤਾਲ ਕਰਕੇ ਬਰਮਾਦ ਕਰਵਾਇਆ ਜਾਵੇ ਤੇ ਚੋਰਾਂ ਨੂੰ ਫੜ ਕੇ ਬਣਦੀ ਕਾਰਵਾਈ ਕੀਤੀ ਜਾਵੇ।

# ਆਰ ਐੱਮ ਪੀ ਆਈ ਨੇ ਡਾ. ਅੰਬੇਡਕਰ ਦਾ ਜਨਮ ਦਿਹਾੜਾ ਮਨਾਇਆ

## ਫਿਰਕੂ-ਫਾਸ਼ੀ ਮੋਦੀ ਸਰਕਾਰ ਨੂੰ ਕੇਂਦਰੀ ਸੱਤਾ ਤੋਂ ਬੇਦਖ਼ਲ ਕਰਨ ਦੀ ਅਪੀਲ



**ਬਠਿੰਡਾ (ਪਰਵਿੰਦਰਜੀਤ ਸਿੰਘ)**
ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ.ਐੱਮ.ਪੀ.ਆਈ.) ਵੱਲੋਂ ਬੱਸ ਸਟੈਂਡ ਨਥਾਣਾ ਵਿਖੇ ਭਰਵੀਂ ਇਕੱਤਰਤਾ ਕਰਕੇ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦਾ 133ਵਾਂ ਜਨਮ ਦਿਹਾੜਾ ਮਨਾਇਆ ਗਿਆ।ਇਸ ਮੌਕੇ ਸੰਵਿਧਾਨ ਤੇ ਲੋਕਤੰਤਰ ਦੀ ਰਾਖੀ ਲਈ ਅਤੇ ਹਰ ਕਿਸਮ ਦੀ ਲੁੱਟ-ਖਸੁੱਟ ਤੇ ਜਬਰ-ਵਿਤਕਰੇ ਤੋਂ ਮੁਕਤ, ਸਾਂਝੀਵਾਲਤਾ 'ਤੇ ਅਧਾਰਤ ਸਮਾਨਤਾਵਾਦੀ ਸਮਾਜ ਦੀ ਕਾਇਮੀ ਲਈ ਜੂਝਣ ਦਾ ਸੰਕਲਪ ਲਿਆ ਗਿਆ।ਮੀਟਿੰਗ ਨੂੰ ਸੰਬੋਧਨ ਕਰਨ ਲਈ ਉਚੇਚੇ ਪੁੱਜੇ ਪਾਰਟੀ ਦੀ ਕੇਂਦਰੀ ਕਮੇਟੀ ਦੇ ਮੈਂਬਰ ਸਾਥੀ ਮਹੀਪਾਲ ਨੇ ਭਾਰਤ ਦੇ ਲੋਕਰਾਜੀ, ਧਰਮ ਨਿਰਪੱਖ ਤੇ ਫੈਡਰਲ ਢਾਂਚੇ ਨੂੰ ਤਬਾਹ ਕਰਨ ਲਈ ਬਜ਼ਿੱਦ ਕਾਰਪੋਰੇਟ ਪੱਖੀ, ਫਿਰਕੂ-ਫਾਸ਼ੀ ਮੋਦੀ ਸਰਕਾਰ ਨੂੰ ਕੇਂਦਰੀ ਸੱਤਾ ਤੋਂ ਬੇਦਖ਼ਲ ਕਰਨ ਦੀ ਅਪੀਲ ਕੀਤੀ।

ਉਨ੍ਹਾਂ ਕਿਹਾ ਕਿ ਰਾਸ਼ਟਰੀ ਸੋਇਮ ਸੇਵਕ ਸੰਘ ਦੀਆਂ ਹਿਦਾਇਤਾਂ ਅਨੁਸਾਰ ਰਾਜ ਭਾਗ ਚਲਾ ਰਹੀ ਮੋਦੀ-ਸ਼ਾਹ ਸਰਕਾਰ ਬਾਬਾ ਸਾਹਿਬ ਦੀ ਅਗਵਾਈ ਹੇਠ ਸਿਰਜੇ ਗਏ ਭਾਰਤ ਦੇ ਜਨਵਾਦੀ ਸੰਵਿਧਾਨ ਨੂੰ ਉਲੱਦ ਕੇ ਵਰਣ ਵੰਡ ਨੂੰ ਹੱਕੀ ਠਹਿਰਾਉਣ ਵਾਲੀ ਉਸੇ ਮਨੂੰ ਸਿਮਰਤੀ ਨੂੰ ਸ਼ਾਸਨ ਪੱਧਤੀ ਵਜੋਂ ਲਾਗੂ ਕਰਨ ਲਈ ਪਰ ਤੋਲ ਰਹੀ ਹੈ, ਜਿਸ ਦੇ ਖਾਤਮੇ ਲਈ ਡਾਕਟਰ ਅੰਬੇਡਕਰ ਤਾਉਮਰ ਜੂਝਦੇ ਰਹੇ ਸਨ।

ਸਾਥੀ ਮਹੀਪਾਲ ਨੇ ਕਿਹਾ ਕਿ ਆਰ.ਐੱਸ.ਐੱਸ. ਸਭਨਾਂ ਨੂੰ ਸਮੋਣ ਵਾਲੇ ਉਦਾਰ ਭਾਰਤ ਨੂੰ ਭਾਰਤੀ ਕਿਰਤੀਆਂ, ਖਾਸ ਕਰਕੇ ਗਰੀਬ ਵਰਗ, ਅਨੁਸੂਚਿਤ ਜਾਤੀਆਂ ਤੇ ਜਨ-ਜਾਤੀਆਂ ਅਤੇ ਇਸਤਰੀਆਂ ਨੂੰ ਸਦੀਵੀਂ ਗੁਲਾਮ ਬਣਾ ਕੇ ਰੱਖਣ ਵਾਲੇ ਧਰਮ ਅਧਾਰਤ ਕੱਟੜ ਹਿੰਦੂ ਰਾਸ਼ਟਰ 'ਚ ਤਬਦੀਲ ਕਰਨਾ ਚਾਹੁੰਦਾ ਹੈ ਤੇ ਮੋਦੀ ਸਰਕਾਰ ਸੰਘ ਦੇ ਇਨ੍ਹਾਂ ਕੋਝੇ ਮਨਸੂਬਿਆਂ ਦੀ ਪੂਰਤੀ ਲਈ ਫਿਰਕੂ ਵੰਡ ਤਿੱਖੀ ਕਰਨ ਲੱਗੀ ਹੋਈ ਹੈ।ਉਨ੍ਹਾ ਮੋਦੀ ਸਰਕਾਰ ਵੱਲੋਂ ਤਤਪਰਤਾ ਨਾਲ ਲਾਗੂ ਕੀਤੀਆਂ ਜਾ ਰਹੀਆਂ ਬੇਰੁਜ਼ਗਾਰੀ-ਮਹਿੰਗਾਈ, ਭੁੱਖਮਰੀ, ਕੰਗਾਲੀ, ਕੁਪੋਸ਼ਣ ਵਧਾਉਣ ਵਾਲੀਆਂ ਧਨਾਢ ਪੱਖੀ ਨੀਤੀਆਂ ਰੱਦ ਕਰਵਾਉਣ ਦੇ ਸੰਗਰਾਮ ਪ੍ਰਚੰਡ ਕਰਨ ਦੀ ਅਪੀਲ ਕੀਤੀ।ਇਸ ਮੌਕੇ ਪ੍ਰਕਾਸ਼ ਸਿੰਘ ਨੰਦਗੜ੍ਹ, ਜੋਗਿੰਦਰ ਸਿੰਘ ਕਲਿਆਣ, ਬਲਬੀਰ ਸਿੰਘ ਗਿੱਦੜ, ਬਲਦੇਵ ਸਿੰਘ ਪੂਹਲੀ, ਕੂਕਾ ਸਿੰਘ ਨਥਾਣਾ ਨੇ ਵੀ ਵਿਚਾਰ ਰੱਖੇ।

## ਵਿਸਾਖੀ ਮੌਕੇ ਤਰਕਸ਼ੀਲ ਸੁਸਾਇਟੀ ਵੱਲੋਂ ਪੁਸਤਕ ਪ੍ਰਦਰਸ਼ਨੀ



**ਤਲਵੰਡੀ ਸਾਬੋ (ਜਗਦੀਪ ਗਿੱਲ)**-ਮੇਲਾ ਵਿਸਾਖੀ 'ਤੇ ਤਲਵੰਡੀ ਸਾਬੋ ਵਿਖੇ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਜ਼ੋਨ ਬਠਿੰਡਾ ਦੀਆਂ ਇਕਾਈਆਂ ਮੌੜ, ਬਠਿੰਡਾ, ਰਾਮਪੁਰਾ, ਕਾਲਿਆਂਵਾਲੀ, ਡੱਬਵਾਲੀ ਤੇ ਤਲਵੰਡੀ ਸਾਬੋ ਨੇ ਪੁਸਤਕ ਪ੍ਰਦਰਸ਼ਨੀ ਲਗਾਈ ਅਤੇ ਸਟੇਜ ਤੋਂ ਜਾਦੂ ਦੇ ਟਰਿੱਕ ਪੇਸ਼ ਕੀਤੇ।ਤਰਕਸ਼ੀਲ ਵਿਚਾਰ ਪੇਸ਼ ਕਰਦਿਆਂ ਵੱਖ ਵੱਖ ਬੁਲਾਰੇ ਆਗੂਆਂ ਅਵਤਾਰ ਸਿੰਘ ਸਿੱਧੂ ਵਕੀਲ, ਬਲਰਾਜ ਮੌੜ, ਜਗਦੀਪ ਗਿੱਲ, ਰਣਧੀਰ ਸਿੰਘ ਗਿੱਲ ਪੱਤੀ, ਰਾਮ ਸਿੰਘ ਨਿਰਮਾਣ ਤੇ ਅਜਾਇਬ ਸਿੰਘ ਕਾਲਿਆਂਵਾਲੀ ਨੇ ਕਿਹਾ ਕਿ ਕਿਤਾਬਾਂ ਮਨੁੱਖ ਦੀਆਂ ਦੋਸਤ ਤੇ ਮਾਰਗ ਦਰਸ਼ਕ ਬਣ ਕੇ ਜ਼ਿੰਦਗੀ ਨੂੰ ਅਸਲ ਅਰਥਾਂ ਵਿੱਚ ਮਾਨਣਯੋਗ, ਜਿਉਣਯੋਗ ਬਣਾਉਂਦੀਆਂ ਹਨ।ਆਪਣੀ ਹੋਣੀ ਦੇ ਆਪ ਮਾਲਕ ਬਣਨ ਤੇ ਆਪਣੇ ਪਿਛਾਂਹ ਖਿੱਚੂ ਵਿਚਾਰਾਂ ਤੋਂ ਮੁਕਤੀ ਪਾਉਣ ਲਈ ਪੁਸਤਕਾਂ ਪੜ੍ਹਨ ਤੇ ਵਿਚਾਰਨ ਦੀ ਲੋੜ ਹੈ।ਇਸ ਮੇਲੇ ਵਿੱਚ ਦੋ ਦਿਨਾਂ 'ਚ 22000 ਰੁਪੈ ਦਾ ਸਾਹਿਤ ਪੁਸਤਕ ਪ੍ਰੇਮੀਆਂ ਨੇ ਖ਼ਰੀਦਿਆ।ਸਟੇਜ ਤੋਂ ਜਾਦੂ ਦੇ ਟਰਿੱਕ ਤਰਸੇਮ ਮਿੱਠੜੀ, ਜਗਤਾਰ ਸਿੰਘ ਸਿੰਘੇ ਵਾਲਾ ਤੇ ਹਰਦੇਵ ਸਿੰਘ ਨੇ ਪੇਸ਼ ਕੀਤੇ।ਪੁਸਤਕ ਪ੍ਰਦਰਸ਼ਨੀ ਮਾਸਟਰ ਗਿਆਨ ਸਿੰਘ ਦੀ ਅਗਵਾਈ ਵਿੱਚ ਲਗਾਈ ਗਈ।ਇਸ ਮੇਲੇ 'ਚ ਬਲਦੇਵ ਸਿੰਘ, ਹਰਜਿੰਦਰ ਸਿੰਘ ਪੱਪੀ, ਕ੍ਰਿਸ਼ਨ ਗੁਰੂਸਰ, ਯੋਗਰਾਜ ਭਾਗੀਵਾਂਦਰ ਤੇ ਮਹਿਮਾ ਸਿੰਘ ਧਿੰਗੜ, ਹਰਨੇਕ ਮੌੜ, ਰਮਨ ਜੋਧਪੁਰ, ਹਰਿੰਦਰ ਕੁਮਾਰ, ਕੇਵਲ ਆਰਟਸ, ਜ਼ਿਲ੍ਹੇਦਾਰ ਜੋਗਿੰਦਰ ਸਿੰਘ, ਵਿਕਰਮ ਸਿੰਘ ਤੇ ਪੁਸ਼ਪਿੰਦਰ ਸਿੰਘ ਨੇ ਸਹਿਯੋਗ ਦਿੱਤਾ।

## ਵਿਸਾਖੀ ਮੌਕੇ ਪ੍ਰੈੱਸ ਕਲੱਬ ਵੱਲੋਂ ਖ਼ੂਨਦਾਨ ਕੈਂਪ



**ਮਹਿਲ ਕਲਾਂ (ਪ੍ਰਦੀਪ)**-ਇਤਿਹਾਸਕ ਗੁਰਦੁਆਰਾ ਜੰਡਸਰ ਸਾਹਿਬ ਪ੍ਰਬੰਧਕ ਕਮੇਟੀ ਠੁੱਲੀਵਾਲ, ਪ੍ਰੈੱਸ ਕਲੱਬ ਮਹਿਲ ਕਲਾਂ, ਸਮੂਹ ਯੂਥ ਕਲੱਬਾਂ ਦੇ ਭਰਵੇਂ ਸਹਿਯੋਗ ਨਾਲ ਵਿਸਾਖੀ ਦੇ ਸ਼ੁੱਭ ਮੌਕੇ ਖ਼ਾਲਸਾ ਸਾਜਨਾ ਦਿਵਸ ਨੂੰ ਸਮਰਪਤ 22ਵਾਂ ਖ਼ੂਨਦਾਨ ਕੈਂਪ ਇਤਿਹਾਸਕ ਗੁਰਦੁਆਰਾ ਜੰਡਸਰ ਸਾਹਿਬ ਠੁੱਲੀਵਾਲ (ਬਰਨਾਲਾ) ਵਿਖੇ ਲਗਾਇਆ ਗਿਆ।ਕੈਂਪ ਦਾ ਉਦਘਾਟਨ ਐੱਸ.ਐੱਚ.ਓ. ਠੁੱਲੀਵਾਲ ਅਜਾਇਬ ਸਿੰਘ ਨੇ ਕੀਤਾ।ਮੁੱਖ ਮਹਿਮਾਨ ਵਜੋਂ ਪਹੁੰਚੇ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਨੇ ਪ੍ਰਬੰਧਕਾਂ ਦੇ ਉਪਰਾਲੇ ਦੀ ਸ਼ਲਾਘਾ ਕਰਦਿਆਂ ਨੌਜਵਾਨਾਂ ਨੂੰ ਖ਼ੂਨਦਾਨ ਦੀ ਇਸ ਮੁਹਿੰਮ 'ਚ ਵੱਧ ਚੜ੍ਹ ਕੇ ਯੋਗਦਾਨ ਦੇਣ ਦੀ ਅਪੀਲ ਕੀਤੀ।ਜੀ. ਹੋਲੀ ਹਾਰਟ ਪਬਲਿਕ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਸੁਸ਼ੀਲ ਕੁਮਾਰ ਗੋਇਲ ਨੇ ਆਸ਼ੀਰਵਾਦ ਦਿੰਦਿਆਂ ਹਾਜ਼ਰੀ ਲਗਵਾਈ।ਲਾਈਫ਼ ਲਾਇਨ ਬਲੱਡ ਸੈਂਟਰ ਬਰਨਾਲਾ ਦੀ ਟੀਮ ਨੂੰ ਖ਼ੂਨ ਦਾਨ ਕੀਤਾ ਗਿਆ।ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਕੌਮੀ ਮੀਤ ਪ੍ਰਧਾਨ ਰਿੰਕਾ ਕੁਤਬਾ ਬਾਹਮਣੀਆਂ, ਕਾਂਗਰਸ ਐੱਸ.ਸੀ. ਵਿੰਗ ਦੇ ਸਟੇਟ ਕੁਆਰਡੀਨੇਟਰ ਗੁਰਮੇਲ ਸਿੰਘ ਮੌੜ, ਆਪ ਦੇ ਸੋਸ਼ਲ ਮੀਡੀਆ ਇੰਚਾਰਜ ਮੋਹਿਤ ਕੁਮਾਰ ਗਰਗ, ਸੁਰਜੀਤ ਸਿੰਘ, ਜਸਵੰਤ ਸਿੰਘ ਵਜੀਦਕੇ, ਅਵਤਾਰ ਸਿੰਘ ਮਹਿਲ ਖੁਰਦ ਪ੍ਰਬੰਧਕ ਕਮੇਟੀ ਪ੍ਰਧਾਨ ਭਾਈ ਗੁਰਸੇਵਕ ਸਿੰਘ ਠੁੱਲੀਵਾਲ, ਬਲਵਿੰਦਰ ਸਿੰਘ ਵਜੀਦਕੇ, ਬਲਜਿੰਦਰ ਸਿੰਘ ਢਿੱਲੋਂ, ਜਗਸੀਰ ਸਿੰਘ ਸਹਿਜੜਾ, ਮੇਘ ਰਾਜ ਜੋਸ਼ੀ, ਸੁਖਵਿੰਦਰ ਸਿੰਘ ਸੋਨੀ, ਪ੍ਰਦੀਪ ਸਿੰਘ ਲੋਹਗੜ੍ਹ, ਬਲਵੰਤ ਸਿੰਘ ਚੁਹਾਣਕੇ, ਬਲਵਿੰਦਰ ਸਿੰਘ ਛੰਨਾ ਆਦਿ ਹਾਜ਼ਰ ਸਨ।

# ਕਾਕਾ ਬਰਾੜ ਵੱਲੋਂ ਸਿਵਲ ਹਸਪਤਾਲ ਦਾ ਦੌਰਾ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**
ਬੀਤੇ ਕੁਝ ਦਿਨਾਂ ਤੋਂ ਸ੍ਰੀ ਮੁਕਤਸਰ ਸਾਹਿਬ ਦੇ ਸਰਕਾਰੀ ਹਸਪਤਾਲ ਦੀਆਂ ਕਮੀਆਂ ਦੀਆਂ ਆ ਰਹੀਆਂ ਸ਼ਿਕਾਇਤਾਂ ਤੋਂ ਬਾਅਦ ਤੁਰੰਤ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਨੇ ਹਰਕਤ ਵਿੱਚ ਆਉਂਦਿਆਂ ਬਿਨਾਂ ਕਿਸੇ ਨੂੰ ਦੱਸਿਆਂ ਬੀਤੇ ਦਿਨੀਂ ਹਸਪਤਾਲ ਦਾ ਦੌਰਾ ਕੀਤਾ।ਇਸ ਦੌਰਾਨ ਸਿੱਧਾ ਮਰੀਜ਼ਾਂ ਕੋਲ ਜਾ ਕੇ ਉਨ੍ਹਾਂ ਦਾ ਹਾਲਚਾਲ ਪੁੱਛਿਆਂ ਤੇ ਸ਼ਿਕਾਇਤਾਂ ਵੀ ਸੁਣੀਆਂ।ਹਸਪਤਾਲ ਵਿੱਚ ਦਾਖਲ ਮਰੀਜ਼ਾਂ ਤੋਂ ਜਦੋਂ ਪੁੱਛਿਆ ਕਿ ਕੋਈ ਸਮੱਸਿਆ ਹੈ ਤਾਂ ਬਹੁਤੇ ਮਰੀਜ਼ਾਂ ਨੇ ਸੰਤੁਸ਼ਟੀ ਪ੍ਰਗਟਾਈ।ਮਰੀਜ਼ਾਂ ਨੇ ਜਿੱਥੇ ਸੂਬਾ ਸਰਕਾਰ ਦਾ ਧੰਨਵਾਦ ਕੀਤਾ, ਉੱਥੇ ਹੱਡੀਆਂ ਦੇ ਡਾਕਟਰ ਅਰਪਣ ਬਰਾੜ ਵੱਲੋਂ ਕੀਤੀ ਜਾ ਰਹੀ ਸੇਵਾ ਦੀ ਸ਼ਲਾਘਾ ਕੀਤੀ। ਇਸ ਤੋਂ ਇਲਾਵਾ ਹਸਪਤਾਲ ਵਿੱਚ ਸਭ ਤੋਂ ਵੱਡੀ ਸਮੱਸਿਆ ਡੈੱਡਬਾਡੀ ਰੱਖਣ ਵਾਲੀ ਫਰਿਜ ਦੀ ਹੈ, ਜਿਸ ਦਾ ਪ੍ਰਬੰਧ ਆਉਣ ਵਾਲੇ ਦਿਨਾਂ ਵਿੱਚ ਕਰਵਾ ਦਿੱਤਾ ਜਾਵੇਗਾ।ਉਨ੍ਹਾ ਕਿਹਾ ਕਿ ਬਾਕੀ ਸਾਫ ਸਫਾਈ ਵਿੱਚ ਜੋ ਕਮੀਆਂ ਦਿਖੀਆਂ, ਉਸ ਬਾਰੇ ਵਿਭਾਗ ਦੇ ਅਫਸਰਾਂ ਨੂੰ ਦੱਸਿਆ ਗਿਆ ਹੈ।ਇਸ ਮੌਕੇ ਬਲਾਕ ਪ੍ਰਧਾਨ ਰਾਜਿੰਦਰ ਬਰਾੜ, ਜਗਦੀਸ਼ ਦੀਸ਼ਾ ਪ੍ਰਧਾਨ, ਧਰਮ ਸਿੰਘ, ਹੀਰਾ ਸਿੰਘ ਧਾਲੀਵਾਲ, ਸਲਵਿੰਦਰ ਸ਼ਰਮਾ ਆਦਿ ਹਾਜ਼ਰ ਸਨ।

# ਸੰਵਿਧਾਨਕ ਸੰਸਥਾਵਾਂ ਦੀ ਰਾਖੀ ਲਈ ਮੋਦੀ ਸਰਕਾਰ ਨੂੰ ਹਰਾਉਣਾ ਜ਼ਰੂਰੀ : ਕੂੰਮ ਕਲਾਂ

**ਸਮਰਾਲਾ (ਸੁਰਜੀਤ ਸਿੰਘ)**-ਆਜ਼ਾਦੀ ਤੋਂ ਬਾਅਦ ਭਾਰਤ ਵਿੱਚ ਵੱਖ-ਵੱਖ ਪਾਰਟੀਆਂ ਨੇ ਰਾਜਸੱਤਾ ਸੰਭਾਲੀ ਕਦੇ ਵੀ ਭਾਰਤ ਦੇ ਸੰਵਿਧਾਨ ਤੇ ਸੰਵਿਧਾਨਕ ਅਧਿਕਾਰਾਂ ਅਤੇ ਸੰਵਿਧਾਨਕ ਸੰਸਥਾਵਾਂ ਨੂੰ ਠੇਸ ਨਹੀਂ ਪਹੁੰਚਾਈ, ਪ੍ਰੰਤੂ ਜਦੋਂ ਦੀ ਭਾਜਪਾ ਦੀ ਅਗਵਾਈ 'ਚ ਮੋਦੀ ਸਰਕਾਰ ਨੇ ਦੇਸ਼ ਦੀ ਵਾਗਡੋਰ ਸੰਭਾਲੀ ਹੈ, ਇਸ ਨੇ ਦੇਸ਼ ਦੇ ਸਾਰੇ ਹੀ ਜਨਤਕ ਅਦਾਰਿਆਂ ਨੂੰ ਕਾਰਪੋਰੇਟ ਘਰਾਣਿਆਂ ਨੂੰ ਸੰਭਾਲਣਾ ਸ਼ੁਰੂ ਕਰ ਦਿੱਤਾ ਹੈ।ਦੇਸ਼ ਦੇ ਪ੍ਰਮੁੱਖ ਅਦਾਰਿਆਂ ਵਿੱਚ ਇੰਡੀਅਨ ਰੇਲਵੇ, ਏਅਰਪੋਰਟ, ਇੰਡੀਅਨ ਏਅਰ ਲਾਈਨਜ਼, ਬੱਸ ਅੱਡੇ, ਰੋਡਵੇਜ਼ ਦੀਆਂ ਬੱਸਾਂ, ਬੀ. ਐੱਸ. ਐੱਨ. ਐੱਲ., ਐੱਲ. ਆਈ. ਸੀ. ਬਿਜਲੀ ਪੈਦਾ ਕਰਨ ਵਾਲੇ ਡੈਮ, ਬਿਜਲੀ ਬੋਰਡ, ਹਥਿਆਰ ਬਣਾਉਣ ਵਾਲੇ ਕਾਰਖਾਨੇ, ਐੱਫ਼. ਸੀ. ਆਈ. ਮੰਡੀਕਰਨ ਬੋਰਡ ਨੂੰ ਖ਼ਤਮ ਕਰਕੇ, ਕਾਰਪੋਰੇਟ ਘਰਾਣਿਆਂ ਕੋਲੋਂ ਇਲੈਕਟੋਰਲ ਬਾਂਡ ਰਾਹੀਂ ਭਾਰੀ ਮਾਤਰਾ ਵਿੱਚ ਫੰਡ ਲੈ ਕੇ ਭਾਰਤੀ ਸੰਵਿਧਾਨ ਨੂੰ ਬਦਲ ਕੇ ਮਨੂੰ ਸਿਮਰਤੀ ਲਾਗੂ ਕਰਨ ਦੀਆਂ ਗੋਂਦਾਂ ਗੁੰਦੀਆਂ ਜਾ ਰਹੀਆਂ ਹਨ ਅਤੇ ਦੇਸ਼ ਵਿੱਚ ਫਿਰਕਾਪ੍ਰਸਤੀ ਫੈਲਾਅ ਕੇ ਲੋਕਾਂ ਦੇ ਆਪਸੀ ਭਾਈਚਾਰੇ ਨੂੰ ਤੋੜਨ ਦੇ ਯਤਨ ਕੀਤੇ ਜਾ ਰਹੇ ਹਨ।ਪ੍ਰੈੱਸ ਦੀ ਆਜ਼ਾਦੀ 'ਤੇ ਪਾਬੰਦੀਆਂ ਲਗਾ ਕੇ ਲੋਕਾਂ ਨੂੰ ਸਹੀ ਤਸਵੀਰ ਤੋਂ ਓਹਲੇ ਰੱਖਿਆ ਜਾ ਰਿਹਾ ਵਿਰੋਧੀ ਧਿਰਾਂ ਦੇ ਪਾਰਲੀਮੈਂਟ ਮੈਂਬਰਾਂ ਨੂੰ ਬਰਖਾਸਤ ਕੀਤਾ ਜਾ ਰਿਹਾ ਤੇ ਲੋਕਾਂ ਵੱਲੋਂ ਚੁਣੇ ਹੋਏ ਨੁਮਾਇੰਦਿਆਂ ਨੂੰ ਈ. ਡੀ. ਦੀ ਵਰਤੋਂ ਕਰਕੇ ਦਬਾਅ ਦੀ ਨੀਤੀ ਤਹਿਤ ਜੇਲ੍ਹਾਂ ਵਿੱਚ ਸੁੱਟਿਆ ਜਾ ਰਿਹਾ ਹੈ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸੀਟੂ ਪੰਜਾਬ ਦੇ ਸੂਬਾ ਸਕੱਤਰ ਤੇ ਮਨਰੇਗਾ ਮਜ਼ਦੂਰ ਯੂਨੀਅਨ ਪੰਜਾਬ (ਸੀਟੂ) ਦੇ ਸੂਬਾਈ ਜਨਰਲ ਸਕੱਤਰ ਸਾਥੀ ਅਮਰ ਨਾਥ ਕੂੰਮਕਲਾਂ ਨੇ ਵੱਖ ਵੱਖ ਪਿੰਡਾਂ ਵਿੱਚ ਮਨਰੇਗਾ ਮਜ਼ਦੂਰਾਂ ਵੱਲੋਂ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਦਾ ਜਨਮ ਦਿਨ ਮਨਾਉਂਦੇ ਹੋਏ ਕੀਤਾ। ਉਨ੍ਹਾਂ ਕਿਹਾ ਕਿ ਮੌਜੂਦਾ ਹਾਲਾਤ ਵਿੱਚ ਸੰਸਦ ਦੀਆਂ ਚੋਣਾਂ 'ਚ ਲੋਕ ਦੋਖੀ, ਮਜ਼ਦੂਰ, ਕਿਸਾਨ, ਮੁਲਾਜ਼ਮ ਵਿਰੋਧੀ ਕਾਰਪੋਰੇਟ ਘਰਾਣਿਆਂ ਦੀ ਦਲਾਲ ਫਿਰਕੂ ਭਾਜਪਾ ਨੂੰ ਹਰਾਉਣਾ ਬਹੁਤ ਹੀ ਜ਼ਰੂਰੀ ਹੈ।ਉਨ੍ਹਾਂ ਕਿਹਾ ਕਿ ਜੇਕਰ ਇਸ ਵਾਰ ਦੇਸ਼ ਵਿੱਚ ਮੋਦੀ ਸਰਕਾਰ ਫਿਰ ਆਵੇਗੀ ਤਾਂ ਇਸ ਤੋਂ ਬਾਅਦ ਭਾਰਤ ਵਿੱਚ ਵੋਟਾਂ ਨਹੀਂ ਪੈਣਗੀਆਂ ਤੇ ਡਿਕਟੇਟਰਸ਼ਿਪ ਰਾਜ ਹੋਵੇਗਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਮਨਰੇਗਾ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾ ਕਮੇਟੀ ਮੈਂਬਰ ਸਾਥੀ ਸਿਕੰਦਰ ਬਖ਼ਸ਼ ਮੰਡ ਚੌਂਤਾ, ਹਰੀ ਰਾਮ ਭੱਟੀ ਤੇ ਮਨਜੀਤ ਸਿੰਘ ਬੌਂਦਲੀ ਹਾਜ਼ਰ ਸਨ।

# ਪੀ ਏ ਸੀ ਮੈਂਬਰ ਅਵਤਾਰ ਸਿੰਘ ਵਣਵਾਲਾ ਦਾ ਸਨਮਾਨ

## ਜ਼ਿਲ੍ਹਾ ਪ੍ਰਧਾਨ ਮਨਜਿੰਦਰ ਬਿੱਟੂ ਨੇ ਕੀਤਾ ਸਮੁੱਚੀ ਲੀਡਰਸ਼ਿਪ ਦਾ ਧੰਨਵਾਦ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਚਾਵਲਾ, ਪਰਮਜੀਤ ਸਿੰਘ)**-ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦਾ ਮਾਣ ਵਧਾਉਂਦਿਆਂ ਰਾਜਸੀ ਮਾਮਲਿਆਂ ਬਾਰੇ ਕਮੇਟੀ (ਪੀਏਸੀ) ਦਾ ਵਿਸਥਾਰ ਕਰਦਿਆਂ ਪਿਛਲੇ ਦਿਨੀਂ ਸ਼੍ਰੋਮਣੀ ਅਕਾਲੀ ਦਲ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਸੀਨੀਅਰ ਅਕਾਲੀ ਆਗੂ ਅਵਤਾਰ ਸਿੰਘ ਵਣਵਾਲਾ ਨੂੰ ਪੀਏਸੀ ਦਾ ਮੈਂਬਰ ਨਿਯੁਕਤ ਕੀਤਾ ਗਿਆ।ਇਸ ਨਿਯੁਕਤੀ 'ਤੇ ਮਨਜਿੰਦਰ ਸਿੰਘ ਬਿੱਟੂ ਜ਼ਿਲ੍ਹਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਤੇ ਸਮੁੱਚੀ ਅਕਾਲੀ ਲੀਡਰਸ਼ਿਪ ਵੱਲੋਂ ਨਵ-ਨਿਯੁਕਤ ਪੀਏਸੀ ਮੈਂਬਰ ਅਵਤਾਰ ਸਿੰਘ ਵਣਵਾਲਾ ਨੂੰ ਬਾਦਲ ਵਿਖੇ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਗਿਆ।ਇਸ ਮੌਕੇ ਜ਼ਿਲ੍ਹਾ ਪ੍ਰਧਾਨ ਮਨਜਿੰਦਰ ਸਿੰਘ ਬਿੱਟੂ ਨੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਧੰਨਵਾਦ ਕਰਦਿਆਂ ਕਿਹਾ ਕਿ ਅਵਤਾਰ ਸਿੰਘ ਵਣਵਾਲਾ ਨੇ ਹਮੇਸ਼ਾ ਮਿਹਨਤ, ਵਫਾਦਾਰੀ ਤੇ ਪੂਰੀ ਲਗਨ ਨਾਲ ਕੇਵਲ ਪਾਰਟੀ ਦਾ ਸਾਥ ਹੀ ਨਹੀਂ ਦਿੱਤਾ, ਬਲਕਿ ਪੂਰੀ ਤਨਦੇਹੀ ਨਾਲ ਸ਼੍ਰੋਮਣੀ ਅਕਾਲੀ ਦਲ ਦੀ ਸੇਵਾ ਕੀਤੀ ਹੈ।ਨਵ-ਨਿਯੁਕਤ ਪੀਏਸੀ ਮੈਂਬਰ ਵਣਵਾਲਾ ਨੇ ਪਾਰਟੀ ਵੱਲੋਂ ਦਿੱਤੀ ਜ਼ਿੰਮੇਵਾਰੀ ਨੂੰ ਪੂਰੇ ਸੁਚੱਜੇ ਢੰਗ ਨਾਲ ਬਾਖੂਬੀ ਨਿਭਾਉਣ ਦਾ ਭਰੋਸਾ ਪ੍ਰਗਟ ਕੀਤਾ।

ਇਸ ਮੌਕੇ ਜਗਵੰਤ ਸਿੰਘ ਲੰਬੀ ਢਾਬ, ਹਰਪਾਲ ਸਿੰਘ ਕੋਟਲੀ ਸੰਘਰ, ਰਜਿੰਦਰ ਸਿੰਘ ਵੱਟੂ, ਗੁਰਵਿੰਦਰ ਸਿੰਘ ਬਾਜਾ ਮਰਾੜ, ਹਰਵਿੰਦਰ ਸਿੰਘ ਵਿਰਕ, ਕਾਕਾ ਕੋਟਲੀ ਸੰਘਰ, ਹੁਕਮਜੀਤ ਸਿੰਘ ਚੱਕ ਮੋਤਲੇਵਾਲਾ, ਗੁਰਪ੍ਰੀਤ ਸਿੰਘ, ਸੁਰਿੰਦਰ ਸਿੰਘ ਛਿੰਦਾ, ਕੁਲਦੀਪ ਸਿੰਘ, ਬੇਅੰਤ ਸਿੰਘ ਬਿੰਨੀ ਮਨੇਸ, ਗੁਰਭੇਜ ਸਿੰਘ, ਜਸਪਾਲ ਸਿੰਘ ਛਾਬੜਾ ਪੀਏ, ਟੀਨੂੰ ਸੋਢੀ ਆਦਿ ਹਾਜ਼ਰ ਸਨ।

## ਰਾਣਾ ਹਸਪਤਾਲ 'ਚ ਵਿਸਾਖੀ ਦਾ ਤਿਉਹਾਰ ਮਨਾਇਆ



**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਰਾਣਾ ਹਸਪਤਾਲ ਵਿੱਚ ਵਿਸਾਖੀ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ ਗਿਆ।ਵਿਸਾਖੀ ਸਮਾਗਮ ਵਿੱਚ ਮੁੱਖ ਤੌਰ 'ਤੇ ਹਰਿਦੁਆਰ ਤੋਂ ਸ੍ਰੀ 1008 ਮਹਾਮੰਡਲੇਸ਼ਵਰ ਸਵਾਮੀ ਯਮੁਨਾਗਿਰੀ ਵਿਸ਼ੇਸ਼ ਤੌਰ 'ਤੇ ਪੁੱਜੇ।ਹਿਤੇਂਦਰ ਸੂਰੀ ਰਾਣਾ ਹਸਪਤਾਲ ਦੇ ਐੱਮ ਡੀ ਡਾ. ਦੀਪਿਕਾ ਸੂਰੀ, ਡਾ: ਰਘੁਬੀਰ ਸੂਰੀ ਨੇ ਦੱਸਿਆ ਕਿ ਕਿਉਂਕਿ ਇਹ ਪੰਜਾਬੀ ਨਵਾਂ ਸਾਲ ਹੈ, ਇਸ ਲਈ ਇਹ ਤਿਉਹਾਰ ਵਿਸਾਖੀ ਦੇ ਦਿਨ ਮਨਾਇਆ ਜਾਂਦਾ ਹੈ। ਇਸ ਦਿਨ ਕਈ ਮੇਲੇ ਤੇ ਸੱਭਿਆਚਾਰਕ ਪ੍ਰੋਗਰਾਮ ਵੀ ਕਰਵਾਏ ਜਾਂਦੇ ਹਨ।ਇਸ ਦੇ ਨਾਲ ਹੀ ਸਿੱਖ ਭਾਈਚਾਰੇ ਦੇ ਲੋਕ ਵੀ ਆਪਣੇ ਪਰਿਵਾਰਾਂ ਸਮੇਤ ਗੁਰਦੁਆਰਿਆਂ ਵਿੱਚ ਅਰਦਾਸ ਕਰਨ ਲਈ ਜਾਂਦੇ ਹਨ।ਵਿਸਾਖੀ ਦੇ ਤਿਉਹਾਰ 'ਤੇ ਵੱਖ-ਵੱਖ ਤਰ੍ਹਾਂ ਦੇ ਖਾਣ-ਪੀਣ ਦੇ ਪਕਵਾਨ ਤੇ ਮਠਿਆਈਆਂ ਤਿਆਰ ਕਰਕੇ ਨਵੇਂ ਸਾਲ ਦੀ ਆਮਦ ਨੂੰ ਮਨਾਇਆ ਜਾਂਦਾ ਹੈ।ਇਸ ਮੌਕੇ ਦ੍ਰਿਸ਼ਟੀ ਗਰਗ, ਅਸ਼ਵਨੀ ਗਰਗ, ਕਰਨ ਗੁਪਤਾ, ਬਲਜਿੰਦਰ ਸਿੰਘ, ਹਰਮਿੰਦਰ ਸਿੰਘ, ਕੁਲਦੀਪ, ਕੁਲਵਿੰਦਰ, ਅਮਨ, ਅਸ਼ੋਕ, ਸੁਖਦੇਵ ਆਦਿ ਹਾਜ਼ਰ ਸਨ।

page-6-15-April.-2024.qxd 4/14/2024 10:35 PM Page 1



# ਬਾਦਲ ਸਰਕਾਰ ਸਮੇਂ ਕੀਤੇ ਵਿਕਾਸ ਨੂੰ ਵੇਖਦਿਆਂ ਲੋਕ ਮੁੜ ਅਕਾਲੀ ਦਲ ਨਾਲ ਜੁੜ ਰਹੇ : ਬਿਕਰਮ ਮਜੀਠੀਆ



ਟਾਂਡਾ ਉੜਮੁੜ 13 ਅਪ੍ਰੈਲ ( ਜਸਵਿੰਦਰ ਸੰਧੂ, ਉਂਕਾਰ ਸਿੰਘ )- ਸ਼੍ਰੋਮਣੀ ਅਕਾਲੀ ਦਲ (ਬ) ਨੂੰ ਹੋਰ ਮਜਬੂਤ ਕਰਨ ਅਤੇ ਵਰਕਰਾਂ ਨੂੰ ਲਾਮਬੰਦ ਕਰਨ ਲਈ ਜ਼ਿਲ੍ਹਾ ਪ੍ਰਧਾਨ ਲਖਵਿੰਦਰ ਸਿੰਘ ਲੱਖੀ ਦੀ ਅਗਵਾਈ ਵਿੱਚ ਟਾਂਡਾ ਵਿਖੇ ਇੱਕ ਸਨਮਾਨ ਸਮਾਰੋਹ ਦਾ ਆਯੋਜਨ ਕੀਤਾ ਗਿਆ ।ਜਿਸ ਵਿੱਚ ਪੰਜਾਬ ਦੇ ਯੂਥ ਅਕਾਲੀ ਦਲ ਦੇ ਸਰਪ੍ਰਸਤ ਬਿਕਰਮ ਸਿੰਘ ਮਜੀਠੀਆ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ। ਇਸ ਮੌਕੇ ਤੇ ਮਜੀਠੀਆ ਦਾ ਟਾਂਡਾ ਪਹੁੰਚਣ 'ਤੇ ਜ਼ਿਲ੍ਹਾ ਪ੍ਰਧਾਨ ਲਖਵਿੰਦਰ ਸਿੰਘ ਲੱਖੀ, ਐਸ.ਜੀ.ਪੀ.ਸੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ, ਸਾਬਕਾ ਮੰਤਰੀ ਚੌਧਰੀ ਬਲਵੀਰ ਸਿੰਘ ਮਿਆਨੀ, ਵਰਿੰਦਰ ਸਿੰਘ ਬਾਜਵਾ, ਸਾਬਕਾ ਮੰਤਰੀ ਸੋਹਨ ਸਿੰਘ, ਸਰਬਜੋਤ ਸਿੰਘ ਸਾਬੀ, ਜਤਿੰਦਰ ਸਿੰਘ ਲਾਲੀ ਬਾਜਵਾ, ਸੁਸ਼ੀਲ ਕੁਮਾਰ ਪਿੰਕੀ, ਸੰਦੀਪ ਸੀਕਰੀ, ਅਰਵਿੰਦਰ ਸਿੰਘ ਰਸੂਲਪੁਰ ਅਤੇ ਹੋਰ ਅਹੁਦੇਦਾਰਾਂ ਨੇ ਜੀ ਆਇਆਂ ਕਹਿੰਦੇ ਹੋਏ ਸਰੋਪਾ ਪਾ ਕੇ ਉਨ੍ਹਾਂ ਨੂੰ ਸਨਮਾਨਿਤ ਕਰਦੇ ਹੋਏ ਭਰਵਾਂ ਸਵਾਗਤ ਕੀਤਾ।ਸਮਾਰੋਹ 'ਚ ਸ਼ਾਮਿਲ ਇਕੱਠ ਨੂੰ ਸੰਬੋਧਨ ਕਰਦੇ ਹੋਏ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਸਮੇਂ ਪੰਜਾਬ ਵਿੱਚ ਕੀਤੇ ਗਏ ਵਿਕਾਸ ਕਾਰਜਾਂ, ਪਾਰਟੀ ਦੀ ਕਾਰਗੁਜ਼ਾਰੀਆਂ ਤੇ ਪ੍ਰਾਪਤੀਆਂ ਨੂੰ ਵੇਖਦੇ ਹੋਏ ਪੰਜਾਬ ਦੀ ਨੌਜਵਾਨ ਪੀੜੀ ਅਤੇ ਜਨਤਾ ਮੁੜ ਅਕਾਲੀ ਦਲ ਨਾਲ ਜੁੜ ਰਹੀ ਹੈ ਜਿਸਦੇ ਸਦਕਾ ਪਾਰਟੀ ਦੇ ਵਰਕਰਾਂ ਦੇ ਹੌਸਲੇ ਬੁਲੰਦ ਹੁੰਦੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਅਕਾਲੀ ਦਲ ਦੀ ਸਰਕਾਰ ਸਮੇਂ ਗਰੀਬ ਤੇ ਪਿਛੜੇ ਵਰਗ, ਦਲਿਤ ਅਤੇ ਬੇਸਹਾਰਾ ਲੋਕਾਂ ਤੋਂ ਇਲਾਵਾ ਗਰੀਬੀ ਰੇਖਾ ਤੋਂ ਨੀਚੇ ਰਹਿ ਰਹੇ ਗਰੀਬ ਪਰਵਾਰਾਂ ਦੀ ਭਲਾਈ ਲਈ ਅਨੇਕਾਂ ਸਕੀਮਾਂ ਲਾਗੂ ਕੀਤੀਆਂ ਗਈਆਂ ਸਨ। ਇਨ੍ਹਾਂ ਸਕੀਮਾਂ ਦਾ ਪੂਰਾ ਪੂਰਾ ਫਾਇਦਾ ਯੋਗ ਅਤੇ ਅਸਲੀ ਹੱਕਦਾਰਾਂ ਤੱਕ ਪਹੁੰਚਾਉਣ ਲਈ ਸਰਕਾਰੀ ਅਧਿਕਾਰੀਆਂ ਦੀਆਂ ਡਿਊਟੀਆਂ ਲਾਈਆਂ ਗਈਆਂ ਸਨ, ਇਹੋ ਕਾਰਨ ਹੈ ਕਿ ਅੱਜ ਪੰਜਾਬ ਦੀ ਜਨਤਾ ਪ੍ਰਕਾਸ਼ ਸਿੰਘ ਬਾਦਲ ਦੀਆਂ ਨੀਤੀਆਂ ਨੂੰ ਯਾਦ ਕਰਕੇ ਮੁੜ ਅਕਾਲੀ ਦਲ ਨਾਲ ਜੁੜਦੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਿਲ ਹੋਣ ਵਾਲੇ ਹਰ ਵਿਅਕਤੀ ਨੂੰ ਉਸਦੀ ਯੋਗਤਾ ਅਨੁਸਾਰ ਜਿੰਮੇਵਾਰੀਆਂ ਸੌਂਪੀਆਂ ਜਾ ਰਹੀਆਂ ਹਨ ਤਾਂ ਜੋ ਵਰਕਰਾਂ ਦੇ ਹੌਸਲੇ ਹੋਰ ਬੁਲੰਦ ਹੋ ਸਕਣ। ਇਸ ਮੌਕੇ ਤੇ ਲਖਵਿੰਦਰ ਸਿੰਘ ਲੱਖੀ ਨੇ ਕਿਹਾ ਕਿ ਬਾਦਲ ਸਰਕਾਰ ਸਮੇਂ ਜਨਹਿੱਤ ਸਕੀਮਾਂ ਲੋਕਾਂ ਤੱਕ ਪਹੁੰਚਾਉਣ ਲਈ ਵਿਚੋਲਿਆਂ ਅਤੇ ਸਿਆਸੀ ਦਲਾਲਾਂ ਨੂੰ ਦਰ ਕਿਨਾਰ ਕਰਕੇ ਹਰ ਪਿੰਡ ਪਿੰਡ ਤੇ ਸ਼ਹਿਰ ਦੇ ਲੋਕਾਂ ਤੱਕ ਸਿੱਧਾ ਰਾਬਤਾ ਕਾਇਮ ਕੀਤਾ ਜਾਂਦਾ ਸੀ ਤਾਂ ਜੋ ਗਰੀਬਾਂ ਦੇ ਬਣਦੇ ਹੱਕ ਉਨ੍ਹਾਂ ਨੂੰ ਦਿੱਤੇ ਜਾ ਸਕਣ। ਉਨ੍ਹਾਂ ਕਿਹਾ ਕਿ ਪਾਰਟੀ ਨੂੰ ਹੋਰ ਮਜਬੂਤ ਕਰਨ ਲਈ ਨੁੱਕੜ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ ਕੀਤਾ ਗਿਆ ਹੈ ਤਾਂ ਜੋ ਪਾਰਟੀ ਵਰਕਰਾਂ ਵਿੱਚ ਆਪਸੀ ਤਾਲਮੇਲ ਵਧਾਇਆ ਜਾ ਸਕੇ ਅਤੇ ਪਾਰਟੀ ਵਰਕਰ ਆਮ ਜਨਤਾ ਨਾਲ ਤਾਲਮੇਲ ਬਣਾ ਕੇ ਪਾਰਟੀ ਨੂੰ ਹੋਰ ਮਜਬੂਤ ਕਰ ਸਕਣ। ਇਸ ਮੌਕੇ 'ਤੇ ਇੰਦਰਜੀਤ ਸਿੰਘ ਕੰਗ, ਇਕਬਾਲ ਸਿੰਘ ਜੋਹਲ, ਕਰਨ, ਸਰਬਜੀਤ ਸਿੰਘ ਮੋਮੀ, ਹਰਜੀ ਬਾਜਵਾ, ਸੁਰਜੀਤ ਕੈਰੋ ਅਤੇ ਹੋਰ ਅਕਾਲੀ ਵਰਕਰ ਹਾਜ਼ਰ ਸਨ।

# ਨਿਰਮਾਣ ਮਜ਼ਦੂਰ ਯੂਨੀਅਨ ਦੇ ਵਫਦ ਨੇ ਜਿੰਪਾ ਨੂੰ ਸੌਂਪਿਆ ਮੰਗ ਪੱਤਰ



**ਹੁਸ਼ਿਆਰਪੁਰ, (ਬਲਵੀਰ ਸੈਣੀ)** ਫੈਕਟਰੀਆਂ ਵਿੱਚ ਕੰਮ ਕਰਦੇ ਮਜ਼ਦੂਰਾਂ ਦੀ ਸਹੂਲਤ ਲਈ ਸਰਕਾਰ ਵਲੋਂ ਖੋਲੇ ਗਏ ਈ ਐਸ ਆਈ ਹਸਪਤਾਲਾਂ ਵਿੱਚ ਇਲਾਜ ਕਰਵਾਉਣ ਜਾਂਦੇ ਮਜ਼ਦੂਰਾਂ ਅਤੇ ਉਹਨਾਂ ਦੇ ਪਰਵਾਰਕ ਮੈਂਬਰਾਂ ਨੂੰ ਭਾਰੀ ਕਠਿਨਾਈ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਇਸ ਸਬੰਧੀ ਪੰਜਾਬ ਨਿਰਮਾਣ ਮਜਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਗੰਗਾ ਪ੍ਰਸ਼ਾਦ ਦੀ ਅਗਵਾਈ ਹੇਠ ਇੱਕ ਵਫਦ ਵਲੋਂ ਕੈਬਨਿਟ ਮੰਤਰੀ ਜਿੰਪਾ ਨੂੰ ਈ ਐਸ ਆਈ ਹੁਸ਼ਿਆਰਪੁਰ ਵਿੱਚ ਸਟਾਫ ਦੀ ਘਾਟ ਸਬੰਧੀ ਮੰਗ ਪੱਤਰ ਸੌਂਪਿਆ ਗਿਆ। ਮੰਗ ਪੱਤਰ ਰਾਹੀਂ ਮੰਗ ਕੀਤੀ ਗਈ ਕਿ ਇਸ ਹਸਪਤਾਲ ਅੰਦਰ ਡਾਕਟਰਾਂ, ਪੈਰਾ-ਮੈਡੀਕਲ ਸਟਾਫ ਅਤੇ ਦਰਜਾ ਚਾਰ ਮੁਲਾਜ਼ਮਾਂ ਦੀ ਭਾਰੀ ਕਮੀਂ ਹੈ, ਜਿਸ ਨਾਲ ਇਸ ਸੰਸਥਾ ਅੰਦਰ ਇਲਾਜ ਕਰਵਾਉਣ ਆਉਂਦੇ ਮਜ਼ਦੂਰਾਂ ਨੂੰ ਜਿੱਥੇ ਭਾਰੀ ਮੁਸ਼ਕਿਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਉੱਥੇ ਹੀ ਮੌਜੂਦਾ ਸਟਾਫ ਤੇ ਵੀ ਕੰਮ ਦਾ ਭਾਰੀ ਬੋਝ ਹੋਣ ਕਾਰਣ ਮਾਨਸਿਕ ਪ੍ਰੇਸ਼ਾਨੀ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ।ਸਾਥੀ ਗੰਗਾ ਪ੍ਰਸ਼ਾਦ ਨੇ ਦੱਸਿਆ ਕਿ ਈ ਐਸ ਆਈ ਹਸਪਤਾਲ ਹੁਸ਼ਿਆਰਪੁਰ ਬੀਮਾ ਵਰਕਰਾਂ ਨੂੰ ਬਿਹਤਰ ਸਹੂਲਤਾਂ ਪ੍ਰਦਾਨ ਕਰਦਾ ਰਿਹਾ ਹੈ ਅਤੇ ਇੱਥੇ ਜ਼ਿਲ੍ਹੇ ਭਰ ਦੀਆਂ ਉਦਯੋਗਿਕ ਇਕਾਈਆਂ ਫੋਕਲ ਪੁਆਇੰਟ, ਮਹਾਂਵੀਰ ਸਪਿੰਨਿੰਗ ਮਿੱਲ, ਹਾਕਿਨਜ਼ ਪ੍ਰੈਸ਼ਰ ਕੂਕਰ ਫੈਕਟਰੀ, ਸੋਨਾਲੀਕਾ, ਜੇ.ਸੀ.ਟੀ.ਚੌਹਾਲ, ਸੈਲਾ ਪੇਪਰ ਮਿੱਲ, ਸੈਂਚੁਰੀ ਲਪਾਈਵੁੱਡ ਤੋਂ ਬੀਮਾ ਵਰਕਰ ਆਪਣਾ ਅਤੇ ਆਪਣੇ ਪਰਿਵਾਰਿਕ ਮੈਂਬਰਾਂ ਦੇ ਇੰਨਡੋਰ ਅਤੇ ਆਊਟਡੋਰ ਇਲਾਜ ਲਈ ਆਉਂਦੇ ਹਨ।ਜੱਥੇਬੰਦੀ ਦੇ ਜ਼ਿਲ੍ਹਾ ਜਨਰਲ ਸਕੱਤਰ ਨੰਦ ਕਿਸ਼ੋਰ ਮੋਰੀਆ ਨੇ ਦੱਸਿਆ ਕਿ ਮੰਗ ਪੱਤਰ ਰਾਹੀਂ ਮੁੱਕ ਮੰਤਰੀ ਅਤੇ ਸਿਹਤ ਮੰਤਰੀ ਪੰਜਾਬ ਪਾਸੋਂ ਮੰਗ ਕੀਤੀ ਗਈ ਕਿ ਸਟਾਫ ਦੀ ਘਾਟ ਨੂੰ ਪੂਰਾ ਕੀਤਾ ਜਾਵੇ ਤਾਂ ਜੋ ਬੀਮਾ ਵਰਕਰਾਂ ਵਲੋਂ ਕਟਾਏ ਜਾਂਦੇ ਫੰਡ ਸਬੰਧੀ ਪੂਰੀ ਸਹੂਲਤ ਮਿਲ ਸਕੇ ਅਤੇ ਲੋੜੀਂਦਾ ਅਤੇ ਵਧੀਆ ਇਲਾਜ ਮਿਲ ਸਕੇ।

# ਵੋਟ ਦੇ ਅਧਿਕਾਰ ਦਾ ਇਸਤੇਮਾਲ ਕਰਨ ਲਈ ਕੀਤਾ ਜਾਵੇਗਾ ਜਾਗਰੂਕ: ਬੇਗਮਪੁਰਾ ਟਾਈਗਰ ਫੋਰਸ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਬੇਗਮਪੁਰਾ ਟਾਈਗਰ ਫੋਰਸ ਦੇ ਕੌਮੀ ਚੇਅਰਮੈਨ ਅਤੇ ਕੌਮੀ ਪ੍ਰਧਾਨ ਧਰਮਪਾਲ ਸਾਹਨੇਵਾਲ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਬੇਗਮਪੁਰਾ ਟਾਇਗਰ ਫੋਰਸ ਦੀ ਇੱਕ ਮੀਟਿੰਗ ਫੋਰਸ ਦੇ ਮੁੱਖ ਦਫ਼ਤਰ ਭਗਤ ਨਗਰ ਨੇੜੇ ਮਾਡਲ ਟਾਊਨ ਹੁਸ਼ਿਆਰਪੁਰ ਵਿਖੇ ਫੋਰਸ ਦੇ ਜ਼ਿਲ੍ਹਾ ਪ੍ਰਧਾਨ ਹੈਪੀ ਫਤਿਹਗੜ੍ਹ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਫੋਰਸ ਦੇ ਪੰਜਾਬ ਪ੍ਰਧਾਨ ਬੀਰਪਾਲ ਠਰੋਲੀ,ਨੇਕੂ ਅਜਨੋਹਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਫੋਰਸ ਦੇ ਆਗੂਆ ਨੇ ਕਿਹਾ ਕਿ ਨੌਜਵਾਨ ਆਪਣੇ ਵੋਟ ਦੇ ਅਧਿਕਾਰ ਦਾ ਇਸਤੇਮਾਲ ਜ਼ਰੂਰ ਕਰਨ। ਕਿਉਂਕਿ ਇੱਕ ਮਜਬੂਤ ਲੋਕਤੰਤਰ ਦੇ ਨਿਰਮਾਣ ਵਿੱਚ ਨੌਜਵਾਨ ਪੀੜੀ ਦੀ ਇੱਕ ਮਹੱਤਵਪੂਰਣ ਭੂਮਿਕਾ ਹੁੰਦੀ ਹੈ। ਇਸ ਲਈ ਸਾਨੂੰ ਵੋਟਾਂ ਦੇ ਦਿਨ ਆਪਣੇ ਨਾਲ-ਨਾਲ ਆਪਣੇ ਪਰਵਾਰ, ਗਵਾਂਢੀਆਂ ਅਤੇ ਹੋਰ ਲੋਕਾਂ ਨੂੰ ਪ੍ਰੇਰਿਤ ਕਰਨਾ ਚਾਹੀਦਾ ਹੈ ਤਾਂਕਿ ਹਰੇਕ ਵਿਅਕਤੀ ਸਰਕਾਰ ਚੁਣਨ ਵਿੱਚ ਆਪਣੀ ਖਾਸ ਭੂਮਿਕਾ ਨਿਭਾ ਸਕੇ। ਉਹਨਾ ਕਿਹਾ ਕਿ ਵੈਸੇ ਤਾਂ ਲੋਕਾਂ ਨੂੰ ਜਾਗਰੂਕ ਕਰਨ ਲਈ ਚੋਣ ਕਮਿਸ਼ਨ ਨੇ ਮੁਹਿੰਮ ਚਲਾ ਰੱਖੀ ਹੈ ਪਰ ਇਹ ਉਸ ਵੇਲੇ ਸਾਰਥਿਕ ਹੋਵੇਗਾ ਜਦੋਂ ਅਸੀਂ ਮਿਲ ਕੇ ਚੋਣਾਂ ਵਾਲੇ ਦਿਨ ਚੋਣ ਕੇਂਦਰ 'ਤੇ ਜਾ ਕੇ ਵੋਟ ਪੋਲ ਕਰਾਂਗੇ। ਉਹਨਾ ਕਿਹਾ ਕਿ ਬੇਗਮਪੁਰਾ ਟਾਈਗਰ ਫੋਰਸ ਨੇ ਫੈਸਲਾ ਲਿਆ ਹੈ ਕਿ ਉਹ ਲੋਕਾਂ ਨੂੰ ਵੋਟ ਪਾਉਣ ਲਈ ਪ੍ਰੇਰਿਤ ਕਰਨਗੇ ਖਾਸ ਕਰਕੇ ਨੌਜਵਾਨ ਪੀੜੀ ਨੂੰ। ਉਨਾਂ ਕਿਹਾ ਕਿ ਸਾਨੂੰ ਰਲ ਮਿਲਕੇ ਵੋਟ ਪਾਉਣ ਦੇ ਲਈ ਪਿੰਡਾਂ ਤੇ ਸ਼ਹਿਰਾ ਵਿੱਚ ਲੋਕਾਂ ਨੂੰ ਜਾਗਰੂਕ ਕਰਨਾ ਚਾਹੀਦਾ ਹੈ ਤਾਂਕਿ ਹਰੇਕ ਵਿਅਕਤੀ ਆਪਣੀ ਵੋਟ ਪੋਲ ਕਰ ਸਕੇ ਅਤੇ ਇਕ ਮਜਬੂਤ ਸਰਕਾਰ ਚੁਣਨ ਵਿੱਚ ਆਪਣੀ ਹਿੱਸੇਦਾਰੀ ਪਾ ਸਕੇ। ਬੇਗਮਪੁਰਾ ਟਾਈਗਰ ਫੋਰਸ ਦੇ ਅਹੁਦੇਦਾਰਾਂ ਨੇ ਬੱਚਿਆਂ ਦੇ ਮਾਤਾ-ਪਿਤਾ ਨੂੰ ਅਪੀਲ ਕੀਤੀ ਕਿ ਜੇਕਰ ਉਨਾਂ ਦਾ ਬੱਚਾ 18 ਸਾਲ ਦਾ ਹੋ ਗਿਆ ਹੈ ਤਾ ਉਹ ਆਪਣੇ ਬੱਚੇ ਦੀ ਵੋਟ ਜ਼ਰੂਰ ਬਣਾਉਣ ਅਤੇ ਜਿਸ ਦੀ ਵੋਟ ਬਣ ਚੁੱਕੀ ਹੈ ਉਹ ਆਪਣੇ ਵੋਟ ਦੇ ਅਧਿਕਾਰ ਦਾ ਪ੍ਰਯੋਗ ਜ਼ਰੂਰ ਕਰਨ। ਕਿਉਂਕਿ ਭਾਰਤ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਦੇਸ਼ ਹੇ ਜਿਥੇ ਵੋਟ ਦੇ ਬਲ ਤੇ ਹੀ ਸਰਕਾਰ ਦਾ ਗਠਨ ਹੁੰਦਾ ਹੈ। ਇਸ ਲਈ ਸਾਨੂੰ ਵੱਧ ਤੋਂ ਵੱਧ ਗਿਣਤੀ ਵਿੱਚ ਚੋਣ ਕੇਂਦਰ ਪਹੁੰਚ ਕੇ ਬਿਨਾਂ ਕਿਸੇ ਲਾਲਚ ਅਤੇ ਡਰ ਤੋਂ ਆਪਣੇ ਵੋਟ ਦੇ ਅਧਿਕਾਰ ਦਾ ਪ੍ਰਯੋਗ ਕਰਨਾ ਚਾਹੀਦਾ ਹੈ ਤਾਂ ਕਿ ਇਕ ਇਮਾਨਦਾਰ ਅਤੇ ਵਿਕਾਸ ਕਰਨ ਵਾਲੀ ਸਰਕਾਰ ਚੁਣੀ ਜਾ ਸਕੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮੀਡੀਆ ਇੰਚਾਰਜ ਚੰਦਰ ਪਾਲ ਹੈਪੀ ਸਤੀਸ਼ ਕੁਮਾਰ ਸ਼ੇਰਗੜ, ਅਮਨਦੀਪ, ਮੁਨੀਸ਼, ਚਰਨਜੀਤ ਡਾਡਾ, ਕਮਲਜੀਤ, ਰਾਮ ਜੀ, ਦਵਿੰਦਰ ਕੁਮਾਰ, ਪੰਮਾ ਡਾਡਾ, ਗੋਗਾ ਮਾਂਝੀ, ਪਵਨ ਕੁਮਾਰ ਬੱਧਣ, ਅਮਨਦੀਪ ਸਿੰਘ, ਚਰਨਜੀਤ ਸਿੰਘ, ਭੁਪਿੰਦਰ ਕੁਮਾਰ ਬੱਧਣ ਕਮਲਜੀਤ ਸਿੰਘ, ਬਿਸ਼ਨਪਾਲ, ਗਿਆਨ ਚੰਦ, ਮੁਸਾਫ਼ਰ ਸਿੰਘ, ਸ਼ੇਰਾ ਸਿੰਘ, ਵਿਸ਼ਾਲ ਸਿੰਘ, ਸਨੀ ਸੀਨਾ, ਭਿੰਦਾ ਸੀਨਾ, ਹੈਪੀ ਫਤਹਿਗੜ੍ਹ, ਦਵਿੰਦਰ ਕੁਮਾਰ, ਰਾਕੇਸ਼ ਕੁਮਾਰ ਭੱਟੀ ਵਿਜੇ ਕੁਮਾਰ ਜੱਲੋਵਾਲ ਖਨੂਰ , ਰਵਿ ਸੁੰਦਰ ਨਗਰ ਸਮੇਤ ਸੰਗਠਨ ਦੇ ਹੋਰ ਅਹੁਦੇਦਾਰ ਤੇ ਮੈਂਬਰ ਹਾਜ਼ਰ ਸਨ।

# ਸ੍ਰੀ ਅਗਰਸੇਨ ਕਮੇਟੀ ਦੇ ਕਮਲ ਬਾਂਸਲ ਪ੍ਰਧਾਨ ਤੇ ਅਨਮੋਲ ਗਰਗ ਚੇਅਰਮੈਨ ਬਣੇ



**ਜਗਰਾਉਂ, (ਸੰਜੀਵ ਅਰੋੜਾ)**- ਅਗਰਵਾਲ ਸਮਾਜ ਜਗਰਾਉਂ ਦੀ ਮੁੱਖ ਸੰਸਥਾ ਸ੍ਰੀ ਅਗਰਸੇਨ ਸਮਿਤੀ ਜਗਰਾਉਂ ਦੀ ਵਿਸ਼ੇਸ਼ ਮੀਟਿੰਗ ਸੰਸਥਾ ਦੇ ਜਨਰਲ ਸਕੱਤਰ ਗੌਰਵ ਸਿੰਗਲਾ ਦੀ ਅਗਵਾਈ ਵਿੱਚ ਹੋਈ। ਮੀਟਿੰਗ ਵਿੱਚ ਸੰਸਥਾ ਦੇ ਪ੍ਰਧਾਨ ਅਨਮੋਲ ਗਰਗ ਨੇ ਸਮੂਹ ਮੈਂਬਰਾਂ ਨੂੰ ਆਪਣੇ ਪ੍ਰਧਾਨ ਦਾ ਕਾਰਜਕਾਲ ਪੂਰਾ ਹੋਣ 'ਤੇ ਨਵੇਂ ਪ੍ਰਧਾਨ ਦੀ ਚੋਣ ਕਰਨ ਦੀ ਅਪੀਲ ਕੀਤੀ। ਮੀਟਿੰਗ ਵਿੱਚ ਹਾਜ਼ਰ ਮੈਂਬਰਾਂ ਦੀ ਸਰਬਸੰਮਤੀ ਨਾਲ ਸੰਸਥਾ ਦੇ ਸੰਗਠਨ ਮਹਾਂਮੰਤਰੀ ਕਮਲਦੀਪ ਬਾਂਸਲ ਨੂੰ ਸੰਸਥਾ ਦਾ ਨਵਾਂ ਪ੍ਰਧਾਨ ਨਿਯੁਕਤ ਕੀਤਾ ਗਿਆ। ਇਸ ਮੌਕੇ ਸੰਸਥਾ ਦੇ ਵਾਈਸ ਪ੍ਰਧਾਨ ਦੀਪਕ ਗੋਇਲ ਨੇ ਕਿਹਾ ਕਿ ਸਾਨੂੰ ਪੂਰਾ ਭਰੋਸਾ ਹੈ ਕਿ ਨਵੇਂ ਪ੍ਰਧਾਨ ਕਮਲਦੀਪ ਬਾਂਸਲ ਸੰਸਥਾ ਦੀ ਅਗਵਾਈ ਕਰ ਚੁੱਕੇ ਅਮਿਤ ਸਿੰਘਲ, ਪਿਊਸ਼ ਗਰਗ ਤੇ ਅਨਮੋਲ ਗਰਗ ਵਾਂਗ ਅਗਰਵਾਲ ਵੀ ਸਮਾਜ ਦੀ ਬਿਹਤਰੀ ਲਈ ਹਰ ਸੰਭਵ ਯਤਨ ਕਰਨਗੇ। ਮੀਟਿੰਗ ਵਿੱਚ ਸੰਸਥਾ ਦੇ ਸਮੂਹ ਮੈਂਬਰਾਂ ਨੇ ਅਨਮੋਲ ਗਰਗ ਨੂੰ ਚੇਅਰਮੈਨ ਦੀ ਅਹਿਮ ਜ਼ਿੰਮੇਦਾਰੀ ਸੌਂਪੀ। ਇਸ ਮੌਕੇ ਕਮਲਦੀਪ ਬਾਂਸਲ ਤੇ ਅਨਮੋਲ ਗਰਗ ਨੇ ਸਮੂਹ ਮੈਂਬਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸੰਸਥਾ ਵੱਲੋਂ ਉਨ੍ਹਾਂ ਨੂੰ ਜੋ ਜ਼ਿੰਮੇਵਾਰੀ ਸੌਂਪੀ ਗਈ ਹੈ, ਉਸ ਨੂੰ ਤਨਦੇਹੀ ਨਾਲ ਨਿਭਾਉਣਗੇ। ਇਸ ਮੌਕੇ ਦੀਪਕ ਗੋਇਲ ਡੀ. ਕੇ., ਅਮਿਤ ਬਾਂਸਲ, ਪੁਨੀਤ ਬਾਂਸਲ, ਮੋਹਿਤ ਗੋਇਲ, ਗੌਰਵ ਸਿੰਗਲਾ, ਦੀਪਕ ਗੋਇਲ, ਹਰਸ਼ ਸਿੰਗਲਾ, ਰਾਜੀਵ ਗੋਇਲ, ਨਵੀਨ ਜੈਨ, ਰੋਹਿਤ ਗੋਇਲ, ਦੀਪਕ ਗੋਇਲ, ਹਿਮਾਂਸ਼ੂ ਸਿੰਗਲਾ, ਅੰਕੁਸ਼ ਮਿੱਤਲ, ਮੁਨੀਸ਼ ਜੈਨ ਤੇ ਸੰਜੀਵ ਬਾਂਸਲ ਸਮੇਤ ਸੰਸਥਾ ਦੇ ਸਮੂਹ ਮੈਂਬਰ ਹਾਜ਼ਰ ਸਨ।

# ਅਨੁਵਰਤ ਪਬਲਿਕ ਸਕੂਲ 'ਚ ਵਿਸਾਖੀ ਦਾ ਤਿਉਹਾਰ ਮਨਾਇਆ



**ਜਗਰਾਉਂ, (ਸੰਜੀਵ ਅਰੋੜਾ, ਅਮਿਤ ਖੰਨਾ)**- ਅਨੁਵਰਤ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਜਗਰਾਉਂ ਵਿਖੇ ਚੜ੍ਹਦੀ ਕਲਾ ਤੇ ਖੁਸ਼ਹਾਲੀ ਦਾ ਪ੍ਰਤੀਕ ਵਿਸਾਖੀ ਤੇ ਡਾ. ਅੰਬੇਡਕਰ ਜਯੰਤੀ ਬੜੇ ਜੋਸ਼ੋ-ਖਰੋਸ਼ ਤੇ ਉਤਸ਼ਾਹ ਨਾਲ ਮਨਾਈ ਗਈ। ਪ੍ਰੀ-ਪ੍ਰਾਇਮਰੀ ਤੋਂ ਦਸਵੀਂ ਸ਼੍ਰੇਣੀ ਤੱਕ ਫੈਂਸੀ ਡਰੈੱਸ, ਕਵਿਤਾ ਉਚਾਰਨ, ਗੀਤ-ਸੰਗੀਤ, ਗਿੱਧਾ-ਭੰਗੜਾ ਤੇ ਭਾਸ਼ਣ ਪ੍ਰਤੀਯੋਗਤਾਵਾਂ ਕਰਵਾਈਆਂ ਗਈਆਂ। ਰੰਗ ਬਿਰੰਗੇ ਪੰਜਾਬੀ ਪਹਿਰਾਵੇ ਤੇ ਫੈਂਸੀ ਡਰੈੱਸ 'ਚ ਸਜੇ ਨੰਨ੍ਹੇ ਕਲਾਕਾਰਾਂ ਦੀਆਂ ਗਿੱਧੇ-ਭੰਗੜੇ ਦੀਆਂ ਨਾਚ ਮੁਦਰਾਵਾਂ ਵੇਖਣ ਯੋਗ ਸਨ। ਪਹਿਲੀ ਤੋਂ ਪੰਜਵੀਂ ਸ਼੍ਰੇਣੀ ਦੇ ਬੱਚਿਆਂ ਨੇ ਸੱਭਿਆਚਾਰਕ ਕਵਿਤਾਵਾਂ ਤੇ ਗੀਤਾਂ ਰਾਹੀਂ ਸਮਾਂ ਬੰਨ੍ਹਿਆ। ਛੇਵੀਂ ਤੋਂ ਦਸਵੀਂ ਸ਼੍ਰੇਣੀ ਤੱਕ ਦੇ ਵਿਦਿਆਰਥੀਆਂ ਨੇ ਡਾ. ਅੰਬੇਡਕਰ, ਪੰਜਾਬੀ ਸੱਭਿਆਚਾਰ ਤੇ ਵਿਸਾਖੀ ਨਾਲ ਜੁੜੇ ਇਤਿਹਾਸ ਬਾਰੇ ਭਾਸ਼ਣ ਪ੍ਰਤੀਯੋਗਿਤਾਵਾਂ ਵਿੱਚ ਚਿੱਤਰਕਲਾ ਤੇ ਪੇਂਟਿੰਗ ਅਤੇ ਡੂੰਘੇਰੀ ਸੋਚ 'ਤੇ ਭਾਸ਼ਣ ਕਲਾ ਦਾ ਵਧੀਆ ਪ੍ਰਦਰਸ਼ਨ ਕੀਤਾ। ਇਸ ਮੌਕੇ ਸ੍ਰੀ ਵਿਸ਼ਾਲ ਜੈਨ, ਡਾਇਰੈਕਟਰ ਮਹਾਪ੍ਰਗਯ ਸਕੂਲ ਨੇ ਪੰਜਾਬੀ ਸੱਭਿਆਚਾਰ ਨੂੰ ਕਾਇਮ ਰੱਖਣ ਤੇ ਆਪਸੀ ਸਾਂਝ ਬਣਾਏ ਰੱਖਣ ਲਈ ਪ੍ਰੇਰਿਤ ਕਰਦਿਆਂ ਡਾ. ਅੰਬੇਡਕਰ ਜੀ ਦੇ ਪੂਰਨਿਆਂ 'ਤੇ ਤੁਰਨ ਲਈ ਉਤਸ਼ਾਹਤ ਕੀਤਾ। ਇਸ ਮੌਕੇ ਡਾਇਰੈਕਟਰ ਅਮਰਜੀਤ ਕੌਰ, ਪ੍ਰਿੰਸੀਪਲ ਗੋਲਡੀ ਜੈਨ ਤੇ ਸਮੂਹ ਅਧਿਆਪਕ ਮੌਜੂਦ ਸਨ।

# ਡਾ. ਉਬਰਾਏ ਦੇ ਜਨਮ ਦਿਨ 'ਤੇ ਟਰੱਸਟ ਨੇ ਪਿੰਡਾਂ 'ਚ ਖੋਲ੍ਹੀਆਂ ਲਾਇਬ੍ਰੇਰੀਆਂ



ਸ੍ਰੀ ਮੁਕਤਸਰ ਸਾਹਿਬ (ਕੁਲਭੂਸ਼ਨ ਚਾਵਲਾ)-ਮਨੁੱਖਤਾ ਦੀ ਸੇਵਾ ਵਿੱਚ ਲੱਗੇ ਡਾਕਟਰ ਐੱਸ ਪੀ ਸਿੰਘ ਉਬਰਾਏ ਦਾ 69ਵਾਂ ਜਨਮ ਦਿਨ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਇਕਾਈ ਸ੍ਰੀ ਮੁਕਤਸਰ ਸਾਹਿਬ ਵੱਲੋਂ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਪਿੰਡ ਗੁਲਾਬੇ ਵਾਲਾ ਤੇ ਗੁਰਦੁਆਰਾ ਸਾਹਿਬ ਪਿੰਡ ਮਾਂਗਟ ਕੇਰ ਵਿੱਚ ਲੋਕਾਂ ਨੂੰ ਗਿਆਨ ਦਾ ਪ੍ਰਕਾਸ਼ ਕਰਵਾਉਣ ਲਈ ਮੁਫ਼ਤ ਲਾਇਬ੍ਰੇਰੀਆਂ ਖੋਲ੍ਹ ਕੇ ਮਨਾਇਆ ਗਿਆ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਇਨ੍ਹਾਂ ਲਾਇਬ੍ਰੇਰੀਆਂ ਵਿੱਚ ਧਾਰਮਿਕ, ਸਮਾਜਿਕ, ਇਤਿਹਾਸਕ, ਰਾਜਨੀਤਕ ਤੇ ਹੋਰ ਕਈ ਵਿਸ਼ਿਆਂ ਨਾਲ ਸਬੰਧਤ ਕਿਤਾਬਾਂ ਡਾਕਟਰ ਐੱਸ ਪੀ ਸਿੰਘ ਓਬਰਾਏ ਵੱਲੋਂ ਮੁਫ਼ਤ ਭੇਜੀਆਂ ਗਈਆਂ ਹਨ ਤਾਂ ਜੋ ਨੌਜਵਾਨ ਪੀੜ੍ਹੀ ਇਨ੍ਹਾਂ ਨੂੰ ਪੜ੍ਹਨ ਉਪਰੰਤ ਚੰਗੇ ਇਨਸਾਨ ਬਨਣ।ਜ਼ਿਲ੍ਹਾ ਪ੍ਰਧਾਨ ਨੇ ਦੱਸਿਆ ਕਿ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਸਿੰਘਾਂ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਅਰਦਾਸ ਕੀਤੀ ਗਈ ਤੇ ਹੁਕਮਨਾਮੇ ਲੈਣ ਉਪਰੰਤ ਇਹ ਲਾਇਬ੍ਰੇਰੀਆਂ ਡਾਕਟਰ ਉਬਰਾਏ ਦੇ ਜਨਮ ਦਿਨ 'ਤੇ ਪਿੰਡ ਵਾਸੀਆਂ ਨੂੰ ਸਮਰਪਤ ਕੀਤੀਆਂ ਗਈਆਂ।ਦੋਹਾਂ ਪਿੰਡਾਂ ਦੀਆਂ ਗੁਰਦਵਾਰਾ ਪ੍ਰਬੰਧਕ ਕਮੇਟੀਆਂ ਵੱਲੋਂ ਡਾਕਟਰ ਓਬਰਾਏ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਗਈ ਤੇ ਪੰਚਾਇਤਾਂ ਵੱਲੋਂ ਵੀ ਡਾਕਟਰ ਐੱਸ ਪੀ ਸਿੰਘ ਓਬਰਾਏ ਦਾ ਧੰਨਵਾਦ ਕੀਤਾ ਗਿਆ।ਇਸ ਮੌਕੇ ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ, ਬਲਵਿੰਦਰ ਸਿੰਘ ਬਰਾੜ ਰਿਟਾਇਰਡ ਪ੍ਰਿੰਸੀਪਲ, ਚਰਨਜੀਤ ਸਿੰਘ, ਮਲਕੀਤ ਸਿੰਘ ਰਿਟਾਇਰਡ ਬੈਂਕ ਮੈਨੇਜਰ, ਸੁਖਬੀਰ ਸਿੰਘਾਂ ਜੈਲਦਾਰ, ਜਸਬੀਰ ਸਿੰਘ ਰਿਟਾਇਰਡ ਏ ਐੱਸ ਆਈ, ਗੁਰਦਵਾਰਾ ਸਾਹਿਬ ਦੀਆਂ ਪ੍ਰਬੰਧਕ ਕਮੇਟੀਆਂ ਤੇ ਪਿੰਡ ਵਾਸੀ ਹਾਜ਼ਰ ਸਨ।

# ਰਿਆਤ ਬਾਹਰਾ ਯੂਨੀਵਰਸਿਟੀ 'ਚ ਉਤਸ਼ਾਹ ਨਾਲ ਮਨਾਇਆ ਵਿਸਾਖੀ ਦਾ ਤਿਉਹਾਰ



ਮੁਹਾਲੀ (ਗੁਰਜੀਤ ਬਿੱਲਾ)-ਰਿਆਤ ਬਾਹਰਾ ਯੂਨੀਵਰਸਿਟੀ ਦੇ ਸਕੂਲ ਆਫ ਐਜੂਕੇਸ਼ਨ ਐਂਡ ਸੋਸ਼ਲ ਸਾਇੰਸਿਜ਼ ਵਿਖੇ ਵਿਸਾਖੀ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ ਗਿਆ। ਇਹ ਸਮਾਗਮ ਪੰਜਾਬ ਦੇ ਅਮੀਰ ਅਤੇ ਵਿਭਿੰਨ ਸੱਭਿਆਚਾਰਕ ਵਿਰਸੇ ਨੂੰ ਪ੍ਰਦਰਸ਼ਿਤ ਕਰਨ ਲਈ ਇੱਕ ਜੀਵੰਤ ਪਲੇਟਫਾਰਮ ਵਜੋਂ ਕੰਮ ਕਰਦਾ ਹੈ। ਪੰਜਾਬੀ ਕੈਲੰਡਰ ਵਿੱਚ ਇੱਕ ਮਹੱਤਵਪੂਰਨ ਤਿਉਹਾਰ ਵਿਸਾਖੀ ਨੂੰ ਰਵਾਇਤੀ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਰਿਆਤ ਬਾਹਰਾ ਯੂਨੀਵਰਸਿਟੀ ਦੇ ਚਾਂਸਲਰ ਗੁਰਵਿੰਦਰ ਸਿੰਘ ਬਾਹਰਾ ਦੀ ਸਰਪ੍ਰਸਤੀ ਅਤੇ ਵਾਈਸ ਚਾਂਸਲਰ ਡਾ. ਪਰਵਿੰਦਰ ਸਿੰਘ ਦੀ ਅਗਵਾਈ ਹੇਠ ਕਰਵਾਏ ਗਏ ਇਸ ਸਮਾਗਮ ਵਿੱਚ ਲੋਕ ਸੰਗੀਤ, ਨ੍ਰਿਤ ਪ੍ਰਦਰਸ਼ਨ ਅਤੇ ਰੰਗੀਨ ਪਹਿਰਾਵੇ ਸਮੇਤ ਵੱਖ-ਵੱਖ ਪਰੰਪਰਾਗਤ ਤੱਤਾਂ ਨੂੰ ਪੇਸ਼ ਕੀਤਾ ਗਿਆ।ਚਾਂਸਲਰ ਗੁਰਵਿੰਦਰ ਸਿੰਘ ਬਾਹਰਾ ਨੇ ਇਸ ਸਮਾਗਮ ਵਿੱਚ ਖੁਸ਼ੀ ਦਾ ਇਜ਼ਹਾਰ ਕਰਦਿਆਂ ਕਿਹਾ ਕਿ ਯੂਨੀਵਰਸਿਟੀ ਭਾਈਚਾਰੇ ਅੰਦਰ ਸੱਭਿਆਚਾਰਕ ਵਿਭਿੰਨਤਾ ਅਤੇ ਸਦਭਾਵਨਾ ਨੂੰ ਉਤਸ਼ਾਹਤ ਕਰਨ ਲਈ ਅਜਿਹੇ ਸਮਾਗਮਾਂ ਦੀ ਵਿਸ਼ੇਸ਼ ਮਹੱਤਤਾ ਹੈ। ਵਾਈਸ ਚਾਂਸਲਰ ਡਾ. ਪਰਵਿੰਦਰ ਸਿੰਘ ਨੇ ਇੱਕ ਸਫਲ ਅਤੇ ਯਾਦਗਾਰੀ ਸਮਾਰੋਹ ਦੇ ਆਯੋਜਨ ਵਿੱਚ ਸ਼ਾਮਲ ਸਾਰਿਆਂ ਦੇ ਯਤਨਾਂ ਦੀ ਸ਼ਲਾਘਾ ਕੀਤੀ।ਡਾ. ਇੰਦਰਪ੍ਰੀਤ ਕੌਰ ਡੀਨ (ਯੂ.ਐੱਸ.ਐੱਸ.ਐੱਸ.) ਨੇ ਕਿਹਾ ਕਿ ਵਿਸਾਖੀ ਫੈਸਟੀਵਲ ਨਾ ਸਿਰਫ਼ ਸੱਭਿਆਚਾਰਕ ਉਤਸਵ ਵਜੋਂ ਕੰਮ ਕਰਦਾ ਹੈ, ਸਗੋਂ ਇੱਕ ਸੰਪੂਰਨ ਅਕਾਦਮਿਕ ਅਨੁਭਵ ਪ੍ਰਦਾਨ ਕਰਨ ਲਈ ਯੂਨੀਵਰਸਿਟੀ ਦੀ ਵਚਨਬੱਧਤਾ ਦੇ ਪ੍ਰਮਾਣ ਵਜੋਂ ਵੀ ਕੰਮ ਕਰਦਾ ਹੈ।

# ਸੰਵਿਧਾਨਕ ਕਦਰਾਂ ਕੀਮਤਾਂ 'ਤੇ ਪਹਿਰਾ ਦੇਣਾ ਸਮੇਂ ਦੀ ਮੁੱਖ ਲੋੜ : ਮੰਗਤ ਰਾਏ



**ਕਾਲਾਂਵਾਲੀ :(ਸੁਰਿੰਦਰ ਪਾਲ ਸਿੰਘ)**-ਸਰਕਾਰੀ ਮਾਡਲ ਕਲਚਰ ਸੀਨੀਅਰ ਸੈਕੰਡਰੀ ਸਕੂਲ ਕਾਲਾਂਵਾਲੀ ਦੇ ਪ੍ਰਿੰਸੀਪਲ ਗੁਰਦੀਪ ਸਿੰਘ ਦੀ ਅਗਵਾਈ 'ਚ ਸੰਵਿਧਾਨ ਨਿਰਮਾਤਾ ਡਾ. ਭੀਮ ਰਾਓ ਅੰਬੇਡਕਰ ਦੇ 133ਵੇਂ ਜਨਮ ਦਿਵਸ ਮੌਕੇ ਵਿਦਿਆਰਥੀਆਂ ਦੇ ਭਾਸ਼ਣ ਅਤੇ ਪੇਂਟਿੰਗ ਮੁਕਾਬਲੇ ਕਰਵਾਏ ਗਏ। ਸਮਾਗਮ ਦੇ ਮੁੱਖ ਮਹਿਮਾਨ ਅੰਬੇਡਕਰ ਸਭਾ ਕਾਲਾਂਵਾਲੀ ਦੇ ਪ੍ਰਧਾਨ ਮੰਗਤ ਰਾਏ ਨੇ ਡਾ. ਅੰਬੇਡਕਰ ਨੂੰ ਮਹਾਨ ਸਮਾਜ ਸੁਧਾਰਕ ਅਤੇ ਦਲਿਤਾਂ ਦੇ ਮਸੀਹਾ ਵਜੋਂ ਦਰਸਾਇਆ, ਜਿਨ੍ਹਾਂ ਸੰਵਿਧਾਨ ਅੰਦਰ ਸਾਰੇ ਵਰਗਾਂ ਦੇ ਹਿੱਤਾਂ ਦੀ ਰੱਖਿਆ ਕੀਤੀ। ਪ੍ਰਧਾਨ ਮੰਗਤ ਰਾਏ ਨੇ ਕਿਹਾ ਕਿ ਬਾਬਾ ਸਾਹਿਬ ਦਾ ਮੰਨਣਾ ਸੀ ਕਿ ਕੋਈ ਵੀ ਦੇਸ਼ ਉਦੋਂ ਤੱਕ ਵਿਕਾਸ ਨਹੀਂ ਕਰ ਸਕਦਾ ਜਦੋਂ ਤੱਕ ਉਸ ਦੀਆਂ ਔਰਤਾਂ ਦਾ ਵਿਕਾਸ ਨਹੀਂ ਹੁੰਦਾ। ਬਾਬਾ ਸਾਹਿਬ ਨੇ ਆਪਣਾ ਸਾਰਾ ਜੀਵਨ ਦੱਬੇ-ਕੁਚਲੇ ਲੋਕਾਂ ਦੇ ਸੰਘਰਸ਼ ਲਈ ਸਮਰਪਤ ਕਰ ਦਿੱਤਾ।ਪ੍ਰਿੰਸੀਪਲ ਨੇ ਕਿਹਾ ਕਿ ਪੇਂਟਿੰਗ ਮੁਕਾਬਲੇ ਵਿੱਚ ਸੁਖਮਨ ਸਿੰਘ ਪਹਿਲੇ, ਸਤਵੀਰ ਸਿੰਘ ਦੂਜੇ, ਸੁਖਦੀਪ ਸਿੰਘ ਅਤੇ ਨਿਰਮਲਦੀਪ ਸਿੰਘ ਤੀਜੇ ਸਥਾਨ 'ਤੇ ਰਹੇ। ਭਾਸ਼ਣ ਮੁਕਾਬਲੇ ਵਿੱਚ ਓਮ ਪ੍ਰਕਾਸ਼ ਪਹਿਲੇ, ਗੁਰਮੇਹਰ ਸਿੰਘ ਦੂਜੇ ਸਥਾਨ 'ਤੇ ਰਿਹਾ। ਕਵਿਤਾ ਗਾਇਨ ਵਿੱਚ ਅਜਮਤ ਅਲੀ ਪਹਿਲੇ ਅਤੇ ਜਸ਼ਨਦੀਪ ਦੂਜੇ ਸਥਾਨ 'ਤੇ ਰਿਹਾ। ਸਮਾਗਮ ਦੇ ਅੰਤ 'ਚ ਸਾਰੇ ਭਾਗੀਦਾਰਾਂ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਨੀਰਜ ਲਾਲ, ਗਗਨਦੀਪ ਡੀ.ਪੀ.ਈ.ਜਗਸੀਰ ਸਿੰਘ, ਵਿਨੋਦ ਗੋਇਲ, ਤਰਸੇਮ ਕੌਰ, ਹਰਪਾਲ ਸਿੰਘ, ਗਗਨਦੀਪ, ਕੁਲਦੀਪ ਖੁੰਡੀਆ, ਅਮਨਦੀਪ, ਦਮਨ, ਸ਼ਾਰਦਾ ਦੀਪਿਕਾ, ਸੋਨੀਆ, ਸੁਮਨ, ਭਾਰਤੀ, ਸੁਨੀਤਾ, ਅਮਨਦੀਪ, ਰਮਨਦੀਪ ਕੌਰ ਸਮੇਤ ਸਭਾ ਦੇ ਬਹੁਤ ਸਾਰੇ ਕਾਰਕੁਨ ਹਾਜ਼ਰ ਰਹੇ।

# ਅਕਾਲੀ ਦਲ ਦੀ ਮਜ਼ਬੂਤੀ ਲਈ ਆਗੂਆਂ ਤੇ ਵਰਕਰਾਂ ਨਾਲ ਰਾਬਤਾ ਜਾਰੀ-ਸਨੀ ਗਿੱਲ



**ਮੋਗਾ, (ਇਕਬਾਲ ਸਿੰਘ ਖਹਿਰਾ)**- ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਸੰਜੀਤ ਸਿੰਘ ਸਨੀ ਗਿੱਲ ਨੇ ਜਿਉਂ ਹੀ ਹਲਕਾ ਮੋਗਾ ਦੇ ਇੰਚਾਰਜ ਵਜੋਂ ਅਹੁਦਾ ਸੰਭਾਲਿਆ ਹੈ, ਉਹ ਹਲਕੇ ਅੰਦਰ ਅਕਾਲੀ ਆਗੂਆਂ ਤੇ ਵਰਕਰਾਂ ਨਾਲ ਲਗਾਤਾਰ ਰਾਬਤਾ ਪੈਦਾ ਕਰ ਰਹੇ ਹਨ ਅਤੇ ਉਨ੍ਹਾਂ ਦੇ ਕਾਰਜਕਾਲ ਦੌਰਾਨ ਹਲਕੇ ਅੰਦਰ ਸ਼੍ਰੋਮਣੀ ਅਕਾਲੀ ਦਲ ਪਹਿਲਾਂ ਨਾਲੋਂ ਮਜ਼ਬੂਤ ਹੋਇਆ ਹੈ ਅਤੇ ਹਲਕੇ ਦੇ ਆਗੂ ਤੇ ਵਰਕਰ ਉਨ੍ਹਾਂ ਦੀ ਅਗਵਾਈ ਵਿੱਚ ਇੱਕਜੁੱਟਤਾ ਦਾ ਪ੍ਰਗਟਾਵਾ ਵੀ ਕਰ ਰਹੇ ਹਨ। ਸਨੀ ਗਿੱਲ ਵੱਲੋਂ ਲਗਾਤਾਰ ਕੀਤੀਆਂ ਜਾ ਰਹੀਆਂ ਮੀਟਿੰਗਾਂ ਦੀ ਕੜੀ ਤਹਿਤ ਉਨ੍ਹਾਂ ਸੀਨੀਅਰ ਆਗੂ ਤੇ ਸਾਬਕਾ ਡਾਇਰੈਕਟਰ ਰਾਜਵੰਤ ਸਿੰਘ ਮਾਹਲਾ ਨਾਲ ਟਕਸਾਲੀ ਆਗੂ ਰਣਜੀਤ ਸਿੰਘ ਭਾਊ, ਬਲਵਿੰਦਰ ਸਿੰਘ ਕਾਲੀਏ ਵਾਲਾ ਅਤੇ ਕੁਲਵੰਤ ਸਿੰਘ ਮਟਵਾਣੀ ਨਾਲ ਇੱਕ ਵਿਸ਼ੇਸ਼ ਮੀਟਿੰਗ ਕੀਤੀ, ਜਿਸ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਮਜ਼ਬੂਤੀ ਲਈ ਵਿਚਾਰਾਂ ਸਾਂਝੀਆਂ ਕੀਤੀਆਂ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਸੰਜੀਤ ਸਿੰਘ ਸਨੀ ਗਿੱਲ ਨੇ ਕਿਹਾ ਕਿ ਹਲਕਾ ਮੋਗਾ ਅੰਦਰ ਸ਼੍ਰੋਮਣੀ ਅਕਾਲੀ ਦਲ ਪੂਰੀ ਤਰ੍ਹਾਂ ਇੱਕਜੁਟ ਹੈ ਤੇ ਹਲਕੇ ਦੇ ਸਾਰੇ ਹੀ ਆਗੂ ਤੇ ਵਰਕਰ ਸ਼੍ਰੋਮਣੀ ਅਕਾਲੀ ਦਲ ਨਾਲ ਚੱਟਾਨ ਵਾਂਗ ਖੜੇ ਹਨ। ਭਗਵੰਤ ਮਾਨ ਸਰਕਾਰ ਤੇ ਵਰਦਿਆਂ ਸੰਜੀਤ ਸਿੰਘ ਸਨੀ ਗਿੱਲ ਨੇ ਕਿਹਾ ਕਿ ਬਦਲੇ ਦੀ ਰਾਜਨੀਤੀ ਕਰਨ ਵਾਲੇ ਮੁੱਖ ਮੰਤਰੀ ਭਗਵੰਤ ਮਾਨ ਨੇ ਸੂਬੇ ਨੂੰ ਬੇਲਗਾਮ ਕਰਕੇ ਕਰਜ਼ੇ ਹੇਠਾਂ ਝੋਕ ਦਿੱਤਾ ਹੈ।

# ਗੁਰਦੁਆਰਾ ਸ਼੍ਰੋਮਣੀ ਸ਼ਹੀਦ ਬਾਬਾ ਜੀਵਨ ਸਿੰਘ 'ਚ ਮਨਾਇਆ ਖਾਲਸਾ ਸਾਜਨਾ ਦਿਵਸ



**ਮੋਗਾ, (ਇਕਬਾਲ ਸਿੰਘ ਖਹਿਰਾ)**- ਗੁਰਦੁਆਰਾ ਸ਼੍ਰੋਮਣੀ ਸ਼ਹੀਦ ਬਾਬਾ ਜੀਵਨ ਸਿੰਘ ਜੀ ਬਸਤੀ ਸਾਧਾਂਵਾਲੀ ਦੇ ਸਰਪ੍ਰਸਤ ਬਾਬਾ ਕੁਲਦੀਪ ਸਿੰਘ ਸੇਖਾ ਤੇ ਸਮੂਹ ਮੁਹੱਲਾ ਨਿਵਾਸੀਆਂ ਵੱਲੋਂ ਖਾਲਸਾ ਸਾਜਨਾ ਦਿਵਸ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਬਾਬਾ ਸੇਖਾ ਜੀ ਨੇ ਦੱਸਿਆ ਕਿ ਜੋ ਵੀ ਪ੍ਰਾਣੀ ਅਮ੍ਰਿਤ ਪਾਨ ਕਰਕੇ ਸਿੰਘ ਸਜਦਾ ਹੈ, ਉਸ ਦਾ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ, ਮਾਤਾ ਸਾਹਿਬ ਕੌਰ ਹਨ। ਉਸ ਦੇ ਦਾਦਕੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਅਨੰਦਪੁਰ ਸਾਹਿਬ ਤੇ ਨਾਨਕੇ ਗੁਰੂ ਕਿ ਲਾਹੌਰ ਹਨ। ਉਪਰੰਤ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਗਠਨ ਕੀਤਾ ਗਿਆ, ਜਿਸ ਵਿੱਚ ਭਾਈ ਸਾਹਿਬ ਭਾਈ ਲਖਵੀਰ ਸਿੰਘ ਨੂੰ ਪ੍ਰਧਾਨ, ਸੈਕਟਰੀ ਜਗਦੇਵ ਸਿੰਘ, ਖਜ਼ਾਨਚੀ ਸਤਨਾਮ ਸਿੰਘ, ਮੀਤ ਪ੍ਰਧਾਨ ਹਰਮੇਸ਼ ਸਿੰਘ, ਸਲਾਹਕਾਰ ਬਾਬਾ ਅਮਰਜੀਤ ਸਿੰਘ ਗਿੱਲ ਪ੍ਰਧਾਨ ਆਲ ਇੰਡੀਆ ਵਾਲਮੀਕ ਖਾਲਸਾ ਦਲ, ਜਸਵੀਰ ਸਿੰਘ ਨੂੰ ਸਟੋਰਕੀਪਰ ਤੇ ਅਸ਼ੋਕ ਧੁੰਨਾ ਨੂੰ ਲਾਂਗਰੀ ਨਿਯੁਕਤ ਕੀਤਾ। ਇਹ ਕਮੇਟੀ ਇੱਕ ਸਾਲ ਕੰਮ ਕਰੇਗੀ। ਇਸ ਮੌਕੇ ਕਾਕਾ ਸਿੰਘ ਪ੍ਰਧਾਨ, ਸੇਵਕ ਸਿੰਘ ਸਰਬਜੀਤ ਸਿੰਘ ਭੱਟੀ, ਤਰਸੇਮ ਸਿੰਘ ਖਾਲਸਾ, ਨਿਤਿਨ ਹਾਂਸ, ਜਸਵੀਰ ਢੋਲੀ ਤੇ ਹੈੱਡ ਗਰੰਥੀ ਭਾਈ ਸਾਹਿਬ ਭਾਈ ਚਮਕੌਰ ਸਿੰਘ ਹਾਜ਼ਰ ਸਨ। ਬਾਬਾ ਅਮਰਜੀਤ ਸਿੰਘ ਗਿੱਲ ਵੱਲੋਂ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ ਗਿਆ।

# ਦੇਸ਼ ਭਗਤ ਗਲੋਬਲ ਸਕੂਲ ਵੱਲੋਂ ਨਰਸਰੀ ਲਈ ਫਰੈਸ਼ਰ ਪਾਰਟੀ




**ਮੰਡੀ ਗੋਬਿੰਦਗੜ੍ਹ, (ਪ੍ਰਮੋਦ ਭਾਰਦਵਾਜ)**-ਦੇਸ਼ ਭਗਤ ਗਲੋਬਲ ਸਕੂਲ ਨੇ ਆਪਣੇ ਨਰਸਰੀ ਦੇ ਵਿਦਿਆਰਥੀਆਂ ਲਈ ਇੱਕ ਸ਼ਾਨਦਾਰ ਫਰੈਸ਼ਰ ਪਾਰਟੀ ਦਾ ਆਯੋਜਨ ਕੀਤਾ, ਜੋ ਉਨ੍ਹਾਂ ਦੇ ਅਕਾਦਮਿਕ ਸਫ਼ਰ ਦੀ ਇੱਕ ਸ਼ਾਨਦਾਰ ਸ਼ੁਰੂਆਤ ਨੂੰ ਦਰਸਾਉਂਦਾ ਹੈ।ਇਸ ਦੀ ਵਿਸ਼ੇਸ਼ਤਾ ਡੀ ਬੀ ਜੀ ਐੱਸ ਦੇ ਵਿਦਿਆਰਥੀਆਂ ਦੁਆਰਾ ਪੇਸ਼ ਕੀਤਾ ਗਿਆ ਇੱਕ ਮਨਮੋਹਕ ਸਵਾਗਤੀ ਡਾਂਸ ਸੀ।ਬੱਚਿਆਂ ਨੇ ਸੰਗੀਤ ਤੇ ਹਾਸੇ ਵਿੱਚ ਲੀਨ ਹੋ ਕੇ ਡਾਂਸ ਸੈਸ਼ਨਾਂ ਵਿੱਚ ਉਤਸ਼ਾਹ ਨਾਲ ਹਿੱਸਾ ਲਿਆ।ਸਕੂਲ ਦੇ ਪ੍ਰਿੰਸੀਪਲ ਰਜਨੀਸ਼ ਮਦਾਨ ਨੇ ਵਿਦਿਆਰਥੀਆਂ ਲਈ ਯਾਦਗਾਰੀ ਤਜਰਬਿਆਂ ਨੂੰ ਸਿਰਜਣ ਦੀ ਮਹੱਤਤਾ 'ਤੇ ਜ਼ੋਰ ਦਿੰਦਿਆਂ ਸਵਾਗਤੀ ਭਾਸ਼ਣ ਦਿੱਤਾ।ਸਕੂਲ ਦੇ ਚੇਅਰਮੈਨ ਡਾ: ਜ਼ੋਰਾ ਸਿੰਘ ਤੇ ਜਨਰਲ ਸਕੱਤਰ ਡਾ: ਤਜਿੰਦਰ ਕੌਰ ਨੇ ਆਪਣੀਆਂ ਨਿੱਘੀਆਂ ਸ਼ੁੱਭ-ਕਾਮਨਾਵਾਂ ਦਿੱਤੀਆਂ ਤੇ ਫਰੈਸ਼ਰਾਂ ਨੂੰ ਆਪਣੇ ਸਿਆਣਪ ਭਰੇ ਸ਼ਬਦਾਂ ਨਾਲ ਅੱਗੇ ਵਧਣ ਲਈ ਪ੍ਰੇਰਿਤ ਕਰਦੇ ਹੋਏ ਅੱਗੇ ਵਧਣ ਦੀਆਂ ਸ਼ੁੱਭ-ਕਾਮਨਾਵਾਂ ਦਿੱਤੀਆਂ।ਫਰੈਸ਼ਰ ਪਾਰਟੀ ਦਾ ਜਸ਼ਨ ਪ੍ਰਤਿਭਾ ਤੇ ਆਨੰਦਮਈ ਸੀ, ਜਿਸ ਵਿੱਚ ਮਨਮੋਹਕ ਡਾਂਸ ਪ੍ਰਦਰਸ਼ਨ, ਰੋਮਾਂਚਕ ਰੈਂਪ ਵਾਕ ਤੋਂ ਇਲਾਵਾ ਉਤਸ਼ਾਹ ਤੇ ਖੁਸ਼ੀ ਭਰਿਆ ਮਾਹੌਲ ਸੀ। ਸ਼ਾਨਦਾਰ ਪ੍ਰਾਪਤੀਆਂ ਲਈ ਪ੍ਰੀਸ਼ਾ ਪੁਰੀ ਤੇ ਹਰਗੁਣ ਕੌਰ ਨੂੰ ਮਿਸ ਫਰੈਸ਼ਰ ਦਾ ਖਿਤਾਬ ਦਿੱਤਾ ਗਿਆ।

# ਦੋ ਕੌਂਸਲਰ ਸ਼੍ਰੋਮਣੀ ਅਕਾਲੀ ਦਲ 'ਚ ਸ਼ਾਮਲ



ਬੁਢਲਾਡਾ, (ਅਸ਼ੋਕ ਲਾਕੜਾ)-ਸ਼੍ਰੋਮਣੀ ਅਕਾਲੀ ਦਲ ਨੂੰ ਉਸ ਸਮੇਂ ਤਕੜਾ ਹੁੰਗਾਰਾ ਮਿਲਿਆ ਜਦੋਂ ਪਾਰਟੀ ਦੇ ਕੋਰ ਕਮੇਟੀ ਮੈਂਬਰ ਠੇਕੇਦਾਰ ਗੁਰਪਾਲ ਸਿੰਘ ਦੇ ਯਤਨਾਂ ਸਦਕਾ ਬੁਢਲਾਡਾ ਸ਼ਹਿਰ ਦੇ ਦੋ ਕੌਂਸਲਰ ਤਾਰੀ ਚੰਦ ਤੇ ਸੁਖਪਾਲ ਕੌਰ ਸਮੇਤ ਉਨ੍ਹਾਂ ਦੇ ਪਤੀ ਬਲਵਿੰਦਰ ਸਿੰਘ ਬਿੰਦਰੀ ਸਾਬਕਾ ਪੰਚ ਸ਼੍ਰੋਮਣੀ ਅਕਾਲੀ ਦਲ 'ਚ ਸ਼ਾਮਲ ਹੋ ਗਏ।ਇਨ੍ਹਾਂ ਆਗੂਆਂ ਦਾ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸਵਾਗਤ ਕੀਤਾ।ਇਸ ਮੌਕੇ ਚੋਣਵੇਂ ਪੱਤਰਕਾਰ ਨਾਲ ਗੱਲਬਾਤ ਕਰਦੇ ਗੁਰਪਾਲ ਸਿੰਘ ਠੇਕੇਦਾਰ ਨੇ ਕਿਹਾ ਕਿ ਇਨ੍ਹਾਂ ਨੂੰ ਬਣਦਾ ਮਾਣ ਸਨਮਾਨ ਦਿੱਤਾ ਜਾਵੇਗਾ।ਉਨ੍ਹਾਂ ਕਿਹਾ ਕਿ ਕੁਝ ਹੋਰ ਕੌਂਸਲਰ ਵੀ ਅਕਾਲੀ ਦਲ 'ਚ ਕਿਸੇ ਵੇਲੇ ਵੀ ਜੁਆਇੰਨ ਕਰ ਸਕਦੇ ਹਨ।ਇਸ ਮੌਕੇ ਸਾਬਕਾ ਪ੍ਰਧਾਨ ਬਲਵਿੰਦਰ ਸਿੰਘ ਕਾਕਾ ਕੋਚ ਨੇ ਕਿਹਾ ਕਿ ਕਿ ਅਕਾਲੀ ਦਲ ਲੋਕ ਸਭਾ ਦੀਆਂ ਚੋਣਾਂ ਵਿੱਚ ਵੱਡੀ ਜਿੱਤ ਪ੍ਰਾਪਤ ਕਰੇਗਾ।

# ਮੀਰੀ-ਪੀਰੀ ਸਪੋਰਟਸ ਕਲੱਬ ਕਲਾਨੌਰ ਨੇ ਕ੍ਰਿਕਟ ਟੂਰਨਾਮੈਂਟ ਕਰਵਾਇਆ



**ਕਲਾਨੌਰ, (ਮਨਦੀਪ ਕੋਹਲੀ)**-ਮੀਰੀ ਪੀਰੀ ਸਪੋਰਟਸ ਕਲੱਬ ਕਲਾਨੌਰ ਵੱਲੋਂ ਸ਼ਹੀਦ ਭਗਤ ਸਿੰਘ ਸਟੇਡੀਅਮ ਵਿੱਚ ਕਰਵਾਏ ਗਏ ਤੀਸਰੇ ਕ੍ਰਿਕਟ ਟੂਰਨਾਮੈਂਟ ਦੇ ਪਹਿਲੇ ਮੈਚ ਦਾ ਉਦਘਾਟਨ ਸਰਦਾਰ ਬਲਜੀਤ ਸਿੰਘ ਰੋਸੇ ਨੇ ਕੀਤਾ।ਇਸ ਟੂਰਨਾਮੈਂਟ ਦਾ ਪਹਿਲਾ ਮੈਚ ਗੁਰਦਾਸਪੁਰ ਰਾਇਲਜ਼ ਬਨਾਮ ਸਟਰੌਂਗ ਐੱਨ ਲੀਨ ਵਿਚਕਾਰ ਖੇਡਿਆ ਗਿਆ। ਇਹ ਮੈਚ ਗੁਰਦਾਸਪੁਰ ਰਾਇਲ ਨੇ ਜਿੱਤਿਆ। ਇਸ ਮੌਕੇ ਖਿਡਾਰੀਆਂ ਨੂੰ ਸੰਬੋਧਨ ਕਰਦਿਆਂ ਬਲਜੀਤ ਸਿੰਘ ਨੇ ਕਿਹਾ ਕਿ ਖੇਡਾਂ ਸਾਡੇ ਜੀਵਨ ਦਾ ਅਨਿੱਖੜਵਾਂ ਅੰਗ ਹਨ, ਸਾਨੂੰ ਨਸ਼ਿਆਂ ਤੋਂ ਦੂਰ ਰਹਿ ਕੇ ਖੇਡਾਂ ਨਾਲ ਜੁੜਨਾ ਚਾਹੀਦਾ ਹੈ।ਇਸ ਮੌਕੇ ਮੀਰੀ-ਪੀਰੀ ਸਪੋਰਟਸ ਕਲੱਬ ਦੇ ਸ਼ਹਿਰੀ ਪ੍ਰਧਾਨ ਰਣਜੀਤ ਸਿੰਘ, ਦਲਜੀਤ ਸਿੰਘ, ਕੁਲਵੰਤ ਸਿੰਘ, ਤਜਿੰਦਰ ਸਿੰਘ, ਸੋਨੀ ਬਾਜਵਾ, ਸ਼ਰਨਪ੍ਰੀਤ ਸਿੰਘ ਆਦਿ ਹਾਜ਼ਰ ਸਨ ।

# ਕਲਾਸੀਫਾਈਡ ਇਸ਼ਤਿਹਾਰ

## Change of Name

I Am Gurpreet Singh S/O Tarlok Singh Resident Of Baba Sawan Singh Nagar, Daulo Nangal, Beas, Baba Bakala, Amritsar, Punjab, 143201. I Have Change My Daughter's Name From Mehikdeep Kaur To Mehakdeep Kaur. Please Concern Note.

I, Parmjit C/O Swaran Singh Village Laksian, P.o. Malsian Teh. Shahkot Dt. Jalandhar Have Changed My Name From Parmjit To Parmjit Kaur. All Concerned Note .

I, Amritpal Singh S/o Ram Singh R/o Village Hussainpur Guruka, P.O.Kotla Naudh Singh, Hoshiarpur, Punjab changed my name Amritpal as Given Name and Singh as Surname.

I, Dilshad S/O Gulab Khan R/O Vill Alipur Near Bhatti Cold Store Jalandhar, Punjab Have Changed My Name From Dilshad To Dilshad Khan. All Note.

I, Parth Jain S/O Rajesh Jain R/O House Number-484, B-14, Prahlad Nagar, Near Rama Sweets, Hoshiarpur Po: Hoshiarpur, Distt. Hoshiarpur Punjab-146001 Have Changed My Name To Arihant E Jain.

I, Reeta W/O Lakhvir Singh Rana R/O Vpo Rail Majra, Distt Shaheeb Bhagat Singh Nagar, Punjab-144533 Do Hereby Declare That Name Of My Husband Has Been Wrongly Written As Lakhvir Singh In My Passport (S2491908) But Actual Name Of Him Is Lakhvir Singh Rana Which May Be Amended Accordingly.

I, Satbeg Singh and Satveg Singh S/o Ram Singh R/o VPO. Sansarpur, Distt. Jalandhar, Pb. (India) declare that I am Known by both names as above and one and the same Person.

I, Ramneek W/O Deepak Verma,R/o 2451, Sector 1, Near Tuli Properties, Sector 1, Rohtak, Haryana- 124001 I have changed the name of my minor Son Jigyansh Verma aged about 5 Years and He shall hereafter be known as Rihaan Preet.

I, hitherto known as Sangita , W/O Heera R/o Begowal, Kapurthala, Punjab- 144621 . have changed my name and shall hereafter be Known as Sangita Kaur.

I, Purneet Singh s/o Gurwinder Singh r/o Vill. Ralhan, Po. Khudda. Teh. Dasuya, Distt. Hoshiarpur, Punjab-144305 have changed my name to Singh Purneet. All Please Note.

I, Anil Kumar S/o Krishan Lal R/o H.No.WX-180/3, Basti Nau, Jalandhar, Punjab have changed my name from Anil Kumar to Anil Kumar Sahni. (Sahni as Surname) All concerned please note.

## Change of Name

I, Ramanjit Kaur w/o Late Amarpal Singh r/o Vill Roranwali PO Bhumbli Distt Gurdaspur declare that in my Passport No N3402015, name of my mother wrongly is written as Surinder Kaur. Her correct name is Sawinder Kaur. Concerned note.

I, Pardeep Singh s/o Surinder Singh r/o Vill.Sherpur Kham, Po.Hariana, Distt.Hoshiarpur, Punjab-144208 have changed my name to Singh Pardeep. All Please Note.

I, Vipna Kumari Alias Sonia Sharma w/o Rajeev Kumar Sharma r/o 147, Shaheed Bhagat Singh Nagar, Jalandhar have changed my name to Sonia as Given Name & Sharma as Surname. All Please Note.

I, Rajeev Kumar s/o Sarabjit Singh Sharma r/o H.No. 147, Shaheed Bhagat Singh Nagar, Jalandhar-144008, Punjab have changed my name to Rajeev Kumar Sharma. All Please Note.

I, Yuvraj S/o Rakesh Kumar resident at H.No. 376. Main Bazaar, Garha, Jalandhar have changed my name from Yuvraj to Yuvraj Kumar. All concerned please note.

I, Rajji Rani W/o Gian Singh resident at H.No. 85, VPO Daroli Kalan, Distt. Jalandhar have changed my name from Rajji Rani to Rajwant Kaur. All concerned please note.

I, Vishali D/o Surjit Kumar W/o Gurpreet Kumar resident at Patti Badal, Phillaur, Bundala, Jalandhar have changed my name from Vishali to Vishali Rani. All concerned please note.

I, Yudhishter Kumar S/o Dhumi Ram R/o 746A, Urban Estate, Phase-1, Jalandhar, Distt. Jalandhar Have Changed My Name From Yudhishter Kumar To Yudhishter Kumar Singhal. All concerned please note.

I, Balvinder Kumar S/o Tara Chand R/o H.No. 4, Cant Road, Ranjit Enclave, Jalandhar, Punjab Have Changed My Spelling Name From Balvinder Kumar To Balwinder Kumar. All concerned please note.

I, hitherto known as Tanisha D/O Bharat Bhushan, R/o House No. 65, Ward No. 4, Near Dauji Mandir, Hassanpur (Rural), Palwal, Haryana- 121107 . have changed my name and shall hereafter be Known as Tanisha Gupta.

## Change of Name

I, Kuldip Kumar S/o Haveli Ram Behal R/o H.No. 220, Dilbagh Nagar, Jalandhar Punjab have changed my name from Kuldip Kumar to Kuldip Kumar Behal. (Behal as Surname) All concerned please note.

## ਨਾਂਅ ਦੀ ਬਦਲੀ

ਮੈਂ, Kuldip Singh ਪੁੱਤਰ ਦਰਸ਼ਨ ਸਿੰਘ ਵਾਸੀ ਵਜੀਦਕੇ ਕਲਾਂ (ਬਰਨਾਲਾ) ਨੇ ਆਪਣਾ ਨਾਂ ਬਦਲ ਕੇ Kuldeep Singh ਰੱਖ ਲਿਆ ਹੈ।

## ਬੇਦਖਲੀ ਨੋਟਿਸ

ਮੈਂ, ਕਰਨੈਲ ਸਿੰਘ ਪੁੱਤਰ ਵਰਿਆਮ ਸਿੰਘ ਵਾਸੀ ਪਿੰਡ ਇਸਮਾਇਲਪੁਰ, ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਮੇਰਾ ਲੜਕਾ ਕੇਵਲ ਸਿੰਘ ਅਤੇ ਉਸ ਦੀ ਪਤਨੀ ਬਲਵੀਰ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਅਸੀਂ, ਨਿਰਮਲ ਸਿੰਘ ਪੁੱਤਰ ਸ੍ਰੀ ਤਾਰਾ ਸਿੰਘ ਅਤੇ ਮਨਜੀਤ ਕੌਰ ਪਤਨੀ ਨਿਰਮਲ ਸਿੰਘ, ਵਾਸੀ ਪਿੰਡ ਤੇ ਡਾਕਖਾਨਾ ਚੱਕ ਸ਼ਰੀਫ, ਤਹਿਸੀਲ ਅਤੇ ਜ਼ਿਲ੍ਹਾ ਗੁਰਦਾਸਪੁਰ ਮੌਜੂਦਾ ਵਾਸੀ ਮਕਾਨ ਨੰ: 1563, ਅਰਬਨ ਅਸਟੇਟ ਫੇਜ਼-2, ਜਲੰਧਰ-2, ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਰਣਜੀਤ ਸਿੰਘ ਅਤੇ ਉਸ ਦੀ ਪਤਨੀ ਬਬਲਪ੍ਰੀਤ ਕੌਰ, ਜੋ ਕਿ ਅਮਰੀਕਾ ਦੇ ਪੱਕੇ ਵਸਨੀਕ ਹਨ, ਜੋ ਸਾਡੇ ਕਹਿਣੇ ਤੋਂ ਬਾਹਰ ਹਨ। ਅਸੀਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਅਸੀਂ, ਸੁਧੀਰ ਕੁਮਾਰ ਪੁੱਤਰ ਸੁਰਿੰਦਰ ਕੁਮਾਰ ਅਤੇ ਵਿਸ਼ਾਖਾ ਸ਼ਰਮਾਂ ਪਤਨੀ ਸੁਧੀਰ ਕੁਮਾਰ ਵਾਸੀਆਨ ਮਕਾਨ ਨੰ. ਬੀ-7/78/1, ਮੁਹੱਲਾ ਮਲਕਾਨਾ, ਕਪੂਰਥਲਾ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਦੇਵ ਅਸ਼ੀਸ ਅਤੇ ਉਸ ਦੀ ਪਤਨੀ ਸ਼ਾਜੀਆ, ਜੋ ਕਿ ਸਾਡੇ ਕਹਿਣੇ ਤੋਂ ਬਾਹਰ ਹਨ। ਅਸੀਂ ਇਹਨਾਂ ਦੋਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਸਾਡਾ ਅਤੇ ਸਾਡੇ ਪਰਿਵਾਰ ਦਾ ਇਹਨਾਂ ਦੋਨਾਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਹਨਾਂ ਦੋਨਾਂ ਨਾਲ ਲੈਣ ਦੇਣ ਕਰੇਗਾ ਉਹ ਆਪਣੇ ਨਫ਼ੇ ਨੁਕਸਾਨ ਦਾ ਆਪ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਮੀਰਾ ਦੇਵੀ ਪਤਨੀ ਲੇਟ ਪ੍ਰਕਾਸ਼ ਚੰਦ ਵਾਸੀ ਮਕਾਨ ਨੰ. 73, ਨਿਊ ਜਵਾਲਾ ਨਗਰ, ਮਕਸੂਦਾਂ, ਤਹਿਸੀਲ ਵਾ ਜ਼ਿਲ੍ਹਾ ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਰਣਜੀਤ ਸਿੰਘ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

## ਆਮ ਸੂਚਨਾ

ਆਮ ਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਕਿ ਕੁਲਦੀਪ ਸਿੰਘ ਪੁੱਤਰ ਬਹਾਦਰ ਸਿੰਘ ਜੋਗੀ ਚੀਮਾ ਦੇ ਟਿਊਬਲ ਕਨੈਕਸ਼ਨ ਏਪੀ 18/311 ਨੂੰ ਆਪਣੇ ਨਾਮ ਕਰਨ ਲਈ ਸੁਰਜੀਤ ਸਿੰਘ ਪੁੱਤਰ ਸੌਦਾਗਰ ਸਿੰਘ ਵਾਸੀ ਗੋਹਤਖੁਰਦ ਨੇ ਹਰਚੋਵਾਲ ਦਫਤਰ ਵਿੱਚ ਬੇਨਤੀ ਕੀਤੀ ਹੈ ਇਸ ਬਾਰੇ ਇਤਰਾਜ਼ ਕਰਤਾ 20 ਦਿਨਾਂ ਦੇ ਅੰਦਰ ਅੰਦਰ ਉਪਮੰਡਲ ਦਫਤਰ ਹਰਚੋਵਾਲ ਵਿਖੇ ਇਤਰਾਜ ਕਰ ਸਕਦਾ ਹੈ। ਉਪਮੰਡਲ ਅਫਸਰ ਪਾਵਰਕਾਮ ਹਰਚੋਵਾਲ।

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਸੈਂਟਰਲ ਕੋਆਪਰੇਟਿਵ ਬੈਂਕ ਸੇਵਾਮੁਕਤ ਕਰਮਚਾਰੀ ਵੈੱਲਫੇਅਰ ਐਸੋਸੀਏਸ਼ਨ ਦੀ ਚੋਣ



**ਸੰਗਰੂਰ, (ਪ੍ਰਵੀਨ ਸਿੰਘ)**- ਦੀ ਸੰਗਰੂਰ ਸੈਂਟਰਲ ਕੋਆਪਰੇਟਿਵ ਬੈਂਕ ਸੇਵਾ ਮੁਕਤ ਕਰਮਚਾਰੀ ਵੈਲਫੇਅਰ ਐਸੋਸੀਏਸ਼ਨ ਦਾ ਆਮ ਇਜਲਾਸ ਬੁਲਾਇਆ ਗਿਆ। ਜਿਸ ਵਿੱਚ ਐਸੋਸੀਏਸ਼ਨ ਦੀ ਪਹਿਲੀ ਕਮੇਟੀ ਨੂੰ ਭੰਗ ਕਰਕੇ ਨਵੀਂ ਕਮੇਟੀ ਦੀ ਚੋਣ ਕੀਤੀ ਗਈ। ਜਿਸ ਵਿੱਚ ਸਵਰਨਜੀਤ ਸਿੰਘ ਮੱਲ੍ਹੀ ਨੂੰ ਸਰਪ੍ਰਸਤ, ਸ਼ਾਮ ਲਾਲ ਸਿੰਗਲਾ ਨੂੰ ਪ੍ਰਧਾਨ, ਮਲਕੀਤ ਸਿੰਘ ਸਾਗੂ ਨੂੰ ਖਜ਼ਾਨਚੀ ਚੁਣਿਆ ਗਿਆ। ਇਸੇ ਤਰ੍ਹਾਂ ਹਰਜਿੰਦਰ ਸਿੰਘ ਢੀਂਡਸਾ ਨੂੰ ਸੀਨੀਅਰ ਮੀਤ ਪ੍ਰਧਾਨ, ਪਰਮਜੀਤ ਸਿੰਘ ਧਾਲੀਵਾਲ ਨੂੰ ਮੀਤ ਪ੍ਰਧਾਨ, ਸਤਪਾਲ ਮਨਚੰਦਾ ਨੂੰ ਜਨਰਲ ਸਕੱਤਰ, ਹਰਦਿਆਲ ਸਿੰਘ ਵਧੀਕ ਜਨਰਲ ਸਕੱਤਰ ਚੁਣੇ ਗਏ। ਇਸ ਮੌਕੇ ਚੁਣੀ ਗਈ ਕਮੇਟੀ ਨੂੰ ਸਮੂਹ ਮੈਂਬਰਾਂ ਵੱਲੋਂ ਵਧਾਈਆਂ ਦਿੱਤੀਆਂ ਗਈਆਂ। ਇਸ ਮੌਕੇ ਪ੍ਰਧਾਨ ਸ਼ਾਮ ਲਾਲ ਸਿੰਗਲਾ ਨੇ ਕਿਹਾ ਕਿ ਉਹ ਐਸੋਸੀਏਸ਼ਨ ਦੀਆਂ ਮੰਗਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਵਾਉਣ ਦਾ ਯਤਨ ਕਰਨਗੇ। ਮੀਟਿੰਗ ਵਿੱਚ ਮਿਲਕ ਫੈਡ ਦੇ ਸੇਵਾ ਮੁਕਤ ਕਰਮਚਾਰੀਆਂ ਤੋਂ ਇਲਾਵਾ ਗੁਰਚਰਨ ਸਿੰਘ ਕਾਕਾ, ਵਰਿੰਦਰ ਕੁਮਾਰ, ਗੁਜਿੰਦਰ ਸਿੰਘ, ਕਰਨਜੀਤ ਸਿੰਘ ਸੋਹੀ, ਜਸਵੰਤ ਸਿੰਘ, ਮੋਹਰ ਸਿੰਘ, ਬੀਰਬਲ ਸਿੰਘ, ਭੀਮ ਸੈਨ, ਜਗਜੀਤ ਸਿੰਘ, ਅਮਰੀਕ ਸਿੰਘ ਮੂਲੋਵਾਲ, ਹਰਪਾਲ ਸਿੰਘ, ਰਣਜੀਤ ਸਿੰਘ ਬੱਬੀ, ਸੁਨੀਲ ਕੁਮਾਰ ਗੋਇਲ, ਬਲਦੇਵ ਕ੍ਰਿਸਨ ਗੁਪਤਾ, ਆਸਾਰਾਣੀ, ਬਲਵੀਰ ਕੌਰ, ਭਰਪੂਰ ਸਿੰਘ ਢੀਂਡਸਾ, ਸੇਰ ਸਿੰਘ ਉਪਲੀ, ਸਤਵਿੰਦਰ ਸਿੰਘ ਪੱਪੂ, ਹਾਕਮ ਸਿੰਘ ਦੁੱਗਾਂ, ਪ੍ਰੀਤਮ ਸਿੰਘ ਬਡਬਰ, ਜਸਵਿੰਦਰ ਸਿੰਘ ਪੱਪੂ, ਕਰਮਜੀਤ ਸਿੰਘ, ਬਰਿੰਦਰ ਸਿੰਘ, ਜਸਵਿੰਦਰ ਸਿੰਘ ਭਵਾਨੀਗੜ੍ਹ, ਰਜਿੰਦਰ ਕੁਮਾਰ ਸਮੇਤ ਵੱਡੀ ਗਿਣਤੀ ਵਿੱਚ ਸੇਵਾ ਮੁਕਤ ਕਰਮਚਾਰੀ ਮੌਜੂਦ ਸਨ। ਸੀਨੀਅਰ ਮੀਤ ਪ੍ਰਧਾਨ ਹਰਜਿੰਦਰ ਸਿੰਘ ਨੇ ਸਮੂਹ ਕਰਮਚਾਰੀਆਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ।

# ਮਹਾਂ ਸੰਘਰਸ਼ ਕਮੇਟੀ ਨੇ ਬਾਬਾ ਸਾਹਿਬ ਦਾ ਜਨਮ ਦਿਨ ਮਨਾਇਆ



ਬਾਬਾ ਸਾਹਿਬ ਡਾ. ਅੰਬੇਡਕਰ ਦਾ ਜਨਮ ਦਿਨ ਮਨਾਉਣ ਮੌਕੇ ਪੁੱਜੇ ਵਿਧਾਇਕ ਜਗਦੀਪ ਕੰਬੋਜ ਗੋਲਡੀ, ਨਾਲ ਖੜੇ ਕਮੇਟੀ ਦੇ ਅਹੁਦੇਦਾਰ, ਮੈਂਬਰ ਤੇ ਹੋਰ ਪਤਵੰਤੇ।

**ਜਲਾਲਾਬਾਦ (ਜੀਤ ਕੁਮਾਰ)**

ਐੱਸ.ਸੀ/ਐੱਸ.ਟੀ./ਓ.ਬੀ.ਸੀ. ਮਹਾਂ ਸੰਘਰਸ਼ ਕਮੇਟੀ ਜਲਾਲਾਬਾਦ ਨੇ ਭਾਰਤੀ ਸੰਵਿਧਾਨ ਦੇ ਨਿਰਮਾਤਾ, ਪ੍ਰਸਿੱਧ ਸਿਆਸਤਦਾਨ ਤੇ ਮਹਾਨ ਸਮਾਜ ਸੁਧਾਰਕ ਭਾਰਤ ਰਤਨ ਡਾ. ਬੀ. ਆਰ. ਅੰਬੇਡਕਾਰ ਦਾ 133ਵਾਂ ਜਨਮ ਦਿਨ ਸਥਾਨਕ ਸ਼ਹਿਰ ਵਿੱਚ ਸਥਾਪਤ ਚੌਕ ਵਿੱਚ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਾਰ ਦੀ ਪ੍ਰਤਿਭਾ ਨੂੰ ਹਾਰ ਪਾ ਕੇ ਅਤੇ ਲੱਡੂ ਵੰਡ ਕੇ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਹਲਕਾ ਜਲਾਲਾਬਾਦ ਦੇ ਵਿਧਾਇਕ ਜਗਦੀਪ ਕੰਬੋਜ ਗੋਲਡੀ ਬਤੌਰ ਮੁੱਖ ਮਹਿਮਾਨ ਵਜੋਂ ਪੁੱਜੇ, ਜਦੋਂਕਿ ਕਮੇਟੀ ਪ੍ਰਧਾਨ ਰੋਹਿਤ ਗੁਡਾਲੀਆ, ਜਨਰਲ ਸਕੱਤਰ ਜੋਗਿੰਦਰ ਪਾਲ ਸਿੰਘ, ਸੀਨੀ. ਮੀਤ ਪ੍ਰਧਾਨ ਡਾ. ਕੌਰ ਸਿੰਘ, ਖਜ਼ਾਨਚੀ ਗੁਰਮੇਜ ਲਾਲ, ਸਰਪ੍ਰਸਤ ਦੇਸ ਰਾਜ ਗੁਡਾਲੀਆ, ਪ੍ਰੈੱਸ ਸਕੱਤਰ ਸਤਨਾਮ ਸਿੰਘ ਫਲੀਆਂਵਾਲਾ, ਨਿਰਭੈ ਸਿੰਘ, ਸਰਪੰਚ ਤਿਲਕ ਰਾਜ, ਡਾ. ਓਮ ਪ੍ਰਕਾਸ਼ ਹਿਸਾਨਵਾਲਾ, ਡਾ. ਰਮੇਸ਼ ਲਾਡੀ, ਬਲਵੀਰ ਸਿੰਘ ਪੁਆਰ, ਗੁਰਮੀਤ ਸਿੰਘ ਨੇਤਾ, ਰੰਜੀਵ ਤਮੋਲੀਆ, ਪ੍ਰੇਮ ਸਾਰਵਨ, ਪ੍ਰਕਾਸ਼ ਦੋਸ਼ੀ, ਬਲਦੇਵ ਸਿੰਘ ਨੂਰੇਕੇ, ਮਲਕੀਤ ਸਿੰਘ, ਸਾਹਿਲ ਸਾਰਵਨ, ਡਾ. ਜਗਸੀਰ ਸਿੰਘ, ਗੁਰਤੇਜ ਸਿੰਘ, ਅਜੈ, ਨਿਰਮਲ ਸਿੰਘ, ਗਿਆਨ ਸਿੰਘ ਜੇਈ, ਨਿੰਦਰ ਸਿੰਘ, ਗੁਰਦੇਵ ਸਿੰਘ ਮਹਿਮੀ, ਰਮੇਸ਼ ਨਦਾਨੀਆ, ਰਾਕੇਸ਼ ਰੋਜੀਆ, ਰਵੀ ਸਾਰਵਨ, ਰੁਤਾਸ਼ ਗੁਡਾਲੀਆ, ਸੰਦੀਪ ਚੌਹਾਨ, ਮਹੰਤ ਇਤਬਾਰੀ ਲਾਲ, ਚੌਧਰੀ ਰਾਕੇਸ਼ ਕੁਮਾਰ ਆਦਿ ਮੌਜੂਦ ਸਨ। ਇਸ ਮੌਕੇ ਸਮਾਜ ਸੇਵੀ ਹਰੀਸ਼ ਸੇਤੀਆ ਤੇ ਅਸ਼ੋਕ ਵਾਟਸ ਹਾਜ਼ਰ ਸਨ। ਇਸ ਮੌਕੇ ਵਿਧਾਇਕ ਗੋਲਡੀ ਤੇ ਕਮੇਟੀ ਦੇ ਅਹੁਦੇਦਾਰਾਂ ਨੇ ਬੋਲਦਿਆਂ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੇ ਜਨਮ ਦਿਨ ਦੀ ਵਧਾਈ ਦਿੱਤੀ ਤੇ ਬਾਬਾ ਸਾਹਿਬ ਦੇ ਜੀਵਨ ਬਾਰੇ ਵਿਸਥਾਰ ਨਾਲ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਬਾਬਾ ਸਾਹਿਬ ਨੇ ਸਾਰੇ ਭੇਦਭਾਵ ਖਤਮ ਕਰਕੇ ਸਭ ਨੂੰ ਬਰਾਬਰੀ ਦੇ ਮੌਕੇ ਦੇਣ ਵਾਲਾ ਸੰਵਿਧਾਨ ਘੜਿਆ ਸੀ ਤੇ ਸਾਨੂੰ ਉਨ੍ਹਾਂ ਤੋਂ ਪ੍ਰੇਰਨਾ ਲੈ ਕੇ ਦੇਸ਼ ਲਈ ਕੰਮ ਕਰਨਾ ਚਾਹੀਦਾ ਹੈ ਤੇ ਸਮਾਜ ਵਿੱਚ ਸਿੱਖਿਆ ਦੇ ਪਸਾਰ ਵਿੱਚ ਯੋਗਦਾਨ ਪਾਉਣਾ ਚਾਹੀਦਾ ਹੈ।

# 30,000 ਰੁਪਏ ਰਿਸ਼ਵਤ ਲੈਂਦਾ ਬੀ ਡੀ ਪੀ ਓ ਰੰਗੇ ਹੱਥੀਂ ਕਾਬੂ



**ਜਗਰਾਉਂ (ਨਛੱਤਰ ਸੰਧੂ)**-ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਜਾਰੀ ਆਪਣੀ ਮੁਹਿੰਮ ਦੌਰਾਨ ਪੱਖੋਵਾਲ, ਲੁਧਿਆਣਾ ਵਿਖੇ ਤਾਇਨਾਤ ਬਲਾਕ ਵਿਕਾਸ ਤੇ ਪੰਚਾਇਤ ਅਫਸਰ (ਬੀ.ਡੀ.ਪੀ.ਓ.) ਗੁਰਮੁੱਖ ਸਿੰਘ ਨੂੰ 30,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਪੰਚਾਇਤ ਅਫ਼ਸਰ ਨੂੰ ਬਲਾਕ ਪੱਖੋਵਾਲ ਲੁਧਿਆਣਾ ਵਿਖੇ ਤਾਇਨਾਤ ਪੰਚਾਇਤ ਸਕੱਤਰ ਪਰਮਜੀਤ ਸਿੰਘ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ।ਉਨ੍ਹਾਂ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਾਇਆ ਕਿ ਉੱਕਤ ਅਧਿਕਾਰੀ ਉਸ ਦੀ ਤੇ ਇਸੇ ਦਫ਼ਤਰ ਵਿੱਚ ਕੰਮ ਕਰਦੇ ਤਿੰਨ ਹੋਰ ਪੰਚਾਇਤ ਸਕੱਤਰਾਂ ਦੀ ਤਨਖਾਹ ਜਾਰੀ ਕਰਨ ਬਦਲੇ ਉਨ੍ਹਾਂ ਤੋਂ 35000 ਰੁਪਏ ਰਿਸ਼ਵਤ ਮੰਗ ਰਿਹਾ ਹੈ।ਸ਼ਿਕਾਇਤਕਰਤਾ ਨੇ ਦੱਸਿਆ ਕਿ ਉਨ੍ਹਾਂ ਨੇ ਹੁਣ ਤੱਕ ਆਪਸੀ ਯੋਗਦਾਨ ਜ਼ਰੀਏ 30,000 ਰੁਪਏ ਇਕੱਠੇ ਕਰ ਲਏ ਹਨ, ਪਰ ਉਹ ਰਿਸ਼ਵਤ ਨਹੀਂ ਦੇਣਾ ਚਾਹੁੰਦੇ।ਬੁਲਾਰੇ ਨੇ ਦੱਸਿਆ ਕਿ ਇਸ ਸ਼ਿਕਾਇਤ ਦੀ ਮੁੱਢਲੀ ਜਾਂਚ ਤੋਂ ਬਾਅਦ ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾਇਆ, ਜਿਸ ਵਿੱਚ ਮੁਲਜ਼ਮ ਬੀਡੀਪੀਓ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 30000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ।ਉਨ੍ਹਾਂ ਦੱਸਿਆ ਕਿ ਮੁਲਜ਼ਮ ਨੂੰ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ਤੇ ਇਸ ਸਬੰਧੀ ਕੇਸ ਦੀ ਅਗਲੇਰੀ ਜਾਂਚ ਜਾਰੀ ਹੈ।

## ਸੜਕ ਹਾਦਸੇ 'ਚ ਮੋਟਰਸਾਈਕਲ ਚਾਲਕ ਦੀ ਮੌਤ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸੰਗਤਪੁਰ-ਸੋਢੀਆਂ ਨਜ਼ਦੀਕ ਵਾਪਰੇ ਸੜਕ ਹਾਦਸੇ 'ਚ ਇੱਕ ਮੋਟਰਸਾਈਕਲ ਚਾਲਕ ਦੀ ਮੌਤ ਹੋ ਗਈ।ਸਿਵਲ ਹਸਪਤਾਲ ਫ਼ਤਹਿਗੜ੍ਹ ਸਾਹਿਬ ਦੀ ਮੌਰਚਰੀ ਦੇ ਬਾਹਰ ਖੜ੍ਹੇ ਮ੍ਰਿਤਕ ਦੇ ਰਿਸ਼ਤੇਦਾਰਾਂ ਨੇ ਦੱਸਿਆ ਕਿ ਹਰਵਿੰਦਰ ਸਿੰਘ (39) ਵਾਸੀ ਪਿੰਡ ਮਲਕਪੁਰ ਪਿੰਡ ਮੀਰਪੁਰ ਦੇ ਗੁਰਦੁਆਰਾ ਸਾਹਿਬ ਵਿਖੇ ਗ੍ਰੰਥੀ ਸਿੰਘ ਵਜੋਂ ਡਿਊਟੀ ਨਿਭਾ ਰਿਹਾ ਸੀ, ਜੋ ਬੀਤੇ ਦਿਨ ਸ਼ਾਮ ਨੂੰ ਮੋਟਰਸਾਈਕਲ 'ਤੇ ਸਵਾਰ ਹੋ ਕੇ ਪਿੰਡ ਮੀਰਪੁਰ ਤੋਂ ਮਲਕਪੁਰ ਨੂੰ ਜਾ ਰਿਹਾ ਸੀ ਤਾਂ ਸ਼ਾਮ ਕਰੀਬ ਪੌਣੇ ਅੱਠ ਵਜੇ ਜਦੋਂ ਉਹ ਪਿੰਡ ਸੰਗਤਪੁਰ ਸੋਢੀਆਂ ਦੇ ਸਤਿਸੰਗ ਘਰ ਕੋਲ ਪੁੱਜਾ ਤਾਂ ਖੋਜੇਮਾਜਰਾ ਸਾਈਡ ਤੋਂ ਤੇਜ਼ ਰਫ਼ਤਾਰ ਨਾਲ ਆ ਰਹੀ ਆਲਟੋ ਕਾਰ ਨੰਬਰ ਐੱਚ.ਆਰ.08ਜੀ-4937 ਦੇ ਡਰਾਇਵਰ ਨੇ ਹਰਵਿੰਦਰ ਸਿੰਘ ਦੇ ਮੋਟਰਸਾਈਕਲ ਨੂੰ ਟੱਕਰ ਮਾਰ ਦਿੱਤੀ, ਜਿਸ ਕਾਰਨ ਮੋਟਰਸਾਈਕਲ ਸਮੇਤ ਸੜਕ 'ਤੇ ਡਿੱਗੇ ਹਰਵਿੰਦਰ ਸਿੰਘ ਦੇ ਗੰਭੀਰ ਸੱਟਾਂ ਲੱਗੀਆਂ, ਜਿਸ ਨੂੰ ਚੁੱਕ ਕੇ ਜਦੋਂ ਸਿਵਲ ਹਸਪਤਾਲ ਫ਼ਤਹਿਗੜ੍ਹ ਸਾਹਿਬ ਵਿਖੇ ਲਿਜਾਇਆ ਗਿਆ ਤਾਂ ਡਾਕਟਰਾਂ ਵੱਲੋਂ ਹਰਵਿੰਦਰ ਸਿੰਘ ਨੂੰ ਮ੍ਰਿਤਕ ਕਰਾਰ ਦੇ ਦਿੱਤਾ ਗਿਆ।ਕਾਰ ਦੇ ਕਥਿਤ ਚਾਲਕ ਸੰਦੀਪ ਕੁਮਾਰ ਵਾਸੀ ਸ਼ਾਹਬਾਦ (ਹਰਿਆਣਾ) ਵਿਰੁੱਧ ਥਾਣਾ ਸਰਹਿੰਦ ਵਿਖੇ ਮੁਕੱਦਮਾ ਦਰਜ ਕਰਕੇ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।

## ਕਿਸਾਨ ਵੱਲੋਂ ਗਊਸ਼ਾਲਾ ਨੂੰ ਤੂੜੀ ਦੀ ਟਰਾਲੀ ਦਾਨ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਥਾਨਕ ਰੋਪੜ ਰੋਡ 'ਤੇ ਸਥਿਤ ਬਾਬਾ ਭਗਤੀਨਾਥ ਗਊਸ਼ਾਲਾ ਵਿੱਚ ਪਸ਼ੂਆਂ ਲਈ ਕਿਸਾਨ ਤੂੜੀ ਦਾਨ ਕਰਨ ਲਈ ਅੱਗੇ ਆਉਣ ਲੱਗੇ ਹਨ। ਕਣਕ ਦੀ ਵਾਢੀ ਸ਼ੁਰੂ ਹੁੰਦਿਆਂ ਹੀ ਅੱਜ ਪਿੰਡ ਰਹੀਮਾਬਾਦ ਦੇ ਕਿਸਾਨ ਤੇ ਆੜ੍ਹਤੀ ਸਰੂਪ ਸਿੰਘ ਐਂਡ ਸੰਨਜ਼ ਵੱਲੋਂ ਗਊਸ਼ਾਲਾ 'ਚ ਪਹਿਲੀ ਤੂੜੀ ਦੀ ਟਰਾਲੀ ਦਾਨ ਕੀਤੀ ਗਈ। ਗਊਸ਼ਾਲਾ ਦੇ ਪ੍ਰਬੰਧਕ ਸੁਸ਼ੀਲ ਲੂਥਰਾ ਤੇ ਸੁਰਿੰਦਰ ਅਗਰਵਾਲ ਨੇ ਦੱਸਿਆ ਕਿ ਇਸ ਸਮੇਂ 300 ਤੋਂ ਵੱਧ ਗਊਆਂ ਦੀ ਸਾਂਭ-ਸੰਭਾਲ ਕੀਤੀ ਜਾ ਰਹੀ ਹੈ, ਜਿਨ੍ਹਾਂ ਲਈ ਸਾਰੇ ਸਾਲ ਦੀ ਤੂੜੀ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਹੀ ਇਕੱਤਰ ਕੀਤੀ ਜਾਂਦੀ ਹੈ। ਉਨ੍ਹਾ ਕਿਹਾ ਕਿ ਪਹਿਲਾਂ ਵੀ ਇਲਾਕੇ ਦੇ ਕਿਸਾਨ ਗਊਸ਼ਾਲਾ ਨੂੰ ਤੂੜੀ ਦਾਨ ਕਰ ਆਪਣਾ ਭਰਵਾਂ ਯੋਗਦਾਨ ਪਾਉਂਦੇ ਹਨ ਤੇ ਹੁਣ ਵੀ ਉਹ ਉਮੀਦ ਕਰਦੇ ਹਨ ਕਿ ਇਨ੍ਹਾਂ ਪਸ਼ੂਆਂ ਲਈ ਵੱਧ ਤੋਂ ਵੱਧ ਤੂੜੀ ਭੇਜੀ ਜਾਵੇ।

## ਅਕਾਲੀ ਆਗੂ ਮਲੂਕਾ ਦੇ ਨੂੰਹ-ਪੁੱਤ ਤਖ਼ਤ ਸਾਹਿਬ ਹੋਏ ਨਤਮਸਤਕ



**ਤਲਵੰਡੀ ਸਾਬੋ (ਜਗਦੀਪ ਗਿੱਲ)**-ਅਕਾਲੀ ਦਲ ਬਾਦਲ ਦੀ ਡਿਸਪਲੈਨਿਰੀ ਕਮੇਟੀ ਦੇ ਚੇਅਰਮੈਨ ਤੇ ਉੱਘੇ ਅਕਾਲੀ ਆਗੂ ਸ੍ਰ. ਸਿਕੰਦਰ ਸਿੰਘ ਮਲੂਕਾ ਦੀ ਨੂੰਹ ਪਰਮਪਾਲ ਕੌਰ ਤੇ ਉਸ ਦੇ ਪਤੀ ਗੁਰਪ੍ਰੀਤ ਸਿੰਘ ਮਲੂਕਾ ਨੇ ਮੇਲਾ ਵਿਸਾਖੀ ਮੌਕੇ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਨਤਮਸਤਕ ਹੁੰਦਿਆਂ ਗੁਰੂ ਦਾ ਅਸ਼ੀਰਵਾਦ ਲੈਣ ਲਈ ਮੱਥਾ ਟੇਕਿਆ।ਇਸ ਮੌਕੇ ਸ੍ਰੀ ਸਰੂਪ ਚੰਦ ਸਿੰਗਲਾ ਸਾਬਕਾ ਸੰਸਦੀ ਸਕੱਤਰ ਤੇ ਕਾਫੀ ਗਿਣਤੀ ਵਿੱਚ ਭਾਰਤੀ ਜਨਤਾ ਪਾਰਟੀ ਦੇ ਵਰਕਰ ਉਨ੍ਹਾਂ ਦੇ ਨਾਲ ਸਨ।ਚੇਤੇ ਰਹੇ ਕਿ ਹਾਲੇ ਪਿਛਲੇ ਦਿਨ ਹੀ ਜਥੇਦਾਰ ਸਿਕੰਦਰ ਸਿੰਘ ਮਲੂਕਾ ਦੀ ਨੂੰਹ ਤੇ ਪੁੱਤਰ ਨੇ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋ ਕੇ ਪੰਜਾਬ ਦੀਆਂ ਸਿਆਸੀ ਸਫ਼ਾਂ ਵਿੱਚ ਨਵਾਂ ਧਮਾਕਾ ਕਰ ਦਿੱਤਾ ਸੀ, ਜਿਸ ਨਾਲ ਪੰਜਾਬ ਦੀ ਸਿਆਸੀ ਜ਼ਮੀਨ ਗਰਮਾ ਗਈ ਹੈ।

# ਯੂਨੀਵਰਸਲ ਕਾਲਜ ਤੇ ਆਈ ਟੀ ਆਈ ਵੱਲੋਂ ਵਿਸਾਖੀ 'ਤੇ ਰੋਜ਼ਗਾਰ ਮੇਲਾ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਯੂਨੀਵਰਸਲ ਕਾਲਜ ਤੇ ਆਈ ਟੀ ਆਈ ਪਾਤੜਾਂ ਵਿੱਚ ਰੋਜ਼ਗਾਰ ਮੇਲਾ ਤੇ ਵਿਸਾਖੀ ਦਾ ਤਿਉਹਾਰ ਮਨਾਇਆ ਗਿਆ।ਇਸ ਮੌਕੇ ਪਹੁੰਚੀਆਂ ਕੰਪਨੀਆਂ ਦਾ ਯੂਨੀਵਰਸਲ ਕਾਲਜ ਤੇ ਆਈ ਟੀ ਆਈ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ।ਇਸ ਮੌਕੇ ਐੱਲ ਆਈ ਸੀ, ਟਾਟਾ ਮੋਟਰਸ, ਪ੍ਰੀਤ ਐਗਰੋ ਵਰਕਸ, ਵਰਧਮਾਨ ਕੰਪਨੀਆਂ, ਬਜਾਜ ਪਾਤੜਾਂ, ਗਿਆਨ ਐਗਰੋ ਇੰਡਸਟਰੀ, ਮਾਰੂਤੀ, ਹਿਮਾਲਿਆਨ ਇੰਟਰਪ੍ਰਾਇਜ਼, ਅਸ਼ੋਕਾ ਲੀਲੈਂਡ, ਸ੍ਰੀ ਸ਼ਿਆਮ ਆਰਕੀਟੈਕਟ, ਮਹਿੰਦਰਾ ਆਟੋ ਮੋਬਾਇਲ, ਵਿਸ਼ਵਕਰਮਾ, ਵਿਨਸਟਾਰ ਸਪੋਰਟਸ, ਪੂਨੀ ਐਗਰੋ ਇੰਡਸਟਰੀ ਤੇ ਹੋਰ ਨਾਮੀ ਕੰਪਨੀਆਂ ਨੇ ਵੱਧ-ਚੜ੍ਹ ਕੇ ਹਿੱਸਾ ਲਿਆ ਅਤੇ 200 ਤੋਂ ਵੱਧ ਬੇਰੁਜ਼ਗਾਰ ਬੱਚਿਆਂ ਨੇ ਹਿੱਸਾ ਲਿਆ।ਵਿਸਾਖੀ ਦੇ ਤਿਉਹਾਰ ਨੂੰ ਮੁੱਖ ਰੱਖਦੇ ਹੋਏ ਯੂਨੀਵਰਸਲ ਕਾਲਜ ਦੇ ਬੱਚਿਆਂ ਨੂੰ ਪੰਜਾਬੀ ਸੱਭਿਆਚਾਰ ਲਈ ਜਾਗਰੂਕ ਕਰਵਾਉਣ ਲਈ ਸੱਭਿਆਚਾਰ ਸਬੰਧੀ ਪ੍ਰਦਰਸ਼ਨੀਆਂ ਲਗਾਈਆਂ ਗਈਆਂ। ਬੱਚਿਆਂ ਨੇ ਰੰਗਾਰੰਗ ਪ੍ਰੋਗਰਾਮ ਵਿੱਚ ਵੱਧ ਚੜ੍ਹ ਕੇ ਹਿੱਸਾ ਲਿਆ ਤੇ ਪ੍ਰੋਗਰਾਮ ਦੇ ਅੰਤ ਵਿੱਚ ਯੂਨੀਵਰਸਲ ਕਾਲਜ ਦੇ ਚੇਅਰਮੈਨ ਬਲਜੀਤ ਸਿੰਘ ਤੇ ਸੈਕਟਰੀ ਪਰਮਿੰਦਰ ਸਿੰਘ ਘੱਗਾ, ਕਾਲਜ ਦੇ ਵਾਇਸ ਚੇਅਰਮੈਨ ਵੀਰਇੰਦਰ ਸਿੰਘ ਧਾਲੀਵਾਲ ਵੱਲੋਂ ਰੁਜ਼ਗਾਰ ਲਈ ਚੁਣੇ ਗਏ ਬੱਚਿਆਂ ਨੂੰ ਨਿਯੁਕਤੀ ਪੱਤਰ ਵੰਡੇ ਗਏ।ਅੰਤ ਵਿੱਚ ਯੂਨੀਵਰਸਲ ਕਾਲਜ ਦੇ ਡਾਇਰੈਕਟਰ ਡਾ. ਅਮਰੀਸ਼ ਧਵਨ ਤੇ ਪ੍ਰਿੰਸੀਪਲ ਯਾਦਵਿੰਦਰ ਸਿੰਘ ਨੇ ਮੌਕੇ 'ਤੇ ਪੁੱਜੀਆਂ ਕੰਪਨੀਆਂ ਤੇ ਬੱਚਿਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ।

# ਦਿਹਾਤੀ ਮਜ਼ਦੂਰ ਸਭਾ ਸਬ ਤਹਿਸੀਲ ਮੰਡੀ ਲੱਖੇਵਾਲੀ ਦਾ ਡੈਲੀਗੇਟ ਅਜਲਾਸ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਪਰਮਜੀਤ ਸਿੰਘ, ਚਾਵਲਾ)**-ਦਿਹਾਤੀ ਮਜ਼ਦੂਰ ਸਭਾ ਪੰਜਾਬ ਸਬ ਤਹਿਸੀਲ ਮੰਡੀ ਲੱਖੇਵਾਲੀ ਦਾ ਡੈਲੀਗੇਟ ਅਜਲਾਸ ਕੀਤਾ ਗਿਆ, ਜਿਸ ਦੀ ਸ਼ੁਰੂਆਤ ਡਾਕਟਰ ਭੀਮ ਰਾਓ ਅੰਬੇਡਕਰ ਦੀ ਜੈਅੰਤੀ 'ਤੇ ਉਨ੍ਹਾਂ ਨੂੰ ਫੁੱਲ ਮਾਲਾਵਾਂ ਅਰਪਿਤ ਕਰਕੇ ਕੀਤੀ ਗਈ। ਅਜਲਾਸ ਦੀ ਪ੍ਰਧਾਨਗੀ ਨਿਰਮਲ ਸਿੰਘ ਰਾਮਗੜ੍ਹ ਚੂੰਘਾਂ, ਜਗਜੀਤ ਸਿੰਘ ਬਲਮਗੜ੍ਹ ਦੀ ਪ੍ਰਧਾਨਗੀ ਹੇਠ ਸ਼ੁਰੂ ਹੋਇਆ। ਇਸ ਅਜਲਾਸ ਵਿੱਚ ਸਬ ਤਹਿਸੀਲ ਮੰਡੀ ਲੱਖੇਵਾਲੀ ਦੇ ਗਿਆਰਾਂ ਪਿੰਡਾਂ ਤੋਂ ਡੈਲੀਗੇਟ ਮਰਦ ਔਰਤਾਂ ਸ਼ਾਮਲ ਹੋਏ। ਇਸ ਸਮੇਂ ਬਾਬਾ ਸਾਹਿਬ ਦੀ ਤਸਵੀਰ 'ਤੇ ਫੁੱਲ ਮਾਲਾਵਾਂ ਅਰਪਿਤ ਕਰਕੇ ਉਨ੍ਹਾਂ ਦੀ ਦਲਿਤਾਂ, ਬਹੁਜਨਾਂ ਲਈ ਦੇਸ਼ ਭਰ ਵਿੱਚ ਕੀਤੇ ਕਾਰਜਾਂ ਤੇ ਸਮਾਜ ਪ੍ਰਤੀ ਕੀਤੀਆਂ ਘਾਲਣਾਵਾਂ ਨੂੰ ਚੇਤੇ ਕਰਕੇ ਅੱਗੇ ਵਧਣ ਦਾ ਹੋਕਾ ਦਿੱਤਾ ਗਿਆ। ਅਜਲਾਸ ਸਮੇਂ ਸੰਬੋਧਨ ਕਰਦਿਆਂ ਦਿਹਾਤੀ ਮਜ਼ਦੂਰ ਸਭਾ ਪੰਜਾਬ ਦੇ ਸੂਬਾ ਸੰਯੁਕਤ ਸਕੱਤਰ ਜਗਜੀਤ ਸਿੰਘ ਜੱਸੇਆਣਾ ਤੇ ਸੂਬਾ ਮੀਤ ਪ੍ਰਧਾਨ ਹਰਜੀਤ ਸਿੰਘ ਮਦਰੱਸਾ ਨੇ ਕਿਹਾ ਕਿ ਉੱਘੇ ਸਮਾਜ ਸੁਧਾਰਕ ਬਾਬਾ ਸਾਹਿਬ ਨੇ ਭਾਰਤੀ ਸੰਵਿਧਾਨ ਵਿੱਚ ਉੱਘਾ ਯੋਗਦਾਨ ਪਾਇਆ। ਉਨ੍ਹਾ ਕਿਹਾ ਕਿ ਅੱਜ ਦੇਸ਼ ਸੰਵਿਧਾਨ ਨੂੰ ਮੋਦੀ ਸਰਕਾਰ ਪੈਰਾਂ ਥੱਲੇ ਦਰੜ ਰਹੀ ਹੈ, ਜਿਸ ਨੂੰ ਕਿਸੇ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਮੋਦੀ ਤਾਨਾਸ਼ਾਹੀ ਸਰਕਾਰ ਦੇ ਦਸ ਸਾਲ ਦੇ ਕਾਰਜਕਾਲ ਦੌਰਾਨ ਘੱਟ ਗਿਣਤੀਆਂ ਤੇ ਦਲਿਤਾਂ ਨੂੰ ਜਬਰ ਦਾ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਇਸ ਮੋਦੀ ਸਰਕਾਰ ਨੂੰ ਸੱਤਾ ਤੋਂ ਉਖਾੜਨ ਦਾ ਸਮਾਂ ਆ ਗਿਆ ਹੈ। ਉਨ੍ਹਾਂ ਕਿਹਾ ਕਿ ਸੰਘ ਤੇ ਮੋਦੀ ਜੁੰਡਲੀ ਵਿਰੁੱਧ ਦਲਿਤ ਸਮਾਜ ਤੇ ਸਮੁੱਚੇ ਕਿਰਤੀ ਜਨਸਮੂਹਾਂ ਨੂੰ ਵੱਡੀ ਪੱਧਰ 'ਤੇ ਜਾਗਰੂਕ ਕਰਕੇ ਸੜਕਾਂ 'ਤੇ ਆਵਾਂਗੇ।ਇਸ ਤੋਂ ਬਾਅਦ ਅਜਲਾਸ ਸਬ ਤਹਿਸੀਲ ਮੰਡੀ ਲੱਖੇਵਾਲੀ ਦੀ ਤਹਿਸੀਲ ਕਮੇਟੀ ਦੀ ਚੋਣ ਕੀਤੀ ਗਈ।

## ਇਕਬਾਲ ਸਿੰਘ ਝੂੰਦਾਂ ਨੂੰ ਸੰਗਰੂਰ ਹਲਕੇ ਤੋਂ ਉਮੀਦਵਾਰ ਬਣਾਏ ਜਾਣ ਦਾ ਭਰਵਾਂ ਸਵਾਗਤ



**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਸਿੰਘ ਭੱਟੀ)**-ਸ਼੍ਰੋਮਣੀ ਅਕਾਲ ਦਲ ਵੱਲੋਂ ਸੰਗਰੂਰ ਲੋਕ ਸਭਾ ਹਲਕੇ ਤੋਂ ਸ੍ਰ: ਇਕਬਾਲ ਸਿੰਘ ਝੂੰਦਾਂ ਨੂੰ ਉਮੀਦਵਾਰ ਬਣਾਏ ਜਾਣ ਦਾ ਸਵਾਗਤ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਤੇ ਸੰਗਰੂਰ ਤੋਂ ਹਲਕਾ ਇੰਚਾਰਜ ਵਿਨਰਜੀਤ ਸਿੰਘ ਗੋਲਡੀ ਤੇ ਤੇਜਿੰਦਰ ਸਿੰਘ ਸੰਘਰੇੜੀ ਜ਼ਿਲ੍ਹਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਨੇ ਪਾਰਟੀ ਪ੍ਰਧਾਨ ਸ੍ਰ: ਸੁਖਬੀਰ ਸਿੰਘ ਬਾਦਲ ਦਾ ਧੰਨਵਾਦ ਕਰਦਿਆਂ ਕਿਹਾ ਕਿ ਸ੍ਰ: ਝੂੰਦਾਂ ਸੰਗਰੂਰ ਤੋਂ ਸ਼ਾਨਦਾਰ ਜਿੱਤ ਪ੍ਰਾਪਤ ਕਰਨਗੇ। ਅਕਾਲੀ ਆਗੂਆਂ ਇਕਬਾਲਜੀਤ ਸਿੰਘ ਪੂਨੀਆ, ਪਰਮਜੀਤ ਕੌਰ ਵਿਰਕ, ਤ੍ਰਿਪਤਇੰਦਰ ਸਿੰਘ ਸਾਰੋ, ਰੁਪਿੰਦਰ ਸਿੰਘ ਰੰਧਾਵਾ, ਜਗਤਾਰ ਸਿੰਘ ਸੋਮਾ, ਪ੍ਰਿੰਸੀਪਲ ਨਰੇਸ਼ ਕੁਮਾਰ, ਇੰਦਰਜੀਤ ਸਿੰਘ ਤੂਰ, ਹਰਜੀਤ ਸਿੰਘ ਬੀਟਾ, ਹਰਵਿੰਦਰ ਸਿੰਘ ਕਾਕੜਾ, ਮਾਸਟਰ ਜੋਗਿੰਦਰ ਸਿੰਘ, ਹਰਵਿੰਦਰ ਗੋਲਡੀ ਤੂਰ, ਸੋਮਾ ਫੱਗੂਵਾਲਾ, ਮਾਸਟਰ ਜੋਗਿੰਦਰ ਸਿੰਘ, ਪ੍ਰਭਜੀਤ ਸਿੰਘ ਲੱਕੀ, ਗੁਰਮੀਤ ਸਿੰਘ ਜੈਲਦਾਰ, ਕ੍ਰਿਸ਼ਨ ਸਿੰਘ, ਨਰਿੰਦਰ ਸਿੰਘ, ਰਾਮ ਸਿੰਘ ਭਰਾਜ, ਬਿੰਦਰ ਸਿੰਘ ਬੱਟਰਿਆਣਾ, ਨਿਰਮਲ ਸਿੰਘ, ਬਲਰਾਜ ਸਿੰਘ ਫਤਿਹਗੜ੍ਹ ਭਾਦਸੋਂ, ਬੰਟੀ ਮੰਗਵਾਲ, ਡਾ. ਸੁਖਵਿੰਦਰ ਸਿੰਘ, ਜਗਦੇਵ ਪੰਨਵਾਂ, ਸ਼ੇਰ ਸਿੰਘ ਬਾਲੇਵਾਲ, ਤੇਜਾ ਸਿੰਘ ਛੰਨਾ, ਜਸਵੀਰ ਸਿੰਘ (ਹਨੀ ਢਾਬਾ), ਐਡਵੋਕੇਟ ਸੁਖਬੀਰ ਸਿੰਘ ਪੂਨੀਆ, ਜਸਵੀਰ ਸਿੰਘ ਸਰਾਓ, ਵੀਰਦਵਿੰਦਰ ਸੇਖੋਂ, ਜਗਦੀਪ ਸਿੰਘ ਆਦਿ ਨੇ ਝੂੰਦਾਂ ਨੂੰ ਟਿਕਟ ਦਿੱਤੇ ਜਾਣ ਦਾ ਭਰਵਾਂ ਸਵਾਗਤ ਕੀਤਾ ਹੈ।

# ਦਾਣਾ ਮੰਡੀ ਮਖੂ ਵਿਖੇ ਕਣਕ ਦੀ ਸਰਕਾਰੀ ਖਰੀਦ ਸ਼ੁਰੂ



**ਮੱਖੂ (ਰਛਪਾਲ ਸਿੰਘ ਸੰਧੂ)**-ਦਾਣਾ ਮੰਡੀ ਮਖੂ ਵਿਖੇ ਪੰਜਾਬ ਸਟੇਟ ਵੇਅਰ ਹਾਊਸ ਵੱਲੋਂ ਕਣਕ ਦੀ ਸਰਕਾਰੀ ਖਰੀਦ ਸ਼ੁਰੂ ਕੀਤੀ ਗਈ।ਦਾਣਾ ਮੰਡੀ ਮਖੂ ਵਿਖੇ ਸੁੱਚਾ ਸਿੰਘ ਆਪਣੀ ਕਣਕ ਦੀ ਫ਼ਸਲ ਬਲਵਿੰਦਰ ਸਿੰਘ ਕਟਾਰੀਆ ਦੀ ਆੜ੍ਹਤ ਕਟਾਰੀਆ ਬ੍ਰਦਰਜ਼ ਐਂਡ ਕੰਪਨੀ 'ਤੇ ਲਿਆਂਦੀ 100 ਕੁਇੰਟਲ ਦੇ ਕਰੀਬ ਕਣਕ ਦੀ ਪਹਿਲੀ ਢੇਰੀ ਨੂੰ ਪੰਜਾਬ ਸਟੇਟ ਵੇਅਰ ਹਾਊਸ ਵੱਲੋਂ ਸਰਕਾਰੀ ਰੇਟ 2275 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਖਰੀਦ ਕੀਤੀ ਗਈ।ਦਾਣਾ ਮੰਡੀ ਮਖੂ ਵਿਖੇ ਕਣਕ ਦੀ ਸਰਕਾਰੀ ਖਰੀਦ ਸ਼ੁਰੂ ਹੋਣ ਮੌਕੇ ਆੜ੍ਹਤੀਆ ਐਸੋਸੀਏਸ਼ਨ ਦੇ ਸੀਨੀਅਰ ਆਗੂ ਨਰਿੰਦਰ ਕਟਾਰੀਆ ਵਿਸ਼ੇਸ਼ ਤੌਰ 'ਤੇ ਪਹੁੰਚੇ। ਦਾਣਾ ਮੰਡੀ ਮਖੂ ਦੇ ਆੜ੍ਹਤੀਆਂ ਵੱਲੋਂ ਨਰਿੰਦਰ ਕਟਾਰੀਆ ਦਾ ਸਵਾਗਤ ਫੁੱਲਾਂ ਦਾ ਗੁਲਦਸਤਾ ਤੇ ਸਿਰਪਾਓ ਭੇਟ ਕਰਕੇ ਕੀਤਾ ਗਿਆ।ਇਸ ਮੌਕੇ ਨਰਿੰਦਰ ਕਟਾਰੀਆ ਵੱਲੋਂ ਦਾਣਾ ਮੰਡੀ ਮਖੂ ਵਿਖੇ ਕਣਕ ਦੀ ਫ਼ਸਲ ਲੈ ਕੇ ਪਹੁੰਚੇ ਸੁੱਚਾ ਸਿੰਘ ਦਾ ਮੂੰਹ ਮਿੱਠਾ ਕਰਵਾਇਆ ਗਿਆ ਤੇ ਕਣਕ ਦਾ ਸੀਜ਼ਨ ਵਧੀਆ ਢੰਗ ਨਾਲ ਨੇਪਰੇ ਚੜ੍ਹਨ ਦੀ ਪ੍ਰਮਾਤਮਾ ਅੱਗੇ ਅਰਦਾਸ ਕੀਤੀ ਗਈ।ਇਸ ਮੌਕੇ ਵਰਿੰਦਰ ਠੁਕਰਾਲ, ਰਿਸ਼ੂ ਖੁਰਾਣਾ, ਮਹਿਲ ਸਿੰਘ ਵੜ੍ਹਿਆ, ਜਰਨੈਲ ਸਿੰਘ ਸੰਧੂ, ਮਨਮੋਹਨ ਗਰੋਵਰ, ਲਖਵੀਰ ਸਿੰਘ ਸੱਧਰ ਵਾਲਾ ਪ੍ਰਧਾਨ ਟਰੱਕ ਯੂਨੀਅਨ ਮਖੂ, ਬਲਵਿੰਦਰ ਠੁਕਰਾਲ, ਰਜਿੰਦਰ ਖੁਰਾਣਾ ਕਾਲਾ, ਬਲਵਿੰਦਰ ਸਿੰਘ ਕਟਾਰੀਆ, ਸੁਰਿੰਦਰ ਅਹੂਜਾ, ਗੁਰਮੇਜ ਸਿੰਘ ਤਲਵੰਡੀ ਨਿਪਾਲਾਂ, ਰਜਿੰਦਰ ਠੁਕਰਾਲ, ਬੱਬਲੂ ਟੰਡਨ, ਸੁਖਦੇਵ ਮਸੀਹ, ਤਿਲਕ ਮਸੀਹ, ਜੁਗਰਾਜ ਸਿੰਘ, ਧਰਮਪਾਲ ਨਾਰੰਗ, ਨੌਨਿਹਾਲ ਸਿੰਘ ਇੰਸਪੈਕਟਰ ਪੰਜਾਬ ਸਟੇਟ ਵੇਅਰ ਹਾਊਸ, ਨਵੀਨ ਕੁਮਾਰ (ਨਵੀ ਅਰੋੜਾ) ਡਾਟਾ ਆਪ੍ਰੇਟਰ, ਅੰਗਰੇਜ ਸਿੰਘ ਇੰਸਪੈਕਟਰ ਪਨਸਪ, ਅਨਿਲ ਕੁਮਾਰ ਲੇਖਾਕਾਰ ਮਾਰਕਿਟ ਕਮੇਟੀ ਮਖੂ, ਮਨਪ੍ਰੀਤ ਸਿੰਘ ਕੰਪਿਊਟਰ ਆਪ੍ਰੇਟਰ, ਦਰਸ਼ਨ ਸਿੰਘ, ਰਾਜ ਕੁਮਾਰ ਛਾਬੜਾ ਆਦਿ ਹਾਜ਼ਰ ਸਨ।

# ਡਾ. ਸੈਮੂਅਲ ਹੈਨੀਮਨ ਦੀ ਯਾਦ ਨੂੰ ਸਮਰਪਤ ਹੋਮਿਓਪੈਥੀ ਦਿਵਸ ਮਨਾਇਆ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਸਥਾਨਕ ਪੁਰਾਣੀ ਗਊਸ਼ਾਲਾ ਵਿਖੇ ਹੋਮਿਓਪੈਥੀ ਡਾ. ਨਿਰਮਲ ਸਿੰਘ ਤੇ ਨਵੀਂ ਅਗਰਵਾਲ ਗਊਸ਼ਾਲਾ ਪ੍ਰਧਾਨ ਅਮਿਤ ਸਿੰਗਲਾ ਸੀ ਏ ਅਤੇ ਪ੍ਰਬੰਧਕ ਕਮੇਟੀ ਵੱਲੋਂ ਹੋਮਿਓਪੈਥੀ ਬਾਰੇ ਲੋਕਾਂ ਵਿੱਚ ਜਾਗਰੂਕਤਾ ਵਧਾਉਣ ਤੇ ਵੱਧ ਤੋਂ ਵੱਧ ਲੋਕਾਂ ਤੱਕ ਇਸ ਦੀ ਪਹੁੰਚ ਨੂੰ ਵਧਾਉਣ ਦੇ ਉਦੇਸ਼ ਨਾਲ ਹੋਮਿਓਪੈਥੀ ਦੇ ਜਨਮਦਾਤਾ ਡਾ. ਸੈਮੂਅਲ ਹੈਨੀਮਨ ਦੀ ਯਾਦ ਨੂੰ ਸਮਰਪਤ ਹੋਮਿਓਪੈਥੀ ਦਿਵਸ ਮਨਾਇਆ ਗਿਆ।ਇਸ ਮੌਕੇ ਸ਼ਮ੍ਹਾਂ ਰੋਸ਼ਨ ਕਰਨ ਉਪਰੰਤ ਕੇਟ ਕੱਟਣ ਦੀ ਰਸਮ ਵੀ ਅਦਾ ਕੀਤੀ ਗਈ।ਇਸ ਮੌਕੇ ਹੋਮਿਓਪੈਥੀ ਜ਼ਿਲ੍ਹਾ ਅਫਸਰ ਡਾ. ਰਾਜੀਵ ਜਿੰਦੀਆ ਨੇ ਦੱਸਿਆ ਕਿ ਹੋਮਿਓਪੈਥੀ ਦਵਾਈਆਂ ਨਾਲ ਬਿਮਾਰੀ ਨੂੰ ਜੜ੍ਹ ਤੋਂ ਖਤਮ ਕੀਤਾ ਜਾਂਦਾ ਹੈ ਅਤੇ ਹੋਮਿਓਪੈਥਿਕ ਦਵਾਈਆਂ ਸਾਰੀਆਂ ਸਰਕਾਰੀ ਡਿਸਪੈਂਸਰੀਆਂ ਤੋਂ ਮੁਫਤ ਵਿੱਚ ਮਿਲਦੀਆਂ ਹਨ, ਇਸ ਕਰਕੇ ਕਿਸੇ ਵੀ ਬਿਮਾਰੀ ਨਾਲ ਪੀੜਤ ਰੋਗੀ ਸਸਤੇ ਵਿੱਚ ਆਪਣਾ ਇਲਾਜ ਹੋਮਿਓਪੈਥੀ ਦੇ ਮਾਹਰ ਡਾਕਟਰਾਂ ਕੋਲੋਂ ਕਰਵਾਉਣ।

ਅਗਰਵਾਲ ਧਰਮਸ਼ਾਲਾ ਪ੍ਰਧਾਨ ਮਦਨ ਮਿੱਤਲ ਤੇ ਇਲਾਕੇ ਦੇ ਪਤਵੰਤਿਆਂ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਮੌਕੇ ਡਾ. ਨਿਰਮਲ ਸਿੰਘ ਨੇ ਦੱਸਿਆ ਕਿ ਜੇਕਰ ਮਰੀਜ਼ ਲਈ ਸਹੀ ਸਮੇਂ 'ਤੇ ਸਹੀ ਖੁਰਾਕਾਂ ਦੀ ਤਜਵੀਜ਼ ਕੀਤੀ ਜਾਵੇ ਤਾਂ ਹੋਮਿਓਪੈਥੀ ਡਾਕਟਰੀ ਵਿਗਿਆਨ ਵਿੱਚ ਇਲਾਜ ਦਾ ਸਭ ਤੋਂ ਤੇਜ਼ ਤਰੀਕਾ ਸਾਬਿਤ ਹੁੰਦੀ ਹੈ।ਉਨ੍ਹਾਂ ਕਿਹਾ ਕਿ ਹੋਮਿਓਪੈਥਿਕ ਦਵਾਈਆਂ ਗਰਭ ਅਵਸਥਾ ਤੋਂ ਪਹਿਲਾਂ, ਗਰਭ ਅਵਸਥਾ ਦੌਰਾਨ, ਨਵਜੰਮੇ, ਜਵਾਨੀ ਤੇ ਇੱਥੋਂ ਤੱਕ ਕਿ ਬੁਢਾਪੇ ਲਈ ਜੀਵਨ ਦੇ ਸਾਰੇ ਪੜਾਵਾਂ ਵਿੱਚ ਪੂਰੀ ਤਰ੍ਹਾਂ ਸੁਰੱਖਿਅਤ ਤੇ ਪ੍ਰਭਾਵਸ਼ਾਲੀ ਹੁੰਦੀਆਂ ਹਨ।ਦੱਸ ਦਈਏ ਕਿ ਉਨ੍ਹਾਂ ਕੋਲ ਸੂਗਰ, ਚਮੜੀ ਦੇ ਰੋਗ, ਬੀ ਪੀ, ਦਮਾ, ਪੱਥਰੀ ਦੇ ਰੋਗ ਅਤੇ ਜੋੜਾਂ ਦੇ ਦਰਦ ਤੋਂ ਇਲਾਵਾ ਕੈਂਸਰ ਦੇ ਮਰੀਜ਼ ਵੀ ਪਹੁੰਚ ਰਹੇ ਹਨ, ਜੋ ਕਿ ਇਲਾਜ ਕਰਵਾ ਰਹੇ ਹਨ ਇਨ੍ਹਾਂ ਵਿੱਚ 50 ਪ੍ਰਤੀਸ਼ਤ ਮਰੀਜ਼ ਠੀਕ ਹੋ ਚੁੱਕੇ ਹਨ।ਇਸ ਮੌਕੇ ਰਵੀ ਨੰਦਨ ਗਰਗ, ਸ਼ਿਵ ਨਰਾਇਣ, ਨਰੇਸ਼ ਸਿੰਗਲਾ, ਸੁਧੀਰ ਗਰਗ, ਪ੍ਰਦੀਪ ਸ਼ਰਮਾ ਤੇ ਸੰਜੇ ਸਿੰਗਲਾ ਆਦਿ ਮੌਜੂਦ ਸਨ।

## ਕਾਕਾ ਰਣਦੀਪ ਸਿੰਘ ਵੱਲੋਂ ਕਾਂਗਰਸੀ ਵਰਕਰਾਂ ਨਾਲ ਮੀਟਿੰਗ



**ਅਮਲੋਹ (ਲਖਵੀਰ ਸਿੰਘ, ਹਰਚਰਨ ਉੱਪਲ)**-ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਮਾਣਯੋਗ ਕਾਕਾ ਰਣਦੀਪ ਸਿੰਘ ਨਾਭਾ ਸਾਬਕਾ ਕੈਬਨਿਟ ਮੰਤਰੀ ਪੰਜਾਬ ਵੱਲੋਂ ਪਿੰਡ ਰਾਏਪੁਰ ਚੋਬਦਰਾਂ ਵਿਖੇ ਨੇੜਲੇ ਪਿੰਡਾਂ ਦੇ ਕਾਂਗਰਸੀ ਵਰਕਰਾਂ ਨਾਲ ਮੀਟਿੰਗ ਕਰਕੇ ਆਉਂਦੀਆਂ ਲੋਕ ਸਭਾ ਚੋਣਾਂ ਲਈ ਲਾਮਬੰਦ ਕੀਤਾ ਗਿਆ ਤੇ ਵਰਕਰਾਂ ਨਾਲ ਵਿਚਾਰ ਚਰਚਾ ਕਰਦਿਆਂ ਚੋਣ ਪ੍ਰਚਾਰ ਸੰਬੰਧੀ ਵਿਉਂਤਬੰਦੀ ਬਣਾਈ ਗਈ।ਇਸ ਮੌਕੇ ਜਗਵੀਰ ਸਿੰਘ ਸਲਾਣਾ ਬਲਾਕ ਪ੍ਰਧਾਨ, ਜਗਵਿੰਦਰ ਸਿੰਘ ਰਹਿਲ, ਹਰਪ੍ਰੀਤ ਸਿੰਘ ਗੁਰਧਨਪੁਰ, ਕੁਲਦੀਪ ਸਿੰਘ ਰਾਏਪੁਰ ਚੋਬਦਰਾਂ, ਸੁਖਵੀਰ ਸਿੰਘ ਕੋਟਲੀ, ਬਿੱਕਰ ਸਿੰਘ ਦੀਵਾ, ਗੁਰਚਰਨ ਸਿੰਘ ਤੰਦਾ ਬੱਧਾ ਖੁਰਦ, ਪਰਮਿੰਦਰ ਸਿੰਘ ਬੁੱਗਾ, ਬਿੱਟੂ ਬੁੱਗਾ, ਗੁਰਜੰਟ ਸਿੰਘ ਪਹੇੜੀ, ਚਰਨ ਸਿੰਘ ਪਹੇੜੀ, ਛੱਜੂ ਸਿੰਘ, ਕਰਮਜੀਤ ਸਿੰਘ ਤੰਦਾ ਬੱਧਾ, ਕੁਲਵਿੰਦਰ ਸਿੰਘ ਤੰਦਾ ਬੱਧਾ, ਅਮ੍ਰਿਤਪਾਲ ਸਿੰਘ ਤੰਦਾ ਬੱਧਾ, ਜਗਵਿੰਦਰ ਸਿੰਘ ਰਹਿਲ, ਹਰਪ੍ਰੀਤ ਸਿੰਘ ਗੁਰਧਨਪੁਰ, ਜੱਗੀ ਬੜੈਚਾਂ, ਜਗਦੀਸ਼ ਸਿੰਘ ਦੀਸ਼ਾ ਸੌਂਟੀ, ਸੁਖਵੀਰ ਸਿੰਘ ਸੁੱਖਾ, ਸੁੱਖ ਰਾਏਪੁਰ, ਪ੍ਰਭਜੀਤ ਸਿੰਘ ਬੈਣਾ, ਪੀ. ਏ. ਮਨਪ੍ਰੀਤ ਸਿੰਘ ਮਿੰਟਾ ਤੋਂ ਇਲਾਵਾ ਹੋਰ ਪਤਵੰਤੇ ਸੱਜਣ ਮੌਜੂਦ ਸਨ।

# ਮੁੱਖ ਮੰਤਰੀ ਦੇ ਮਾਤਾ ਤੇ ਖੁੱਡੀਆਂ ਤਖਤ ਸਾਹਿਬ 'ਤੇ ਹੋਏ ਨਤਮਸਤਕ

## ਸੰਗਤਾਂ ਨੂੰ ਦਿੱਤੀਆਂ ਖਾਲਸਾ ਸਾਜਨਾ ਦਿਵਸ ਤੇ ਵਿਸਾਖੀ ਦੀਆਂ ਵਧਾਈਆਂ



**ਬਠਿੰਡਾ (ਪਰਵਿੰਦਰਜੀਤ ਸਿੰਘ)**-ਖਾਲਸਾ ਸਾਜਨਾ ਦਿਵਸ ਤੇ ਵਿਸਾਖੀ ਮੌਕੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਮਾਤਾ ਹਰਪਾਲ ਕੌਰ ਤੇ ਬਠਿੰਡਾ ਲੋਕ ਸਭਾ ਹਲਕੇ ਤੋਂ ਪਾਰਟੀ ਦੇ ਉਮੀਦਵਾਰ ਜਥੇਦਾਰ ਗੁਰਮੀਤ ਸਿੰਘ ਖੁੱਡੀਆਂ ਤਖਤ ਸ੍ਰੀ ਦਮਦਮਾ ਸਾਹਿਬ ਵਿਖੇ ਨਤਮਸਤਕ ਹੋਏ।ਉਨ੍ਹਾਂ ਤਖਤ ਸਾਹਿਬ 'ਤੇ ਪੰਜਾਬ ਦੀ ਚੜ੍ਹਦੀ ਕਲਾ ਤੇ ਤਰੱਕੀ ਦੀ ਅਰਦਾਸ ਕੀਤੀ।ਇਸ ਮੌਕੇ ਮਾਤਾ ਹਰਪਾਲ ਕੌਰ ਤੇ ਜਥੇਦਾਰ ਗੁਰਮੀਤ ਸਿੰਘ ਖੁੱਡੀਆਂ ਨੇ ਦੇਸ਼ ਵਿਦੇਸ਼ ਵਿੱਚ ਵੱਸਦੀਆਂ ਸੰਗਤਾਂ ਨੂੰ ਖਾਲਸਾ ਸਾਜਨਾ ਦਿਵਸ ਤੇ ਵਿਸਾਖੀ ਦੀ ਵਧਾਈ ਦਿੱਤੀ।ਉਨ੍ਹਾਂ ਕਿਹਾ ਕਿ ਅਜਿਹੇ ਤਿਉਹਾਰ ਸਾਨੂੰ ਆਪਸੀ ਭਾਈਚਾਰਕ ਸਾਂਝ ਤੇ ਏਕਤਾ ਦਾ ਸੰਦੇਸ਼ ਦਿੰਦੇ ਹਨ।ਵਿਸਾਖੀ ਦਾ ਸਿੱਖ ਪੰਥ ਵਿੱਚ ਵਿਸ਼ੇਸ਼ ਮਹੱਤਵ ਹੈ।ਇਸ ਮੌਕੇ ਉਨ੍ਹਾਂ ਕਿਹਾ ਕਿ ਅੱਜ ਉਹ ਕੋਈ ਵੀ ਰਾਜਸੀ ਗੱਲ ਨਹੀਂ ਕਰਨਗੇ, ਕਿਉਂਕਿ ਅੱਜ ਉਹ ਖਾਲਸੇ ਦੇ ਸਾਜਨਾ ਦਿਵਸ ਮੌਕੇ ਤਖਤ ਸ੍ਰੀ ਦਮਦਮਾ ਸਾਹਿਬ ਵਿੱਚ ਨਤਮਸਤਕ ਹੋਣ ਲਈ ਪਹੁੰਚੇ ਹਨ।ਤਖਤ ਸਾਹਿਬ ਦੇ ਪ੍ਰਬੰਧਕਾਂ ਵੱਲੋਂ ਮਾਤਾ ਹਰਪਾਲ ਕੌਰ ਤੇ ਜਥੇਦਾਰ ਖੁੱਡੀਆਂ ਦਾ ਸਿਰੋਪਾਓ ਨਾਲ ਸਨਮਾਨ ਕੀਤਾ ਗਿਆ।ਇਸ ਮੌਕੇ ਉਨ੍ਹਾਂ ਨਾਲ ਹਲਕਾ ਤਲਵੰਡੀ ਸਾਬੋ ਦੇ ਵਿਧਾਇਕ ਪ੍ਰੋਫੈਸਰ ਬਲਜਿੰਦਰ ਕੌਰ, ਹਲਕਾ ਮੌੜ ਮੰਡੀ ਦੇ ਵਿਧਾਇਕ ਖੁੱਡੀਆਂ ਸਮੇਤ ਵੱਡੀ ਗਿਣਤੀ ਆਪ ਦੇ ਆਗੂ ਤੇ ਵਲੰਟੀਅਰ ਹਾਜ਼ਰ ਸਨ।

# ਪੰਜਾਬ ਪੈਨਸ਼ਨਰਜ਼ ਯੂਨੀਅਨ ਜ਼ਿਲ੍ਹਾ ਫਰੀਦਕੋਟ ਦੀ ਮਹੀਨਾਵਾਰ ਮੀਟਿੰਗ

## ਲੋਕ ਵਿਰੋਧੀ ਪਾਰਟੀਆਂ ਨੂੰ ਚੋਣਾਂ 'ਚ ਸਬਕ ਸਿਖਾਉਣ ਦਾ ਸੱਦਾ



**ਕੋਟਕਪੂਰਾ (ਰਛਪਾਲ ਭੁੱਲਰ)**

ਪੰਜਾਬ ਪੈਨਸ਼ਨਰਜ਼ ਯੂਨੀਅਨ ਜ਼ਿਲ੍ਹਾ ਫਰੀਦਕੋਟ ਦੀ ਮਹੀਨਾਵਾਰ ਮੀਟਿੰਗ ਇੱਥੇ ਸ਼ਹੀਦ ਭਗਤ ਸਿੰਘ ਪਾਰਕ ਵਿੱਚ ਜ਼ਿਲ੍ਹਾ ਪ੍ਰਧਾਨ ਕੁਲਵੰਤ ਸਿੰਘ ਜਾਨੀ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਨੂੰ ਸੰਬੋਧਨ ਕਰਦਿਆਂ ਸੂਬਾਈ ਆਗੂ ਬਲਦੇਵ ਸਿੰਘ ਸਹਿਦੇਵ, ਪ੍ਰੇਮ ਚਾਵਲਾ ਤੇ ਵਿੱਤ ਸਕੱਤਰ ਸੋਮ ਨਾਥ ਅਰੋੜਾ ਨੇ 13 ਅਪ੍ਰੈਲ ਦੇ ਇਤਿਹਾਸਕ ਦਿਨ ਖਾਲਸਾ ਪੰਥ ਦੀ ਸਾਜਨਾ, ਵਿਸਾਖੀ ਤੇ ਜਲ੍ਹਿਆਂਵਾਲਾ ਬਾਗ ਦੇ ਖ਼ੂਨੀ ਸਾਕੇ ਸਬੰਧੀ ਰੌਸ਼ਨੀ ਪਈ।ਇਸ ਦੇ ਨਾਲ ਹੀ ਵੱਖ ਵੱਖ ਸਮੇਂ ਦੌਰਾਨ ਦੇਸ਼ ਤੇ ਪੰਜਾਬ ਰਾਜ ਵਿੱਚ ਹੁਕਮਰਾਨ ਰਾਜਨੀਤਕ ਪਾਰਟੀਆਂ ਵੱਲੋਂ ਚੋਣਾਂ ਤੋਂ ਪਹਿਲਾਂ ਲੋਕਾਂ ਨਾਲ ਕੀਤੇ ਗਏ ਚੋਣ ਵਾਅਦਿਆਂ ਨੂੰ ਸੱਤਾ ਸੰਭਾਲਣ ਤੋਂ ਬਾਅਦ ਮੁੱਕਰ ਜਾਣ ਸਬੰਧੀ ਵਿਸਥਾਰ ਸਹਿਤ ਚਰਚਾ ਕੀਤੀ। ਇਨ੍ਹਾਂ ਵਾਅਦਿਆਂ ਵਿੱਚ ਪ੍ਰਮੁੱਖ ਤੌਰ 'ਤੇ ਮੁਲਾਜ਼ਮਾਂ ਦੀਆਂ ਰੈਗੂਲਰ ਭਰਤੀਆਂ ਨਾ ਕਰਨਾ, ਕੱਚੇ ਤੇ ਠੇਕਾ ਆਧਾਰਤ, ਸਕੀਮ ਵਰਕਰਜ਼ ਤੇ ਆਊਟਸੋਰਸ ਮੁਲਾਜ਼ਮਾਂ ਦਾ ਵੱਡੇ ਪੱਧਰ 'ਤੇ ਆਰਥਿਕ ਸ਼ੋਸ਼ਣ ਕਰਨਾ, ਪੁਰਾਣੀ ਪੈਨਸ਼ਨ ਸਕੀਮ ਅਸਲ ਰੂਪ ਵਿੱਚ ਬਹਾਲ ਨਾ ਕਰਨਾ, ਪਬਲਿਕ ਸੈਕਟਰ ਨੂੰ ਖਤਮ ਕਰਕੇ ਨਿੱਜੀਕਰਨ ਨੂੰ ਉਤਸ਼ਾਹਤ ਕਰਨਾ ਆਦਿ ਸ਼ਾਮਲ ਹਨ।ਮੀਟਿੰਗ ਦੌਰਾਨ ਫੈਸਲਾ ਕੀਤਾ ਗਿਆ ਕਿ 18 ਅਪ੍ਰੈਲ ਨੂੰ ਜਲੰਧਰ ਵਿਖੇ ਪੰਜਾਬ ਪੈਨਸ਼ਨਰਜ਼ ਯੂਨੀਅਨ ਦੇ ਹੋ ਰਹੇ ਸੂਬਾਈ ਡੈਲੀਗੇਟ ਅਜਲਾਸ ਵਿੱਚ ਸ਼ਮੂਲੀਅਤ ਕੀਤੀ ਜਾਵੇਗੀ, 1 ਮਈ ਨੂੰ ਸਵੇਰੇ ਠੀਕ 8 ਵਜੇ ਸ਼ਹੀਦ ਭਗਤ ਸਿੰਘ ਪਾਰਕ ਪੁਰਾਣਾ ਕਿਲ੍ਹਾ ਕੋਟਕਪੂਰਾ ਵਿਖੇ ਕੌਮਾਂਤਰੀ ਮਜ਼ਦੂਰ ਦਿਵਸ ਮਨਾਇਆ ਜਾਵੇਗਾ ਤੇ 11 ਮਈ ਨੂੰ ਸ਼ਹੀਦ ਭਗਤ ਸਿੰਘ ਪਾਰਕ ਕੋਟਕਪੂਰਾ ਵਿਖੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀ ਜ਼ਿਲ੍ਹਾ ਪੱਧਰੀ ਚੇਤਨਾ ਕਨਵੈਨਸ਼ਨ ਕੀਤੀ ਜਾਵੇਗੀ, ਜਿਸ ਵਿੱਚ ਰਾਜਨੀਤਕ ਪਾਰਟੀਆਂ ਦੇ ਚੋਣ ਵਾਅਦੇ ਤੇ ਸੱਤਾ ਸੰਭਾਲਣ ਬਾਅਦ ਕਹਿਣੀ ਤੇ ਕਰਨੀ ਵਿੱਚ ਅੰਤਰ ਕਿਉਂ? ਵਿਸ਼ੇ ਸਬੰਧੀ ਵਿਚਾਰ ਚਰਚਾ ਕੀਤੀ ਜਾਵੇਗੀ।ਇਸ ਮੌਕੇ ਹੋਰਨਾਂ ਤੋਂ ਇਲਾਵਾ ਪੈਨਸ਼ਨਰ ਆਗੂ ਸੁਖਮੰਦਰ ਸਿੰਘ ਰਾਮਸਰ, ਇਕਬਾਲ ਸਿੰਘ ਮੰਘੇੜਾ, ਤਰਸੇਮ ਨਰੂਲਾ, ਜਸਵਿੰਦਰ ਸਿੰਘ ਬਰਾੜ, ਮਦਨ ਲਾਲ ਸ਼ਰਮਾ ਸੰਧਵਾਂ, ਅਸ਼ੋਕ ਚਾਵਲਾ ਸੁਪਰਡੈਂਟ, ਹਰਦੇਵ ਸਿੰਘ ਗਿੱਲ, ਮੈਡਮ ਅਮਰਜੀਤ ਕੌਰ ਛਾਬੜਾ, ਮੈਡਮ ਵਿਜੇ ਕੁਮਾਰੀ ਚੋਪੜਾ, ਕੇਵਲ ਸਿੰਘ ਲੰਭਵਾਲੀ, ਹਰਦੀਪ ਸਿੰਘ ਲੈਕਚਰਾਰ, ਗੇਜ ਰਾਮ ਭੌਰਾ, ਪ੍ਰਿੰਸੀਪਲ ਹਰੀ ਚੰਦ ਧਿੰਗੜਾ ਤੇ ਜਸਪਾਲ ਸਿੰਘ ਆਦਿ ਸ਼ਾਮਲ ਸਨ।

## ਸੰਤ ਫਰੀਦ ਪਬਲਿਕ ਸਕੂਲ ਦੇ ਵਿਦਿਆਰਥੀ ਗੁਰਦੁਆਰਾ ਪਾਤਸ਼ਾਹੀ ਛੇਵੀਂ ਸੌਂਟੀ ਵਿਖੇ ਨਤਮਸਤਕ ਹੋਏ



**ਅਮਲੋਹ (ਲਖਵੀਰ ਸਿੰਘ, ਹਰਚਰਨ ਉੱਪਲ)**-ਸੰਤ ਫਰੀਦ ਪਬਲਿਕ ਸਕੂਲ ਅਮਲੋਹ ਦੇ ਜੂਨੀਅਰ ਵਿੰਗ ਦੇ ਵਿਦਿਆਰਥੀ ਵਿਸਾਖੀ ਤੇ ਖਾਲਸਾ ਸਾਜਨਾ ਦਿਵਸ ਨੂੰ ਮੁੱਖ ਰੱਖਦਿਆਂ ਗੁਰਦੁਆਰਾ ਪਾਤਸ਼ਾਹੀ ਛੇਵੀਂ ਸੌਂਟੀ ਵਿਖੇ ਨਤਮਸਤਕ ਹੋਣ ਲਈ ਪਹੁੰਚੇ। ਇਸ ਮੌਕੇ ਸਟਾਫ ਤੇ ਬੱਚਿਆਂ ਨੇ ਪੂਰੀ ਸ਼ਰਧਾ ਨਾਲ ਮੱਥਾ ਟੇਕਿਆ, ਉਥੇ ਹੀ ਲੰਗਰ ਵੀ ਛਕਿਆ।ਇਸ ਮੌਕੇ ਕਮੇਟੀ ਦੇ ਪ੍ਰਧਾਨ ਦਰਸ਼ਨ ਸਿੰਘ ਬੱਬੀ ਨੇ ਬੱਚਿਆਂ ਦਾ ਜਿੱਥੇ ਸਵਾਗਤ ਕੀਤਾ, ਉਥੇ ਹੀ ਕਿਹਾ ਕਿ ਸੰਤ ਫਰੀਦ ਸਕੂਲ ਵੱਲੋਂ ਬੱਚਿਆਂ ਨੂੰ ਵਿਸਾਖੀ ਤੇ ਖਾਲਸਾ ਸਾਜਨਾ ਦਿਵਸ ਮੌਕੇ ਗੁਰਦੁਆਰਾ ਸਾਹਿਬ ਵਿਖੇ ਨਤਮਸਤਕ ਹੋਣ ਲਈ ਲੈ ਕੇ ਆਉਣਾ ਬਹੁਤ ਹੀ ਚੰਗਾ ਉਪਰਾਲਾ ਹੈ। ਉਨ੍ਹਾ ਕਿਹਾ ਕਿ ਅਜਿਹਾ ਕਰਨ ਨਾਲ ਬੱਚਿਆਂ ਵਿੱਚ ਜਿੱਥੇ ਧਾਰਮਿਕ ਭਾਵਨਾ ਪੈਦਾ ਹੁੰਦੀ ਹੈ, ਉਥੇ ਹੀ ਬੱਚਿਆਂ ਨੂੰ ਸਾਡੇ ਸਿੱਖੀ ਇਤਿਹਾਸ ਬਾਰੇ ਵੀ ਜਾਣਕਾਰੀ ਹਾਸਲ ਹੁੰਦੀ ਹੈ। ਉਨ੍ਹਾਂ ਹੋਰਨਾਂ ਸਕੂਲਾਂ ਦੇ ਸਟਾਫ ਨੂੰ ਵੀ ਅਪੀਲ ਕੀਤੀ ਕਿ ਉਹ ਵੀ ਬੱਚਿਆਂ ਨੂੰ ਸਮੇਂ ਸਮੇਂ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਵਾਉਣ ਲਈ ਜ਼ਰੂਰ ਲੈ ਕੇ ਜਾਣ।ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਵਿਕਰਮਜੀਤ ਸਿੰਘ ਤੇ ਅਧਿਆਪਕਾਂ ਸਾਲੂ ਸਿੰਘ ਨੇ ਜਿੱਥੇ ਵਿਸਾਖੀ ਤੇ ਖਾਲਸਾ ਸਾਜਨਾ ਦਿਵਸ ਦੀ ਇਲਾਕਾ ਨਿਵਾਸੀਆਂ ਨੂੰ ਵਧਾਈ ਦਿੱਤੀ, ਉਥੇ ਹੀ ਕਿਹਾ ਕਿ ਸਮੇਂ ਸਮੇਂ ਉੱਪਰ ਬੱਚਿਆਂ ਨੂੰ ਧਾਰਮਿਕ ਸਥਾਨਾਂ 'ਤੇ ਲੈ ਕੇ ਜਾਂਦੇ ਹਾਂ ਤੇ ਉਥੇ ਹੀ ਸਕੂਲ ਵਿੱਚ ਵੀ ਧਾਰਮਿਕ ਸਮਾਗਮ ਕਰਵਾਏ ਜਾਂਦੇ ਹਨ ਅਤੇ ਭਵਿੱਖ ਵਿੱਚ ਵੀ ਅਜਿਹੇ ਉਪਰਾਲੇ ਜਾਰੀ ਰਹਿਣਗੇ।ਇਸ ਮੌਕੇ ਸਕੂਲ ਸਟਾਫ ਤੇ ਵਿਦਿਆਰਥੀ ਮੌਜੂਦ ਸਨ।

## ਐੱਸ ਸੀ/ਓ ਬੀ ਸੀ ਸਰਟੀਫਿਕੇਟ ਰੀਨਿਊ ਕਰਵਾਉਣ ਲਈ ਲੋਕ ਹੋ ਰਹੇ ਖੱਜਲ : ਹਰਪਾਲ ਸੋਨੂੰ

**ਸੰਗਰੂਰ (ਪ੍ਰਵੀਨ ਸਿੰਘ)**-ਓਬੀਸੀ ਤੇ ਐੱਸ ਸੀ ਸਰਟੀਫਿਕੇਟ ਲਈ ਆਮ ਲੋਕਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਆਮ ਲੋਕਾਂ ਤੋਂ ਤਾਂ ਇਹ ਕਾਗਜ਼ੀ ਕਾਰਵਾਈ ਪੂਰੀ ਨਹੀਂ ਹੁੰਦੀ। ਬਹੁਤ ਮੁਸ਼ਕਲ ਨਾਲ ਜਾ ਕੇ ਇਹ ਸਰਟੀਫਿਕੇਟ ਤਿਆਰ ਹੁੰਦਾ ਹੈ, ਪ੍ਰੰਤੂ ਪੰਜਾਬ ਸਰਕਾਰ ਵੱਲੋਂ ਬਣਾਇਆ ਜਾਂਦਾ ਇਹ ਸਰਟੀਫਿਕੇਟ ਇੱਕ ਸਾਲ ਦੇ ਸਮੇਂ ਉਪਰੰਤ ਮੁੜ ਫੇਰ ਰੀਨਿਊ ਕਰਵਾਉਣ ਲਈ ਲੋਕਾਂ ਨੂੰ ਮੁੜ ਫੇਰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿਸ ਨਾਲ ਲੋਕਾਂ ਨੂੰ ਦੁਬਾਰਾ ਖੱਜਲ ਖੁਆਰ ਹੋਣਾ ਪੈਂਦਾ ਹੈ।ਇਸ ਸਬੰਧੀ ਬਿਆਨ ਜਾਰੀ ਕਰਦਿਆਂ ਅੱਜ ਹਰਪਾਲ ਸਿੰਘ ਸੋਨੂੰ ਵਾਇਸ ਚੇਅਰਮੈਨ ਓਬੀਸੀ ਡੀਪਾਰਟਮੈਂਟ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਨੇ ਕਿਹਾ ਕਿ ਓਬੀਸੀ/ਐੱਸ ਸੀ ਸਮਾਜ ਨੂੰ ਸਰਕਾਰ ਵੱਲੋਂ ਦਿੱਤੀ ਇਸ ਸਹੂਲਤ ਵਿੱਚ ਤੁਰੰਤ ਸੋਧ ਕਰਕੇ ਲੋਕਾਂ ਨੂੰ ਰਾਹਤ ਦੇਣੀ ਚਾਹੀਦੀ ਹੈ।ਉਨ੍ਹਾਂ ਅੱਗੇ ਕਿਹਾ ਕਿ ਜਿਸ ਜਾਤੀ ਜਾਂ ਸਮਾਜ ਵਿੱਚ ਇਨਸਾਨ ਦਾ ਜਨਮ ਹੁੰਦਾ ਹੈ, ਉਹ ਅੰਤ ਤੱਕ ਉਸ ਜਾਤੀ ਨਾਲ ਹੀ ਜਾਣਿਆ ਜਾਂਦਾ ਹੈ।ਇਸ ਲਈ ਐੱਸ ਸੀ ਜਾਂ ਓਬੀਸੀ ਸਰਟੀਫਿਕੇਟ ਨੂੰ ਸਾਲ ਬਾਅਦ ਰੀਨਿਊ ਕਰਵਾਉਣ ਦਾ ਪੰਜਾਬ ਸਰਕਾਰ ਵੱਲੋਂ ਲਿਆ ਗਿਆ ਫੈਸਲਾ ਸਮਾਜ ਵਿਰੋਧੀ ਹੈ ਤੇ ਸਰਕਾਰ ਇਸ ਫੈਸਲੇ ਨੂੰ ਰੱਦ ਕਰਕੇ ਲੋਕਾਂ ਦੀ ਬੇਫਜ਼ੂਲ ਹੋ ਰਹੀ ਖੱਜਲ ਖੁਆਰੀ ਤੋਂ ਰਾਹਤ ਦੇਵੇ।

# ਬਿਲਡਰਜ਼, ਕਲੋਨਾਈਜ਼ਰ ਤੇ ਡੀਲਰਜ਼ ਐਸੋਸੀਏਸ਼ਨ ਵੱਲੋਂ ਆਪ ਉਮੀਦਵਾਰਾਂ ਦੇ ਵਿਰੋਧ ਦਾ ਫੈਸਲਾ



**ਮਾਨਸਾ (ਆਤਮਾ ਸਿੰਘ ਪਮਾਰ)**-ਪੰਜਾਬ ਸਰਕਾਰ ਵੱਲੋਂ ਵਿਧਾਨ ਸਭਾ ਚੋਣਾਂ ਦੌਰਾਨ ਕੀਤੇ ਗਏ ਵਾਅਦਿਆਂ ਨੂੰ ਹਵਾ ਵਿੱਚ ਉਡਾ ਦੇਣ ਤੇ ਬਿਲਡਰਜ਼ ਦੀਆਂ ਮੰਗਾਂ ਦੀ ਕੋਈ ਪ੍ਰਵਾਹ ਨਾ ਕੀਤੇ ਜਾਣ ਦੇ ਵਿਰੋਧ ਵਜੋਂ ਮਾਨਸਾ ਕਲੋਨਾਈਜ਼ਰ ਤੇ ਡੀਲਰਜ਼ ਐਸੋਸੀਏਸ਼ਨ ਵੱਲੋਂ ਲੋਕ ਸਭਾ ਚੋਣਾਂ ਦੌਰਾਨ ਸੱਤਾਧਾਰੀ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਦਾ ਵਿਰੋਧ ਕਰਨ ਦਾ ਫੈਸਲਾ ਕੀਤਾ ਗਿਆ ਹੈ।ਐਸੋਸੀਏਸ਼ਨ ਦਾ ਕਹਿਣਾ ਹੈ ਕਿ ਆਪ ਦੇ ਲੋਕ ਸਭਾ ਚੋਣਾਂ ਦੇ ਉਮੀਦਵਾਰਾਂ ਨੂੰ ਘੇਰ ਕੇ ਸਵਾਲ ਵੀ ਪੁੱਛੇ ਜਾਣਗੇ।

ਐਸੋਸੀਏਸ਼ਨ ਦੇ ਪ੍ਰਧਾਨ ਬਲਜੀਤ ਸ਼ਰਮਾ ਤੇ ਅਗਰਵਾਲ ਸਭਾ ਦੇ ਪ੍ਰਧਾਨ ਪ੍ਰਸ਼ੋਤਮ ਬਾਂਸਲ ਅਤੇ ਪ੍ਰੋਪਰਟੀ ਐਸੋਸੀਏਸ਼ਨ ਵਾਇਸ ਪ੍ਰਧਾਨ ਸੋਹਣ ਲਾਲ ਮਿੱਤਲ, ਲਗੀਲ ਐਡਵਾਈਜ਼ਰ ਐਡਵੋਕੇਟ ਈਸ਼ਵਰ ਚੰਦ ਜਨਰਲ ਸਕੱਤਰ ਇੰਦਰ ਸੈਨ ਅਕਲੀਆਂ, ਕੈਸ਼ੀਅਰ ਮਹਾਂਵੀਰ ਜੈਨ ਪਾਲੀ ਸਹਾਇਕ ਕੈਸ਼ੀਅਰ, ਰਵੀ ਕੁਮਾਰ, ਐਗਜ਼ੈਕਟਿਵ ਮੈਂਬਰ ਭੀਸ਼ਮ ਸ਼ਰਮਾ, ਮੱਖਣ ਸਿੰਘ ਪੱਤੀ, ਰਾਮ ਪਾਲ ਐੱਮ ਸੀ, ਕਾਮਰੇਡ ਘਣਸ਼ਾਮ ਨਿੱਕੂ, ਬਸਪਾ ਆਗੂ ਐਡਵੋਕੇਟ ਭੁਪਿੰਦਰ ਬੀਰਬਲ, ਸੁਰਿੰਦਰ ਕੁਮਾਰ, ਲਲਿਤ ਸ਼ਰਮਾ, ਅਸ਼ੋਕ ਕੁਮਾਰ ਬਬਲਾ, ਵਿਜੇ ਕੁਮਾਰ ਗੋਪਾਲ, ਰਾਜ ਪਾਲੀ ਠੇਕੇਦਾਰ, ਮਨੀਸ਼ ਕੁਮਾਰ ਮਨੀ ਠੇਕੇਦਾਰ, ਰਾਜ ਪਾਲ ਠੇਕੇਦਾਰ, ਹਨੀ ਸਿੰਘ ਮਿੱਤਲ, ਓਮ ਪ੍ਰਕਾਸ਼, ਬਿੱਟੂ ਸ਼ਰਮਾ ਭੁਪਾਲ ਆਦਿ ਨੇ ਕਿਹਾ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਨੇ ਅੱਜ ਤੱਕ ਉਨ੍ਹਾਂ ਦੀਆਂ ਮੰਗਾਂ, ਸਮੱਸਿਆਵਾਂ ਤੇ ਮੁੱਦਿਆਂ ਨੂੰ ਲੈ ਕੇ ਕੋਈ ਫੈਸਲਾ ਜਾਂ ਨੀਤੀਆਂ ਨਹੀਂ ਬਣਾਈਆਂ।ਉਨ੍ਹਾਂ ਕਿਹਾ ਕਿ ਲੋਕ ਆਪਣੇ, ਨਕਸ਼ੇ ਤੇ ਐੱਨ.ਓ.ਸੀ. ਆਦਿ ਲੈਣ ਨੂੰ ਲੈ ਕੇ ਦਫਤਰਾਂ ਵਿੱਚ ਖੱਜਲ-ਖੁਆਰ ਹੋ ਰਹੇ ਹਨ।ਮੁੱਖ ਮੰਤਰੀ ਨੇ ਐੱਨ.ਓ.ਸੀ. ਦੀ ਸ਼ਰਤ ਖਤਮ ਕਰਕੇ ਬਿਆਨਬਾਜ਼ੀ ਤਾਂ ਕਰ ਦਿੱਤੀ, ਪ੍ਰੰਤੂ ਅਮਲੀ ਰੂਪ ਵਿੱਚ ਕਿਧਰੇ ਵੀ ਲਾਗੂ ਹੋਈ ਦਿਖਾਈ ਨਹੀਂ ਦੇ ਰਹੀ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਝੂਠ ਬੋਲਣ ਤੋਂ ਸਿਵਾਏ ਕੁਝ ਵੀ ਨਹੀਂ ਕਰ ਰਹੀ।ਉਨ੍ਹਾਂ ਕਿਹਾ ਕਿ ਲੋਕ ਸਭਾ ਚੋਣਾਂ ਵਿੱਚ ਸਮੂਹ ਲੋਕ ਤੇ ਡੀਲਰ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਦਾ ਡੱਟਵਾਂ ਵਿਰੋਧ ਕਰਨਗੇ ਤੇ ਸ਼ਹਿਰਾਂ ਵਿੱਚ ਆਪ ਦੇ ਉਮੀਦਵਾਰਾਂ ਨੂੰ ਵੜਨ ਨਹੀਂ ਦਿੱਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਪਲਾਟਾਂ, ਇੱਕ ਕਨਾਲ ਤੋਂ ਘੱਟ ਰਜਿਸਟਰੀਆਂ ਸੰਬੰਧੀ ਜੋ ਐੱਨ.ਓ.ਸੀ. ਦੀ ਸ਼ਰਤ ਰੱਖੀ ਹੈ, ਉਸ ਨਾਲ ਪੰਜਾਬ ਦੇ ਲੋਕਾਂ ਦਾ ਸਾਰਾ ਕੰਮ ਠੱਪ ਹੋ ਕੇ ਰਹਿ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਕਾਰੋਬਾਰ ਨਾਲ ਜੁੜੇ ਲੋਕਾਂ ਨੂੰ ਹਰ ਰੋਜ਼ ਕਰੋੜਾਂ ਰੁਪਏ ਦਾ ਘਾਟਾ ਪੈ ਰਿਹਾ ਹੈ।ਉਨ੍ਹਾਂ ਹੈਰਾਨੀ ਪ੍ਰਗਟਾਈ ਕਿ ਆਮ ਆਦਮੀ ਪਾਰਟੀ ਦੇ 92 ਵਿਧਾਇਕਾਂ ਵਿੱਚੋਂ ਅੱਜ ਤੱਕ ਕਿਸੇ ਵੀ ਵਿਧਾਇਕ ਨੇ ਉਨ੍ਹਾਂ ਦੀਆਂ ਮੁਸ਼ਕਲਾਂ ਦੇ ਹੱਲ ਲਈ ਕੋਈ ਕਦਮ ਨਹੀਂ ਚੁੱਕਿਆ।ਮੁੱਖ ਮੰਤਰੀ ਭਗਵੰਤ ਮਾਨ ਨੇ ਬਿਜਲੀ ਦੇ ਕੁਨੈਕਸ਼ਨਾਂ ਦੀ ਐੱਨ.ਓ.ਸੀ. ਖਤਮ ਕਰਨ ਸੰਬੰਧੀ ਵਿਧਾਨ ਸਭਾ ਵਿੱਚ 2 ਵਾਰ ਭਰੋਸਾ ਦਿੱਤਾ, ਪ੍ਰੰਤੂ ਉਸ ਨੂੰ ਅੱਜ ਤੱਕ ਬੂਰ ਨਹੀਂ ਪਿਆ।ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਕਾਲੋਨੀਆਂ ਦੇ ਬਿਜਲੀ ਦੇ ਕੁਨੈਕਸ਼ਨ ਕੱਟਣ ਸੰਬੰਧੀ, ਜੋ ਪੱਤਰ ਜਾਰੀ ਕੀਤੇ ਗਏ ਸਨ, ਉਹ ਆਮ ਆਦਮੀ ਪਾਰਟੀ ਦੇ ਦਿੱਲੀ ਤੋਂ ਚੰਡੀਗੜ੍ਹ ਵਿੱਚ ਬੈਠੇ ਸ਼ਹਿਨਸ਼ਾਹਾਂ ਦੀਆਂ ਹਦਾਇਤਾਂ 'ਤੇ ਜਾਰੀ ਕੀਤੇ ਗਏ ਹਨ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਦਿੱਲੀ ਦੇ ਆਗੂਆਂ ਵੱਲੋਂ ਸੂਬੇ ਦੇ ਸਰਮਾਏਦਾਰਾਂ ਤੋਂ ਟੋਲ ਫੰਡ ਦੇ ਨਾਮ ਕਰੋੜਾਂ ਰੁਪਏ ਇੱਕਠੇ ਕੀਤੇ ਗਏ ਹਨ।ਛੋਟੇ ਵਪਾਰੀਆਂ, ਕਾਰੋਬਾਰੀਆਂ, ਮਜ਼ਦੂਰਾਂ ਨੂੰ ਬੇਰੁਜ਼ਗਾਰ ਕਰ ਦਿੱਤਾ ਗਿਆ ਹੈ।ਪੰਜਾਬ ਵਿੱਚ ਭ੍ਰਿਸ਼ਟਾਚਾਰ ਪਹਿਲਾਂ ਦੇ ਮੁਕਾਬਲੇ ਦੁੱਗਣਾ ਹੋ ਗਿਆ ਹੈ, ਪਰ ਸਰਕਾਰ ਇਸ ਦੀ ਕੋਈ ਪ੍ਰਵਾਹ ਨਹੀਂ ਕਰ ਰਹੀ।ਉਨ੍ਹਾਂ ਕਿਹਾ ਕਿ ਪੰਜਾਬ ਦੇ ਵਾਪਰੀ ਵਰਗ, ਮਜ਼ਦੂਰ, ਟਰਾਂਸਪੋਰਟਰ, ਇਲੈਕਟ੍ਰੀਸ਼ਨ ਤੇ ਛੋਟੇ ਬਿਲਡਰਾਂ ਵੱਲੋਂ ਸੂਬੇ ਦੇ 13 ਹਜ਼ਾਰ ਪਿੰਡਾਂ, 20 ਹਜ਼ਾਰ ਗੈਰ-ਕਾਨੂੰਨੀ ਕਾਲੋਨੀਆਂ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਦਾ ਦਾਖਲਾ ਬੰਦ ਕਰਾਂਗੇ, ਉਨ੍ਹਾਂ ਨੂੰ ਚੋਣਾਂ ਵਿੱਚ ਹਰਾਉਣ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।

## ਬਾਵਾ ਸ਼ਾਂਤੀ ਨਾਥ ਦੀ ਬਰਸੀ ਸ਼ਰਧਾ ਭਾਵਨਾ ਨਾਲ ਮਨਾਈ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਮਾਛੀਵਾੜਾ ਦੇ ਗੁਰੂ ਨਾਨਕ ਮੁਹੱਲਾ ਵਿਖੇ ਸਥਿਤ ਵਿਸ਼ਵਕਰਮਾ ਮੰਦਰ ਵਿਖੇ ਬਾਵਾ ਸ਼ਾਂਤੀ ਨਾਥ ਜੀ ਦੀ 38ਵੀਂ ਬਰਸੀ ਸ਼ਰਧਾਲੂਆਂ ਵੱਲੋਂ ਬੜੀ ਹੀ ਸ਼ਰਧਾ ਨਾਲ ਮਨਾਈ ਗਈ। ਸਵੇਰੇ ਮੰਦਰ ਵਿੱਚ ਸ਼ਰਧਾਲੂਆਂ ਵੱਲੋਂ ਬਾਵਾ ਜੀ ਦੀ ਪਵਿੱਤਰ ਮੂਰਤੀ ਦਾ ਇਸ਼ਨਾਨ ਕਰਵਾਇਆ ਗਿਆ ਤੇ ਫਿਰ ਹਵਨ ਯੱਗ ਦੌਰਾਨ ਅਹੂਤੀ ਪਾਈ ਗਈ। ਸ਼ਰਧਾਲੂਆਂ ਵੱਲੋਂ ਬਾਵਾ ਸ਼ਾਂਤੀ ਨਾਥ ਜੀ ਦੀ ਮੂਰਤੀ ਦੀ ਪੂਜਾ ਅਰਚਨਾ ਕੀਤੀ ਗਈ ਤੇ ਉਨ੍ਹਾਂ ਦੇ ਚਰਨਾਂ ਵਿੱਚ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ। ਇਸ ਮੌਕੇ ਸ਼ਰਧਾਲੂ ਔਰਤਾਂ ਵੱਲੋਂ ਭਜਨ ਕੀਰਤਨ ਕੀਤਾ ਗਿਆ। ਆਈ ਸੰਗਤ ਲਈ ਅਤੁੱਟ ਲੰਗਰ ਵੀ ਵਰਤਾਇਆ ਗਿਆ। ਇਸ ਮੌਕੇ ਪ੍ਰਧਾਨ ਗੁਰਚਰਨ ਸਿੰਘ ਜਾਂਗੜਾ, ਮਹੇਸ਼ ਕੁਮਾਰ ਗੁਲਾਟੀ, ਹਰਪ੍ਰੀਤ, ਮਹਿੰਦਰਪਾਲ ਦਿੱਲੀ, ਰਜਿੰਦਰ ਸਚਦੇਵਾ, ਪੰਡਿਤ ਦੁਆਰਕਾ ਪ੍ਰਸ਼ਾਦ, ਰਜਿੰਦਰ ਸ਼ਰਮਾ, ਸ਼ਾਮ ਸੁੰਦਰ, ਰਾਜੀਵ ਕੁਮਾਰ, ਵੀਰਦਤ ਭਾਰਤ ਭੂਸ਼ਨ, ਰਾਜਨ ਗੁਲਾਟੀ, ਇੰਦਰਸੇਨ ਮਨੋਚਾ, ਮਾਘੀ ਰਾਮ, ਦੇਸਰਾਜ, ਅਸ਼ੋਕ ਕੁਮਾਰ, ਪਰਮਜੀਤ ਸਿੰਘ ਪੰਮਾ, ਮੁਨੀਸ਼ ਲੂਥੜਾ, ਸੋਨੂੰ ਸਚਦੇਵਾ ਮੌਜੂਦ ਸਨ।

# ਲੁੱਟਾਂ-ਖੋਹਾਂ ਕਰਨ ਵਾਲੇ ਗਰੋਹ ਦੇ 9 ਮੈਂਬਰ ਕਾਬੂ



**ਫਿਲੌਰ (ਨਿਰਮਲ)**-ਡਾ. ਅੰਕੁਰ ਗੁਪਤਾ ਸੀਨੀਅਰ ਪੁਲਸ ਕਪਤਾਨ ਜਲੰਧਰ ਦਿਹਾਤੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਮਾੜੇ ਅਨਸਰਾਂ ਅਤੇ ਨਸ਼ਾ ਤਸਕਰਾਂ ਖਿਲਾਫ ਚਲਾਈ ਗਈ ਵਿਸ਼ੇਸ਼ ਮੁਹਿੰਮ ਤਹਿਤ ਜਸਰੂਪ ਕੌਰ ਬਾਠ ਪੁਲਸ ਕਪਤਾਨ ਇਨਵੈਸਟੀਗੇਸ਼ਨ ਜਲੰਧਰ ਦਿਹਾਤੀ ਅਤੇ ਸਰਵਨਜੀਤ ਸਿੰਘ, ਉਪ ਪੁਲਸ ਕਪਤਾਨ ਸਬ ਡਵੀਜ਼ਨ ਫਿਲੌਰ ਦੀ ਅਗਵਾਈ ਹੇਠ ਇੰਸਪੈਕਟਰ ਨੀਰਜ ਕੁਮਾਰ ਮੁੱਖ ਅਫਸਰ ਥਾਣਾ ਫਿਲੌਰ ਦੀ ਟੀਮ ਨੇ ਲੁੱਟਾਂ-ਖੋਹਾਂ ਕਰਨ ਵਾਲੇ ਗਰੋਹ ਦੇ 9 ਮੈਂਬਰਾਂ ਨੂੰ ਕਾਬੂ ਕਰਕੇ ਉਨ੍ਹਾਂ ਪਾਸੋਂ 17 ਮੋਟਰਸਾਈਕਲ, 30 ਮੋਬਾਇਲ ਫੋਨ ਅਤੇ 7 ਦਾਤਰ ਬਰਾਮਦ ਕਰਕੇ ਵੱਡੀ ਸਫਲਤਾ ਹਾਸਲ ਕੀਤੀ ਹੈ।ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਸਰਵਨਜੀਤ ਸਿੰਘ ਉਪ ਪੁਲਿਸ ਕਪਤਾਨ ਸਬ ਡਵੀਜ਼ਨ ਫਿਲੌਰ ਨੇ ਦੱਸਿਆ ਕਿ ਇੰਸਪੈਕਟਰ ਨੀਰਜ ਕੁਮਾਰ ਮੁੱਖ ਅਫਸਰ ਥਾਣਾ ਫਿਲੌਰ ਦੀ ਟੀਮ ਦੇ ਸਹਾਇਕ ਸਬ ਇੰਸਪੈਕਟਰ ਹਰਭਜਨ ਲਾਲ, ਸਹਾਇਕ ਸਬ ਇੰਸਪੈਕਟਰ ਵਿਨੋਦ ਕੁਮਾਰ, ਸੀਨੀਅਰ ਸਿਪਾਹੀ ਰਾਜਬੀਰ ਸਿੰਘ ਨੂੰ ਗੁਪਤ ਇਤਲਾਹ ਮਿਲੀ ਕਿ ਰਮਨ ਕੁਮਾਰ ਉਰਫ ਕੁੱਕੂ ਪੁੱਤਰ ਬਲਵੀਰ ਸਿੰਘ, ਮਹਿਕ ਉਰਫ ਗੋਰਾ ਪੁੱਤਰ ਗੁਰਮੀਤ ਸਿੰਘ, ਮਨਦੀਪ ਸਿੰਘ ਉਰਫ ਦੀਪੂ ਪੁੱਤਰ ਗੁਰਦੇਵ ਸਿੰਘ, ਗੁਰਮੀਤ ਸਿੰਘ ਉਰਫ ਗੀਤੂ ਪੁੱਤਰ ਚਰਨਜੀਤ ਸਿੰਘ, ਮਨਪ੍ਰੀਤ ਸਿੰਘ ਉਰਫ ਗੱਗੀ ਪੁੱਤਰ ਗੁਰਦੇਵ ਸਿੰਘ, ਲਵਪ੍ਰੀਤ ਸਿੰਘ ਉਰਫ ਲੱਭਾ ਪੁੱਤਰ ਚਰਨਜੀਤ ਸਿੰਘ ਵਾਸੀਆਨ ਪਿੰਡ ਸੰਗੋਵਾਲ ਥਾਣਾ ਬਿਲਗਾ ਜ਼ਿਲ੍ਹਾ ਜਲੰਧਰ, ਸੰਦੀਪ ਉਰਫ ਬਾਬੂ ਪੁੱਤਰ ਛੋਟੇ ਲਾਲ ਵਾਸੀ ਮਾਤਾ ਕਲਸੀ ਨਗਰ ਫਿਲੌਰ ਥਾਣਾ ਫਿਲੌਰ ਜ਼ਿਲ੍ਹਾ ਜਲੰਧਰ, ਬਲਜਿੰਦਰ ਸਿੰਘ ਉਰਫ ਬਬਲੂ ਪੁੱਤਰ ਹਰਜੀਤ ਸਿੰਘ ਵਾਸੀ ਪਿੰਡ ਭੁੱਲਰ ਥਾਣਾ ਬਿਲਗਾ ਅਤੇ ਹਰਕਮਲ ਸਿੰਘ ਉਰਫ ਹੈਰੀ ਪੁੱਤਰ ਹਰਜੀਤ ਸਿੰਘ ਵਾਸੀ ਪਿੰਡ ਭੁੱਲਰ ਥਾਣਾ ਬਿਲਗਾ ਜੋ ਮੋਬਾਇਲ ਫੋਨ ਅਤੇ ਮੋਟਰਸਾਈਕਲ ਚੋਰੀ ਅਤੇ ਲੁੱਟ-ਖੋਹ ਕਰਦੇ ਹਨ ਜਿਸ 'ਤੇ ਇਨ੍ਹਾਂ ਕ੍ਰਮਚਾਰੀਆ ਵੱਲੋਂ ਇਹ ਵਿਅਕਤੀਆ ਨੂੰ ਫਿਲੌਰ ਏਰੀਆ ਦੀਆ ਵੱਖ ਵੱਖ ਥਾਵਾਂ ਤੋਂ ਕਾਬੂ ਕਰਕੇ ਇਨ੍ਹਾਂ ਦੇ ਕਬਜ਼ੇ ਵਿੱਚੋਂ 17 ਚੋਰੀ ਕੀਤੇ ਮੋਟਰਸਾਈਕਲ ਵੱਖ ਵੱਖ ਮਾਰਕਾ ਅਤੇ 30 ਖੋਹ ਕੀਤੇ ਮੋਬਾਇਲ ਫੋਨ ਵੱਖ ਵੱਖ ਮਾਰਕਾ, ਖੋਹ ਕਰਨ ਲਈ ਵਰਤੇ ਹਥਿਆਰ ਬਰਾਮਦ ਕਰਕੇ ਮੁਕੱਦਮਾ ਥਾਣਾ ਫਿਲੌਰ ਦਰਜ ਕੀਤਾ ਗਿਆ ਹੈ। ਜੋ ਇਸ ਗੈਂਗ ਦਾ ਮੁੱਖ ਸਰਗਣਾ ਬਲਜਿੰਦਰ ਸਿੰਘ ਉਰਫ ਬਬਲੂ ਪੁੱਤਰ ਹਰਜੀਤ ਸਿੰਘ ਵਾਸੀ ਪਿੰਡ ਭੁੱਲਰ ਥਾਣਾ ਬਿਲਗਾ ਹੈ। ਜਿਸ ਖਿਲਾਫ ਪਹਿਲਾਂ ਵੀ ਮੋਟਰਸਾਈਕਲ ਚੋਰੀ ਕਰਨ 'ਤੇ ਥਾਣਾ ਬਿਲਗਾ ਵਿਖੇ 3 ਮੁਕੱਦਮੇ ਦਰਜ ਰਜਿਸਟਰ ਹਨ। ਮੁਢਲੀ ਪੁੱਛਗਿੱਛ ਤੋਂ ਇਹ ਗੱਲ ਸਾਹਮਣੇ ਆਈ ਕਿ ਇਹ ਸਾਰੇ ਲੁੱਟਾਂ-ਖੋਹਾਂ ਕਰਕੇ ਗੈਂਗ ਦੇ ਮੁੱਖ ਸਰਗਣਾ ਨੂੰ ਦੇ ਦਿੰਦੇ ਸਨ ਜੋ ਅੱਗੋਂ ਇਹ ਮੋਬਾਇਲ ਫੋਨ ਅਤੇ ਮੋਟਰਸਾਈਕਲ ਜਾਂ ਤਾਂ ਸਸਤੇ ਭਾਅ ਪ੍ਰਵਾਸੀਆਂ ਨੂੰ ਵੇਚ ਦਿੰਦੇ ਸੀ ਜਾਂ ਫਿਰ ਇਨ੍ਹਾਂ ਚੀਜ਼ਾਂ ਨੂੰ ਖੋਲ੍ਹ ਕੇ ਇਨ੍ਹਾਂ ਦੇ ਪੁਰਜਿਆਂ ਨੂੰ ਵੱਖ ਵੱਖ ਕਰਕੇ ਵੇਚ ਦਿੰਦੇ ਸਨ। ਇਨ੍ਹਾਂ ਸਾਰੇ ਦੋਸ਼ੀਆਂ ਨੂੰ ਪੇਸ਼ ਅਦਾਲਤ ਕਰਕੇ 5 ਦਿਨ ਦਾ ਪੁਲਸ ਰਿਮਾਂਡ ਹਾਸਲ ਕਰਕੇ ਪੁੱਛਗਿੱਛ ਕੀਤੀ ਜਾ ਰਹੀ ਹੈ।

## ਸੀ ਜੀ ਸੀ ਲਾਂਡਰਾਂ ਨੇ ਉਤਸ਼ਾਹ ਨਾਲ ਮਨਾਇਆ ਵਿਸਾਖੀ ਦਾ ਤਿਉਹਾਰ

**ਚੰਡੀਗੜ੍ਹ (ਗੁਰਜੀਤ ਬਿੱਲਾ)**-ਚੰਡੀਗੜ੍ਹ ਗਰੁੱਪ ਆਫ਼ ਕਾਲਜਿਜ਼ (ਸੀਜੀਸੀ) ਲਾਂਡਰਾਂ ਵਿਖੇ ਵਿਸਾਖੀ ਦਾ ਤਿਉਹਾਰ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਸੀਜੀਸੀ ਦੇ ਹੋਣਹਾਰ ਵਿਦਿਆਰਥੀਆਂ ਵੱਲੋਂ ਝੂੰਮਰ, ਮਲਵਈ ਗਿੱਧਾ, ਰਾਜਸਥਾਨੀ ਲੋਕ ਨਾਚ ਸਮੇਤ ਲੋਕ ਗੀਤਾਂ ਦਾ ਇੱਕ ਜੀਵੰਤ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ ਅਤੇ ਇਸ ਤੋਂ ਇਲਾਵਾ ਪੱਗੜੀ ਬੰਧਨਾ, ਸੋਹਣੀ ਗੁੱਤ, ਸੰਗੀਤਕ ਜੁਗਲਬੰਦੀ, ਬੈਸਟ ਮੁਟਿਆਰ ਅਤੇ ਬੈਸਟ ਗੱਭਰੂ ਦੇ ਮੁਕਾਬਲੇ ਵੀ ਕਰਵਾਏ ਗਏ। ਦਸਤਾਰ ਸਜਾਉਣ ਦੇ ਮੁਕਾਬਲੇ ਵਿੱਚ ਸਹਿਜਪ੍ਰੀਤ ਸਿੰਘ ਜੇਤੂ ਰਿਹਾ ਜਦਕਿ ਸੋਹਣੀ ਗੁੱਤ ਮੁਕਾਬਲੇ ਵਿੱਚ ਗੁਰਲੀਨ ਕੌਰ ਅਤੇ ਹਰਲੀਨ ਨੇ ਪਹਿਲਾ ਇਨਾਮ ਸਾਂਝਾ ਕੀਤਾ। ਗੁਰਸਿਦਕ ਨੇ ਬੈਸਟ ਗੱਭਰੂ ਦਾ ਖਿਤਾਬ ਜਿੱਤਿਆ ਜਦੋਂਕਿ ਦੀਕਸ਼ਾ ਨੇ ਬੈਸਟ ਮੁਟਿਆਰ ਦਾ ਖਿਤਾਬ ਜਿੱਤਿਆ।

## ਡਿਪਟੀ ਕਮਿਸ਼ਨਰ ਵੱਲੋਂ ਭਾਰਤ ਰਤਨ ਡਾ. ਅੰਬੇਡਕਰ ਨੂੰ ਸ਼ਰਧਾ ਦੇ ਫੁੱਲ ਭੇਟ



**ਜਲੰਧਰ ( ਸ਼ੈਲੀ ਐਲਬਰਟ)**-ਭਾਰਤੀ ਸੰਵਿਧਾਨ ਦੇ ਨਿਰਮਾਤਾ ਭਾਰਤ ਰਤਨ ਡਾ. ਭੀਮ ਰਾਓ ਅੰਬੇਡਕਰ ਦੇ ਜਨਮ ਦਿਵਸ ਮੌਕੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਵੱਲੋਂ ਸਥਾਨਕ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਉਨ੍ਹਾਂ ਦੇ ਬੁੱਤ 'ਤੇ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਇਸ ਮੌਕੇ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਬਾਬਾ ਸਾਹਿਬ ਮਹਾਨ ਵਿਦਵਾਨ, ਕਾਨੂੰਨਦਾਨ, ਅਰਥ ਸ਼ਾਸਤਰੀ, ਰਾਜਨੀਤੀਵਾਨ, ਸਮਾਜ ਸੁਧਾਰਕ ਅਤੇ ਦੂਰਅੰਦੇਸ਼ ਆਗੂ ਸਨ, ਜਿਨ੍ਹਾਂ ਨੇ ਸਮਾਜ ਦੇ ਗਰੀਬ ਅਤੇ ਕਮਜ਼ੋਰ ਵਰਗਾਂ ਦੀ ਭਲਾਈ ਲਈ ਅਣਥੱਕ ਯਤਨ ਕੀਤੇ। ਉਨ੍ਹਾਂ ਕਿਹਾ ਕਿ ਡਾ. ਅੰਬੇਡਕਰ ਵੱਲੋਂ ਗਰੀਬ, ਮਜ਼ਲੂਮ ਅਤੇ ਦੱਬੇ-ਕੁਚਲੇ ਲੋਕਾਂ ਨੂੰ ਮੁੱਖ ਧਾਰਾ ਵਿੱਚ ਲਿਆਉਣ ਲਈ ਕੀਤਾ ਗਿਆ ਸੰਘਰਸ਼ ਮਿਸਾਲ ਹੈ, ਜੋ ਲੋਕਾਂ ਨੂੰ ਸਮਾਜ ਅਤੇ ਦੇਸ਼ ਦੀ ਨਿਰਸਵਾਰਥ ਸੇਵਾ ਲਈ ਹਮੇਸ਼ਾ ਪ੍ਰੇਰਿਤ ਕਰਦਾ ਰਹੇਗਾ।ਉਨ੍ਹਾਂ ਕਿਹਾ ਕਿ ਬਾਬਾ ਸਾਹਿਬ ਨੇ ਸੰਵਿਧਾਨ ਦੀ ਰਚਨਾ ਕਰਕੇ ਦੇਸ਼ ਦੀ ਤਰੱਕੀ ਲਈ ਰਾਹ ਖੋਲ੍ਹਣ ਵਿੱਚ ਅਹਿਮ ਭੂਮਿਕਾ ਨਿਭਾਈ। ਉਨ੍ਹਾਂ ਵੱਲੋਂ ਰਚੇ ਸੰਵਿਧਾਨ ਸਦਕਾ ਦੇਸ਼ ਦੇ ਹਰ ਵਰਗ ਨੂੰ ਅੱਗੇ ਵਧਣ ਦਾ ਬਰਾਬਰ ਮੌਕਾ ਮਿਲਿਆ।ਉਨ੍ਹਾਂ ਕਿਹਾ ਕਿ ਭਾਰਤੀ ਸੰਵਿਧਾਨ ਡਾ. ਅੰਬੇਡਕਰ ਦੀ ਸਖ਼ਤ ਮਿਹਨਤ, ਲਗਨ ਅਤੇ ਦੂਰਅੰਦੇਸ਼ੀ ਸੋਚ ਨਤੀਜਾ ਹੈ। ਉਨ੍ਹਾਂ ਕਿਹਾ ਕਿ ਅਜੋਕੇ ਭਾਰਤ ਦੇ ਨਿਰਮਾਣ ਵਿੱਚ ਡਾ. ਬੀ.ਆਰ.ਅੰਬੇਡਕਰ ਵੱਲੋਂ ਪਾਏ ਯੋਗਦਾਨ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਡਾ. ਬੀ.ਆਰ. ਅੰਬੇਡਕਰ ਦੇ ਸਿਧਾਂਤ ਸਮੁੱਚੇ ਲੋਕਾਂ ਲਈ ਚਾਨਣ ਮੁਨਾਰੇ ਵਾਂਗ ਹਨ। ਉਪਰੰਤ ਜੁਆਇੰਟ ਪੁਲਸ ਕਮਿਸ਼ਨਰ ਸੰਦੀਪ ਸ਼ਰਮਾ, ਵਧੀਕ ਡਿਪਟੀ ਕਮਿਸ਼ਨਰ (ਜ) ਮੇਜਰ ਡਾ. ਅਮਿਤ ਮਹਾਜਨ, ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਜਸਬੀਰ ਸਿੰਘ, ਐਸ.ਡੀ.ਐਮ. ਬਲਬੀਰ ਰਾਜ ਸਿੰਘ ਅਤੇ ਹੋਰ ਅਧਿਕਾਰੀਆਂ ਵੱਲੋਂ ਵੀ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੇ ਬੁੱਤ 'ਤੇ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ।

## ਸ਼ਹਿਰ 'ਚ ਬੇ-ਹਤਾਸ਼ਾ ਰੇੜ੍ਹੀਆਂ ਨਾਲ ਵਧੀ ਟਰੈਫਿਕ ਸਮੱਸਿਆ : ਬਾਲੀ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਪੰਜਾਬ ਲੋਕਲ ਬਾਡੀ ਸੈੱਲ ਭਾਜਪਾ ਦੇ ਮੀਤ ਪ੍ਰਧਾਨ ਅਤੇ ਜ਼ਿਲ੍ਹਾ ਸੰਘਰਸ਼ ਕਮੇਟੀ ਦੇ ਪ੍ਰਧਾਨ ਕਰਮਵੀਰ ਬਾਲੀ ਦੀ ਪ੍ਰਧਾਨਗੀ ਹੇਠ ਨਗਰ ਨਿਗਮ ਕਮਿਸ਼ਨਰ ਅਮਨਦੀਪ ਕੌਰ ਨੂੰ ਇੱਕ ਮੰਗ ਪੱਤਰ ਦਿੱਤਾ ਗਿਆ, ਜਿਸ ਵਿੱਚ ਮੰਗ ਕੀਤੀ ਗਈ ਕਿ ਸ਼ਹਿਰ ਵਿੱਚ ਲਗਭਗ 2000 ਰੇਹੜੀਆਂ ਲੱਗੀਆਂ ਹੋਈਆਂ ਹਨ, ਜਿਨ੍ਹਾਂ 'ਤੇ ਨਗਰ ਨਿਗਮ ਨੇ ਨੰਬਰ ਪਲੇਟਾਂ ਨਹੀਂ ਲਗਾਈਆਂ ਹਨ ਅਤੇ ਚਲਾਨ ਸਿਰਫ ਕਾਗਜ਼ੀ ਕਾਰਵਾਈ ਤੱਕ ਹੀ ਸੀਮਤ ਹੈ। ਜਦੋਂ ਵੀ ਚਲਾਨ ਕੀਤਾ ਜਾਵੇ ਤਾਂ ਰੇਹੜੀ ਦਾ ਨੰਬਰ ਦਰਜ ਕਰਨਾ ਚਾਹੀਦਾ ਹੈ ਅਤੇ ਜਿਸਦਾ ਨੰਬਰ ਨਾਂਅ ਹੋਵੇ ਉਸ ਤੇ ਬਾਅਦ ਵਿੱਚ ਨੰਬਰ ਲਗਾਇਆ ਜਾਵੇ। ਸ਼ਹਿਰ ਵਿੱਚ ਰਿਕਸ਼ਾ ਚਾਲਕਾਂ ਦੇ ਪਛਾਣ ਪੱਤਰ ਨਾ ਹੋਣ ਕਾਰਨ ਸਵਾਰੀਆਂ ਦਾ ਸਾਮਾਨ ਗੁੰਮ ਹੋਣ ਦੀ ਸੂਰਤ ਵਿੱਚ ਚਾਲਕ ਦੀ ਪਛਾਣ ਕਰਨਾ ਬਹੁਤ ਮੁਸ਼ਕਲ ਹੋ ਜਾਂਦਾ ਹੈ। ਇਸ ਲਈ ਰਿਕਸ਼ਾ ਚਾਲਕਾਂ ਦੇ ਸ਼ਨਾਖਤੀ ਕਾਰਡ ਬਣਾਏ ਜਾਣ ਅਤੇ ਹਰ ਰਿਕਸ਼ਾ ਉਤੇ ਨੰਬਰ ਲਗਾਏ ਜਾਣ। ਮੰਗ ਪੱਤਰ ਵਿਚ ਇਹ ਵੀ ਮੰਗ ਕੀਤੀ ਗਈ ਕਿ ਸ਼ਹਿਰ ਵਿਚ ਪਾਰਕਿੰਗ ਲਈ ਜਗ੍ਹਾ ਛੱਡ ਕੇ ਨਕਸ਼ੇ ਪਾਸ ਕੀਤੇ ਗਏ ਹਨ ਪਰ ਪਾਰਕਿੰਗ ਲਈ ਨਿਰਧਾਰਤ ਜਗ੍ਹਾ 'ਤੇ ਵੀ ਉਸਾਰੀ ਕਰ ਲਈ ਗਈ ਹੈ, ਇਸ ਦੀ ਜਾਂਚ ਕੀਤੀ ਜਾਵੇ ਅਤੇ ਜੋ ਵੀ ਇਸ ਲਈ ਜ਼ਿੰਮੇਵਾਰ ਹੋਵੇ ਉਸ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇ। ਪਾਰਕਿੰਗ ਵਾਲੀ ਥਾਂ 'ਤੇ ਉਸਾਰੀ ਨੂੰ ਤੁਰੰਤ ਢਾਹਿਆ ਜਾਣਾ ਚਾਹੀਦਾ ਹੈ ਅਤੇ ਪਾਰਕਿੰਗ ਦਾ ਪ੍ਰਬੰਧ ਕੀਤਾ ਜਾਵੇ। ਇਕ ਸਾਲ ਪਹਿਲਾਂ ਮੁਹੱਲਾ ਨੀਲਕੰਠ ਦੀ ਗਲੀ ਲਈ ਮੰਗ ਪੱਤਰ ਦਿੱਤਾ ਗਿਆ ਸੀ, ਇਸ ਤੇ ਧਿਆਨ ਦਿੱਤਾ ਜਾਵੇ। ਇਸ ਗੱਲ ਦੀ ਜਾਂਚ ਕੀਤੀ ਜਾਵੇ ਕੀ ਆਖਿਰ ਐਸਟੀਮੈਟ ਬਣਨ ਤੋਂ ਬਾਅਦ ਵੀ ਗਲੀ ਕਿਉਂ ਨਹੀਂ ਬਣਾਈ ਗਈ। ਜਨਤਾ ਦੇ ਕੰਮ ਵਿੱਚ ਰੁਕਾਵਟ ਪਾਉਣ ਵਾਲੇ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇ। ਇਸ ਮੌਕੇ ਕਮਿਸ਼ਨਰ ਸਾਹਿਬ ਨੇ ਭਰੋਸਾ ਦਿਵਾਇਆ ਕਿ ਉਹ ਛੇਤੀ ਹੀ ਇਨ੍ਹਾਂ ਸਾਰੇ ਮਾਮਲਿਆਂ ਦੀ ਜਾਂਚ ਕਰਵਾ ਕੇ ਬਣਦੀ ਕਾਰਵਾਈ ਕਰਨਗੇ। ਇਸ ਮੌਕੇ ਕੁਲਦੀਪ ਸਿੰਘ, ਨਰਿੰਦਰ ਕੁਮਾਰ, ਵਿਨੈ ਕੁਮਾਰ ਆਦਿ ਹਾਜ਼ਰ ਸਨ।

## ਪੱਤਰਕਾਰ ਭਾਈਚਾਰੇ ਵੱਲੋਂ ਡਾ. ਕੁਲਵਿੰਦਰ ਸਿੰਘ ਢਾਹਾਂ ਦਾ ਸਨਮਾਨ



**ਬੰਗਾ (ਅਵਤਾਰ ਕਲੇਰ)**-ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟ ਯੂਨੀਅਨ ਦੇ ਬੈਨਰ ਹੇਠ ਡਾ. ਕੁਲਵਿੰਦਰ ਸਿੰਘ ਢਾਹਾਂ ਦਾ ਸਨਮਾਨ ਕੀਤਾ ਗਿਆ । ਇਸ ਮੌਕੇ ਉਨ੍ਹਾਂ ਦੀਆਂ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਦੇ ਬੈਨਰ ਹੇਠ ਨਿਭਾਈਆਂ ਜਾ ਰਹੀਆਂ ਸੇਵਾਵਾਂ ਦੀ ਸ਼ਲਾਘਾ ਕੀਤੀ ਗਈ ।ਯੂਨੀਅਨ ਦੇ ਸੂਬਾਈ ਆਗੂ ਇੰਜ. ਹਰਮੇਸ਼ ਵਿਰਦੀ ਅਤੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਪ੍ਰਧਾਨ ਜਸਬੀਰ ਸਿੰਘ ਨੂਰਪੁਰ ਨੇ ਕਿਹਾ ਕਿ ਜਿੱਥੇ ਉਕਤ ਟਰੱਸਟ ਸਮਾਜ ਅੰਦਰ ਰਿਆਇਤੀ ਦਰਾਂ 'ਤੇ ਵਧੀਆਂ ਸੇਵਾਵਾਂ ਨਿਭਾਉਣ ਲਈ ਵਿਲੱਖਣ ਪਛਾਣ ਰੱਖਦਾ ਹੈ ਉੱਥੇ ਇਸ ਟਰੱਸਟ ਨਾਲ ਜੁੜੀਆਂ ਡਾ. ਕੁਲਵਿੰਦਰ ਸਿੰਘ ਢਾਹਾਂ ਵਰਗੀਆਂ ਸਮਰਪਤ ਸੇਵਾਵਾਂ ਵਾਲੀਆਂ ਸ਼ਖ਼ਸੀਅਤਾਂ ਸਤਿਕਾਰ ਦੀਆਂ ਪਾਤਰ ਹਨ । ਇਸ ਮੌਕੇ ਪੱਤਰਕਾਰ ਭਾਈਚਾਰੇ ਵਲੋਂ ਦਿੱਤੇ ਸਨਮਾਨ ਲਈ ਧੰਨਵਾਦ ਕਰਦਿਆਂ ਡਾ. ਕੁਲਵਿੰਦਰ ਸਿੰਘ ਢਾਹਾਂ ਨੇ ਕਿਹਾ ਕਿ ਪੱਤਰਕਾਰ ਭਾਈਚਾਰੇ ਵਲੋਂ ਅਦਾਰੇ ਦੀਆਂ ਸੇਵਾਵਾਂ ਦੇ ਪ੍ਰਚਾਰ ਪਸਾਰ ਲਈ ਸਦਾ ਨਿੱਘਾ ਸਹਿਯੋਗ ਰਿਹਾ ਹੈ। ਇਸ ਮੌਕੇ ਸੰਜੀਵ ਭਨੋਟ ਪ੍ਰਵੀਰ ਅੱਬੀ , ਨਵਕਾਂਤ ਭਰੋਮਜਾਰਾ, ਰਾਕੇਸ਼ ਆਰੋੜਾ, ਸੁਰਿੰਦਰ ਕਰਮ, ਸੁਰਜੀਤ ਮਜਾਰੀ, ਨਰਿੰਦਰ ਮਾਹੀ, ਅਵਤਾਰ ਕਲੇਰ, ਰਾਜ ਮਜਾਰੀ, ਪ੍ਰਭਜੋਤ ਸਿੰਘ, ਅਮਿਤ ਹੰਸ ਤੋਂ ਇਲਾਵਾ ਜਥੇਦਾਰ ਸਤਨਾਮ ਸਿੰਘ ਲਾਦੀਆਂ, ਦਫ਼ਤਰ ਸੁਪਰਡੈਂਟ ਮਹਿੰਦਰ ਪਾਲ ਸਿੰਘ, ਆਰ. ਐਸ. ਸੰਧੂ ਆਦਿ ਸ਼ਾਮਲ ਸਨ।

## ਖ਼ੂਨਦਾਨ ਕੈਂਪ 'ਚ 55 ਪ੍ਰਾਣੀਆਂ ਨੇ ਕੀਤਾ ਖ਼ੂਨਦਾਨ



**ਆਦਮਪੁਰ (ਪਰਮਜੀਤ ਸਿੰਘ)**-ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀ, ਨਗਰ ਨਿਵਾਸੀ, ਇਲਾਕਾ ਨਿਵਾਸੀ ਅਤੇ ਐਨ ਆਰ ਆਈ ਵੀਰਾਂ ਭੈਣਾਂ ਦੇ ਵਡਮੁੱਲੇ ਯੋਗਦਾਨ ਸਦਕਾ ਹੀ ਦੁਆਬੇ ਇਲਾਕੇ ਦੀ ਸਿਰਮੌਰ ਸੰਸਥਾ ਸ਼ਹੀਦ ਬਾਬਾ ਮੱਤੀਂ ਸਾਹਿਬ ਜੀ ਸੇਵਾ ਸੁਸਾਇਟੀ ਡਰੋਲੀ ਕਲਾਂ ਆਦਮਪੁਰ ਦੁਆਬਾ ਹਮੇਸ਼ਾ ਹੀ ਮਨੁੱਖਤਾ ਦੀ ਸੱਚੀ ਸੁੱਚੀ ਸੇਵਾ ਕਰਨ ਲਈ ਹਮੇਸ਼ਾ ਮੋਹਰੀ ਰਹਿੰਦੀ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਪੱਤਰਕਾਰ ਭਾਈਚਾਰੇ ਨਾਲ ਭਾਈ ਸੁਖਜੀਤ ਸਿੰਘ ਡਰੋਲੀ ਕਲਾਂ ਨੇ ਖਾਲਸਾ ਸਾਜਨਾ ਦਿਵਸ ਮੌਕੇ ਲਗਵਾਏ ਗਏ 31 ਵੇਂ ਸਵੈ ਇੱਛਕ ਖ਼ੂਨਦਾਨ ਕੈਂਪ ਅਤੇ ਦੁੱਧ ਬ੍ਰਹਮੀ ਦੇ ਵਿਸ਼ਾਲ ਲੰਗਰਾਂ ਦੌਰਾਨ ਕੀਤਾ।

ਇਸ ਮੌਕੇ ਮੁੱਖ ਮਹਿਮਾਨ ਵਜੋਂ ਪਦਮ ਸ਼੍ਰੀ ਐਵਾਰਡ ਨਾਲ ਸਨਮਾਨਤ ਯੂਨੀਕ ਹੋਮ ਆਸ਼ਰਮ ਜਲੰਧਰ ਤੋਂ ਮਾਤਾ ਪ੍ਰਕਾਸ਼ ਕੌਰ, ਵਰੁਣ ਸੋਫ਼ੀ ਪਿੰਡ ਪ੍ਰਧਾਨ ਸਟੂਡੈਂਟ ਸੰਘਰਸ਼ ਮੋਰਚਾ ਪੰਜਾਬ ਅਤੇ ਸਰਪੰਚ ਯੂਨੀਅਨ ਪ੍ਰਧਾਨ ਕੁਲਵਿੰਦਰ ਬਾਘਾ ਨੇ ਉਚੇਚੇ ਤੌਰ 'ਤੇ ਕੀਤੀ। ਇਸ ਦੌਰਾਨ 55 ਖ਼ੂਨਦਾਨੀਆਂ ਨੇ ਵਡਮੁੱਲਾ ਯੋਗਦਾਨ ਪਾਇਆ। ਇਸ ਦੌਰਾਨ ਸੇਵਾਦਾਰ ਭਾਈ ਸੁਖਜੀਤ ਸਿੰਘ ਡਰੋਲੀ ਕਲਾਂ ਨੇ ਹਮੇਸ਼ਾ ਹੀ ਵੱਧ ਚੜ੍ਹ ਕੇ ਸਾਥ ਦੇਣ ਲਈ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀ, ਨੌਜਵਾਨ ਸੇਵਾਦਾਰ ਵੀਰਾਂ ਭੈਣਾਂ, ਗ੍ਰਾਮ ਪੰਚਾਇਤ ਅਤੇ ਬਲੱਡ ਦਾਨੀ ਵੀਰਾਂ ਭੈਣਾਂ ਅਤੇ ਸਮੁੱਚੇ ਮੀਡੀਆ ਪੱਤਰਕਾਰ ਭਾਈਚਾਰੇ ਦਾ ਉਚੇਚੇ ਤੌਰ 'ਤੇ ਧੰਨਵਾਦ ਕੀਤਾ।

## ਠੰਢੇ ਮਿੱਠੇ ਤੇ ਜਲ ਜ਼ੀਰਾ ਦੀ ਛਬੀਲ ਲਗਾਈ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ )** -ਵਿਸਾਖੀ ਦੇ ਤਿਉਹਾਰ 'ਤੇ ਪਿੰਡ ਦੁਰਗਾਪੁਰ ਕੁਲਾਮ ਰੋਡ 'ਤੇ ਸੰਗਤ ਦੇ ਸਹਿਯੋਗ ਨਾਲ ਠੰਡੇ ਮਿੱਠੇ ਜਲ ਜੀਰਾ ਦੀ ਛਬੀਲ ਲਗਾਈ। ਸੇਵਾਦਾਰਾਂ ਨੇ ਬੜੀ ਸ਼ਰਧਾ ਭਾਵਨਾ ਨਾਲ ਰਾਹਗੀਰਾਂ ਨੂੰ ਜਲ ਜੀਰਾ ਛਕਾਇਆ। ਇਸ ਮੌਕੇ ਜਸਪਾਲ ਸਿੰਘ, ਲੱਖਾ ਹਲਵਾਈ ਗੁਰਨੂਰ ਸਿੰਘ, ਜਗਦੀਪ, ਹਰਜੋਤ, ਅਜੈ, ਬਾਵੇ ਰਾਜਪੂਤ, ਬਿੱਲਾ , ਨਰਿੰਦਰ ਸਿੰਘ ਗੱਭਰ ਸਿੰਘ ਮੌਜੂਦ ਸਨ।

## ਜੀਤਾਸ ਵਿਸਾਖੀ ਗੋਲਫ ਕੱਪ, ਮੁਨੀਸ਼ ਅਰੋੜਾ ਬਣਿਆ ਚੈਂਪੀਅਨ

**ਜਲੰਧਰ (ਸ਼ੈਲੀ ਐਲਬਰਟ)** ਇੱਥੇ ਵੇਪਟਾ ਗੋਲਫ ਕੋਰਸ ਛਾਉਣੀ ਵਿਖੇ ਸਮਾਪਤ ਹੋਏ ਜੀਤਾਸ ਵਿਸਾਖੀ ਗੋਲਫ ਕੱਪ-2024 ਵਿੱਚ ਮੁਨੀਸ਼ ਅਰੋੜਾ ਨੂੰ ਚੈਂਪੀਅਨ ਐਲਾਨਿਆ ਗਿਆ। ਸੀਏ ਮਨੋਜ ਸੋਨੀ ਅਨੁਸਾਰ ਜੀਤਾ ਗੋਲਫ ਗਰੁਪ ਵੱਲੋਂ ਆਯੋਜਿਤ ਇਹ ਗੋਲਫ ਈਵੈਂਟ ਏ ਐਸ ਬੈਂਸ, ਆਈਏਐਸ (ਸੇਵਾਮੁਕਤ) ਦੁਆਰਾ ਸਪਾਂਸਰ ਕੀਤਾ ਗਿਆ ਸੀ ਅਤੇ ਇਸ ਵਿੱਚ ਸੀਏ ਰਾਜੀਵ ਮਕੋਲ, ਲਖਵਿੰਦਰ ਪਾਲ ਸਿੰਘ ਖਹਿਰਾ, ਏ ਆਈ ਜੀ. (ਸੇਵਾਮੁਕਤ), ਕਰਨਲ ਡਡਵਾਲ, ਕਰਨਲ ਗੁਨੀਤ, ਕਰਨਲ ਬਹਿਲ, ਸੀਏ ਮਨੋਜ ਸੋਨੀ, ਕਰਨਲ ਅਜੀਤ ਸਿੰਘ ਟੁੱਟ, ਗੌਰਵ ਪਾਸਨ, ਰਾਜੂ ਦਿਓਲ, ਮੁਨੀਸ਼ ਅਰੋੜਾ,ਏ ਐਸ ਬੈਂਸ, ਭਰਤ ਗਿੱਲ ਆਦਿ ਨੇ ਉਤਸ਼ਾਹ ਨਾਲ ਭਾਗ ਲਿਆ। ਫਾਈਨਲ ਮੁਕਾਬਲੇ ਵਿੱਚ ਮੁਨੀਸ਼ ਅਰੋੜਾ ਚੈਂਪੀਅਨ ਅਤੇ ਭਰਤ ਗਿੱਲ ਨੂੰ ਉਪ ਜੇਤੂ ਘੋਸ਼ਿਤ ਕੀਤਾ ਗਿਆ ਹੈ ।

## 'ਗਰੀਬ ਦਾ ਮੂੰਹ, ਗੁਰੂ ਦੀ ਗੋਲਕ' ਅਜਨੋਹਾ ਵੱਲੋਂ ਵੰਡੇ ਜਾਣਗੇ ਬੂਟੇ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ )** ਗਰੀਬ ਦਾ ਮੂੰਹ, ਗੁਰੂ ਦੀ ਗੋਲਕ, ਸੰਸਥਾ ਅਜਨੋਹਾ ਵਲੋਂ ਸੰਗਤਾਂ ਦੇ ਸਹਿਯੋਗ ਨਾਲ ਪਿੰਡ ਅਜਨੋਹਾ ਤੋਂ ਬੂਟੇ ਟਰਾਲੀ ਵਿਚ ਲੱਦ ਕੇ ਪਿੰਡ ਮੁੱਖਲਿਆਣਾ,ਦਿਹਾਣਾ, ਕੂਕੋਵਾਲ, ਮਾਇਉਪੱਟੀ, ਅਜਨੋਹਾ , ਸਮਾਂ ਹੋਇਆ ਤਾਂ ਪਿੰਡ ਨੰਗਲਾ, ਠੱਡਲਾਂ ਅਤੇ ਪਿੰਡ ਚੈੜ੍ਹਾ ਆਦਿ ਪਿੰਡਾਂ ਵਿਚ 1500 ਬੂਟੇ ਵੰਡੇ ਜਾਣਗੇ ।ਸੰਸਥਾ ਮੁਖੀ ਭਾਈ ਹਰਵਿੰਦਰ ਸਿੰਘ ਖਾਲਸਾ ਅਜਨੋਹਾ ਨੇ ਦੱਸਿਆ ਕਿ ਹਰ ਸਾਲ ਬੂਟਿਆਂ ਦੇ ਲੰਗਰ ਲਗਾਏ ਜਾਂਦੇ ਹਨ । 16 ਜਾਂ 17 ਅਪ੍ਰੈਲ ਨੂੰ ਸ਼ਾਮ 3 ਵਜੇ ਬੂਟੇ ਵੰਡਣ ਦੀ ਸ਼ੁਰੂਆਤ ਕਰਨੀ ਹੈ। ਸਮੇਂ ਦੀ ਲੋੜ ਹੈ ਵਾਤਾਵਰਨ ਨੂੰ ਬਚਾਉਣ ਲਈ ਸਾਨੂੰ ਸਾਰਿਆਂ ਨੂੰ ਵੱਧ ਤੋਂ ਵੱਧ ਬੂਟੇ ਲਗਾਣੇ ਚਾਹੀਦੇ ਹਨ । 1980 ਵਿਚ ਖੂਹ ਸੁੱਕੇ ,90-95 ਵਿੱਚ ਨਲਕੇ ਸੁੱਕੇ,2000 ਵਿੱਚ ਪੰਪ ਸੁੱਕੇ, ਹੁਣ ਸੰਬਰਸੀਬਲ ਤੋਂ ਪਾਣੀ ਪੀ ਰਹੇ ਹਾਂ। ਪੰਜਾਬੀਓ ਇਸ ਤੋਂ ਅੱਗੇ ਕੋਈ ਤਕਨੀਕ ਨਹੀਂ ਹੈ। ਇਸ ਲਈ ਬੇਨਤੀ ਹੈ ਕਿ ਹਵਾ,ਪਾਣੀ ਧਰਤੀ ਨੂੰ ਬਚਾਉਣ ਲਈ ਵੱਧ ਤੋਂ ਵੱਧ ਰੁੱਖ ਲਗਾਉ।

## ਨਸ਼ੇ ਦੀ ਪੂਰਤੀ ਲਈ ਘਰ ਨੂੰ ਲਾਈ ਅੱਗ, ਵੇਚੇ ਗਾਰਡਰ

**ਫਿਲੌਰ (ਨਿਰਮਲ)**- ਤਲਵਨ ਰੋਡ (ਫਿਲੌਰ) ਵਿਖੇ ਇਕ ਵਿਅਕਤੀ ਅਵਤਾਰ ਰਾਮ ਪੁੱਤਰ ਬਰਿਆਮ ਰਾਮ ਨੇ ਥਾਣੇ ਫਿਲੌਰ ਵਿਖੇ ਆਪਣੇ ਪੁੱਤਰ ਸੰਦੀਪ ਕੁਮਾਰ ਵਿਰੁੱਧ ਦਰਖ਼ਾਸਤ ਦਿੱਤੀ ਕਿ ਮੇਰਾ ਪੁੱਤਰ ਨਸ਼ੇ ਦਾ ਆਦੀ ਹੈ। ਨਸ਼ੇ ਦੀ ਪੂਰਤੀ ਲਈ ਮੈਨੂੰ ਬਹੁਤ ਤੰਗ ਪ੍ਰੇਸ਼ਾਨ ਕਰਦਾ ਹੈ।ਮੈਂ ਜਾਇਦਾਦ ਦੇਣ ਤੋਂ ਇਨਕਾਰ ਕਰ ਦਿੱਤਾ ਤਾਂ ਉਸ ਨੇ ਆਪਣੇ ਕੁਝ ਸਾਥੀਆਂ ਨਾਲ ਮਿਲ ਕੇ ਮਕਾਨ ਨੂੰ ਅੱਗ ਲਗਾ ਦਿੱਤੀ ਅਤੇ ਮਕਾਨ ਦੇ ਗਾਰਡਰ ਲਾਹ ਕਰ ਵੇਚ ਦਿੱਤੇ। ਥਾਣਾ ਫਿਲੌਰ ਵਲੋਂ ਇਸ ਸਬੰਧ ਵਿਚ ਮੁਕੱਦਮਾ ਨੰਬਰ 101,11/4/2024 ਨੂੰ ਧਾਰਾ 454, 380, 436, 427 ਅਤੇ 34 ਆਈ .ਪੀ .ਸ਼ੀ ਤਹਿਤ ਕੇਸ ਦਰਜ ਕਰਕੇ ਸੰਦੀਪ ਕੁਮਾਰ, ਮੁਖਵਿੰਦਰ ਕੁਮਾਰ, ਬਲਵਿੰਦਰ ਕੁਮਾਰ ਅਤੇ ਇਕ ਅਣਪਛਾਤੇ ਵਿਅਕਤੀ ਵਿਰੁੱਧ ਕੇਸ ਦਰਜ ਕਰਕੇ ਇਨ੍ਹਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

## ਨਸ਼ਾ ਵੇਚਣ ਵਾਲੇ 2 ਨੌਜਵਾਨ ਕਾਬੂ

**ਫਗਵਾੜਾ (ਡਾ. ਰਮਨ)**-ਵਤਸਲਾ ਗੁਪਤਾ ਸੀਨੀਅਰ ਪੁਲਸ ਕਪਤਾਨ ਕਪੂਰਥਲਾ ਵਲੋਂ ਮਾੜੇ ਅਨਸਰਾਂ ਨੂੰ ਗ੍ਰਿਫਤਾਰ ਕਰਨ ਲਈ ਚਲਾਈ ਮੁਹਿੰਮ ਤਹਿਤ ਏ.ਐਸ.ਆਈ ਦਰਸ਼ਨ ਸਿੰਘ ਇੰਚਾਰਜ ਚੌਂਕੀ ਮਹੇੜੂ ਸਮੇਤ ਸਾਥੀ ਕਰਮਚਾਰੀਆਂ ਦੇ ਦੌਰਾਨ ਗਸ਼ਤ ਵਿਕਰਮਜੀਤ ਕੁਮਾਰ ਉਰਫ ਲਾਡੀ ਪੁੱਤਰ ਵਿਜੇ ਕੁਮਾਰ ਵਾਸੀ ਖੁਰਲਾ ਕਿੰਗਰਾ ਥਾਣਾ ਡਵੀਜ਼ਨ ਨੰਬਰ 7 ਜਲੰਧਰ ਜ਼ਿਲ੍ਹਾ ਜਲੰਧਰ ਅਤੇ ਰੋਹਿਤ ਕੁਮਾਰ ਪੁੱਤਰ ਸੁਰਿੰਦਰ ਕੁਮਾਰ ਵਾਸੀ ਖੁਰਲਾ ਕਿੰਗਰਾ ਥਾਣਾ ਡਵੀਜ਼ਨ ਨੰਬਰ 7 ਜਲੰਧਰ ਜ਼ਿਲ੍ਹਾ ਜਲੰਧਰ ਪਾਸੋਂ 4 ਗ੍ਰਾਮ ਹੈਰੋਇਨ ਅਤੇ 150 ਨਸ਼ੀਲੀਆਂ ਖੁੱਲ੍ਹੀਆਂ ਗੋਲੀਆਂ ਬਿਨਾਂ ਮਾਰਕਾ ਬ੍ਰਾਮਦ ਕਰਕੇ ਮੁਕੱਦਮਾ ਥਾਣਾ ਸਤਨਾਮਪੁਰਾ ਫਗਵਾੜਾ ਜ਼ਿਲ੍ਹਾ ਕਪੂਰਥਲਾ ਦਰਜ ਕਰਕੇ ਗ੍ਰਿਫਤਾਰ ਕਰਕੇ ਅਦਾਲਤ ਵਿੱਚ ਪੇਸ਼ ਕਰਕੇ 3 ਦਿਨ ਦਾ ਪੁਲਸ ਰਿਮਾਂਡ ਹਾਸਲ ਕੀਤਾ ਹੈ।

## ਬਾਬਾ ਬਾਲਕ ਨਾਥ ਦੇ ਦਰਸ਼ਨਾਂ ਲਈ ਬੱਸ ਰਵਾਨਾ

**ਅਲਾਵਲਪੁਰ, ( ਮਦਨ ਬੰਗੜ)**- ਬਾਬਾ ਬਾਲਕ ਨਾਥ ਨੌਜਵਾਨ ਸਭਾ ਅਲਾਵਲਪੁਰ ਵਲੋਂ ਹਰ ਸਾਲ ਦੀ ਤਰ੍ਹਾਂ ਸਾਲਾਨਾ ਯਾਤਰਾ ਬਾਬਾ ਬਾਲਕ ਨਾਥ ਸ਼ਾਹਤਲਾਈ (ਹਿਮਾਚਲ ਪ੍ਰਦੇਸ਼ ) ਲਈ ਬਸ ਰਵਾਨਾ ਹੋਈ । ਇਸ ਮੌਕੇ ਸੰਨੀ ਢਿੱਲੋਂ ਪ੍ਰਧਾਨ ਯੂਥ ਅਕਾਲੀ ਦਲ ਜ਼ਿਲ੍ਹਾ ਜਲੰਧਰ ਦਿਹਾਤੀ, ਸੁਖਵੀਰ ਕੁਮਾਰ , ਸੰਦੀਪ ਦੀਪਾ ,ਕਮਲਜੀਤ ਹੈਪੀ , ਸੁਰੇਸ਼ ਕੁਮਾਰ , ਪਰਮਜੀਤ , ਰਵੀ ਪਾਲ ,ਗੁਲਸ਼ਨ ਤਰੁਣ ਬਿੱਲਾ ਕਲੇਰ ਆਦਿ ਹਾਜ਼ਰ ਸਨ।

## ਡਾ. ਅੰਬੇਡਕਰ ਦਾ 133 ਵਾਂ ਜਨਮ ਦਿਨ ਮਨਾਇਆ




**ਜਲੰਧਰ**-ਗਜ਼ਟਿਡ ਐਂਡ ਨਾਨ ਗਜ਼ਟਿਡ ਐਸ.ਸੀ.ਬੀ.ਸੀ. ਇੰਪਲਾਈਜ਼ ਵੈਲਫੇਅਰ ਫੈਡਰੇਸ਼ਨ ਪੰਜਾਬ ਜ਼ਿਲ੍ਹਾ ਜਲੰਧਰ ਵਲੋਂ ਦੁਨੀਆ ਦੇ ਮਹਾਨ ਵਿਦਵਾਨ, ਦੱਬੇ ਕੁਚਲੇ ਲੋਕਾਂ ਦੇ ਮਸੀਹਾ, ਨਾਰੀ ਮੁਕਤੀ ਦਾਤਾ, ਭਾਰਤੀ ਸੰਵਿਧਾਨ ਦੇ ਨਿਰਮਾਤਾ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦਾ 133 ਵਾਂ ਜਨਮ ਦਿਨ ਚੇਅਰਮੈਨ ਸਲਵਿੰਦਰ ਸਿੰਘ ਜੱਸੀ, ਪ੍ਰਧਾਨ ਮੱਖਣ ਰੱਤੂ ਤੇ ਵਧੀਕ ਜ਼ਿਲ੍ਹਾ ਪ੍ਰਧਾਨ ਪਰਮਜੀਤ ਜੌੜਾ ਦੀ ਅਗਵਾਈ ਹੇਠ ਮੈਂਬਰਾਂ ਨੇ ਨਕੋਦਰ ਚੌਕ ਜਲੰਧਰ ਵਿਖੇ ਬਾਬਾ ਸਾਹਿਬ ਨੂੰ ਸ਼ਰਧਾ ਦੇ ਫੁੱਲ ਭੇਟ ਕਰਕੇ ਮਨਾਇਆ । ਇਸ ਮੌਕੇ ਚੇਅਰਮੈਨ ਜੱਸੀ ਨੇ ਬਾਬਾ ਸਾਹਿਬ ਦੇ ਸਿਧਾਂਤਾਂ ਨੂੰ ਘਰ-ਘਰ ਪਹੁੰਚਾਉਣ ਲਈ ਕਿਹਾ । ਇਸ ਮੌਕੇ ਸੁਰੇਸ਼ ਕੁਮਾਰ ਢਿੱਲਵਾਂ, ਹਰਪਾਲ ਸਿੰਘ ਮਲਕਾਣਾ, ਸਤੀਸ਼ ਕੁਮਾਰ, ਗੁਲਸ਼ਨ ਕੁਮਾਰ, ਜੀਤ ਸਿੰਘ, ਮਨਜੀਤ ਸਿੰਘ, ਨਰੇਸ਼ ਕੁਮਾਰ ਪਾਲ, ਹੀਰਾ ਲਾਲ, ਸਿਮਰਦਾਸ, ਅਮਰੀਕ ਸਿੰਘ, ਹਰਜਿੰਦਰ ਸਿੰਘ, ਨਰਿੰਦਰ ਕੁਮਾਰ, ਸੰਦੀਪ ਸੰਧੂ, ਵਿਨੋਦ ਕੁਮਾਰ, ਅਸ਼ਵਨੀ ਕੁਮਾਰ, ਰਾਮ ਸ਼ੰਕਰ, ਭੁਪਿੰਦਰ ਸਿੰਘ, ਸੁਸ਼ੀਲ ਕੁਮਾਰ ਤੇ ਹੋਰ ਹਾਜ਼ਰ ਸਨ।

## ਜਲੰਧਰ ਤੋਂ ਬਸਪਾ ਉਮੀਦਵਾਰ ਐਡਵੋਕੇਟ ਬਲਵਿੰਦਰ ਕੁਮਾਰ

**ਜਲੰਧਰ (ਸੁਰਿੰਦਰ ਕੁਮਾਰ)**- ਜਲੰਧਰ 'ਚ ਬਹੁਜਨ ਸਮਾਜ ਪਾਰਟੀ ਪੰਜਾਬ ਵੱਲੋਂ ਜਾਰੀ ਪ੍ਰੈਸ ਨੋਟ ਵਿੱਚ ਕਿਹਾ ਗਿਆ ਕਿ ਬਸਪਾ ਦੇ ਰਾਸ਼ਟਰੀ ਪ੍ਰਧਾਨ ਭੈਣ ਕੁਮਾਰੀ ਮਾਇਆਵਤੀ ਦੇ ਹੁਕਮ ਅਨੁਸਾਰ ਅਤੇ ਪੰਜਾਬ, ਹਰਿਆਣਾ, ਚੰਡੀਗੜ੍ਹ ਦੇ ਇੰਚਾਰਜ ਰਣਧੀਰ ਸਿੰਘ ਬੈਨੀਵਾਲ ਦੇ ਦਿਸ਼ਾ ਨਿਰਦੇਸ਼ਾਂ ਵਿੱਚ ਬਸਪਾ ਦੇ ਲੋਕ ਸਭਾ ਜਲੰਧਰ ਤੋਂ ਉਮੀਦਵਾਰ ਐਡਵੋਕੇਟ ਬਲਵਿੰਦਰ ਕੁਮਾਰ ਹੋਣਗੇ। ਕੇਂਦਰੀ ਕੋਆਰਡੀਨੇਟਰ ਬੈਨੀਵਾਲ ਨੇ ਕਿਹਾ ਕਿ ਜਲਦ ਹੀ ਪੰਜਾਬ ਦੀਆਂ ਸਾਰੀਆਂ ਸੀਟਾਂ 'ਤੇ ਉਮੀਦਵਾਰ ਘੋਸ਼ਿਤ ਕਰ ਦਿੱਤੇ ਜਾਣਗੇ। ਸਾਰੇ ਉਮੀਦਵਾਰਾਂ ਦੇ ਪੈਨਲ 'ਤੇ ਅੰਤਿਮ ਫੈਸਲਾ ਕੁਮਾਰੀ ਮਾਇਆਵਤੀ ਵਲੋਂ ਲਿਆ ਜਾ ਰਿਹਾ ਹੈ। ਬਸਪਾ ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਵੱਖ ਵੱਖ ਰਾਜਨੀਤਿਕ ਦਲਾਂ ਦੇ ਪੰਜਾਬ ਦੇ ਨਕਲੀ ਤੇ ਝੂਠੇ ਦਲਿਤ ਚਿਹਰਿਆਂ ਨੂੰ ਮਲੀਆਮੇਟ ਕਰਨ ਦਾ ਕੰਮ ਜਲੰਧਰ ਲੋਕ ਸਭਾ ਦੇ ਉਮੀਦਵਾਰ ਐਡਵੋਕੇਟ ਬਲਵਿੰਦਰ ਕੁਮਾਰ ਕਰਨਗੇ। ਬਲਵਿੰਦਰ ਮੌਜੂਦਾ ਬਸਪਾ ਪੰਜਾਬ ਦੇ ਜਨਰਲ ਸਕੱਤਰ ਹਨ ਤੇ ਪਿਛਲੇ ਚਾਰ ਮਹੀਨਿਆਂ ਤੋਂ ਲੋਕ ਸਭਾ ਇੰਚਾਰਜ ਦੇ ਤੌਰ 'ਤੇ ਲਗਾਤਾਰ ਸਰਗਰਮ ਸਨ। ਇਸ ਤੋਂ ਪਹਿਲਾਂ ਉਹ 2017 ਅਤੇ 2022 ਦੀ ਵਿਧਾਨ ਸਭਾ ਚੋਣ ਕਰਤਾਰਪੁਰ ਤੋਂ ਲੜ ਚੁੱਕੇ ਹਨ ਜਦੋਂ ਕਿ 2019 ਵਿੱਚ ਲੋਕ ਸਭਾ ਜਲੰਧਰ ਤੋਂ 2 ਲੱਖ 4 ਹਜ਼ਾਰ ਵੋਟਾਂ ਲੈ ਕੇ ਮੁਕਾਬਲੇ ਵਿਚ ਭਾਰੂ ਰਹੇ ਸਨ। ਗੜ੍ਹੀ ਨੇ ਕਿਹਾ ਕਿ ਕਾਂਗਰਸ ਨੇ ਨਕਲੀ ਤੇ ਝੂਠੇ ਦਲਿਤ ਚਿਹਰੇ ਅੱਗੇ ਕਰਕੇ ਹਮੇਸ਼ਾ ਦੇਸ਼ ਭਰ ਵਿਚ ਦਲਿਤ ਵਰਗ ਨੂੰ ਗੁੰਮਰਾਹ ਕੀਤਾ ਹੈ, ਜਿਸ ਖ਼ਿਲਾਫ਼ ਪੂਰੇ ਪੰਜਾਬ ਵਿਚ ਲੜਾਈ ਬਹੁਜਨ ਸਮਾਜ ਪਾਰਟੀ ਲੜ ਰਹੀ ਹੈ। ਅੱਜ ਪੂਰੇ ਦਿਨ ਵਿਚ ਇਹ ਦੂਜਾ ਉਮੀਦਵਾਰ ਹੈ ਜੋ ਕਿ ਅੱਜ ਘੋਸ਼ਿਤ ਕੀਤਾ ਗਿਆ। ਇਸ ਤੋਂ ਪਹਿਲਾਂ ਸਵੇਰੇ ਪਟਿਆਲਾ ਲੋਕ ਸਭਾ ਤੋਂ ਜਗਜੀਤ ਛਰਬੜ ਨੂੰ ਐਲਾਨਿਆ ਗਿਆ ਸੀ। ਇਸ ਤਰ੍ਹਾਂ ਬਸਪਾ ਕੁਲ ਪੰਜ ਉਮੀਦਵਾਰ ਘੋਸ਼ਿਤ ਕਰ ਚੁੱਕੀ ਹੈ ਜਿਸ ਵਿਚ ਫਿਰੋਜ਼ਪੁਰ ਤੋਂ ਸੁਰਿੰਦਰ ਕੰਬੋਜ, ਹੁਸ਼ਿਆਰਪੁਰ ਤੋਂ ਰਾਕੇਸ਼ ਕੁਮਾਰ ਸੁੰਮਨ ਅਤੇ ਸੰਗਰੂਰ ਤੋਂ ਡਾ. ਮੱਖਣ ਸਿੰਘ ਸ਼ਾਮਲ ਹਨ।

## ਜ਼ਿਲ੍ਹਾ ਸਵੀਪ ਟੀਮ ਨੇ ਵਿਸਾਖੀ ਦੀਆਂ ਸ਼ੁੱਭਕਾਮਨਾਵਾਂ ਨਾਲ ਲੋਕਾਂ ਨੂੰ ਵੋਟ ਦੇ ਅਧਿਕਾਰ ਬਾਰੇ ਕੀਤਾ ਜਾਗਰੂਕ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ, (ਗੁਰਜੀਤ ਬਿੱਲਾ)**-ਇੱਕ ਜੂਨ ਨੂੰ ਹੋਣ ਜਾ ਰਹੇ ਲੋਕ ਸਭਾ ਮਤਦਾਨ ਵਾਸਤੇ ਵੋਟਰਾਂ ਨੂੰ ਪ੍ਰੇਰਨ ਲਈ ਚੱਲ ਰਹੀ ਸਿਸਟੇਮੈਟਿਕ ਵੋਟਰ ਐਜੂਕੇਸ਼ਨ ਅਤੇ ਇਲੈਕਟੋਰਲ ਭਾਗੀਦਾਰੀ (ਸਵੀਪ) ਦੀ ਨਿਰੰਤਰਤਾ ਵਿੱਚ ਜ਼ਿਲ੍ਹਾ ਸਵੀਪ ਟੀਮ ਨੇ ਅੱਜ ਵਿਸਾਖੀ ਦੇ ਪਵਿੱਤਰ ਮੌਕੇ ਗੁਰਦੁਆਰਾ ਅੰਬ ਸਾਹਿਬ ਦਾ ਦੌਰਾ ਕੀਤਾ ਅਤੇ ਲੋਕ ਸਭਾ ਚੋਣਾਂ-2024 ਦੇ ਮੱਦੇਨਜ਼ਰ ਮੱਥਾ ਟੇਕਣ ਲਈ ਆਉਣ ਵਾਲੇ ਲੋਕਾਂ ਨੂੰ ਲੋਕਤੰਤਰ ਦੇ ਤਿਉਹਾਰ ਬਾਰੇ ਜਾਗਰੂਕ ਕੀਤਾ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਨੋਡਲ ਅਫ਼ਸਰ ਸਵੀਪ ਪ੍ਰੋ: ਗੁਰਬਖ਼ਸ਼ੀਸ਼ ਸਿੰਘ ਅੰਟਾਲ ਨੇ ਦੱਸਿਆ ਕਿ ਪੰਜਾਬ ਮੁੱਖ ਚੋਣ ਅਫ਼ਸਰ ਸਿਬਿਨ ਸੀ ਅਤੇ ਜ਼ਿਲ੍ਹਾ ਚੋਣ ਅਫ਼ਸਰ ਆਸ਼ਿਕਾ ਜੈਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਵੋਟਰਾਂ ਨੂੰ ਵੋਟ ਪ੍ਰਤੀ ਜਾਗਰੂਕ ਕਰਨ ਲਈ ਜ਼ਿਲ੍ਹੇ ਵਿੱਚ ਸਵੀਪ ਗਤੀਵਿਧੀਆਂ ਤੇਜ਼ ਕਰ ਦਿੱਤੀਆਂ ਗਈਆਂ ਹਨ।

ਨਵੇਂ ਕ੍ਰਿਕਟ ਸਟੇਡੀਅਮ ਮੁੱਲਾਂਪੁਰ ਵਿਖੇ ਖੇਡੇ ਗਏ ਪਹਿਲੇ ਆਈ.ਪੀ.ਐਲ ਮੈਚ ਤੋਂ ਸ਼ੁਰੂ ਹੋ ਕੇ, ਜਿੱਥੇ 450 ਦੇ ਕਰੀਬ ਪਹਿਲੀ ਵਾਰ ਬਣੇ ਵੋਟਰਾਂ ਨੂੰ ਮੈਚ ਦੇਖਣ ਦਾ ਮੌਕਾ ਦਿੱਤਾ ਗਿਆ, ਉੱਥੇ ਹੀ ਜ਼ਿਲ੍ਹਾ ਸਵੀਪ ਟੀਮ ਨੇ ਵੋਟਰਾਂ ਨੂੰ ਜਾਗਰੂਕ ਕਰਨ ਲਈ ਕਈ ਗਤੀਵਿਧੀਆਂ ਦੀ ਯੋਜਨਾਬੰਦੀ 'ਤੇ ਕੰਮ ਕੀਤਾ ਹੈ। ਉਨ੍ਹਾਂ ਦੱਸਿਆ ਕਿ ਸਵੀਪ ਟੀਮ ਵੱਲੋਂ ਵੱਖ-ਵੱਖ ਥੀਮ ਪਾਰਕਾਂ, ਰਿਜ਼ੋਰਟਾਂ ਆਦਿ ਵਿਖੇ ਮਨਾਏ ਗਏ ਹੋਲੀ ਸਮਾਗਮਾਂ ਦਾ ਦੌਰਾ ਕਰਕੇ ਵੀ ਜਾਗਰੂਕਤਾ ਦਾ ਹੋਕਾ ਦਿੱਤਾ ਗਿਆ ਸੀ ਅਤੇ ਲੋਕਾਂ ਨੂੰ ਭਾਰਤ ਦੇ ਚੋਣ ਕਮਿਸ਼ਨ ਦੇ ਸੰਦੇਸ਼ ਵਾਲੀਆਂ ਟੀ-ਸ਼ਰਟਾਂ ਤੋਂ ਇਲਾਵਾ ਮੱਗ, ਕੈਪਸ ਅਤੇ ਚਾਬੀਆਂ ਦਿੱਤੀਆਂ ਗਈਆਂ। ਉਨ੍ਹਾਂ ਦੱਸਿਆ ਕਿ ਅੱਜ ਵਿਸਾਖੀ ਦੇ ਪਵਿੱਤਰ ਦਿਹਾੜੇ ਮੌਕੇ ਜ਼ਿਲ੍ਹਾ ਗਤਕਾ ਐਸੋਸੀਏਸ਼ਨ ਐਸ.ਏ.ਐਸ.ਨਗਰ ਵੱਲੋਂ ਗਤਕਾ ਮੁਕਾਬਲਾ ਕਰਵਾਇਆ ਗਿਆ ਜਿਸ ਨੇ ਸਵੀਪ ਟੀਮ ਨੂੰ ਇੱਕ ਵਧੀਆ ਮੰਚ ਪ੍ਰਦਾਨ ਕੀਤਾ, ਜਿੱਥੇ ਭੰਗੜਾ ਵੀ ਪੇਸ਼ ਕੀਤਾ ਗਿਆ ਅਤੇ ਵੋਟਿੰਗ ਦੇ ਸੰਦੇਸ਼ਾਂ ਨੂੰ ਫੈਲਾਉਣ ਵਾਲੇ ਹੋਰਡਿੰਗ ਤੇ ਕੱਟ ਆਊਟ ਵੀ ਪ੍ਰਦਰਸ਼ਤ ਕੀਤੇ ਗਏ।

ਗੁਰਦੁਆਰਾ ਸਾਹਿਬ ਵਿਖੇ ਗਤਕਾ ਮੁਕਾਬਲੇ ਦੌਰਾਨ ਪਹੁੰਚੇ ਲੋਕਾਂ ਨੇ ਚੋਣ ਮਾਸਕੋਟ ਸ਼ੇਰਾ 2.0 ਦੇ ਨਾਲ ਲਗਾਏ ਗਏ ਸੈਲਫੀ ਪੁਆਇੰਟਾਂ ਵੱਲ ਵਿਸ਼ੇਸ਼ ਖਿੱਚ ਦਿਖਾਈ ਅਤੇ ਤਸਵੀਰਾਂ ਖਿਚਵਾਈਆਂ। ਇਸ ਤੋਂ ਇਲਾਵਾ ਗਤਕਾ ਟੀਮਾਂ ਦੁਆਰਾ ਵੋਟਰ ਜਾਗਰੂਕਤਾ ਤਖ਼ਤੀਆਂ ਰਾਹੀਂ ਚੇਤਨਾ ਮਾਰਚ ਵੀ ਕੀਤਾ ਗਿਆ। ਗਤੀਵਿਧੀ ਦੌਰਾਨ ਚੋਣ ਤਹਿਸੀਲਦਾਰ ਸੰਜੇ ਕੁਮਾਰ, ਜ਼ਿਲ੍ਹਾ ਗੁੱਡ ਗਵਰਨੈਂਸ ਫੈਲੋ ਵਿਜੇ ਲਕਸ਼ਮੀ, ਆਸ਼ੀਸ਼ ਬਾਜਪਾਈ ਅਤੇ ਚੋਣ ਕਾਨੂੰਗੋ ਸੁਰਿੰਦਰ ਬੱਤਰਾ ਵੀ ਹਾਜ਼ਰ ਸਨ।

## ਡਾ. ਭੀਮ ਰਾਓ ਅੰਬੇਡਕਰ ਦਾ 133ਵਾਂ ਜਨਮ ਦਿਹਾੜਾ ਮਨਾਇਆ

**ਫਿਲੌਰ (ਨਿਰਮਲ)**-ਐਤਵਾਰ ਫਿਲੌਰ ਵਿਖੇ ਭਾਰਤੀ ਸੰਵਿਧਾਨ ਦੇ ਨਿਰਮਾਤਾ ਅਤੇ ਨਾਰੀ ਜਾਤੀ ਦੇ ਮੁਕਤੀ ਦਾਤਾ ਅਤੇ ਗ਼ਰੀਬਾਂ ਮਜ਼ਲੂਮਾਂ ਦੇ ਮਸੀਹਾ ਬਾਬਾ ਸਹਿਬ ਡਾ. ਭੀਮ ਰਾਓ ਅੰਬੇਡਕਰ ਦਾ 133ਵਾਂ ਜਨਮ ਦਿਹਾੜਾ ਸ੍ਰੀ ਗੁਰੂ ਰਵਿਦਾਸ ਭਵਨ ਪ੍ਰਬੰਧਕ ਕਮੇਟੀ ਰਜਿ. ਫਿਲੌਰ ਵੱਲੋਂ ਉਨ੍ਹਾ ਦੇ ਬੁੱਤ 'ਤੇ ਫੁੱਲਾਂ ਦੇ ਹਾਰ ਪਾ ਕੇ ਅਤੇ ਲੱਡੂ ਵੰਡ ਕੇ ਮਨਾਇਆ ਗਿਆ ।ਇਸ ਮੌਕੇ ਬੁਲਾਰੇ ਨੇ ਕਿਹਾ ਕਿ ਬਾਬਾ ਸਹਿਬ ਨੇ ਭਾਰਤ ਦਾ ਸੰਵਿਧਾਨ ਲਿਖ ਕੇ ਦੁਨੀਆ ਲਈ ਇੱਕ ਮਿਸਾਲ ਪੈਦਾ ਕੀਤੀ ਜੋ ਕਿ ਰਹਿੰਦੀ ਦੁਨੀਆ ਤੱਕ ਯਾਦ ਰਹੇਗੀ ।ਇਸ ਮੌਕੇ ਅਮ੍ਰਿਤ ਭੋਸਲੇ, ਤਾਰਾ ਚੰਦ ਜੱਖੂ, ਸੋਹਨ ਲਾਲ ਸੱਗੜ, ਰਾਜ ਕੁਮਾਰ ਸੰਧੂ, ਰਜਿੰਦਰ ਸੰਧੂ, ਸਾਬਕਾ ਡੀ ਐਸ ਪੀ ਵਿਕਰਮਜੀਤ ਸਿੰਘ, ਨਗਰ ਕੌਂਸਲ ਦੇ ਪ੍ਰਧਾਨ ਮਹਿੰਦਰ ਪਾਲ ਚੁੰਬਰ ਅਤੇ ਸਰਪੰਚ ਜਗਤਾਰ ਚੰਦ ਤੋਂ ਇਲਾਵਾ ਹੋਰ ਵੀ ਸ਼ਹਿਰ ਵਾਸੀ ਮੌਜੂਦ ਸਨ। ਇਸੇ ਤਰ੍ਹਾਂ ਡਾ. ਅੰਬੇਡਕਰ ਚੌਕ ਵਿਖੇ ਉਨ੍ਹਾ ਦੇ ਬੁੱਤ ਉੱਤੇ ਫੁੱਲਮਾਲਾ ਭੇਟ ਕਰਨ ਉਪਰੰਤ ਆਪਣੇ ਸਾਥੀਆਂ ਨੂੰ ਸੰਬੋਧਨ ਕਰਦਿਆਂ ਪ੍ਰਿੰਸੀਪਲ ਪ੍ਰੇਮ ਕੁਮਾਰ ਹਲਕਾ ਇੰਚਾਰਜ ਆਪ ਸਕੱਤਰ ਸਿੱਖਿਆ ਵਿਭਾਗ ਪੰਜਾਬ ਨੇ ਕਿਹਾ ਕਿ ਬਾਬਾ ਸਾਹਿਬ ਇੱਕ ਮਹਾਨ ਆਗੂ, ਵਧੀਆ ਸੋਚ ਵਾਲੇ ਦਲਿਤ ਕੌਮਾਂ ਦੇ ਮਸੀਹਾ ਸਨ। ਅੱਜ ਉਨ੍ਹਾਂ ਦੀ ਬਦੌਲਤ ਦਲਿਤ ਸਮਾਜ ਸਿਰ ਉੱਚਾ ਕਰਕੇ ਚੱਲ ਰਿਹਾ ਹੈ। ਅਸੀਂ ਉਨ੍ਹਾ ਦੇ ਸਿਧਾਂਤਾਂ 'ਤੇ ਚਲਦੇ ਰਹਾਂਗੇ। ਇਸ ਮੌਕੇ ਵੈਭਬ ਸ਼ਰਮਾ, ਯਸ਼ਪਾਲ ਗਿੰਡਾ, ਪਰਮਜੀਤ ਭਾਰਤੀ, ਤਰਸੇਮ ਸਿੰਘ, ਬੁੱਧ ਸਿੰਘ, ਸੁਰਿੰਦਰ ਸਿੰਘ, ਚਰਨਜੀਤ, ਕਿਸ਼ਨ ਕੋਚ ਅਤੇ ਹੋਰ ਹਾਜ਼ਰ ਸਨ।

## ਪ੍ਰਵਾਸੀ ਭਾਰਤੀ ਪਰਵਾਰ ਨੇ ਗਊਸ਼ਾਲਾ ਨੂੰ ਭੇਟ ਕੀਤੀਆਂ ਦੋ ਦੁਧਾਰੂ ਗਾਵਾਂ

**ਫਗਵਾੜਾ (ਡਾ. ਰਮਨ)**- ਇੰਗਲੈਂਡ ਤੋਂ ਪਰਤੇ ਪ੍ਰਵਾਸੀ ਭਾਰਤੀ ਮਦਨ ਮੋਹਨ ਸ਼ਰਮਾ, ਉਨ੍ਹਾਂ ਦੀ ਪਤਨੀ ਵੀਨਾ ਸ਼ਰਮਾ ਅਤੇ ਭੈਣ ਰੁਪਿੰਦਰ ਸ਼ਰਮਾ ਨੇ ਸਥਾਨਕ ਸੁਖਚੈਨ ਰੋਡ ਸਥਿਤ ਗੌਧਾਮ ਗਊਸ਼ਾਲਾ ਨੂੰ ਦੋ ਦੁਧਾਰੂ ਗਾਵਾਂ ਭੇਟ ਕੀਤੀਆਂ। ਇੰਗਲੈਂਡ 'ਚ ਰਹਿੰਦਿਆਂ ਵੀ ਭਾਰਤੀ ਸਨਾਤਨ ਕਦਰਾਂ-ਕੀਮਤਾਂ ਦਾ ਪਾਲਣ ਕਰਦਿਆਂ ਉਨ੍ਹਾਂ ਨੇ ਗਊਆਂ ਦਾਨ ਕਰਨ ਤੋਂ ਪਹਿਲਾਂ ਆਪਣੇ ਨਿਵਾਸ ਸਥਾਨ 'ਤੇ ਗਊ ਮਾਤਾ ਦੇ ਚਰਨ ਪਵਾਏ ਅਤੇ ਹਵਨ ਯੱਗ ਤੋਂ ਬਾਅਦ ਮੰਤਰ ਉੱਚਾਰਨ ਰਾਹੀਂ ਪੂਜਾ ਪਾਠ ਕਰਵਾ ਕੇ ਗਊ ਦਾਨ ਦੇ ਸੰਕਲਪ ਨੂੰ ਪੂਰਾ ਕੀਤਾ। ਇਸ ਦੌਰਾਨ ਗਾਇਕ ਜਸਵੀਰ ਮਾਹੀ ਨੇ ਧਾਰਮਿਕ ਗੀਤ ਗਾ ਕੇ ਖੂਬ ਸਮਾਂ ਬੰਨ੍ਹਿਆ। ਭੰਡਾਰੇ ਦੀ ਸੇਵਾ ਨਿਰਵਿਘਨ ਵਰਤਾਈ ਗਈ। ਗੱਲਬਾਤ ਦੌਰਾਨ ਲਾਇਨਜ਼ ਕਲੱਬ ਫਗਵਾੜਾ ਸਿਟੀ ਦੀ ਪ੍ਰਧਾਨ ਆਸ਼ੂ ਮਾਰਕੰਡਾ ਨੇ ਦੱਸਿਆ ਕਿ ਉਨ੍ਹਾਂ ਦੀ ਭੂਆ ਵੀਨਾ ਸ਼ਰਮਾ ਤੇ ਫੁੱਫੜ ਮਦਨ ਮੋਹਨ ਸ਼ਰਮਾ ਦਾ ਪਰਵਾਰ ਬੇਸ਼ੱਕ ਪਿਛਲੇ ਕਾਫੀ ਸਮੇਂ ਤੋਂ ਆਪਣੇ ਪਰਵਾਰ ਸਮੇਤ ਵਿਦੇਸ਼ ਇੰਗਲੈਂਡ 'ਚ ਰਹਿ ਰਿਹਾ ਹੈ ਪਰ ਅੱਜ ਉਨ੍ਹਾਂ ਦੇ ਮਨ ਵਿੱਚ ਸਨਾਤਨ ਧਰਮ ਦੀਆਂ ਪਰੰਪਰਾਵਾਂ ਨੂੰ ਲੈ ਕੇ ਬਹੁਤ ਸਨਮਾਨ ਹੈ। ਉਹ ਗਊ ਦਾਨ ਕਰਕੇ ਆਤਮਿਕ ਸੰਤੁਸ਼ਟੀ ਮਹਿਸੂਸ ਕਰ ਰਹੇ ਹਨ। ਇਸ ਮੌਕੇ ਹਿੰਦੂ ਸ਼ਿਵ ਸੈਨਾ ਦੇ ਕੌਮੀ ਪ੍ਰਧਾਨ ਸ਼ਿਵੀ ਬੱਤਾ, ਕੌਮੀ ਚੇਅਰਮੈਨ ਰਾਕੇਸ਼ ਕੁਮਾਰ ਬੱਤਾ, ਧੀਰਜ ਕਰਵਲ, ਈਸ਼ ਕੁਮਾਰ, ਰੇਖਾ ਰਾਣੀ ਯੂ.ਕੇ., ਵਿੱਕੀ ਪਰਿੰਜਾ, ਵਾਸੂ ਪਰਿੰਜਾ, ਬਿੱਲਾ ਪਰਿੰਜਾ, ਲੱਬਾ ਪਰਿੰਜਾ, ਮੋਹਿਤ ਪਰਿੰਜਾ, ਸ਼ਕਤੀ ਸ਼ਰਮਾ, ਤੁਸ਼ਾਰ ਪਰਿੰਜਾ ਆਦਿ ਹਾਜ਼ਰ ਸਨ।

## ਬਰਸੀ 'ਤੇ ਵਿਸ਼ੇਸ਼ ਗਿਆਨੀ ਹਰਨਾਮ ਸਿੰਘ ਜਲਾਲਪੁਰ



**ਟਾਂਡਾ ਉੜਮੁੜ (ਜਸਵਿੰਦਰ ਸੰਧੂ)**-ਅੰਗਰੇਜ਼ੀ ਸਾਮਰਾਜ ਦੀ ਗੁਲਾਮੀ ਤੋਂ ਭਾਰਤ ਦੇਸ਼ ਨੂੰ ਆਜ਼ਾਦ ਕਰਾਉਣ ਲਈ ਭਾਰਤ ਮਾਤਾ ਦੇ ਅਣਗਿਣਤ ਯੋਧਿਆਂ ਨੇ ਕੁਰਬਾਨੀਆਂ ਦਿੱਤੀਆਂ, ਜੇਲ੍ਹਾਂ ਕੱਟੀਆਂ ਤੇ ਹੋਰ ਕਈ ਪ੍ਰਕਾਰ ਦੇ ਤਸੀਹੇ ਝੱਲੇ।ਇਨ੍ਹਾਂ ਮਹਾਨ ਯੋਧਿਆਂ ਵਿੱਚੋਂ ਇੱਕ ਸਨ ਆਜ਼ਾਦੀ ਦੇ ਮਹਾਨ ਨਾਇਕ ਗਿਆਨੀ ਹਰਨਾਮ ਸਿੰਘ ਜਲਾਲਪੁਰ, ਜਿਨ੍ਹਾਂ ਨੇ 9 ਸਾਲ ਕਾਲੇ ਪਾਣੀ ਜੇਲ੍ਹ ਵਿੱਚ ਆਪਣੀ ਜ਼ਿੰਦਗੀ ਦਾ ਕੀਮਤੀ ਸਮਾਂ ਗੁਜ਼ਾਰਿਆ। ਗਿਆਨੀ ਹਰਨਾਮ ਸਿੰਘ ਦਾ ਜਨਮ ਪਿੰਡ ਕਿੱਲਾ ਸੁਰਾ ਸਿੰਘ ਜ਼ਿਲ੍ਹਾ ਗੁਜਰਾਤ ਪਾਕਿਸਤਾਨ ਵਿੱਚ ਹੋਇਆ। ਭਾਰਤ-ਪਾਕਿਸਤਾਨ ਦੀ ਵੰਡ ਸਮੇਂ ਉਹ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਜਲਾਲਪੁਰ ਵਿਖੇ ਆਏ। ਉਹ 1931 ਨੂੰ ਚੱਕ ਲਾਲੇ ਵਿੱਚ ਐਮ ਪੀ ਕੰਪਨੀ ਵਿੱਚ ਭਰਤੀ ਹੋਏ ਤੇ ਇੱਕ ਸਾਲ ਰਿਜ਼ਰਵ ਡਿਊਟੀ 'ਤੇ ਗਏ, 1939 ਵਿੱਚ ਵਿਸ਼ਵ ਯੁੱਧ ਸ਼ੁਰੂ ਹੋਣ ਕਾਰਨ ਉਨ੍ਹਾਂ ਨੂੰ ਫਿਰ ਫੌਜ ਵਿੱਚ ਵਾਪਸ ਬੁਲਾ ਲਿਆ।ਜਨਵਰੀ 1940 ਵਿਚ ਗਿਆਨੀ ਹਰਨਾਮ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੇ ਫੌਜ ਵਿਚ ਬਗਾਵਤ ਕਰ ਦਿੱਤੀ। ਜਿਸ ਕਰਕੇ ਅੰਗਰੇਜ਼ਾਂ ਨੇ ਇਨ੍ਹਾਂ ਨੂੰ ਮਿਸਰ ਦੀ ਜੇਲ੍ਹ ਵਿੱਚ ਬੰਦ ਕਰ ਦਿੱਤਾ। ਗਿਆਨੀ ਦੀ ਜੇਲ੍ਹ ਵਿੱਚ ਲਿਖੀ ਹੱਥ ਲਿਖਤ ਅਨੁਸਾਰ ਉਹ ਤੇ ਉਨ੍ਹਾਂ ਦੇ ਸਾਥੀਆਂ ਨੂੰ 1 ਤੋਂ 21 ਅਪ੍ਰੈਲ 1940 ਤੱਕ ਜੇਲ੍ਹ ਵਿੱਚ ਹੀ ਰੱਖਿਆ ਗਿਆ।22 ਅਪ੍ਰੈਲ ਨੂੰ ਕੋਰਟ ਮਾਰਸ਼ਲ ਦੀ ਸਜ਼ਾ ਸੁਣਾਈ ਗਈ, ਜਿਸ ਵਿੱਚ ਉਨ੍ਹਾਂ ਨੂੰ ਨੌਂ ਸਾਲ ਲਈ ਕਾਲੇ ਪਾਣੀ ਦੀ ਸਜ਼ਾ ਸੁਣਾਈ ਗਈ। ਉਪਰੰਤ ਵੱਖ ਵੱਖ ਜੇਲ੍ਹਾਂ ਵਿੱਚ ਰਹੇ। ਜੇਲ੍ਹ ਵਿੱਚ ਹੀ ਉਨ੍ਹਾਂ ਆਪਣੀ ਆਤਮਕਥਾ ਤੇ ਹੋਰ ਬਹੁਤ ਸਾਰਾ ਸਾਹਿਤ ਲਿਖਿਆ ਜੋ ਅੱਜ ਵੀ ਸਾਂਭਿਆ ਪਿਆ ਹੈ। 14 ਮਈ 1946 ਨੂੰ ਰਿਹਾਅ ਹੋ ਕੇ ਵਾਪਸ ਆ ਕੇ ਸਮਾਜ ਦੇ ਕੰਮਾਂ ਵਿੱਚ ਰੁੱਝ ਗਏ। 88 ਸਾਲ ਦੀ ਉਮਰ ਹੋ ਕੇ ਸੰਖੇਪ ਬਿਮਾਰੀ ਪਿੱਛੋਂ 11 ਨਵੰਬਰ 1995 ਨੂੰ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ। ਅੱਜ 15 ਅਪ੍ਰੈਲ ਨੂੰ ਉਨ੍ਹਾਂ ਦੀ ਬਰਸੀ 'ਤੇ ਗਿਆਨੀ ਹਰਨਾਮ ਸਿੰਘ ਮੈਮੋਰੀਅਲ ਟਰੱਸਟ ਅਤੇ ਇਲਾਕੇ ਦੀ ਸਮੂਹ ਸੰਗਤਾਂ ਵੱਲੋਂ ਉਨ੍ਹਾਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਜਾਣਗੀਆਂ।

## ਵੱਡੀ ਗਿਣਤੀ 'ਚ ਲੋਕ ਆਮ ਆਦਮੀ ਪਾਰਟੀ 'ਚ ਸ਼ਾਮਲ



**ਟਾਂਡਾ ਉੜਮੁੜ, ( ਜਸਵਿੰਦਰ ਸੰਧੂ ਉਂਕਾਰ ਸਿੰਘ )**-ਸੂਬਾ ਸਰਕਾਰ ਵੱਲੋਂ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀ ਯੋਗ ਅਗਵਾਈ ਵਿੱਚ ਹੋਏ ਇਤਿਹਾਸਿਕ ਵਿਕਾਸ ਕਾਰਜ ਅਤੇ ਲੋਕ ਉਸਾਰੂ ਨੀਤੀਆਂ ਦੇ ਚਲਦਿਆਂ ਵੱਡੀ ਗਿਣਤੀ ਵਿੱਚ ਲੋਕ ਆਮ ਆਦਮੀ ਪਾਰਟੀ ਦਾ ਸਾਥ ਦੇ ਰਹੇ ਹਨ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਵਿਧਾਇਕ ਟਾਂਡਾ ਜਸਵੀਰ ਸਿੰਘ ਰਾਜਾ ਨੇ ਪਿੰਡ ਫੱਤਾ ਕੁੱਲਾ ਵਿਖੇ ਇਕ ਸਮਾਗਮ ਦੌਰਾਨ ਕੀਤਾ ।ਰਾਜਾ ਨੇ ਪਾਰਟੀ ਦੇ ਸੀਨੀਅਰ ਆਗੂ ਜਸਵੰਤ ਸਿੰਘ ਬਿੱਟੂ ਜਲਾਲਪੁਰ ਦੀ ਪ੍ਰੇਰਨਾ ਸਦਕਾ ਸਾਬਕਾ ਸਰਪੰਚ ਮਨਮੋਹਨ ਸਿੰਘ ਸਾਬਕਾ ਸਰਪੰਚ ਜਸਵੀਰ ਸਿੰਘ ਅਤੇ ਰਣਜੀਤ ਸਿੰਘ ਰਾਣਾ ਦੀ ਅਗਵਾਈ ਵਿੱਚ ਸ਼ਾਮਿਲ ਹੋਏ ਵੱਡੇ ਗਿਣਤੀ ਵਿੱਚ ਪਿੰਡ ਵਾਸੀਆਂ ਦਾ ਪਾਰਟੀ ਵਿੱਚ ਸਵਾਗਤ ਤੇ ਸਨਮਾਨ ਕੀਤਾ। ਰਾਜਾ ਨੇ ਕਿਹਾ ਕਿ ਪੰਜਾਬ ਵਿੱਚ ਹੋਏ ਇਤਿਹਾਸਿਕ ਕਾਰਜਾਂ ਅੱਜ ਪੰਜਾਬ ਦਾ ਹਰੇਕ ਵਰਗ ਸੂਬਾ ਸਰਕਾਰ ਤੋਂ ਪੂਰੀ ਤਰ੍ਹਾਂ ਅਤੇ ਇਹਨਾਂ ਵਿਕਾਸ ਕਾਰਜਾਂ ਦੇ ਕਾਰਨ ਹੀ ਅੱਜ ਵੱਡੀ ਗਿਣਤੀ ਵਿੱਚ ਲੋਕ ਪਾਰਟੀ ਦੇ ਨਾਲ ਮੋਢੇ ਨਾਲ ਮੋਢਾ ਲਾ ਕੇ ਪੰਜਾਬ ਦੇ ਹਿੱਤਾਂ ਦੀ ਰੱਖੀ ਵਾਸਤੇ ਪਾਰਟੀ ਵਿੱਚ ਸ਼ਾਮਿਲ ਹੋ ਰਹੇ ਹਨ।ਇਸ ਮੌਕੇ ਬਲਾਕ ਪ੍ਰਧਾਨ ਕੇਸ਼ਵ ਸਿੰਘ ਸੈਣੀ, ਗੁਰਦੀਪ ਸਿੰਘ ਹੈਪੀ,ਲਖਵਿੰਦਰ ਸਿੰਘ ਸੇਠੀ, ਹਲਕਾ ਪ੍ਰਧਾਨ ਟਾਂਡਾ ਸਰਬਜੀਤ ਸਿੰਘ ਵਿੱਕੀ, ਅਤਵਾਰ ਸਿੰਘ ਪਲਾ ਚੱਕ ਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਤੇ ਇਲਾਕੇ ਦੇ ਲੋਕ ਵੀ ਮੌਜੂਦ ਸਨ।

## ਸੁਖਰਾਜ ਸਿੰਘ ਨੇ ਹੁਸ਼ਿਆਰਪੁਰ ਤੋਂ ਭਾਜਪਾ ਦੇ ਉਮੀਦਵਾਰ ਵੱਲੋਂ ਠੋਕੀ ਦਾਅਵੇਦਾਰੀ

**ਮੋਹਾਲੀ (ਗੁਰਜੀਤ ਬਿੱਲਾ)**- ਸਾਬਕਾ ਆਈ ਪੀ ਐਸ ਅਧਿਕਾਰੀ ਸੁਖਰਾਜ ਸਿੰਘ ਨੇ ਬੀ ਜੇ ਪੀ ਦੇ ਉਮੀਦਵਾਰ ਦੇ ਤੌਰ ਤੇ ਪਾਰਲੀਮੈਂਟ ਰਿਜ਼ਰਵ ਹਲਕਾ ਹੁਸ਼ਿਆਰਪੁਰ ਤੋਂ ਆਪਣੀ ਦਾਅਵੇਦਾਰੀ ਠੋਕੀ ਹੈ। ਅੱਜ ਇਥੇ ਚੋਣਵੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੁਖਰਾਜ ਸਿੰਘ ਨੇ ਕਿਹਾ ਕਿ ਉਹ ਦੋ ਮਹੀਨੇ ਪਹਿਲਾਂ ਭਰਤੀ ਜਨਤਾ ਪਾਰਟੀ ਵਿਚ ਸ਼ਾਮਲ ਹੋਏ ਸਨ। ਸੁਖਰਾਜ ਸਿੰਘ ਨੇ ਦੱਸਿਆ ਕਿ ਉਨ੍ਹਾਂ ਸਰਕਾਰੀ ਕਾਲਜ ਟਾਂਡਾ ਉੜਮੁੜ ਤੋਂ ਬੀ ਏ ਪਾਸ ਕੀਤੀ ਤੇ ਰਾਜਨੀਤੀ ਸ਼ਾਸਤਰ ਸਰਕਾਰੀ ਕਾਲਜ ਹੁਸ਼ਿਆਰਪੁਰ ਤੋਂ ਪਾਸ ਕੀਤੀ। ਉਨ੍ਹਾਂ ਨੂੰ 1984 ਵਿੱਚ ਸਿਲੈਕਸ਼ਨ ਹੋ ਗਈ ਤੇ ਮੱਧ ਪ੍ਰਦੇਸ਼ ਕਾਡਰ ਮਿਲ ਗਿਆ।ਸੁਖਰਾਜ ਸਿੰਘ ਨੇ ਬੜੀ ਦ੍ਰਿੜ੍ਹਤਾ ਨਾਲ ਆਪਣਾ ਦਾਅਵਾ ਪੇਸ਼ ਕਰਦਿਆਂ ਕਿਹਾ ਕਿ ਉਨ੍ਹਾ ਭਾਰਤੀ ਜਨਤਾ ਪਾਰਟੀਆਂ ਦੀਆਂ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਭਾਰਤੀ ਜਨਤਾ ਵਿੱਚ ਸ਼ਮੂਲੀਅਤ ਕੀਤੀ। ਉਨ੍ਹਾਂ ਦੀ ਹਲਕਾ ਹੁਸ਼ਿਆਰਪੁਰ ਦੇ ਸ਼ਹਿਰਾਂ ਅਤੇ ਪਿੰਡਾਂ ਵਿੱਚ ਚੰਗੀ ਪਕੜ ਹੈ। ਉਹ ਹੁਣ ਅਪਣੇ ਜੱਦੀ ਜ਼ਿਲ੍ਹੇ ਦੀ ਸੇਵਾ ਕਰਨੀ ਚਾਹੁੰਦੇ ਹਨ । ਉਨ੍ਹਾਂ ਕਿਹਾ ਕਿ ਜੇਕਰ ਭਾਰਤੀ ਜਨਤਾ ਪਾਰਟੀ ਉਨ੍ਹਾਂ ਨੂੰ ਉਮੀਦਵਾਰ ਬਣਾਉਂਦੀ ਹੈ ਤਾਂ ਉਹ ਇਸ ਦੇ ਚੰਗੇ ਨਤੀਜੇ ਦੇ ਸਕਦੇ ਹਨ। 2019 ਦੀਆਂ ਚੋਣਾਂ ਵਿੱਚ ਹੁਸ਼ਿਆਰਪੁਰ ਤੋਂ ਪਾਰਲੀਮੈਂਟ ਸੀਟ ਬੀ ਜੇ ਪੀ ਦੇ ਸਾਬਕਾ ਮੰਤਰੀ ਸੋਮ ਪ੍ਰਕਾਸ਼ ਜਿੱਤੇ ਸਨ। 2019 ਵਿੱਚ ਭਾਰਤੀ ਜਨਤਾ ਪਾਰਟੀ ਤੇ ਸ਼੍ਰੋਮਣੀ ਅਕਾਲੀ ਦਲ ਦਾ ਆਪਸ ਵਿੱਚ ਸਮਝੌਤਾ ਸੀ ਜੋ ਇਸ ਵਾਰ ਨਹੀਂ ਹੈ। ਇਸ ਹਾਲਕੇ ਤੋਂ ਆਮ ਆਦਮੀ ਪਾਰਟੀ ਵੱਲੋਂ ਕਾਂਗਰਸੀ ਵਿਧਾਇਕ ਤੋਂ ਅਸਤੀਫਾ ਦੇ ਕੇ ਆਪ ਵਿੱਚ ਸ਼ਾਮਲ ਹੋਏ ਰਾਜ ਕੁਮਾਰ ਨੂੰ ਆਪਣਾ ਉਮੀਦਵਾਰ ਬਣਾਇਆ ਗਿਆ ਹੈ।

## ਮੇਹਲੀ ਵਿਖੇ ਕ੍ਰਿਕਟ ਟੂਰਨਾਮੈਂਟ ਦੀ ਸ਼ੁਰੂਆਤ



**ਬੰਗਾ (ਅਵਤਾਰ ਕਲੇਰ)**- ਭਾਰਤੀ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੇ ਜਨਮ ਦਿਨ ਅਤੇ ਸਵਰਗੀ ਪਰਮਿੰਦਰ ਕੁਮਾਰ ਪਿੰਦੂ ਦੀ ਯਾਦ ਨੂੰ ਸਮਰਪਤ ਡਾ. ਬੀ ਆਰ ਅੰਬੇਡਕਰ ਕ੍ਰਿਕਟ ਕਲੱਬ, ਨਗਰ ਨਿਵਾਸੀਆਂ ਅਤੇ ਐਨ ਆਰ ਆਈ ਵੀਰਾਂ ਦੇ ਸਹਿਯੋਗ ਨਾਲ ਸਲਾਨਾ ਟੂਰਨਾਮੈਂਟ ਪਿੰਡ ਮੇਹਲੀ ਵਿਖੇ ਕਰਵਾਇਆ ਜਾ ਰਿਹਾ ਹੈ। ਇਸ ਟੂਰਨਾਮੈਂਟ ਦਾ ਉਦਘਾਟਨ ਪਵਨ ਕੁਮਾਰ ਐਮ ਸੀ ਫਗਵਾੜਾ, ਸੀਤਲ ਰਾਮ ਫਗਵਾੜਾ, ਪੀਟਾ ਕੁਲਥਮ, ਮਹਿੰਦਰ ਸਿੰਘ ਜੱਸੋਮਜਾਰਾ ਨੇ ਸਾਂਝੇ ਤੌਰ 'ਤੇ ਕੀਤਾ। ਇਹ ਟੂਰਨਾਮੈਂਟ ਲਾਖਾ ਪਰਵਾਰ ਇਟਲੀ, ਬਲਜੀਤ ਸਿੰਘ ਯੂ ਕੇ, ਪਾਲਾ ਜੌਹਲ ਇੰਦਣਾਂ, ਪਿਰਥੀ ਸਿੰਘ ਯੂ ਐਸ ਏ, ਸੰਦੀਪ ਅਸਟ੍ਰੇਲੀਆ, ਬੱਲੀ ਦੋਸਾਂਝ, ਮੈਂਟੂ, ਕਮਲਜੀਤ ਸਿੰਘ ਮੇਹਲੀ, ਗੁਰਵਿੰਦਰ ਸਿੰਘ ਜੱਸੋਮਜਾਰਾ, ਬਹਾਦਰ ਯੂ ਕੇ, ਪ੍ਰਿੰਸੀਪਲ ਰਾਜ ਕੁਮਾਰ ਅਤੇ ਕ੍ਰਿਕਟ ਕਲੱਬ ਜੰਡਿਆਲੀ ਦਾ ਵਿਸ਼ੇਸ਼ ਸਹਿਯੋਗ ਹੈ। ਉਦਘਾਟਨੀ ਮੈਚ ਮਜਾਰੀ ਅਤੇ ਬੁਰਜ ਕੰਧਾਰੀ ਵਿਚਕਾਰ ਖੇਡਿਆ ਗਿਆ ਜਿਸ ਵਿੱਚ ਬੁਰਜ ਕੰਧਾਰੀ ਦੀ ਟੀਮ ਜੇਤੂ ਰਹੀ। ਇਸ ਮੌਕੇ ਲਖਵੀਰ ਉਰਫ ਮਾਹੂ, ਅਮਰਜੀਤ ਬੱਬੀ, ਠੇਕੇਦਾਰ ਦਰਸ਼ਨ ਰਾਮ, ਬਲਵਿੰਦਰ ਕੁਮਾਰ, ਰਿੰਕੂ ਠੇਕੇਦਾਰ, ਮਨਜੀਤ ਲੱਡੂ, ਅਜੇ, ਵਿੱਕੀ, ਦੀਪਾ, ਬਿੱਲਾ, ਕਾਕਾ, ਤਾਰੀ, ਹਰਜਿੰਦਰ ਜੰਡਿਆਲੀ ਸੰਮਤੀ ਮੈਂਬਰ, ਲਖਵੀਰ ਪੰਚ, ਭਵਨੀਤ, ਜਸਵਿੰਦਰ ਬਾਡਰ, ਲੇਖ ਰਾਜ ਸੋਨੂੰ, ਚੌਂਕੀਦਾਰ ਹੰਸ ਰਾਜ ਆਦਿ ਹਾਜ਼ਰ ਸਨ।

## ਮੀਟਿੰਗ ਦੌਰਾਨ ਪੈਨਸ਼ਨਰਾਂ ਨੇ ਸਰਕਾਰ ਪ੍ਰਤੀ ਕੀਤਾ ਸਖ਼ਤ ਰੋਸ ਪ੍ਰਗਟ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਪੰਜਾਬ ਪੈਨਸ਼ਨਰਜ਼ ਯੂਨੀਅਨ ਹੁਸ਼ਿਆਰਪੁਰ ਦੀ ਮਹੀਨਾਵਾਰ ਮੀਟਿੰਗ ਦਫਤਰ ਬੈਂਕ ਕਲੋਨੀ ਹੁਸ਼ਿਆਰਪੁਰ ਵਿਖੇ ਕੁਲਦੀਪ ਸਿੰਘ ਸੈਣੀ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੀ ਸ਼ੁਰੂਆਤ ਵਿੱਚ ਜਥੇਬੰਦੀ ਦੇ ਚੇਅਰਮੈਨ ਚਰਨ ਸਿੰਘ ਦੇ ਭਰਾ ਸਤਨਾਮ ਸਿੰਘ ਜੱਲੋਵਾਲ ਦੀ ਸੜਕ ਹਾਦਸੇ ਵਿੱਚ ਹੋਈ ਮੌਤ 'ਤੇ ਸ਼ੋਕ ਮਤਾ ਪਾਸ ਕੀਤਾ ਗਿਆ ਅਤੇ ਵਿਛੜੀ ਆਤਮਾ ਦੀ ਸ਼ਾਂਤੀ ਲਈ ਅਤੇ ਪਰਵਾਰ ਨੂੰ ਭਾਣਾ ਮੰਨਣ ਦੀ ਪਰਮਾਤਮਾ ਅੱਗੇ ਅਰਦਾਸ ਕੀਤੀ ਗਈ। ਇਸ ਉਪਰੰਤ ਯੂਨੀਅਨ ਆਗੂ ਓਂਕਾਰ ਸਿੰਘ ਪ੍ਰਧਾਨ, ਅਮਰੀਕ ਸਿੰਘ ਜਨਰਲ ਸਕੱਤਰ ਅਤੇ ਬਿੱਕਰ ਸਿੰਘ ਨੇ ਪੰਜਾਬ ਸਰਕਾਰ ਪ੍ਰਤੀ ਰੋਸ ਪ੍ਰਗਟ ਕਰਦਿਆਂ ਕਿਹਾ ਕਿ ਇਸ ਸਰਕਾਰ ਨੇ ਆਪਣੇ ਦੋ ਸਾਲਾਂ ਦੇ ਕਾਰਜਕਾਲ ਦੌਰਾਨ ਕੋਈ ਵੀ ਮੁਲਾਜ਼ਮਾਂ/ਪੈਨਸ਼ਨਰਾਂ ਦੀਆਂ ਮੰਗਾਂ ਪੂਰੀਆਂ ਨਹੀਂ ਕੀਤੀਆਂ, ਜਦੋਂ ਕਿ 2022 ਦੀਆਂ ਚੋਣਾਂ ਵਿੱਚ ਮੁਲਾਜ਼ਮਾਂ/ ਪੈਨਸ਼ਨਰਾਂ ਨੇ ਵੱਧ ਤੋਂ ਵੱਧ ਵੋਟਾਂ ਪਾ ਕੇ ਇਸ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਈ ਸੀ ਪਰ ਇਹ ਸਰਕਾਰ ਵੀ ਮੁਲਾਜ਼ਮ/ਪੈਨਸ਼ਨਰ ਵਿਰੋਧੀ ਹੀ ਸਾਬਤ ਹੋਈ ਹੈ। ਯੂਨੀਅਨ ਆਗੂਆਂ ਨੇ ਕਿਹਾ ਕਿ ਮੁਲਾਜ਼ਮਾਂ /ਪੈਨਸ਼ਨਰਾਂ ਦੀਆਂ ਪਹਿਲੀਆਂ ਪੈਂਡਿੰਗ ਮੰਗਾਂ 'ਤੇ ਕੋਈ ਚੋਣ ਜ਼ਾਬਤਾ ਲਾਗੂ ਨਹੀਂ ਹੁੰਦਾ। ਜੇਕਰ ਸਰਕਾਰ ਦੀ ਨੀਅਤ ਸਾਫ ਹੋਵੇ ਤਾਂ ਉਹ ਚੋਣ ਕਮਿਸ਼ਨ ਤੋਂ ਮਨਜ਼ੂਰੀ ਲੈ ਕੇ ਮੰਗਾਂ ਜਿਵੇਂ ਕਿ ਪੇ ਕਮਿਸ਼ਨ ਦਾ ਬਕਾਇਆ, ਪੈਨਸ਼ਨਰਾਂ ਦਾ 2.59 ਗੁਣਾਕ, ਡੀ ਏ ਦੀਆਂ ਰਹਿੰਦੀਆਂ ਕਿਸ਼ਤਾਂ, ਪੁਰਾਣੀ ਪੈਨਸ਼ਨ ਆਦਿ ਮੰਨਣ ਦਾ ਐਲਾਨ ਕਰੇ ਨਹੀਂ ਤਾਂ ਕਰਮਚਾਰੀ/ ਪੈਨਸ਼ਨਰ ਲੋਕ ਸਭਾ ਚੋਣਾਂ ਵਿੱਚ ਸਰਕਾਰ ਨਾਲ ਹਿਸਾਬ ਕਿਤਾਬ ਬਰਾਬਰ ਕਰਨਗੇ। ਉਪਰੋਕਤ ਤੋਂ ਇਲਾਵਾ ਮੀਟਿੰਗ ਵਿੱਚ ਤੀਰਥ ਸਿੰਘ, ਸੁਰਜੀਤ ਸਿੰਘ, ਸੁਰਿੰਦਰ ਸਿੰਘ ਸੈਣੀ, ਮਹਿੰਦਰ ਸਿੰਘ, ਨੱਥੂ ਰਾਮ, ਦਵਿੰਦਰ ਸਿੰਘ, ਓਂਕਾਰ ਸਿੰਘ, ਬਲਵੀਰ ਸਿੰਘ, ਅਰਜਨ ਸਿੰਘ, ਗੁਰਦੇਵ ਸਿੰਘ ਆਦਿ ਹਾਜ਼ਰ ਸਨ।

15-APR-PAGE-9.qxd 4/14/2024 10:37 PM Page 1



# ਵੱਡੇ ਮਾਲ ਕੈਰੀ ਬੈਗ ਦੇ ਨਾਂਅ 'ਤੇ ਖਪਤਕਾਰਾਂ ਦੀ ਕਰ ਰਹੇ ਨੇ ਅੰਨ੍ਹੀ ਲੁੱਟ : ਧੀਮਾਨ

**ਮੇਹਟੀਆਣਾ( ਜਗਤਾਰ ਸਿੰਘ ਭੁੰਗਰਨੀ)**—ਸ਼ਹਿਰਾਂ ਅਤੇ ਪਿੰਡਾਂ ਦੇ ਨਜ਼ਦੀਕ ਖੁੱਲ੍ਹ ਰਹੇ ਵੱਡੇ ਮਾਲ ਕੈਰੀ ਬੈਗ ਦੇ ਨਾਂਅ ਉਤੇ ਖਪਤਕਾਰਾਂ ਦੀ ਅੰਨੀ ਲੁੱਟ ਕਰ ਰਹੇ ਹਨ ਤੇ ਇਸ ਸਬੰਧ ਵਿਚ ਭਾਰਤ ਸਰਕਾਰ ਅਤੇ ਪ੍ਰਦੇਸ਼ ਸਰਕਾਰਾਂ ਦਾ ਖਪਤਕਾਰ ਮੰਤਰਾਲੇ ਜਾਣਬੁਝ ਕੇ ਖਪਤਕਾਰਾਂ ਦੇ ਸੰਵਿਧਾਨਕ ਹੱਕਾਂ ਨੂੰ ਸੁੱਰਖਿਅਤ ਕਰਨ ਵਿਚ ਨਾਕਾਮ ਹੋ ਰਹੇ ਹਨ।ਇਸ ਸਬੰਧ ਵਿਚ ਲੇਬਰ ਪਾਰਟੀ ਦੇ ਪ੍ਰਧਾਨ ਜੈ ਗੋਪਾਲ ਧੀਮਾਨ ਨੇ ਮਾਹਿਲਪੁਰ ਵਿਚ ਚਲ ਰਹੇ ਇਕ ਫੂਡ ਸਟੋਰ ਅਧਾਰ ਵਲੋਂ ਕੈਰੀ ਬੈਗ ਦੇ ਖਪਤਕਾਰਾਂ ਤੋਂ ਪੈਸੇ ਚਾਰਜ ਕਰਨ ਨੂੰ ਲੈ ਕੇ ਮਿਤੀ 01 ਅਕਤੂਬਰ 2022 ਨੂੰ ਮਾਨਯੋਗ ਜ਼ਿਲ੍ਹਾ ਖਪਤਕਾਰ ਝਗੜਾ ਨਿਵਾਰਨ ਕਮਿਸ਼ਨ ਵਿਚ ਸ਼ਕਾਇਤ (ਸੀਸੀਨੰਬਰ 503 ਆਫ 2022) ਦਰਜ ਕਰਵਾਈ ਤੇ ਸ਼ਕਾਇਤ ਦਾ ਪੂਰੀ ਤਨਦੇਹੀ ਨਾਲ ਪਿੱਛਾ ਕੀਤਾ ਤੇ ਮਾਨਯੋਗ ਕਮਿਸ਼ਨ ਨੇ ਕੰਜਿਊਮਰ ਪ੍ਰੋਟੈਕਸ਼ਨ ਐਕਟ 2019 ਦੇ ਤਹਿਤ ਸੰਵਿਧਾਨਕ ਹੱਕਾਂ ਦੀ ਸੁੱਰਖਿਅਤਾ ਸਬੰਧੀ ਫੈਸਲੇ ਦਿੱਤਾ। ਕੈਰੀ ਬੈਗ ਮੁਫ਼ਤ ਵਿਚ ਮੁਹੱਈਆ ਕਰਵਾਉਣ ਦੇ ਹੁਕਮ ਜਾਰੀ ਵੀ ਕੀਤੇ।ਧੀਮਾਨ ਨੇ ਦਸਿਆ ਕਿ ਵੱਡੇ ਵੱਡੇ ਸਟੋਰਾਂ ਦਾ ਖੁੱਲਣਾ ਸ਼ਲਾਘਾਯੋਗ ਕੰਮ ਹੈ।ਪਰ ਇਹ ਵੀ ਨਹੀਂ ਹੋਣਾ ਚਾਹੀਦਾ ਕਿ ਖਪਤਕਾਰਾਂ ਦੇ ਅਧਿਕਾਰਾਂ ਨੂੰ ਛਿੱਕੇ ਟੰਗ ਕੇ ਕੈਰੀ ਬੈਗ ਦੇ ਨਾਂਅ ਉਤੇ ਲੋਕਾਂ ਦੀ ਅੰਨੀ ਲੁੱਟ ਕੀਤੀ ਜਾਵੇ।ਉਨ੍ਹਾਂ ਦਸਿਆ ਕਿ ਮਾਹਿਲਪੁਰ ਫਗਵਾੜਾ ਰੋਡ ਉਤੇ ਖੁਲ੍ਹੇ ਅਧਾਰ ਸਟੋਰ ਵਿਚੋਂ ਮਿਤੀ 26 ਸਤੰਬਰ 2022 ਨੂੰ ਕੇਸ਼ ਮੀਮੋ ਨੰਬਰ 19877 ਤਹਿਤ 1698 ਰੁ: ਦਾ ਸਮਾਨ ਖ੍ਰੀਦਿਆ ਤੇ ਉਨ੍ਹਾਂ ਖ੍ਰੀਦੇ ਗਏ ਸਮਾਨ ਪਾਉਣ ਲਈ ਕੈਰੀ ਬੈਗ ਦੇਣ ਉਤੇ 5 ਰੁ: ਲਏ।ਧੀਮਾਨ ਨੇ ਕੈਰੀ ਬੈੱਗ ਦੇ ਬਿੱਲ ਸਮੇਤ ਮਾਨਯੋਗ ਜ਼ਿਲਾ ਖਪਤਕਾਰ ਝਗੜਾ ਨਿਵਾਰਨ ਕਮਿਸ਼ਨ ਵਿਚ ਐਡਵੋਕੇਟ ਸ਼੍ਰੀ ਮਨੋਜ ਕੁਮਾਰ ਅਤੇ ਐਡਵੋਕੇਟ ਸ਼੍ਰੀ ਅਜਮੇਰ ਜੀ ਦੀ ਸਹਾਇਤਾ ਨਾਲ ਕਮਿਸ਼ਨ ਵਿਚ ਅਰਜੀ ਦਾਖਲ ਕੀਤੀ।ਕੇਸ ਦੀ ਸੁਣਵਾਈ ਕਰਦਿਆਂ ਮਾਨਯੋਗ ਕਮਿਸ਼ਨ ਨੇ ਮਿਤੀ 20 ਮਾਰਚ 2024 ਨੂੰ ਅਪਣੇ ਫੈਸਲੇ ਵਿਚ ਕੈਰੀ ਬੈਗ ਖਪਤਕਾਰਾਂ ਨੂੰ ਮੁਫ਼ਤ ਵਿਚ ਦੇਣ ਦੇ ਅਪਣੇ ਮਾਨਯੋਗ ਹੁਕਮ ਸੁਣਾਦਿਆਂ ਇਹ ਵੀ ਕਿਹਾ ਕਿ ਖਪਤਕਾਰ (ਜ਼ੈ ਗੋਪਾਲ ਧੀਮਾਨ) ਨੂੰ 2500 ਰੁ: ਸਰੀਰਕ ਤੇ ਮਾਨਸਿਕ ਪ੍ਰਸ਼ਾਨੀ ਅਤੇ 2000 ਰੁ: ਕਾਨੂੰਨੀ ਪ੍ਰੀਕ੍ਰਿਆ ਦੇ ਖਰਚੇ ਦਾ ਫੈਸਲਾ ਦਿਤਾ ਅਤੇ ਲਿਖਿਆ ਕਿ 45 ਦਿਨਾਂ ਵਿਚ ਦਿਤਾ ਜਾਵੇ ਨਹੀਂ ਤਾਂ ਪ੍ਰਤੀ ਮਹੀਨਾ 9 ਪ੍ਰਤੀਸ਼ਤ ਵਿਆਜ ਸਮੇਤ ਸਾਰੇ ਅਵਾਰਡ ਉਤੇ ਕੇਸ ਸ਼ੁਰੂ ਹੋਣ ਦੀ ਮਿਤੀ ਤੋਂ ਲੈ ਕੇ ਵਿਆਜ ਦੇਣ ਲਈ ਵੀ ਪਾਬੰਦ ਕੀਤਾ। ਧੀਮਾਨ ਨੇ ਦਸਿਆ ਕਿ ਖਪਤਕਾਰ ਨੂੰ ਕੈਰੀ ਬੈਗ ਨਾ ਦੇ ਕੇ ਖਪਤਕਾਰਾਂ ਦਾ ਵੱਡੇ ਸਟੋਰਾਂ ਵਾਲੇ ਨਿਰਾਦਰ ਕਰ ਰਹੇ ਹਨ।ਇਹ ਸਾਰੇ ਕੰਮ ਲੋਕਾਂ ਦੇ ਸਹਿਯੋਗ ਨਾਲ ਚਲਦੇ ਹਨ।ਇਹ ਆਰਥਿਕਤਾ ਨੂੰ ਮਜਬੂਤ ਕਰਨ ਦੀਆਂ ਨੀਤੀਆਂ ਹਨ।ਪਰ ਇਹ ਵੀ ਨਹੀਂ ਕੀਤਾ ਜਾਣਾ ਚਾਹੀਦਾ ਕਿ ਜਿਨ੍ਹਾਂ ਖਪਤਕਾਰਾਂ ਦੀ ਸਹਾਇਤਾ ਨਾਲ ਇਹ ਕੰਮ ਚਲਦੇ ਹਨ ਉਨ੍ਹਾਂ ਨੂ ਹੀ ਲੁੱਟ ਦਾ ਸ਼ਿਕਾਰ ਬਣਾਇਆ ਜਾਵੇ।ਜਦੋਂ ਜਿਹੜਾ ਸਟੋਰਾਂ ਵਿਚ ਸਮਾਨ ਵਿਕਰੀ ਹੋਣ ਲਈ ਆਉਂਦਾ ਹੈ, ਕੰਪਨੀਆਂ ਫੂਡ ਸੇਫਟੀ ਨਿਯਮਾਂ ਦੇ ਤਹਿਤ ਫੂਡ ਪੈਕਿਟ ਉਤੇ ਹਰ ਵਾਰਨਿੰਗ ਨੂੰ ਪ੍ਰਿੰਟ ਕਰਦੇ ਹਨ।ਪਰ ਅੱਗੇ ਉਸ ਨੂੰ ਵਿਕਰੀ ਕਰਨ ਵਾਲੇ ਕੈਰੀ ਬੈਗ ਦੇ ਨਾਮ ਉਤੇ ਖਪਤਕਾਰਾਂ ਦੀ ਲੁੱਟ ਕਰਨ ਵਿਚ ਰੁੱਝੇ ਹੋਏ ਹਨ।ਧੀਮਾਨ ਨੇ ਕਿਹਾ ਕਿ ਅਸਲ ਵਿਚ ਪੰਜਾਬ ਸਰਕਾਰ ਦਾ ਖਪਤਕਾਰ ਮੰਤਰਾਲਾ ਅਤੇ ਉਸ ਦੇ ਭ੍ਰਿਸ਼ਟਚਾਰ ਨਾਲ ਲੱਕ ਪੱਥ ਅਧਿਕਾਰੀ ਸਭ ਕੁਝ ਜਾਣਦੇ ਹੋਏ ਅਪਣੀਆਂ ਸੰਵਿਧਾਨਕ ਡਿਊਟੀਆਂ ਨੂੰ ਅਣਗੋਲਿਆਂ ਕਰਕੇ ਖਪਤਕਾਰਾਂ ਦੀ ਲੁੱਟ ਦਾ ਹਿੱਸਾ ਬਣ ਰਹੇ ਹਨ।ਧੀਮਾਨ ਨੇ ਖਪਤਕਾਰਾਂ ਨੂੰ ਅਪੀਲ ਕੀਤੀ ਕਿ ਉਹ ਅਪਣੇ ਦੇਸ਼ ਵਿਚ ਨਿਡਰ ਹੋ ਕੇ ਸੰਵਿਧਾਨਕ ਹੱਕਾਂ ਦੀ ਪ੍ਰਾਪਤੀ ਲਈ ਜਾਗਰੂਕ ਹੋਣ।ਉਨ੍ਹਾਂ ਇਹ ਵੀ ਕਿਹਾ ਕਿ ਜਿਹੜੇ ਹੋਰ ਸਟੋਰ ਸ਼ਹਿਰ ਅੰਦਰ ਕੈਰੀ ਬੈਗ ਦੇ ਖਪਤਕਾਰਾਂ ਤੋਂ ਪੈਸੇ ਲੈਂਦੇ ਹਨ, ਉਨ੍ਹਾਂ ਸਾਰਿਆਂ ਦੇ ਵਿਰੁਧ ਮਾਨਯੋਗ ਕਮਿਸ਼ਨ ਵਿਚ ਕੇਸ ਦਾਇਰ ਕੀਤਾ ਜਾਵੇਗਾ ਤਾਂ ਕਿ ਮੁਫ਼ਤ ਕੈਰੀ ਬੈਗ ਦੀ ਸਾਰੇ ਖਪਤਕਾਰਾਂ ਨੂੰ ਸਹੂਲਤ ਮਿਲ ਸਕੇ।

# ਆਲ ਇੰਡੀਆ ਗ੍ਰਾਮੀਣ ਡਾਕ ਸੇਵਕ ਯੂਨੀਅਨ ਦੀ ਹੋਈ ਚੋਣ



**ਸ੍ਰੀ ਆਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**-ਇਥੇ ਆਲ ਇੰਡੀਆ ਗ੍ਰਾਮੀਣ ਡਾਕ ਸੇਵਕ ਯੂਨੀਅਨ ਦੀ ਮੀਟਿੰਗ ਪਿੰਡ ਢੇਰ ਨੇੜੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਈ। ਜਿਸ ਵਿੱਚ ਯੂਨੀਅਨ ਦੇ ਮੈਂਬਰਾਂ ਦੀ ਨਿਯੁਕਤੀ ਕੀਤੀ ਗਈ। ਇਹ ਮੀਟਿੰਗ ਜਗਤਾਰ ਸਿੰਘ ਸਰਕਲ ਸੈਕਟਰੀ ਦੀ ਦੇਖ ਰੇਖ ਵਿੱਚ ਹੋਈ। ਇਸ ਮੀਟਿੰਗ ਵਿੱਚ ਸਰਕਲ ਦੀ ਚੋਣ ਕੀਤੀ ਗਈ,ਜਿਸ ਵਿੱਚ ਸਰਬਸੰਮਤੀ ਨਾਲ ਗੁਰਮੀਤ ਸਿੰਘ ਕਾਨਪੁਰ ਖੂਹੀ ਨੂੰ ਪ੍ਰਧਾਨ,ਬਲਵੀਰ ਚੰਦ ਭਨੂਪਲੀ ਨੂੰ ਉੱਪ ਪ੍ਰਧਾਨ,ਮਨਦੀਪ ਸਿੰਘ ਮੁਕਾਰੀ,ਲਵਪ੍ਰੀਤ ਸਿੰਘ ਸਰਸਾ ਨੰਗਲ ਮੈਂਬਰ,ਜੱਗ ਦੱਤ ਸ਼ਰਮਾ ਨੰਗਲ ਨੂੰ ਡਿਵੀਜ਼ਨ ਸੈਕਟਰੀ,ਨਰਿੰਦਰ ਕੁਮਾਰ ਸੈਣੀ ਬੀ ਓ ਚਨੌਲੀ ਐਸ ਓ ਨੂਰਪੁਰ ਬੇਦੀ ਨੂੰ ਉੱਪ ਡਿਵੀਜ਼ਨ ਸੈਕਟਰੀ, ਦਿਵਿਆ ਵਾਸਤਵ ਐਸ ਓ ਲਾਂਡਰਾਂ,ਗੁਰਦਰਸ਼ਨ ਕੁਮਾਰ ਢੇਰ ਅਤੇ ਖੁਸ਼ਪਾਲ ਸਿੰਘ ਰਾਣਾ,ਅਗੰਮਪੁਰ,ਕੈਸ਼ੀਅਰ ਪ੍ਰਦੀਪ ਕੁਮਾਰ ਰੋਲੀ ਝਿੰਜੜੀ ਅਤੇ ਸ਼ਿਵ ਕੁਮਾਰ ਭਨਾਮ ਤੋਂ ਇਲਾਵਾ ਤਾਨੀਆ , ਗੁਰਨਾਮ ਸਿੰਘ, ਮਨਪ੍ਰੀਤ ਕੌਰ ਅਤੇ ਖਰੈਤੀ ਲਾਲ ਮੈਂਬਰ ਨਿਯੁਕਤ ਕੀਤੇ ਗਏ। ਮੀਟਿੰਗ ਸ਼ੁਰੂ ਹੋਣ ਤੋਂ ਪਹਿਲਾਂ ਸ਼ੁਰੂ ਹੋਣ ਤੋਂ ਪਹਿਲਾ ਯੂਨੀਅਨ ਦੇ ਪ੍ਰਧਾਨ ਰਾਮ ਲਾਲ ਅਰੋੜਾ ਨੂੰ 2 ਮਿੰਟ ਦਾ ਮੌਨ ਧਾਰਨ ਕਰਕੇ ਸ਼ਰਧਾਂਜਲੀ ਦਿੱਤੀ ਗਈ।

# ਗੁਰਦੁਆਰਾ ਸੋਮਾਸਰ ਸਾਹਿਬ 'ਚ ਬਣੀ ਨਵੀਂ ਇਮਾਰਤ ਦੇ ਉਦਘਾਟਨ ਸੰਬੰਧੀ ਸਮਾਗਮ





**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**-ਗੁਰਦੁਆਰਾ ਸੋਮਾਸਰ ਸਾਹਿਬ ਪਾਤਸ਼ਾਹੀ 10ਵੀਂ ਪਿੰਡ ਟਿੱਬਾ 'ਚ ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ ਜਿੱਥੇ ਗੁਰੂ ਸਾਹਿਬ ਜੀ ਨੇ ਤੀਰ ਦੀ ਨੋਕ ਨਾਲ ਸੋਮਾ ਪ੍ਰਗਟ ਕੀਤਾ, ਉਸ ਪਵਿੱਤਰ ਅਸਥਾਨ ਵਿਖੇ ਸੰਤ ਬਾਬਾ ਨਰਿੰਦਰ ਸਿੰਘ-ਸੰਤ ਬਾਬਾ ਬਲਵਿੰਦਰ ਸਿੰਘ ਸ੍ਰੀ ਹਜ਼ੂਰ ਸਾਹਿਬ ਵਾਲਿਆਂ ਦੀ ਸਰਪ੍ਰਸਤੀ ਅਤੇ ਜਥੇਦਾਰ ਬਾਬਾ ਮੇਜਰ ਸਿੰਘ ਕਾਰ ਸੇਵਾ ਸ੍ਰੀ ਹਜ਼ੂਰ ਸਾਹਿਬ ਵਾਲਿਆਂ ਦੀ ਦੇਖ ਰੇਖ ਹੇਠ ਬਣੀ ਸੁੰਦਰ ਇਮਾਰਤ ਦੇ ਸ਼ੁੱਭ ਉਦਘਾਟਨ ਸਬੰਧੀ ਧਾਰਮਿਕ ਸਮਾਗਮ ਕਰਵਾਇਆ ਗਿਆ। ਨਵੀਂ ਬਣੀ ਉਕਤ ਇਤਿਹਾਸਕ ਅਸਥਾਨ ਦੀ ਸੁੰਦਰ ਇਮਾਰਤ ਵਿੱਚ ਦਰਬਾਰ ਸਾਹਿਬ ਸੋਮਾਸਰ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਲਿਆਕੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਗਏ। ਜੈਕਾਰਿਆਂ ਦੀ ਗੂੰਜ ਵਿੱਚ ਤੇ ਫੁੱਲਾਂ ਦੀ ਵਰਖਾ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਲਿਆਉਣ ਦੀ ਸੇਵਾ ਸੰਤ ਬਾਬਾ ਨਰਿੰਦਰ ਸਿੰਘ ਸ੍ਰੀ ਹਜ਼ੂਰ ਸਾਹਿਬ ਵਾਲਿਆਂ ਤੇ ਚੌਰ ਸਾਹਿਬ ਦੀ ਸੇਵਾ ਬਾਬਾ ਗੁਰਦੇਵ ਸਿੰਘ ਸ਼ਹੀਦੀ ਬਾਗ ਵਾਲਿਆਂ ਨੇ ਨਿਭਾਈ। ਸੰਤ ਬਾਬਾ ਨਰਿੰਦਰ ਸਿੰਘ ਸ੍ਰੀ ਹਜ਼ੂਰ ਸਾਹਿਬ, ਬਾਬਾ ਗੁਰਦੇਵ ਸਿੰਘ ਸ਼ਹੀਦੀ ਬਾਗ ਵਾਲੇ, ਰਾਗੀ-ਢਾਡੀ ਤੇ ਹੋਰ ਸੰਤ-ਮਹਾਂਪੁਰਸ਼ਾਂ ਨੇ ਆਈਆਂ ਸੰਗਤਾਂ ਨੂੰ ਗੁਰਬਾਣੀ ਕਥਾ ਕੀਰਤਨ, ਗੁਰਮਤਿ ਵਿਚਾਰਾਂ ਤੇ ਢਾਡੀ ਵਾਰਾਂ ਰਾਹੀਂ ਨਿਹਾਲ ਕੀਤਾ। ਜਿਥੇ ਮੰਚ ਸੰਚਾਲਨ ਦੀ ਸੇਵਾ ਸਵਰਨ ਸਿੰਘ ਬਹੇੜਾ ਨੇ ਬਾਖੂਬੀ ਨਿਭਾਈ ਉੱਥੇ ਆਈਆਂ ਸੰਗਤਾਂ ਦਾ ਧੰਨਵਾਦ ਤੇ ਆਈਆਂ ਪ੍ਰਮੁੱਖ ਸਖਸ਼ੀਅਤਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਸੰਤ ਬਾਬਾ ਨਰਿੰਦਰ ਸਿੰਘ ਸ੍ਰੀ ਹਜ਼ੂਰ ਸਾਹਿਬ ਵਾਲਿਆਂ ਨੇ ਕੀਤਾ। ਇਸ ਮੌਕੇ ਸੰਤ ਬਾਬਾ ਅਮੀਰ ਸਿੰਘ ਜਵੱਦੀ, ਬਾਬਾ ਗੁਰਦੇਵ ਸਿੰਘ ਬਨੂੜ, ਬਾਬਾ ਮੰਗਾ ਸਿੰਘ ਧਰਮਕੋਟ, ਬਾਬਾ ਹਰਜਿੰਦਰ ਸਿੰਘ ਸਪਰੋੜ, ਬਾਬਾ ਕਰਨੈਲ ਸਿੰਘ ਮੋਗਾ, ਬਾਬਾ ਦਲੇਰ ਸਿੰਘ, ਬਾਬਾ ਕਸ਼ਮੀਰ ਸਿੰਘ ਦੁਸਾਂਝ, ਬਾਬਾ ਜਰਨੈਲ ਸਿੰਘ ਨਡਾਲੋਂ, ਭਾਈ ਅਕਾਸ਼ਦੀਪ ਸਿੰਘ ਬਾਸਰਕੇ, ਲਖਵਿੰਦਰ ਸਿੰਘ ਨਡਾਲੋਂ, ਭਾਈ ਰਣਜੋਧ ਸਿੰਘ ਨਡਾਲੋਂ, ਅਮਰਜੀਤ ਸਿੰਘ ਰਾਜਾ ਜਾਂਗਲੀਆਣਾ, ਬਾਬਾ ਕੁਲਦੀਪ ਸਿੰਘ ਭੰਗਾਲਾ, ਰੁਪਿੰਦਰ ਸਿੰਘ ਸ਼ਾਮਪੁਰਾ, ਬਾਬਾ ਸੋਨੂੰ ਸਿੰਘ ਬਹਿਲਾ, ਸਾਹਿਬ ਸਿੰਘ ਹਰਿਆਣਾ, ਗੁਰਪਾਲ ਸਿੰਘ ਸ੍ਰੀ ਹਜ਼ੂਰ ਸਾਹਿਬ, ਜਥੇਦਾਰ ਬਾਬਾ ਗੁਰਪ੍ਰੀਤ ਸਿੰਘ ਖਡੂਰ ਸਾਹਿਬ, ਜਥੇਦਾਰ ਨਿਹਾਲ ਸਿੰਘ ਦਲ ਬਾਬਾ ਬਿਧੀਚੰਦ, ਲਖਵਿੰਦਰ ਸਿੰਘ ਕਾਦੀਆਂ, ਮਨਦੀਪ ਸਿੰਘ ਭੂਰਾ ਆਦਿ ਹਾਜ਼ਰ ਸਨ।

# 10ਵਾਂ ਡਾ. ਅੰਬੇਡਕਰ ਸਮਾਜਿਕ ਜਾਗਰੂਕਤਾ ਸੰਮੇਲਨ ਤੇ ਨਾਟਕ ਮੇਲਾ ਸੰਪੰਨ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**—ਡਾ. ਬੀ. ਆਰ. ਅੰਬੇਡਕਰ ਸੋਸ਼ਲ ਅਵੇਅਰਨੈੱਸ ਅਤੇ ਐਜੂਕੇਸ਼ਨ ਮਿਸ਼ਨ ਪੰਜਾਬ ਵਲੋਂ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਸਾਹਿਬ ਦੇ ਜਨਮਦਿਨ ਨੂੰ ਸਮਰਪਿਤ 10ਵਾਂ ਡਾ. ਅੰਬੇਡਕਰ ਸਮਾਜਿਕ ਜਾਗਰੂਕਤਾ ਸੰਮੇਲਨ ਅਤੇ ਇਨਕਲਾਬੀ ਨਾਟਕ ਮੇਲਾ ਬਰਾਬਰੀ ਆਧਾਰਿਤ ਸਮਾਜ ਦੀ ਸਿਰਜਣਾ ਦਾ ਹੋਕਾ ਦਿੰਦਾ ਸਫਲਤਾਪੂਰਵਕ ਸੰਪੰਨ ਹੋ ਗਿਆ। ਮਿਸ਼ਨ ਦੇ ਕਨਵੀਨਰ ਇੰਦਰ ਸੁਖਦੀਪ ਸਿੰਘ ਓਢਰਾ, ਮਨਜੀਤ ਸਿੰਘ ਦਸੂਹਾ, ਵਰਿੰਦਰ ਸੈਣੀ, ਨਿਰਮਲ ਸਿੰਘ ਨਿਹਾਲਪੁਰ, ਸੰਦੀਪ ਕੁਲਾਰ, ਮਨਜੀਤ ਸਿੰਘ ਮੋਰੀਆਂ, ਹਰਜਿੰਦਰ ਸਿੰਘ ਸੋਨੂੰ ਅਤੇ ਅਜੇ ਨਈਅਰ ਆਦਿ ਆਗੂਆਂ ਦੀ ਅਗਵਾਈ ਹੇਠ ਸ਼੍ਰੀ ਗੁਰੂ ਰਵਿਦਾਸ ਭਵਨ ਦਸੂਹਾ ਵਿਖੇ ਹੋਏ ਇਸ ਸੰਮੇਲਨ ਅਤੇ ਨਾਟਕ ਮੇਲੇ ਵਿੱਚ ਮਾਨਵਤਾ ਕਲਾ ਮੰਚ ਪਿੰਡ ਨ.ਗਰ ਦੇ ਕਲਾਕਾਰਾਂ ਦੁਆਰਾ ਨਿਰਦੇਸ਼ਕ ਜਸਵਿੰਦਰ ਪੱਪੀ ਦੀ ਨਿਰਦੇਸ਼ਨਾ ਹੇਠ ਡਾ. ਅੰਬੇਦਕਰ ਸਾਹਿਬ ਦੇ ਜੀਵਨ ਫਲਸਫ਼ੇ ਅਤੇ ਉਨ੍ਹਾਂ ਦੁਆਰਾ ਭਾਰਤ ਦੇ ਕਰੋੜਾਂ ਦਲਿਤਾਂ, ਗ਼ਰੀਬਾਂ, ਮਜ਼ਦੂਰਾਂ, ਕਿਸਾਨਾਂ ਅਤੇ ਔਰਤ ਜਾਤੀ ਦੀ ਭਲਾਈ ਲਈ ਕੀਤੇ ਯਤਨਾਂ ਨੂੰ ਆਪਣੇ ਨਾਟਕਾਂ ਰਾਹੀਂ ਪੇਸ਼ ਕੀਤਾ। ਇਸ ਮੌਕੇ ਸੰਬੋਧਨ ਕਰਦਿਆਂ ਐੱਸ.ਡੀ.ਓ. ਅਸ਼ੋਕ ਕੁਮਾਰ, ਸਾਬਕਾ ਸਿਵਲ ਸਰਜਨ ਡਾ. ਰਕੇਸ਼ ਬੱਗਾ, ਡਾ. ਸੰਦੀਪ ਕੁਮਾਰ, ਪ੍ਰੋਫ਼ੈਸਰ ਸੁਰੇਸ਼ ਕੁਮਾਰ, ਪ੍ਰਿੰਸੀਪਲ ਕਸ਼ਮੀਰੀ ਲਾਲ, ਸਾਬਕਾ ਪ੍ਰਿੰਸੀਪਲ ਸਵਰਨ ਲਾਲ ਸਫ਼ਰੀ, ਸਾਬਕਾ ਸੀ.ਐੱਚ.ਟੀ. ਮੈਡਮ ਕਰਮਜੀਤ ਕੌਰ ਓਢਰਾ, ਐੱਸ.ਡੀ .ਓ. ਸੰਤੋਖ ਸਿੰਘ ਅਤੇ ਡਾ. ਇੰਦਰਜੀਤ ਸਿੰਘ ਆਦਿ ਬੁਲਾਰਿਆਂ ਨੇ ਇਸ ਗੱਲ ਉੱਤੇ ਡੂੰਘੀ ਚਿੰਤਾ ਦਾ ਇਜ਼ਹਾਰ ਕੀਤਾ ਕਿ ਆਜ਼ਾਦੀ ਦੇ ਇੰਨੇ ਸਾਲ ਬੀਤ ਜਾਣ ਦੇ ਬਾਵਜੂਦ ਵੀ ਭਾਰਤ ਦੇ ਦਲਿਤ ਗ਼ਰੀਬੀ ਅਤੇ ਮੰਦਹਾਲੀ ਭਰਿਆ ਜੀਵਨ ਬਸਰ ਕਰਨ ਨੂੰ ਮਜ਼ਬੂਰ ਹਨ ਅਤੇ ਉਨ੍ਹਾਂ ਉੱਤੇ ਦਿਨੋਂ ਦਿਨ ਜ਼ੁਲਮ ਵਧ ਰਹੇ ਹਨ। ਬੁਲਾਰਿਆਂ ਨੇ ਭਾਰਤ ਦੇ ਸਮੂਹ ਰਾਜਨੀਤਕ ਦਲਾਂ ਨੂੰ ਡਾ. ਅੰਬੇਦਕਰ ਸਾਹਿਬ ਦੇ ਦਰਸਾਏ ਮਾਰਗ ਉੱਤੇ ਚਲਦਿਆਂ ਭਾਰਤ ਦੇ ਦਬੇ ਕੁਚਲੇ ਲੋਕਾਂ ਸਮਾਜਿਕ ਅਤੇ ਆਰਥਿਕ ਪੱਧਰ ਨੂੰ ਉੱਚਾ ਚੁੱਕਣ ਦੇ ਯਤਨ ਕਰਨ ਅਤੇ ਡਾ. ਅੰਬੇਦਕਰ ਸਾਹਿਬ ਦੁਆਰਾ ਉਨ੍ਹਾਂ ਨੂੰ ਲੈ ਕੇ ਦਿੱਤੇ ਹੱਕਾਂ ਦੀ ਰਾਖੀ ਕਰਨ ਦਾ ਹੋਕਾ ਦਿੱਤਾ। ਇਸ ਮੌਕੇ ਹੈੱਡਮਾਸਟਰ ਨਸੀਬ ਦਰਦੀ, ਮੈਡਮ ਸੀਮਾ, ਮੈਡਮ ਸੁਰਜੀਤ ਕੌਰ ਓਢਰਾ, ਪ੍ਰਦੀਪ ਕੁਮਾਰ, ਬਲਜਿੰਦਰ ਕੌਰ, ਮਨਜੀਤ ਕੌਰ, ਪਰਮਿੰਦਰ ਕੌਰ, ਜਸਵੀਰ ਕੌਰ, ਗੁਰਮੀਤ ਲਾਲ, ਨੰਬਰਦਾਰ ਦਰਸ਼ਨ ਲਾਲ, ਪ੍ਰਿੰਸੀਪਲ ਹੇਮ ਰਾਜ, ਕਸ਼ਮੀਰ ਸਿੰਘ, ਅਵਤਾਰ ਸਿੰਘ, ਸਤਵਿੰਦਰ ਰਾਣਾ, ਮੇਹਰ ਚੰਦ, ਸਾਬਕਾ ਸਰਪੰਚ ਮੱਖਣ ਸਿੰਘ, ਰਸ਼ਪਾਲ ਸਿੰਘ, ਹਰਬੰਸ ਸਿੰਘ, ਤਾਰਾ ਸਿੰਘ, ਸੰਤੋਖ ਸਿੰਘ, ਪ੍ਰਸ਼ੋਤਮ ਸਿੰਘ, ਸੁਰਜੀਤ ਸਨੌਰਾ ਆਦਿ ਵੀ ਹਾਜ਼ਰ ਸਨ।

# ਗੁਰਦੁਆਰਾ ਢਾਬਸਰ ਸਾਹਿਬ ਵਿਖੇ ਖਾਲਸਾ ਪੰਥ ਦਾ ਸਾਜਨਾ ਦਿਵਸ ਮਨਾਇਆ



**ਫਿਲੌਰ (ਨਿਰਮਲ)** ਗੁਰਦੁਆਰਾ ਢਾਬਸਰ ਸਾਹਿਬ ਸ਼ਹੀਦਾਂ ਸਿੰਘਾਂ ਵਿਖੇ ਖ਼ਾਲਸਾ ਪੰਥ ਦੀ ਸਾਜਨਾ ਦਿਵਸ ਵਿਸਾਖੀ ਦਾ ਦਿਹਾੜਾ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਗਿਆ। ਇਸ ਮੌਕੇ ਸਰਬੱਤ ਦੇ ਭਲੇ ਲਈ ਆਰੰਭੇ ਤਿੰਨ ਅਖੰਡ ਪਾਠਾਂ ਦੀ ਲੜੀ ਦੇ ਭੋਗ ਪਾਏ ਗਏ ਅਤੇ ਗੁਰੂ ਦਾ ਲੰਗਰ ਅਤੁੱਟ ਵਰਤਾਇਆ ਗਿਆ। ਸਮਾਗਮ ਉਪਰੰਤ ਗੁਰੂ ਘਰ ਦੀ ਜ਼ਮੀਨ ਵਿੱਚ ਵਿਆਹ ਸਮਾਗਮ ਅਤੇ ਹੋਰਨਾਂ ਸਮਾਗਮਾਂ ਦੀ ਵਰਤੋਂ ਲਈ ਵੱਡੇ ਕਮਿਊਨਿਟੀ ਹਾਲ ਦੀ ਉਸਾਰੀ ਲਈ ਯੂ ਕੇ ਨਿਵਾਸੀ ਕੁਲਦੀਪ ਸਿੰਘ ਭੰਡਾਲ ਨੇ ਟੱਕ ਲਗਾ ਕੇ ਸ਼ੁਰੂਆਤ ਕੀਤੀ ਅਤੇ ਸੰਗਤਾਂ ਨੂੰ ਵਿਸਾਖੀ ਤੇ ਹਾਲ ਦੀਆਂ ਮੁਬਾਰਕਾਂ ਦਿੱਤੀਆਂ। ਉਨ੍ਹਾਂ ਕਿਹਾ ਕਿ ਬਣਨ ਜਾ ਰਹੇ ਕਮਿਊਨਿਟੀ ਹਾਲ ਨਾਲ ਸੈਂਕੜੇ ਪਰਵਾਰਾਂ ਨੂੰ ਵੱਡੀ ਰਾਹਤ ਮਿਲੇਗੀ। ਜਿਸ ਦਾ ਮੈਨਟੀਨੈਂਸ ਵਾਸਤੇ ਨਾ ਮਾਤਰ ਖਰਚਾ ਹੀ ਵਸੂਲ ਕੀਤਾ ਜਾਇਆ ਕਰੇਗਾ। ਇਸ ਮੌਕੇ ਸੰਗਤਾਂ ਨੇ ਪ੍ਰਬੰਧਕ ਕਮੇਟੀ ਨੂੰ ਤਨ,ਮਨ ਧਨ ਤੋਂ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਸਮਾਗਮ ਮੌਕੇ ਕਮੇਟੀ ਪ੍ਰਧਾਨ ਗੁਰਦੇਵ ਸਿੰਘ ਦੇਬੀ, ਚਰਨਜੀਤ ਸਿੰਘ ਖਜਾਨਚੀ, ਸੁਰਿੰਦਰ ਸਿੰਘ ਸ਼ਿੰਦਾ,ਕੇਵਲ ਸਿੰਘ,ਮੋਹਨ ਸਿੰਘ, ਸੋਹਣ ਸਿੰਘ ਯੂਕੇ, ਜਸਵੀਰ ਸਿੰਘ ਕਨੇਡਾ, ਸ਼ੀਤਲ ਸਿੰਘ ਨੰਬਰਦਾਰ, ਚਰਨ ਸਿੰਘ ਮਾਹਲ, ਨਿਰਮਲ ਕੌਰ ਯੂਕੇ, ਮਨਜੀਤ ਕੌਰ, ਗੁਰਬਖਸ਼ ਕੌਰ,ਨਿੰਦਰ ਕੌਰ, ਮਨਦੀਪ ਕੌਰ, ਜਸਵੀਰ ਕੌਰ ਅਤੇ ਹੋਰ ਹਾਜ਼ਰ ਸਨ।

# ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਜ਼ੋਨਲ ਕਾਨਫਰੰਸਾਂ ਕਰਵਾਉਣ ਦਾ ਐਲਾਨ




**ਚੰਡੀਗੜ੍ਹ, (ਗੁਰਜੀਤ ਬਿੱਲਾ)**- ਪਿਛਲੇ ਕਈ ਦਹਾਕਿਆਂ ਤੋਂ ਨਿਰੰਤਰ ਕਾਰਜਸ਼ੀਲ ਅਤੇ ਲੇਖਕਾਂ ਦੀ ਨਰਸਰੀ ਵਜੋਂ ਕੰਮ ਕਰਦੀਆਂ ਸਥਾਨਕ ਸਾਹਿਤ ਸਭਾਵਾਂ ਵਿੱਚ ਨਵੀਂ ਰੂਹ ਫੂਕਣ ਲਈ ਪੰਜਾਬੀ ਲੇਖਕਾਂ ਦੀ ਸਿਰਮੌਰ ਜਥੇਬੰਦੀ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਵੱਖ-ਵੱਖ ਜ਼ਿਲ੍ਹਿਆਂ ਅੰਦਰ ਜ਼ੋਨਲ ਕਾਨਫਰੰਸਾਂ ਕਰਵਾਏਗੀ। ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ ਦੀ ਅਗਵਾਈ ਵਿਚ ਕੇਂਦਰੀ ਸਭਾ ਦੀ ਕਾਰਜਕਾਰਨੀ ਦੀ ਹੋਈ ਮੀਟਿੰਗ ਦੀ ਕਾਰਵਾਈ ਚਲਾਉਂਦਿਆਂ ਸਭਾ ਦੇ ਜਰਨਲ ਸਕੱਤਰ ਸੁਸ਼ੀਲ ਦੁਸਾਂਝ ਵਲੋਂ ਪੇਸ਼ ਏਜੰਡਿਆਂ ਦੀ ਰੌਸ਼ਨੀ ਵਿੱਚ ਜ਼ੋਨਲ ਭਾਸ਼ਾ ਕਾਨਫਰੰਸਾਂ ਕਰਵਾਉਣ ਦਾ ਫੈਸਲਾ ਕੀਤਾ ਗਿਆ। ਜਿਨ੍ਹਾਂ ਵਿੱਚ ਅੰਮ੍ਰਿਤਸਰ, ਮੁਹਾਲੀ, ਜਲੰਧਰ, ਬਠਿੰਡਾ ਅਤੇ ਚੰਡੀਗੜ੍ਹ ਵਿਖੇ ਸਥਾਨਕ ਸਾਹਿਤ ਸਭਾਵਾਂ ਦੇ ਸਹਿਯੋਗ ਨਾਲ ਹੋਣ ਵਾਲੀਆਂ ਇਹਨਾਂ ਭਾਸ਼ਾ ਕਨਵੈਨਸ਼ਨਾਂ ਲਈ ਅਹੁਦੇਦਾਰਾਂ ਨੂੰ ਜ਼ਿੰਮੇਵਾਰੀ ਸੌਂਪੀ ਗਈ। ਕੇਂਦਰੀ ਸਭਾ ਵਲੋਂ ਫਰਵਰੀ 2025 ਵਿੱਚ ਕਰਵਾਈ ਜਾਣ ਵਾਲੀ ਆਲਮੀ ਪੰਜਾਬੀ ਕਾਨਫਰੰਸ ਦਾ ਆਗਾਜ 7 ਫਰਵਰੀ ਨੂੰ ਲੇਖਕਾਂ ਦੀ ਧਰਤੀ ਸਮਰਾਲਾ ਤੋਂ ਹੋਵੇਗਾ ਅਤੇ 8, 9, ਫਰਵਰੀ ਨੂੰ ਚੰਡੀਗੜ੍ਹ ਵਿਖੇ ਅਗਲੇ ਸ਼ੈਸ਼ਨ ਸੰਪੰਨ ਹੋਣਗੇ। ਨਵੇਂ ਲੇਖਕਾਂ ਨੂੰ ਉਤਸ਼ਾਹਿਤ ਕਰਨ ਲਈ ਕੇਂਦਰੀ ਸਭਾ ਇਕ ਕਹਾਣੀ ਸੰਗ੍ਰਹਿ ਅਤੇ ਇਕ ਕਵਿਤਾ ਦੀ ਪੁਸਤਕ ਸੰਪਾਦਤ ਕਰੇਗੀ। ਇਸੇ ਤਰ੍ਹਾਂ ਪ੍ਰਿੰ. ਸੁਜਾਨ ਸਿੰਘ ਨੂੰ ਸਮਰਪਿਤ ਵੀ ਇਕ ਪੁਸਤਕ ਜਾਰੀ ਕੀਤੀ ਜਾਵੇਗੀ। ਮੀਟਿੰਗ ਦੇ ਅਖੀਰ 'ਚ ਸਭਾ ਦੇ ਸੀਨੀਅਰ ਮੀਤ ਪ੍ਰਧਾਨ ਡਾ. ਹਰਜਿੰਦਰ ਸਿੰਘ ਅਟਵਾਲ ਨੇ ਸਭ ਦਾ ਧੰਨਵਾਦ ਕੀਤਾ ਜਦਕਿ ਦਫਤਰ ਸਕੱਤਰ ਦੀਪ ਦੇਵਿੰਦਰ ਸਿੰਘ, ਦਲਜੀਤ ਸਿੰਘ ਸਾਹੀ, ਸੁਰਿੰਦਰਪ੍ਰੀਤ ਘਣੀਆਂ, ਬਲਵਿੰਦਰ ਸੰਧੂ, ਮੂਲ ਚੰਦ ਸ਼ਰਮਾ, ਮੱਖਣ ਕੁਹਾੜ, ਡਾ. ਕਰਮਜੀਤ ਸਿੰਘ, ਜਸਵੰਤ ਰਾਏ, ਉਮਿੰਦਰ ਜੌਹਲ, ਹਰਪਾਲ ਨਾਗਰਾ, ਗੁਰਮੀਤ ਬਾਜਵਾ, ਗੁਰਪ੍ਰੀਤ ਰੰਗੀਲਪੁਰ, ਸੁਰਿੰਦਰਜੀਤ ਚੌਹਾਨ, ਡਾ. ਉਮਿੰਦਰ ਜੌਹਲ, ਡਾ. ਸ਼ਿੰਦਰਪਾਲ, ਸੁਰਿੰਦਰ ਖੀਵਾ ਅਤੇ ਯਤਿੰਦਰ ਕੌਰ ਮਾਹਲ ਨੇ ਮੀਟਿੰਗ ਨੂੰ ਭਰਪੂਰਤਾ ਬਖਸ਼ੀ।

## ਸਕੂਲ ਦੇ ਵਿਕਾਸ ਲਈ ਇੱਕ ਲੱਖ ਰੁਪਏ ਦਿੱਤੇ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)** ਇਥੋਂ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਚੀਮਾ ਕਲਾਂ ਚੀਮਾ ਖੁਰਦ ਵਿਖੇ ਐੱਨ ਆਰ ਆਈ ਜੈਸਮੀਨ ਪੁੱਤਰੀ ਜਗਜੀਤ ਸਿੰਘ ਦੇ ਪਰਵਾਰ ਨੇ ਸ਼ਿਰਕਤ ਕੀਤੀ। ਉਹਨਾਂ ਨੇ ਬੱਚਿਆਂ ਨੂੰ ਚੰਗੇ ਭਵਿੱਖ ਲਈ ਮੇਹਨਤ ਨਾਲ ਵਿਦਿਆ ਹਾਸਲ ਕਰਨ ਲਈ ਪ੍ਰੇਰਿਆ ਤੇ ਸਕੂਲ ਦੇ ਵਿਕਾਸ ਲਈ ਇੱਕ ਲੱਖ ਰੁਪਏ ਦਾ ਯੋਗਦਾਨ ਪਾਇਆ। ਇਸ ਮੌਕੇ ਖੁਸ਼ਪਾਲ ਚੀਮਾ, ਗੁਰਮੁਖ ਸਿੰਘ ਚੀਮਾ ਅਤੇ ਸਕੂਲ ਸਟਾਫ ਹਾਜਰ ਸੀ। ਸਕੂਲ ਦੇ ਪ੍ਰਿੰਸੀਪਲ ਗੁਰਿੰਦਰ ਸਿੰਘ ਨੇ ਆਏ ਐੱਨ ਆਰ ਆਈ ਵੀਰਾਂ ਦਾ ਧੰਨਵਾਦ ਕੀਤਾ।

## ਚਮਕੀਲਾ ਤੇ ਬੀਬਾ ਅਮਰਜੋਤ ਦੀ ਜੀਵਨੀ 'ਤੇ ਬਣੀ ਪੰਜਾਬੀ ਫਿਲਮ ਰਿਲੀਜ਼



**ਅਲਾਵਲਪੁਰ ( ਮਦਨ ਬੰਗੜ)**- ਪੰਜਾਬੀ ਗਾਇਕੀ ਦੇ ਬਾਦਸ਼ਾਹ ਸਵਰਗੀ ਅਮਰ ਸਿੰਘ ਚਮਕੀਲਾ ਅਤੇ ਬੀਬਾ ਅਮਰਜੋਤ ਦੀ ਜੀਵਣੀ ਤੇ ਬਣੀ ਪੰਜਾਬੀ ਫਿਲਮ 12 ਅਪ੍ਰੈਲ ਨੂੰ ਨੈਟਫਲੈਕਸ ਸੋਸ਼ਲ ਸਾਈਟ 'ਤੇ ਰਿਲੀਜ ਕੀਤੀ ਹੋ ਗਈ ਹੈ । ਪੰਜਾਬ ਦੇ ਪ੍ਰਸਿੱਧ ਗੀਤਕਾਰ ਸੂਬਾ ਉਦੇਸੀਆ ਵਾਲਾ (ਜੰਗਲਾਤ ਅਫਸਰ) ਦੁਆਰਾ ਦਿੱਤੀ ਇਹ ਜਾਣਕਾਰੀ ਦਿੱਤੀ ਗਈ। ਅਮਰ ਸਿੰਘ ਚਮਕੀਲਾ ਅਤੇ ਅਮਰਜੋਤ 1980-90 ਦੇ ਮਕਬੂਲ ਫਨਕਾਰ ਰਹੇ ਹਨ। ਫਿਲਮ 'ਚ ਅਮਰ ਸਿੰਘ ਚਮਕੀਲਾ ਦਾ ਰੋਲ ਦਿਲਜੀਤ ਦੁਸਾਂਝ ਅਤੇ ਬੀਬਾ ਅਮਰਜੋਤ ਦਾ ਰੋਲ ਹਿੰਦੀ ਫਿਲਮਾਂ ਦੀ ਪ੍ਰਸਿੱਧ ਅਭਿਨੇਤਰੀ ਪ੍ਰਨਿਤੀ ਚੋਪੜਾ ਦੁਆਰਾ ਬਾ-ਖੂਬ ਨਿਭਾਇਆ ਗਿਆ ਹੈਂ। ਫਿਲਮ ਦੇ ਨਿਰਮਾਤਾ ਨਿਰਦੇਸ਼ਕ ਇਮਤਿਆਜ ਅਲੀ ਹਨ।

## ਨਸ਼ੀਲੀਆਂ ਗੋਲੀਆਂ ਤੇ ਕੈਪਸੂਲਾਂ ਸਮੇਤ ਕਾਬੂ



**ਫਗਵਾੜਾ ( ਡਾ. ਰਮਨ )** ਐਸ ਆਈ: ਲਾਭ ਸਿੰਘ ਮੁੱਖ ਅਫਸਰ ਥਾਣਾ ਰਾਵਲਪਿੰਡੀ ਦੀਆਂ ਹਦਾਇਤਾਂ 'ਤੇ ਐਸ.ਆਈ. ਜਗਦੀਸ਼ ਰਾਜ 798/ਟੀ.ਟੀ ਸਮੇਤ ਸਾਥੀ ਕਰਮਚਾਰੀਆਂ ਦੇ ਨਾਲ ਟੀ ਪੁਆਇੰਟ ਸਾਹਨੀ ਮੋੜ ਰਾਵਲਪਿੰਡੀ ਮੌਜੂਦ ਸੀ ਤਾਂ ਸਾਹਨੀ ਵੱਲੋਂ ਸੜਕ 'ਤੇ ਇੱਕ ਵਿਅਕਤੀ ਪੈਦਲ ਆਉਂਦਾ ਦਿਖਾਈ ਦਿੱਤਾ, ਜਿਸਨੇ ਆਪਣੇ ਸੱਜੇ ਹੱਥ ਵਿੱਚ ਮੋਮੀ ਲਿਫਾਫਾ ਫੜਿਆ ਹੋਇਆ ਸੀ ਜੋ ਪੁਲਿਸ ਪਾਰਟੀ ਨੂੰ ਦੇਖ ਕਰ ਯਕਦਮ ਘਬਰਾ ਕਰ ਪਿਛਾਹ ਨੂੰ ਮੁੜਨ ਲੱਗਾ ਤਾਂ ਪੁਲਸ ਪਾਰਟੀ ਵੱਲੋ ਕਾਬੂ ਕੀਤਾ ਗਿਆ। ਉਸ ਨੇ ਆਪਣਾ ਨਾਂਅ ਦਿਨੇਸ਼ ਕੁਮਾਰ ਪੁੱਤਰ ਸੋਮ ਨਾਥ ਵਾਸੀ ਪਾਸ਼ਟਾ ਥਾਣਾ ਰਾਵਲਪਿੰਡੀ ਫਗਵਾੜਾ ਦੱਸਿਆ। ਮੋਮੀ ਲਿਫਾਫੇ ਵਿੱਚੋਂ 50 ਨਸ਼ੀਲੀਆਂ ਗੋਲੀਆਂ ਅਤੇ 80 ਕੈਪਸੂਲ ਨਸ਼ੀਲੇ ਬਰਾਮਦ ਹੋਏ।

# 24 ਸਾਲਾਂ ਬਾਅਦ ਪ੍ਰਦੂਸ਼ਣ ਮੁਕਤ ਹੋਈ ਬਾਬੇ ਨਾਨਕ ਦੀ ਵੇਈਂ

**ਸੁਲਤਾਨਪੁਰ ਲੋਧੀ, (ਬਲਵਿੰਦਰ ਸਿੰਘ ਧਾਲੀਵਾਲ)**-ਗੁਰਬਾਣੀ ਦੇ ਆਗਮਨ ਸਥਾਨ ਵਜੋਂ ਜਾਣੀ ਜਾਂਦੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਪਵਿੱਤਰ ਕਾਲੀ ਵੇਈਂ ਦੇ ਕਿਨਾਰਿਆਂ 'ਤੇ 100 ਫੀਸਦ ਟਰੀਟਮੈਂਟ ਪਲਾਂਟ ਲੱਗ ਗਏ ਹਨ। ਪਵਿੱਤਰ ਵੇਈਂ ਹੁਣ ਦੇਸ਼ ਦੀ ਪਹਿਲੀ ਨਦੀ ਬਣ ਗਈ ਹੈ ਜਿਸਨੂੰ ਪਲੀਤ ਹੋਣ ਤੋਂ ਲੋਕਾਂ ਦੇ ਸਹਿਯੋਗ ਨਾਲ ਸਾਫ ਕੀਤਾ ਗਿਆ ਹੈ। ਪਵਿੱਤਰ ਵੇਈਂ ਦੇ ਪੱਤਣਾਂ ਉਪਰ 5 ਥਾਵਾਂ 'ਤੇ ਵਿਸਾਖੀ ਮਨਾਈ ਜਾਂਦੀ ਹੈ। ਜਿਸ ਦੌਰਾਨ ਦੇਸ਼ ਵਿਦੇਸ਼ ਤੋਂ ਸੰਗਤਾਂ ਵੱਡੀ ਗਿਣਤੀ ਵਿੱਚ ਜਿੱਥੇ ਇਸਦੇ ਪਾਣੀ ਦਾ ਚੂਲਾ ਭਰਦੀਆਂ ਹਨ ਤੇ ਉੱਥੇ ਹੀ ਇਸ ਵਿੱਚ ਇਸ਼ਨਾਨ ਕਰਦੀਆਂ ਹਨ। ਪਵਿੱਤਰ ਵੇਈਂ ਦੇ ਸਾਫ਼ ਹੋਣ ਨਾਲ ਇੱਕ ਵੱਡੇ ਤੋਹਫੇ ਵਜੋ ਦੇਖ ਰਹੀਆਂ ਹਨ ਕਿ ਪੰਜਾਬ ਦੀ 165 ਕਿਲੋਮੀਟਰ ਲੰਬੀ ਨਦੀ ਲੰਬੇਂ ਸਮੇਂ ਬਾਅਦ ਆਪਣੇ ਪੁਰਾਤਨ ਰੂਪ ਵਿੱਚ ਵੱਗਣ ਲੱਗ ਪਈ ਹੈ। ਵਿਸਾਖੀ ਦੀ ਪੂਰਵ ਸੰਧਿਆ 'ਤੇ ਵਧਾਈ ਦਿੰਦਿਆ ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਕਿਹਾ ਕਿ ਸੰਗਤਾਂ ਵੱਲੋਂ ਦਹਾਕਿਆਂ ਬੱਧੀ ਕੀਤੀ ਗਈ ਸੇਵਾ ਰੰਗ ਲਿਆਈ ਹੈ। ਉਹਨਾਂ ਕਿਹਾ ਕਿ ਸਾਲ 2024 ਵਿੱਚ ਇਹ ਪਹਿਲੀ ਵਿਸਾਖੀ ਹੈ ਜਦੋਂ ਇਸ ਵੇਈਂ ਵਿੱਚ ਗੰਦੇ ਪਾਣੀ ਨਹੀਂ ਪੈ ਰਹੇ ਹਨ ਤੇ ਇਹ ਪੂਰੀ ਭਰ ਕੇ ਵਗ ਰਹੀ ਹੈ। ਉਹਨਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਵੇਈਂ ਵਿੱਚ 350 ਕਿਊਸਿਕ ਪਾਣੀ ਵੀ ਛੱਡਿਆ ਗਿਆ ਹੈ। ਜ਼ਿਕਰਯੋਗ ਹੈ ਕਿ ਵੇਈਂ ਵਿੱਚ 43 ਪਿੰਡਾਂ ਅਤੇ 11 ਕਸਬਿਆਂ ਦਾ 54 ਥਾਵਾਂ ਤੋਂ ਗੰਦਾ ਪਾਣੀ ਪੈਂਦਾ ਸੀ। ਪਿਛਲੇ 24 ਸਾਲਾਂ ਤੋਂ ਨਿਯਮਤ ਤੌਰ 'ਤੇ ਵੇਈਂ ਦੀ ਕੀਤੀ ਜਾ ਰਹੀ ਸਫਾਈ ਤੇ ਇਸ ਵਿੱਚ ਪੈ ਰਹੇ ਗੰਦੇ ਪਾਣੀਆਂ ਨੂੰ ਰੋਕਣ ਲਈ ਉਪਰਾਲੇ ਕੀਤੇ ਜਾ ਰਹੇ ਸਨ। ਜਿਸਦੇ ਨਤੀਜੇ ਵਜੋਂ ਹੁਣ ਵੇਈਂ ਵਿੱਚ ਪਿੰਡਾਂ ਤੇ ਸ਼ਹਿਰਾਂ ਦੇ ਪੈ ਰਹੇ ਗੰਦੇ ਪਾਣੀਆਂ ਨੂੰ ਸਾਫ਼ ਕਰਨ ਲਈ ਸਾਰੇ ਟਰੀਟਮੈਂਟ ਪਲਾਂਟ ਲੱਗ ਗਏ ਹਨ ਤੇ ਸੈਦੋਭੁਲਾਣੇ ਦੀਆਂ ਕਲੋਨੀਆਂ ਨੇੜੇ ਆਖਰੀ ਟਰੀਟਮੈਂਟ ਪਲਾਂਟ ਵੀ ਲੱਗ ਗਿਆ ਹੈ।

ਬਾਬੇ ਨਾਨਕ ਦੀ ਪਵਿੱਤਰ ਵੇਈਂ ਪਿਛਲੇ ਢਾਈ ਦਹਾਕਿਆਂ ਤੋਂ ਗੰਦੇ ਨਾਲੇ ਦੇ ਰੂਪ ਵਿੱਚ ਬਦਲੀ ਹੋਈ ਸੀ। ਜਿਸਦੇ ਕੋਲੋਂ ਵੀ ਲੰਘਣਾ ਬਹੁਤ ਮੁਸ਼ਕਿਲ ਹੁੰਦਾ ਸੀ। ਇਸ ਵਿੱਚ ਹੁਸ਼ਿਆਰਪੁਰ ਤੇ ਕਪੂਰਥਲੇ ਜ਼ਿਲ੍ਹਿਆਂ ਦਾ ਗੰਦਾ ਪਾਣੀ ਪੈ ਰਿਹਾ ਸੀ ਤੇ ਇਹ ਸੰਨ 2000 ਦੌਰਾਨ ਇੱਕ ਗੰਦੇ ਡਸਟਬਿਨ ਤੋਂ ਵੱਧ ਕੁੱਝ ਵੀ ਨਹੀਂ ਸੀ। 165 ਕਿਲੋਮੀਟਰ ਲੰਬੀ ਇਹ ਵੇਈਂ ਬਿਆਸ ਦਰਿਆ ਦੀ ਸਹਾਇਕ ਨਦੀ ਹੈ। ਜਿਹੜੀ ਕਿ ਹੁਸ਼ਿਆਰਪੁਰ ਜ਼ਿਲ੍ਹੇ ਦੇ ਮੁਕੇਰੀਆਂ ਇਲਾਕੇ ਦੀ ਛੰਭ 'ਚੋਂ ਨਿਕਲਦੀ ਹੈ।ਤਕਰੀਬਨ 24 ਸਾਲ ਪਹਿਲਾਂ ਵਾਤਾਵਰਨ ਪ੍ਰੇਮੀ ਬਾਬਾ ਬਲਬੀਰ ਸਿੰਘ ਸੀਚੇਵਾਲ ਨੇ ਇਲਾਕੇ ਦੀਆਂ ਸੰਗਤਾਂ ਨੂੰ ਨਾਲ ਲੈ ਕੇ ਇਸਦੀ ਕਾਰਸੇਵਾ ਆਰੰਭ ਕੀਤੀ ਸੀ। ਵੇਈਂ ਦੀ ਕਾਰਸੇਵਾ ਨੇ 2006 ਵਿੱਚ ਡਾ. ਏ.ਪੀ.ਜੇ ਅਬਦੁਲ ਕਲਾਮ ਦਾ ਧਿਆਨ ਵੀ ਖਿੱਚਿਆ ਸੀ ਕਿ ਉਹ 17 ਅਗਸਤ 2006 ਨੂੰ ਸੁਲਤਾਨਪੁਰ ਲੋਧੀ ਪਵਿੱਤਰ ਵੇਈਂ ਦੇ ਦਰਸ਼ਨਾਂ ਲਈ ਉਚੇਚੇ ਤੌਰ 'ਤੇ ਆਏ ਸੀ। ਇਹ ਅਜ਼ਾਦ ਭਾਰਤ ਦੀ ਪਹਿਲੀ ਉਦਾਹਰਨ ਸੀ ਜਦੋਂ ਕਿਸੇ ਦੇਸ਼ ਦਾ ਰਾਸ਼ਟਰਪਤੀ ਲੋਕਾਂ ਵੱਲੋਂ ਸਾਫ ਕੀਤੀ ਨਦੀ ਨੂੰ ਦੇਖਣ ਲਈ ਆਇਆ ਹੋਵੇ। ਉਸ ਵੇਲੇ ਵੇਈਂ ਵਿੱਚ ਪਾਣੀ ਦਾ ਨਿਰੰਤਰ ਵਹਾਅ ਚਾਲੂ ਰੱਖਣਾ ਇੱਕ ਵੱਡੀ ਚੁਣੌਤੀ ਬਣਿਆ ਹੋਇਆ ਸੀ। ਪਰ ਲੰਬੇ ਸੰਘਰਸ਼ ਤੋਂ ਬਾਅਦ ਬਾਬੇ ਨਾਨਕ ਦੀ ਇਹ ਪਵਿੱਤਰ ਵੇਈਂ ਹੁਣ ਜਿੱਥੇ ਨਿਰੰਤਰ ਵਗ ਰਹੀ ਹੈ, ਉੱਥੇ ਹੀ ਇਸਦਾ ਪਾਣੀ ਆਮ ਮੋਟਰਾਂ ਦੇ ਪੀਣ ਵਾਲੇ ਪਾਣੀ ਤੋਂ ਸਾਫ਼ ਹੈ।

## ਵਿਦਿਆਰਥੀਆਂ ਦਾ ਸੁਰੱਖਿਅਤ ਆਉਣ-ਜਾਣ ਯਕੀਨੀ ਕਰਨ ਦੇ ਆਦੇਸ਼

**ਚੰਡੀਗੜ੍ਹ (ਕ੍ਰਿਸ਼ਨ ਗਰਗ)** ਸਿਟੀ ਮੈਜਿਸਟ੍ਰੇਟ ਮੋਨਿਕਾ ਗੁਪਤਾ ਨੇ ਹਰਿਆਣਾ ਸਰਕਾਰ ਵੱਲੋਂ ਜਾਰੀ ਸੁਰੱਖਿਅਤ ਸਕੂਲ ਵਾਹਨ ਨੀਤੀ ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣ ਕਰਨ ਲਈ ਸੀਆਰਪੀਸੀ ਦੀ ਧਾਰਾ 144 ਦੇ ਤਹਿਤ ਆਦੇਸ਼ ਪਾਸ ਕਰਕੇ ਸਾਰੇ ਸਕੂਲਾਂ ਦੇ ਪ੍ਰਬੰਧਕਾਂ ਨੂੰ ਵਿਦਿਆਰਥੀਆਂ ਦੀ ਸੁਰੱਖਿਅਤ ਆਉਣਾ-ਜਾਣਾ ਯਕੀਨੀ ਕਰਨ ਦੇ ਆਦੇਸ਼ ਪਾਸ ਕੀਤੇ ਹਨ। ਸਿਟੀ ਮੈਜਿਸਟ੍ਰੇਟ ਨੇ ਆਦੇਸ਼ਾਂ ਵਿਚ ਸਪੱਸ਼ਟ ਕੀਤਾ ਹੈ ਕਿ ਵਿਦਿਆਰਥੀਆਂ ਦੀ ਸੁਰੱਖਿਆ ਅਤੇ ਸੁਰੱਖਿਅਤ ਟਰਾਂਸਪੋਰਟ ਨੂੰ ਯਕੀਨੀ ਕਰਨ ਲਈ ਸਕੂਲ ਪ੍ਰਬੰਧਨ ਵੱਲੋਂ ਬੱਸਾਂ ਅਤੇ ਡਰਾਈਵਰਾਂ ਦੀ ਯੋਗ ਨਿਗਰਾਨੀ ਨਹੀਂ ਕੀਤੀ ਜਾਂਦੀ ਹੈ। ਜਿਸ ਦੇ ਨਤੀਜੇ ਵੱਜੋਂ ਮਨੁੱਖੀ ਜੀਵਨ, ਵਿਦਿਆਰਥੀਆਂ ਦੀ ਸੁਰੱਖਿਆ ਨੂੰ ਗੰਭੀਰ ਖਤਰਾ ਪੈਦਾ ਹੁੰਦਾ ਹੈ। ਪੁਲਸ ਸੁਪਰਡੈਂਟ, ਜ਼ਿਲ੍ਹੇ ਦੇ ਸਾਰੇ ਐਸ ਡੀ ਐਮ, ਸਕੱਤਰ, ਆਰਈਏ, ਜ਼ਿਲ੍ਹਾ ਸਿਖਿਆ ਅਧਿਕਾਰੀ ਅਤੇ ਜ਼ਿਲ੍ਹਾ ਮਹੇਂਦਰਗੜ੍ਹ ਦੇ ਸਾਰੇ ਬਲਾਕ ਸਿਖਿਆ ਅਧਿਕਾਰੀ ਇੰਨ੍ਹਾਂ ਆਦੇਸ਼ਾਂ ਦੀ ਪਾਲਣ ਕਰਵਾਉਂਣਗੇ। ਇਸ ਆਦੇਸ਼ ਦਾ ਕਿਸੇ ਵੀ ਤਰ੍ਹਾਂ ਨਾਲ ਉਲੰਘਣ ਕਰਨ 'ਤੇ ਭਾਰਤੀ ਦੰਡ ਸੰਹਿਤ, 1860 ਦੀ ਧਾਰਾ 188 ਅਨੁਸਾਰ ਸਖਤੀ ਨਾਲ ਨਿਪਟਾਇਆ ਜਾਵੇਗਾ।

## ਚੋਰਾਂ ਨੇ ਐੱਨ ਆਰ ਆਈ ਦੀ ਕੋਠੀ ਨੂੰ ਬਣਾਇਆ ਨਿਸ਼ਾਨਾ

**ਫਿਲੌਰ (ਨਿਰਮਲ)**- ਬੀਤੀ ਰਾਤ ਨੂਰਮਹਿਲ ਰੋਡ ਫਿਲੌਰ ਵਿਖੇ ਇਕ ਐਨ.ਆਰ.ਆਈ ਦੀ ਬੰਦ ਪਈ ਕੋਠੀ ਨੂੰ ਨਿਸ਼ਨਾ ਬਣਾਇਆ ਗਿਆ। ਪ੍ਰਾਪਤ ਜਾਣਕਾਰੀ ਅਨੁਸਾਰ ਚੋਰਾਂ ਬੰਦ ਕੋਠੀ ਦੇ ਪਿੱਛਲੇ ਪਾਸੇ ਲੋਹੇ ਦੀ ਗਰਿੱਲ ਨੂੰ ਕੱਟ ਕੇ ਕੋਠੀ ਦੇ ਅੰਦਰ ਦਾਖਲ ਹੋ ਗਏ ਅਤੇ ਸਾਰਾ ਕੀਮਤੀ ਸਮਾਨ ਚੋਰੀ ਕਰ ਕੇ ਲੈ ਗਏ। ਇਸ ਘਟਨਾ ਦੀ ਸੂਚਨਾ ਜਦੋਂ ਹਲਕਾ ਫਿਲੌਰ ਦੇ ਇੰਚਾਰਜ ਪ੍ਰਿੰਸੀਪਲ ਪ੍ਰੇਮ ਕੁਮਾਰ ਨੂੰ ਮਿਲੀ ਉਹ ਵੀਂ ਮੌਕੇ 'ਤੇ ਪੁੱਜੇ ਅਤੇ ਥਾਣਾ ਮੁੱਖੀ ਐਸ.ਐਚ.ਓ ਨੂੰ ਸਖ਼ਤ ਹਦਾਇਤਾਂ ਦਿੱਤੀਆਂ ਕਿ ਰਾਤ ਵੇਲੇ ਪੁਲਸ ਗਸ਼ਤ ਵਧਾਈ ਜਾਵੇ ਅਤੇ ਚੋਰਾਂ ਨੂੰ ਜਲਦ ਕਾਬੂ ਕੀਤਾ ਜਾਵੇ। ਕੋਠੀ ਦੇ ਮਾਲਕ ਇਸ ਸਮੇਂ ਵਿਦੇਸ਼ ਵਿਚ ਰਹਿ ਰਹੇ ਹਨ। ਥਾਣੇਦਾਰ ਸੁਭਾਸ਼ ਨੇ ਕਿਹਾ ਕਿ ਕੋਠੀ ਦੀ ਦੇਖ ਰੇਖ ਕਰਨ ਵਾਲੇ ਪਲਵਿੰਦਰ ਕੁਮਾਰ ਦੇ ਬਿਆਨ ਲੈ ਕੇ ਅਗਲੇਰੀ ਕਾਰਵਾਈ ਕੀਤੀ ਜਾਵੇਗੀ ।

ਐਸ.ਐਚ.ਓ ਨੀਰਜ ਕੁਮਾਰ ਨੇ ਕਿਹਾ ਕਿ ਰਾਤ ਵੇਲੇ ਪੁਲਸ ਗਸ਼ਤ ਤੇਜ ਕੀਤੀ ਜਾਵੇਗੀ ਅਤੇ ਚੋਰਾਂ ਨੂੰ ਜਲਦ ਕਾਬੂ ਕੀਤਾ ਜਾਵੇਗਾ।

## 30 ਮੋਬਾਇਲ ਫ਼ੋਨ, 17 ਮੋਟਰ ਸਾਇਕਲ ਤੇ 7 ਦਾਤਰ ਸਮੇਤ 9 ਕਾਬੂ



**ਫਿਲੌਰ (ਨਿਰਮਲ)**- ਐਸ.ਐਚ.ਓ. ਫਿਲੌਰ ਇੰਸਪੈਕਟਰ ਨੀਰਜ ਕੁਮਾਰ ਅਤੇ ਉਸ ਦੀ ਟੀਮ ਨੇ 9 ਦੋਸ਼ੀਆਂ ਨੂੰ ਚੋਰੀ ਦੇ 30 ਮੋਬਾਇਲ ਫ਼ੋਨ, 17 ਮੋਟਰ ਸਾਇਕਲ ਅਤੇ 7 ਦਾਤਰਾਂ ਸਮੇਤ ਕਾਬੂ ਕਰ ਲਿਆ। ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਡੀ.ਐਸ.ਪੀ. ਫਿਲੌਰ ਸਰਵਣਜੀਤ ਸਿੰਘ ਨੇ ਦੱਸਿਆ ਕਿ ਐਸ.ਐਚ.ਓ. ਫਿਲੌਰ ਨੂੰ ਗੁਪਤ ਸੂਚਨਾਂ ਮਿਲੀ ਸੀ ਕਿ ਰਮਨ ਕੁਮਾਰ ਉਰਫ ਕੁੱਕੂ ਪੁੱਤਰ ਬਲਵੀਰ ਸਿੰਘ, ਮਹਿਕ ਉਰਫ ਗੋਰਾ ਪੁੱਤਰ ਗੁਰਮੀਤ ਸਿੰਘ, ਮਨਦੀਪ ਸਿੰਘ ਉਰਫ ਦੀਪੂ ਪੁੱਤਰ ਗੁਰਦੇਵ ਸਿੰਘ, ਗੁਰਮੀਤ ਸਿੰਘ ਉਰਫ ਗੀਤੂ ਪੁੱਤਰ ਚਰਨਜੀਤ ਸਿੰਘ, ਮਨਪ੍ਰੀਤ ਸਿੰਘ ਉਰਫ ਗੱਗੀ ਪੁੱਤਰ ਗੁਰਦੇਵ ਸਿੰਘ, ਲਵਪ੍ਰੀਤ ਸਿੰਘ ਉਰਫ ਲੱਭਾ ਪੁੱਤਰ ਚਰਨਜੀਤ ਸਿੰਘ ਵਾਸੀਆਨ ਪਿੰਡ ਸੰਗੋਵਾਲ (ਬਿਲਗਾ), ਸੰਦੀਪ ਉਰਫ ਬਾਬੂ ਪੁੱਤਰ ਛੋਟੇ ਲਾਲ ਵਾਸੀ ਮਾਤਾ ਕਲਸੀ ਨਗਰ ਫਿਲੌਰ, ਬਲਜਿੰਦਰ ਸਿੰਘ ਉਰਫ਼ ਬਬਲੂ ਪੁੱਤਰ ਹਰਜੀਤ ਸਿੰਘ ਵਾਸੀ ਪਿੰਡ ਭੁੱਲਰ (ਬਿਲਗਾ) ਅਤੇ ਹਰਕਮਲ ਸਿੰਘ ਉਰਫ ਹੈਰੀ ਪੁੱਤਰ ਹਰਜੀਤ ਸਿੰਘ ਵਾਸੀ ਪਿੰਡ ਭੁੱਲਰ (ਬਿਲਗਾ) ਜੋ ਕਿ ਫਿਲੌਰ ਇਲਾਕੇ 'ਚ ਦਾਤਰ ਦੀ ਨੋਕ 'ਤੇ ਰਾਹਾਂ 'ਚ ਆਉਂਦੇ ਜਾਂਦੇ ਲੋਕਾਂ ਤੋਂ ਮੋਬਾਇਲ ਫੋਨ ਅਤੇ ਮੋਟਰ ਸਾਇਕਲ ਆਦਿ ਦੀ ਲੁੱਟ ਖੋਹ ਕਰਦੇ ਸਨ ਤੇ ਇਹ ਚੋਰੀ ਦਾ ਸਮਾਨ ਉਹ ਅਗਾਂਹ ਪ੍ਰਵਾਸੀ ਮਜ਼ਦੂਰਾਂ ਨੂੰ ਸਸਤੇ ਭਾਅ ਵੇਚ ਦਿੰਦੇ ਸਨ। ਉਨ੍ਹਾਂ ਦੱਸਿਆ ਕਿ ਐਸ.ਐਚ.ਓ. ਫਿਲੌਰ ਦੀ ਟੀਮ ਏ.ਐਸ.ਆਈ. ਵਿਨੋਦ ਕੁਮਾਰ, ਏ.ਐਸ.ਆਈ. ਹਰਭਜਨ ਲਾਲ, ਰਾਜਵੀਰ ਸਿੰਘ ਅਤੇ ਦੂਸਰੇ ਮੁਲਾਜ਼ਮਾਂ ਨੇ ਕਾਫੀ ਮੁਸ਼ੱਕਤ ਕਰਕੇ ਉਕਤ ਦੋਸ਼ੀਆਂ ਨੂੰ ਕਾਬੂ ਕਰ ਲਿਆ।

ਉਨ੍ਹਾਂ ਦੱਸਿਆ ਕਿ ਉਕਤ ਗੈਂਗ ਦਾ ਮੁੱਖ ਸਰਗਨਾ ਬਲਜਿੰਦਰ ਸਿੰਘ ਉਰਫ ਬਬਲੂ ਪੁੱਤਰ ਹਰਜੀਤ ਸਿੰਘ ਵਾਸੀ ਪਿੰਡ ਭੁੱਲਰ (ਬਿਲਗਾ) ਹੈ ਜਿਸ ਦੇ ਵਿਰੁੱਧ ਪਹਿਲਾਂ ਵੀ ਥਾਣਾ ਬਿਲਗਾ 'ਚ ਤਿੰਨ ਮੁਕੱਦਮੇਂ ਦਰਜ ਸਨ। ਦੋਸ਼ੀਆਂ ਵ੍ਰਿੱਧ ਫਿਲੌਰ ਥਾਣੇ 'ਚ ਧਾਰਾ 399,402,411 ਅਧੀਨ ਕੇਸ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਦਿੱਤੀ ਹੈ।

## ਏਕ ਜੋਤ ਸੇਵਾ ਸੰਮਤੀ ਜਗਤਪੁਰਾ ਵੱਲੋਂ 3 ਨੇਤਰਹੀਣਾਂ ਨੂੰ 3 ਮਹੀਨੇ ਦਾ ਰਾਸ਼ਨ ਪ੍ਰਦਾਨ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਏਕ ਜੋਤ ਸੇਵਾ ਸਮਿਤੀ ਜਗਤਪੁਰਾ ਹੁਸ਼ਿਆਰਪੁਰ ਵਲੋਂ ਮਿਨੀ ਸਕੱਤਰੇਤ ਹੁਸ਼ਿਆਰਪੁਰ ਵਿਖੇ ਇਕ ਸਾਧਾਰਨ ਸਮਾਰੋਹ ਦਾ ਆਯੋਜਨ ਕੀਤਾ ਗਿਆ, ਜਿਸ ਦੀ ਪ੍ਰਧਾਨਗੀ ਸਮਿਤੀ ਦੇ ਸਰਪਰਸਤ ਕੁਲਦੀਪ ਸਿੰਘ ਪੱਤੀ ਨੇ ਕੀਤੀ। ਇਸ ਸਮਾਰੋਹ ਵਿੱਚ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਧਿਕਾਰੀ ਮਨਪ੍ਰੀਤ ਸਿੰਘ ਮੁੱਖ ਮਹਿਮਾਨ ਅਤੇ ਜਰਨੈਲ ਸਿੰਘ ਧੀਰ ਜ਼ਿਲ੍ਹਾ ਹੁਸ਼ਿਆਰਪੁਰ ਤੋਂ ਕੇਂਦਰ ਸਰਕਾਰ ਵਿੱਚ ਮੈਂਬਰ ਡਿਸੇਬੀਲਿਟੀ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਇਕ ਪਰਵਾਰ ਜਿਸ ਵਿੱਚ ਤਿੰਨ ਵਿਅਕਤੀ ਨੇਤਰਹੀਨ ਹਨ, ਨੂੰ, 3 ਮਹੀਨੇ ਦਾ ਰਾਸ਼ਨ ਪ੍ਰਦਾਨ ਕੀਤਾ ਗਿਆ। ਮੁੱਖ ਮਹਿਮਾਨ ਮਨਪ੍ਰੀਤ ਸਿੰਘ ਨੇ ਸਮਿਤੀ ਦੁਆਰਾ ਕੀਤੇ ਜਾ ਰਹੇ ਸਮਾਜ ਭਲਾਈ ਦੇ ਕਾਰਜਾਂ ਦੀ ਸ਼ਲਾਘਾ ਕੀਤੀ ਅਤੇ ਆਪਣੇ ਵਲੋਂ ਹਰ ਪ੍ਰਕਾਰ ਦਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਸਮਿਤੀ ਦੇ ਉਪ-ਸਕੱਤਰ ਜਰਨੈਲ ਸਿੰਘ ਧੀਰ ਨੇ ਦੱਸਿਆ ਕਿ ਸਮਿਤੀ ਵਲੋਂ ਪਹਿਲਾਂ ਵੀ ਇਸ ਪਰਵਾਰ ਨੂੰ 3 ਮਹੀਨੇ ਦਾ ਰਾਸ਼ਨ ਦਿੱਤਾ ਜਾ ਚੁੱਕਿਆ ਹੈ। ਉਨ੍ਹਾਂ ਨੇ ਸਹਿਯੋਗ ਦੇ ਲਈ ਮੁੱਖ ਮਹਿਮਾਨ ਮਨਪ੍ਰੀਤ ਸਿੰਘ ਅਤੇ ਸਮਿਤੀ ਦੇ ਮੈਂਬਰਾਂ ਦਾ ਧੰਨਵਾਦ ਕੀਤਾ। ਸਮਿਤੀ ਦੇ ਸਰਪਰਸਤ ਕੁਲਦੀਪ ਸਿੰਘ ਨੇ ਕਿਹਾ ਕਿ ਸਮਿਤੀ ਸਮਾਜ ਸੇਵਾ ਦੇ ਕਾਰਜਾਂ ਨੂੰ ਅੱਗੇ ਵੀ ਜਾਰੀ ਰੱਖੇਗੀ। ਇਸ ਮੌਕੇ 'ਤੇ ਸੁਰਜੀਤ ਸਿੰਘ ਪੱਤੀ, ਕੁਲਵੰਤ ਸਿੰਘ ਢੱਕੋਵਾਲ, ਪ੍ਰਿੰਸੀਪਲ ਜਮਨਾ ਦਾਸ, ਸਹਾਇਕ ਮੈਨੇਜਰ ਜਸਵੀਰ ਸਿੰਘ ਭੱਟੀ, ਮੈਡਮ ਸੁਰਿੰਦਰ ਕੌਰ ਰਵੀਦਾਸ ਨਗਰ, ਮੈਡਮ ਕੁਲਵਿੰਦਰ ਕੌਰ ਤੂਰ, ਸੀਨੀਅਰ ਸਹਾਇਕ ਸੁਰਿੰਦਰ ਸਿੰਘ, ਪ੍ਰਧਾਨ ਵਿਜੈ ਕੁਮਾਰ ਮੋਦਗਿਲ ਅਤੇ ਸਮਿਤੀ ਦੇ ਹੋਰ ਮੈਂਬਰ ਮੌਜੂਦ ਸਨ।

# ਮਜੀਠੀਆ ਨੇ ਪੰਜਾਬ ਦੇ ਸ਼ਰਾਬ ਨੀਤੀ ਘੁਟਾਲੇ ਤੇ ਗੈਰ-ਕਾਨੂੰਨੀ ਮਾਇਨਿੰਗ ਦੀ ਸੀ ਬੀ ਆਈ ਜਾਂਚ ਮੰਗੀ



**ਹੁਸ਼ਿਆਪੁਰ, (ਬਲਵੀਰ ਸਿੰਘ ਸੈਣੀ)**-ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੇ ਪੰਜਾਬ ਦੀ ਸ਼ਰਾਬ ਨੀਤੀ ਘੁਟਾਲੇ ਤੇ ਗੈਰ ਕਾਨੂੰਨੀ ਮਾਇਨਿੰਗ ਦੀ ਸੀ ਬੀ ਆਈ ਜਾਂਚ ਦੀ ਮੰਗ ਕੀਤੀ ਤੇ ਜ਼ੋਰ ਦੇ ਕੇ ਕਿਹਾ ਕਿ ਇਹ ਜਾਂਚ ਹੀ ਮੁੱਖ ਮੰਤਰੀ ਭਗਵੰਤ ਮਾਨ ਦੇ ਨਾਲ-ਨਾਲ ਦਿੱਲੀ ਦੇ ਮੁੱਖ ਮੰਤਰੀ ਤੇ ਆਪ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੂੰ ਬੇਨਕਾਬ ਕਰੇਗੀ।ਇਥੇ ਇਕ ਪ੍ਰਭਾਵਸ਼ਾਲੀ ਇਕੱਠ ਨੂੰ ਸੰਬੋਧਨ ਕਰਦਿਆਂ ਮਜੀਠੀਆ ਨੇ ਕਿਹਾ ਕਿ ਪੰਜਾਬ ਦੀ ਸ਼ਰਾਬ ਨੀਤੀ ਦਿੱਲੀ ਦੀ ਨੀਤੀ ਦੀ ਤਰਜ਼ 'ਤੇ ਬਣਾਈ ਗਈ ਤੇ ਉਹਨਾਂ ਹੀ ਲੋਕਾਂ ਨੇ ਬਣਾਈ ਜਿਹਨਾਂ ਨੇ ਦਿੱਲੀ ਦੀ ਸ਼ਰਾਬ ਨੀਤੀ ਬਣਾਈ ਸੀ। ਉਹਨਾਂ ਕਿਹਾ ਕਿ ਇਸ ਨੀਤੀ ਵਿਚ ਪੰਜਾਬ ਦਾ ਸ਼ਰਾਬ ਕਾਰੋਬਾਰ ਉਹਨਾਂ ਹੀ ਲੋਕਾਂ ਨੂੰ ਦਿੱਤਾ ਗਿਆ ਜਿਹਨਾਂ ਨੂੰ ਦਿੱਲੀ ਦਾ ਕਾਰੋਬਾਰ ਦਿੱਤਾ ਗਿਆ ਸੀ। ਉਹਨਾਂ ਕਿਹਾ ਕਿ ਦਿੱਲੀ ਵਾਂਗੂ ਪੰਜਾਬ ਦੀ ਆਬਕਾਰੀ ਨੀਤੀ ਦੇ ਘੁਟਾਲੇ ਦੀ ਸੀ ਬੀ ਆਈ ਜਾਂਚ ਦੀ ਜ਼ਰੂਰਤ ਹੈ ਜੋ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਇਸ ਘੁਟਾਲੇ ਤੋਂ ਹੋਏ ਲਾਭ ਦਾ ਪਰਦਾਫਾਸ਼ ਕਰੇਗੀ।

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ 'ਤੇ ਵਰ੍ਹਦਿਆਂ ਮਜੀਠੀਆ ਨੇ ਕਿਹਾ ਕਿ ਉਹਨਾਂ ਦਾ ਰਾਤ ਵੇਲੇ ਭਾਜਪਾ ਨਾਲ ਗਠਜੋੜ ਹੈ ਜਦੋਂ ਕਿ ਦਿਨ ਵੇਲੇ ਉਹ ਕਾਂਗਰਸ ਨਾਲ ਗਠਜੋੜ ਦਾ ਲੁਤਫ ਮਾਣਦੇ ਹਨ। ਉਹਨਾਂ ਕਿਹਾ ਕਿ ਭਗਵੰਤ ਮਾਨ ਹਰਿਆਣਾ ਵਿਚ ਚੋਣ ਪ੍ਰਚਾਰ ਵਾਸਤੇ ਗਏ ਸਨ ਜਿਥੇ ਉਹਨਾਂ ਕਾਂਗਰਸ ਵਾਸਤੇ ਵੋਟਾਂ ਮੰਗੀਆਂ ਤੇ ਕੌਮੀ ਰਾਜਧਾਨੀ ਵਿਚ ਉਹ ਰਾਹੁਲ ਗਾਂਧੀ ਦੇ ਨਾਲ ਰਹਿਣਾ ਪਸੰਦ ਕਰਦੇ ਹਨ ਪਰ ਨਾਲ ਹੀ ਉਹਨਾਂ ਦਾ ਭਾਜਪਾ ਨਾਲ ਗੁਪਤ ਸਮਝੌਤਾ ਹੈ ਜਿਸਦੇ ਦਿਸ਼ਾ ਨਿਰਦੇਸ਼ਾਂ 'ਤੇ ਉਹਨਾਂ ਨੇ ਸਿੱਖ ਨੌਜਵਾਨਾਂ 'ਤੇ ਐਨ ਐਸ ਏ ਲਗਾਈ ਅਤੇ ਉਹਨਾਂ ਨੂੰ ਆਸਾਮ ਦੀ ਡਿਬਰੂਗੜ੍ਹ ਜੇਲ੍ਹ ਭੇਜਿਆ ਜਿਥੇ ਭਾਜਪਾ ਦੀ ਸਰਕਾਰ ਹੈ।

ਮੁੱਖ ਮੰਤਰੀ ਦੀ ਭਾਜਪਾ ਨਾਲ ਗੰਢਤੁੱਪ ਦਾ ਹੀ ਨਤੀਜਾ ਹੈ ਕਿ ਚਲ ਰਹੇ ਕਿਸਾਨੀ ਸੰਘਰਸ਼ ਵਿਚ ਹਰਿਆਣਾ ਪੁਲਸ ਨੇ ਪੰਜਾਬ ਦੇ ਕਿਸਾਨਾਂ 'ਤੇ ਗੋਲੀਆਂ ਚਲਾਈਆਂ ਹਨ। ਉਹਨਾਂ ਕਿਹਾ ਕਿ ਭਾਜਪਾ ਦੇ ਦਬਾਅ ਕਾਰਨ ਹੀ ਭਗਵੰਤ ਮਾਨ ਨੇ ਕਿਸਾਨ ਸ਼ੁਭਕਰਨ ਸਿੰਘ ਦੇ ਕਤਲ ਦੇ ਮਾਮਲੇ ਵਿਚ ਜ਼ੀਰੋ ਐਫ ਆਈ ਆਰ ਦਰਜ ਕੀਤੀ ਅਤੇ ਹੁਣ ਆਪ ਸਰਕਾਰ ਉਸ ਥਾਂ ਦੀ ਸ਼ਨਾਖ਼ਤ ਕਰਨ ਤੋਂ ਭੱਜ ਰਹੀ ਹੈ ਜਿਥੋਂ ਕਿਸਾਨ ਪ੍ਰੀਤਪਾਲ ਸਿੰਘ ਨੂੰ ਹਰਿਆਣਾ ਪੁਲਸ ਨੇ ਅਗਵਾ ਕੀਤਾ ਸੀ। ਉਹਨਾਂ ਕਿਹਾ ਕਿ ਹਰਿਆਣਾ ਪੁਲਿਸ ਦੀ ਫਾਇਰਿੰਗ ਵਿਚ 100 ਤੋਂ ਜ਼ਿਆਦਾ ਕਿਸਾਨ ਬਾਰਡਰ 'ਤੇ ਪੰਜਾਬ ਵਾਲੇ ਪਾਸੇ ਜ਼ਖ਼ਮੀ ਹੋਏ ਹਨ ਪਰ ਭਗਵੰਤ ਮਾਨ ਸਰਕਾਰ ਨੇ ਹਰਿਆਣਾ ਪੁਲਸ ਖਿਲਾਫ ਇਕ ਵੀ ਕੇਸ ਦਰਜ ਨਹੀਂ ਕੀਤਾ।ਸੂਬੇ ਵਿਚ ਅਨੁਸੂਚਿਤ ਜਾਤੀ ਭਾਈਚਾਰੇ ਨਾਲ ਕੀਤੇ ਧੋਖੇ ਦੀ ਗੱਲ ਕਰਦਿਆਂ ਅਕਾਲੀ ਆਗੂ ਨੇ ਕਿਹਾ ਕਿ ਆਪ ਨੇ ਵਾਅਦਾ ਕੀਤਾ ਸੀ ਕਿ ਇਕ ਦਲਿਤ ਨੂੰ ਉਪ ਮੁੱਖ ਬਣਾਇਆ ਜਾਵੇ ਪਰ ਅਜਿਹਾ ਨਹੀਂ ਕੀਤਾ ਗਿਆ। ਉਹਨਾਂ ਕਿਹਾ ਕਿ ਇਸੇ ਤਰੀਕੇ ਆਮ ਆਦਮੀ ਪਾਰਟੀ ਨੇ ਰਾਜ ਸਭਾ ਲਈ ਅਨੇਕਾਂ ਐਮ ਪੀ ਨਾਮਜ਼ਦ ਕੀਤੇ ਹਨ ਪਰ ਐਸ ਭਾਈਚਾਰੇ ਤੋਂ ਇਕ ਵੀ ਐਮ ਪੀ ਨਾਮਜ਼ਦ ਨਹੀਂ ਕੀਤਾ ਗਿਆ ਜਿਸ ਤੋਂ ਪਤਾ ਚਲਦਾ ਹੈ ਕਿ ਆਪ ਦਲਿਤ ਭਾਈਚਾਰੇ ਦੀ ਵਿਰੋਧੀ ਹੈ।

ਉਹਨਾਂ ਨੇ ਭਾਜਪਾ ਦੀ ਅਗਵਾਈ ਵਾਲੀ ਐਨ ਡੀ ਏ ਸਰਕਾਰ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ 'ਤੇ ਕੀਤੇ ਵਾਅਦੇ ਮੁਤਾਬਕ ਬੰਦੀ ਸਿੰਘਾਂ ਨੂੰ ਰਿਹਾਅ ਨਾ ਕਰਨ ਦੀ ਵੀ ਨਿਖੇਧੀ ਕੀਤੀ ਅਤੇ ਕਿਹਾ ਕਿ ਬੰਦੀ ਸਿੰਘਾਂ ਨੂੰ ਜੇਲ੍ਹਾਂ ਵਿਚ 28-28 ਸਾਲਾਂ ਤੋਂ ਵੱਧ ਸਮਾਂ ਹੋ ਗਿਆ ਹੈ ਪਰ ਐਨ ਡੀ ਏ ਸਰਕਾਰ ਉਹਨਾਂ ਨੂੰ ਰਿਹਾਅ ਕਰਨ ਤੋਂ ਇਨਕਾਰੀ ਹੈ।

# ਗੁਰਦੁਆਰਾ ਚੌਂਤਾ ਸਾਹਿਬ ਬੱਬੇਲੀ ਵਿਖੇ ਸ਼ਰਧਾ ਸਹਿਤ ਮਨਾਇਆ ਖਾਲਸਾ ਪੰਥ ਦਾ ਸਾਜਨਾ ਦਿਵਸ



**ਫਗਵਾੜਾ (ਡਾ. ਰਮਨ)** ਇਤਿਹਾਸਕ ਗੁਰਦੁਆਰਾ ਚੌਂਤਾ ਸਾਹਿਬ ਪਾਤਸ਼ਾਹੀ ਸਤਵੀਂ ਪਿੰਡ ਬਬੇਲੀ ਤਹਿਸੀਲ ਫਗਵਾੜਾ ਵਿਖੇ ਹਰ ਸਾਲ ਦੀ ਤਰ੍ਹਾਂ ਖਾਲਸਾ ਪੰਥ ਦਾ ਸਾਜਨਾ ਦਿਵਸ ਵਿਸਾਖੀ ਅਤੇ ਸੰਗਰਾਂਦ ਦਾ ਪਵਿੱਤਰ ਦਿਹਾੜਾ ਪ੍ਰਬੰਧਕ ਕਮੇਟੀ ਵਲੋਂ ਦੇਸ਼ ਵਿਦੇਸ਼ ਦੀਆਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਅਤੇ ਉਤਸ਼ਾਹ ਪੂਰਵਕ ਮਨਾਇਆ ਗਿਆ। ਸਵੇਰੇ ਸ੍ਰੀ ਨਿਸ਼ਾਨ ਸਾਹਿਬ ਨੂੰ ਚੋਲਾ ਪਹਿਨਾਉਣ ਦੀ ਰਸਮ ਉਪਰੰਤ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਉਪਰੰਤ ਹੈਡ ਗ੍ਰੰਥੀ ਭਾਈ ਲਖਵਿੰਦਰ ਸਿੰਘ ਨੇ ਸਰਬੱਤ ਦੇ ਭਲੇ ਅਤੇ ਸਿੱਖ ਪੰਥ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ। ਇਸ ਮੌਕੇ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜੂਰੀ ਵਿਚ ਧਾਰਮਿਕ ਦੀਵਾਨ ਸਜਾਏ ਗਏ। ਜਿਸ ਵਿਚ ਪੰਥ ਪ੍ਰਸਿੱਧ ਢਾਡੀ ਜੱਥੇ ਗਿਆਨੀ ਦਵਿੰਦਰ ਸਿੰਘ ਉੱਧਮੀ ਅਤੇ ਗਿਆਨੀ ਬਲਵਿੰਦਰ ਸਿੰਘ ਆਲਮ ਤੇ ਸਾਥੀਆਂ ਨੇ ਢਾਡੀ ਵਾਰਾਂ ਰਾਹੀਂ ਖਾਲਸਾ ਪੰਥ ਦੇ ਸੁਨਹਿਰੀ ਇਤਿਹਾਸ ਨਾਲ ਸੰਗਤਾਂ ਨੂੰ ਜੋੜਿਆ। ਕਮੇਟੀ ਪ੍ਰਧਾਨ ਬਲਦੇਵ ਸਿੰਘ, ਕੁੰਦਨ ਸਿੰਘ ਮੈਂਬਰ ਅਤੇ ਰਣਜੀਤ ਸਿੰਘ ਖਾਲਸਾ ਮੈਂਬਰ ਨੇ ਦੇਸ਼ ਵਿਦੇਸ਼ ਵਿਚ ਵੱਸਦੀਆਂ ਸਮੂਹ ਸੰਗਤਾਂ ਨੂੰ ਖਾਲਸਾ ਪੰਥ ਦੇ 325ਵੇਂ ਸਾਜਨਾ ਦਿਵਸ, ਸੰਗਰਾਂਦ ਅਤੇ ਵਿਸਾਖੀ ਦੇ ਪਵਿੱਤਰ ਦਿਹਾੜੇ ਦੀ ਵਧਾਈ ਦਿੱਤੀ। ਸੰਗਤਾਂ ਨੇ ਸਮਾਗਮ ਦੌਰਾਨ ਭਰਵੀਂ ਹਾਜਰੀ ਲਗਵਾਈ ਗਈ ਅਤੇ ਪਵਿੱਤਰ ਸਰੋਵਰ ਵਿਚ ਇਸ਼ਨਾਨ ਕਰਨ ਉਪਰੰਤ ਗੁਰੂ ਘਰ ਵਿਚ ਨਤਮਸਤਕ ਹੋ ਕੇ ਗੁਰੂ ਸਾਹਿਬਾਨ ਦਾ ਅਸ਼ੀਰਵਾਦ ਲਿਆ ਅਤੇ ਢਾਡੀ ਵਾਰਾਂ ਰਾਹੀਂ ਸਿੱਖ ਪੰਥ ਦਾ ਸੁਨਿਹਰੀ ਇਤਿਹਾਸ ਸਰਵਣ ਕੀਤਾ। ਪ੍ਰਬੰਧਕਾਂ ਵਲੋਂ ਪ੍ਰਮੁੱਖ ਸ਼ਖਸੀਅਤਾਂ, ਸੇਵਾਦਾਰਾਂ ਤੇ ਸਹਿਯੋਗੀਆਂ ਨੂੰ ਗੁਰੂ ਬਖਸ਼ਿਸ਼ ਸਿਰੋਪਾਓ ਭੇਂਟ ਕੀਤੇ ਗਏ। ਸਮਾਗਮ ਦੌਰਾਨ ਚਾਹ ਪਕੌੜਿਆਂ, ਜਲੇਬੀਆਂ ਦੀ ਸੇਵਾ ਅਤੇ ਗੁਰੂ ਘਰ ਕਾ ਲੰਗਰ ਅਤੁੱਟ ਵਰਤਿਆ ਗਿਆ। ਇਸ ਮੌਕੇ ਬੀਬੀ ਰਾਜਵਿੰਦਰ ਕੌਰ ਸਰਪੰਚ, ਗੁਰਦੀਪ ਸਿੰਘ, ਦਵਿੰਦਰ ਸਿੰਘ ਗੋਲਡੀ ਉੱਚਾ ਪਿੰਡ, ਰਾਜਿੰਦਰ ਸਿੰਘ, ਸਰਬਜੋਤ ਸਿੰਘ, ਚਰਨਜੀਤ ਸਿੰਘ, ਅਮਰੀਕ ਸਿੰਘ, ਬਲਵਿੰਦਰ ਕੌਰ, ਸਰਬਜੀਤ ਕੌਰ, ਜਰਨੈਲ ਸਿੰਘ, ਮੇਜਰ ਸਿੰਘ, ਹਰਵਿੰਦਰ ਸਿੰਘ, ਬਲਜਿੰਦਰ ਸਿੰਘ, ਕੁਲਬੀਰ ਸਿੰਘ, ਪਰਮਜੀਤ ਸਿੰਘ, ਪਲਦੀਪ ਸਿੰਘ, ਗੁਰਮੀਤ ਸਿੰਘ ਉੱਚਾ ਪਿੰਡ, ਜਸਵਿੰਦਰ ਸਿੰਘ ਰਾਮਪੁਰ ਸੁੰਨੜਾ, ਬਲਜੀਤ ਕੌਰ, ਉਂਕਾਰ ਸਿੰਘ, ਰਮਨਦੀਪ ਕੌਰ, ਪ੍ਰਭਦੀਪ ਕੌਰ, ਰਾਜਾ ਸਿੰਘ ਮੂਸਾਪੁਰ, ਗੁਰਮੀਤ ਸਿੰਘ ਰਾਣੀਪੁਰ, ਉਪਕਾਰ ਜੀਤ ਸਿੰਘ ਦੁੱਗਾ, ਰਸ਼ਪਾਲ ਸਿੰਘ ਉੱਚਾ ਪਿੰਡ, ਹਰਨੇਕ ਸਿੰਘ ਦੁੱਗਾਂ, ਜੋਗਿੰਦਰ ਸਿੰਘ ਉੱਚਾ ਪਿੰਡ, ਗੁਰਚਰਨ ਸਿੰਘ ਮੂਸਾਪੁਰ, ਸੋਢੀ ਸਿੰਘ ਉੱਚਾ ਪਿੰਡ, ਦਵਿੰਦਰ ਸਿੰਘ, ਗੁਰਦਿਆਲ ਸਿੰਘ, ਸੰਤੋਖ ਸਿੰਘ, ਗੁਰਮੀਤ ਸਿੰਘ ਉੱਚਾ ਪਿੰਡ, ਬਖਸ਼ੀਸ਼ ਸਿੰਘ ਮੂਸਾਪੁਰ, ਸੁਲਿੰਦਰ ਸਿੰਘ ਉੱਚਾ ਪਿੰਡ, ਰਣਜੀਤ ਸਿੰਘ, ਸਤਨਾਮ ਸਿੰਘ, ਜਰਨੈਲ ਸਿੰਘ, ਪਰਮਜੀਤ ਸਿੰਘ, ਗੁਰਮੀਤ ਸਿੰਘ ਮੂਸਾਪੁਰ, ਓਮ ਸਿੰਘ ਉੱਚਾ ਪਿੰਡ, ਹਰਦੀਪ ਸਿੰਘ ਉੱਚਾ ਪਿੰਡ ਆਦਿ ਤੋਂ ਇਲਾਵਾ ਇਲਾਕੇ ਭਰ ਦੀਆਂ ਸੰਗਤਾਂ ਵੱਡੀ ਗਿਣਤੀ ਵਿਚ ਹਾਜਰ ਸਨ।

15-APRIL-PAGE-10.qxd 4/14/2024 10:09 PM Page 1



# ਲਿਬਰੇਸ਼ਨ ਵੱਲੋਂ ਡਾ. ਅੰਬੇਡਕਰ ਦੇ ਜਨਮ ਦਿਵਸ ਨੂੰ ਸਮਰਪਤ ਕਨਵੈਨਸ਼ਨ

■ ਮੋਦੀ ਹਰਾਓ, ਸੰਵਿਧਾਨ ਬਚਾਓ, ਲੋਕਤੰਤਰ ਬਚਾਓ ਦਾ ਦਿੱਤਾ ਸੱਦਾ




ਮਾਨਸਾ (ਆਤਮਾ ਸਿੰਘ ਪਮਾਰ)-ਸੀ ਪੀ ਆਈ (ਐੱਮ ਐੱਲ) ਲਿਬਰੇਸ਼ਨ ਵੱਲੋਂ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ ਜਨਮ ਦਿਹਾੜੇ ਨੂੰ ਸਮਰਪਤ ਮੋਦੀ ਹਰਾਓ, ਸੰਵਿਧਾਨ ਬਚਾਓ, ਲੋਕਤੰਤਰ ਬਚਾਓ ਕਨਵੈਨਸ਼ਨ ਸਥਾਨਕ ਬਾਬਾ ਬੂਝਾ ਸਿੰਘ ਭਵਨ ਵਿਖੇ ਕੀਤੀ ਗਈ।ਕਨਵੈਨਸ਼ਨ ਦੀ ਪ੍ਰਧਾਨਗੀ ਲਿਬਰੇਸ਼ਨ ਦੇ ਕੇਂਦਰੀ ਕੰਟਰੋਲ ਕਮਿਸ਼ਨ ਦੇ ਮੈਂਬਰ ਕਾਮਰੇਡ ਨਛੱਤਰ ਸਿੰਘ ਖੀਵਾ, ਉਘੇ ਕਿਸਾਨ ਆਗੂ ਰੁਲਦੂ ਸਿੰਘ ਮਾਨਸਾ, ਮਜ਼ਦੂਰ ਆਗੂ ਹਰਦੇਵ ਸਿੰਘ ਖਿਆਲਾ, ਵਿਦਿਆਰਥੀ ਆਗੂ ਸੁਖਜੀਤ ਸਿੰਘ ਰਾਮਾਨੰਦੀ ਵੱਲੋਂ ਕੀਤੀ ਗਈ।ਕਨਵੈਨਸ਼ਨ ਦੀ ਸ਼ੁਰੂਆਤ ਲੋਕ ਕਵੀ ਸੰਤ ਰਾਮ ਉਦਾਸੀ ਦੇ ਗੀਤਾਂ ਨਾਲ ਕੇਵਲ ਅਕਲੀਆਂ ਨੇ ਕੀਤੀ।ਕਨਵੈਨਸ਼ਨ ਨੂੰ ਸੰਬੋਧਨ ਕਰਦਿਆਂ ਸੀ ਪੀ ਆਈ (ਐੱਮ ਐੱਲ) ਲਿਬਰੇਸ਼ਨ ਦੇ ਸੂਬਾਈ ਬੁਲਾਰੇ ਕਾਮਰੇਡ ਸੁਖਦਰਸ਼ਨ ਸਿੰਘ ਨੱਤ ਨੇ ਕਿਹਾ ਕਿ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਨੇ ਸਮਾਜਿਕ, ਰਾਜਨੀਤਕ ਤੇ ਆਰਥਿਕ ਨਾ-ਬਰਾਬਰੀ ਖਿਲਾਫ ਸੰਘਰਸ਼ ਲੜਦੇ ਹੋਏ ਭਾਰਤੀ ਸੰਵਿਧਾਨ ਲਿਖਣ ਤੱਕ ਅਹਿਮ ਭੂਮਿਕਾ ਨਿਭਾਈ।ਅੱਜ ਦੇਸ਼ ਭਰ 'ਚ ਬੀ ਜੇ ਪੀ, ਆਰ ਐੱਸ ਐੱਸ ਭਾਰਤੀ ਸੰਵਿਧਾਨ ਨੂੰ ਬਦਲ ਕੇ ਮੁੜ ਗੈਰ-ਬਰਾਬਰੀ ਵਾਲੀ ਮਨੂੰ ਸਿਮਰਤੀ ਨੂੰ ਭਾਰਤੀ ਸੰਵਿਧਾਨ ਬਣਾਏ ਜਾਣ ਲਈ ਪੱਬਾਂ ਭਾਰ ਹਨ।ਦੇਸ਼ ਭਰ ਦੀਆਂ ਵਿੱਦਿਅਕ, ਜਮਹੂਰੀ ਸੰਸਥਾਵਾਂ, ਜਨਤਕ ਅਦਾਰਿਆਂ ਵਿੱਚ ਫਿਰਕੂ ਫਾਸ਼ੀਵਾਦੀ ਵਿਚਾਰਧਾਰਾ ਦੇ ਵਿਅਕਤੀਆਂ ਨੂੰ ਮੁਖੀ ਬਣਾ ਕੇ ਸੰਵਿਧਾਨ ਵਿਰੋਧੀ ਏਜੰਡਾ ਫਿੱਟ ਕੀਤਾ ਜਾ ਰਿਹਾ ਹੈ।

ਅਜਿਹੇ ਸਮੇਂ ਸੀ ਪੀ ਆਈ (ਐੱਮ ਐੱਲ) ਲਿਬਰੇਸ਼ਨ ਮੋਦੀ ਹਰਾਓ, ਸੰਵਿਧਾਨ ਬਚਾਓ, ਲੋਕਤੰਤਰ ਬਚਾਓ ਦਾ ਸੱਦਾ ਦਿੰਦੀ ਹੋਈ ਇੰਡੀਆ ਗੱਠਜੋੜ ਦੇ ਹੱਕ ਵਿੱਚ ਜ਼ੋਰਦਾਰ ਫਤਵਾ ਦੇਣ ਦੀ ਅਪੀਲ ਕਰਦੀ ਹੈ ਤਾਂ ਕਿ ਲੋਕ ਵਿਰੋਧੀ ਮੋਦੀ ਸਰਕਾਰ ਨੂੰ ਸੱਤਾ ਤੋਂ ਲਾਂਭੇ ਕੀਤਾ ਜਾ ਸਕੇ। ਕਨਵੈਨਸ਼ਨ ਨੂੰ ਜ਼ਿਲ੍ਹਾ ਸਕੱਤਰ ਗੁਰਮੀਤ ਸਿੰਘ ਨੰਦਗੜ੍ਹ, ਤਹਿਸੀਲ ਸਕੱਤਰ ਬਲਵਿੰਦਰ ਘਰਾਗਣਾ, ਤਹਿਸੀਲ ਸਕੱਤਰ ਗੁਰਸੇਵਕ ਮਾਨ, ਸ਼ਹਿਰੀ ਸਕੱਤਰ ਸੁਰਿੰਦਰਪਾਲ ਸ਼ਰਮਾ, ਏਕਟੂ ਦੇ ਜ਼ਿਲ੍ਹਾ ਆਗੂ ਜੀਤ ਬੋਹਾ, ਮਜ਼ਦੂਰ ਮੁਕਤੀ ਮੋਰਚੇ ਦੀ ਜ਼ਿਲ੍ਹਾ ਆਗੂ ਬਿੰਦਰ ਕੌਰ ਉਡਤ, ਕ੍ਰਿਸ਼ਨਾ ਕੌਰ ਮਾਨਸਾ, ਦਰਸ਼ਨ ਸਿੰਘ ਦਾਨੇਵਾਲਾ, ਅੰਗਰੇਜ਼ ਘਰਾਂਗਣਾ ਆਦਿ ਨੇ ਵੀ ਸੰਬੋਧਨ ਕੀਤਾ।

## ਸੰਵਿਧਾਨ ਨੂੰ ਇਮਾਨਦਾਰੀ ਨਾਲ ਲਾਗੂ ਨਾ ਕਰਨਾ ਦੇਸ਼ ਦੇ ਲੋਕਾਂ ਨਾਲ ਵੱਡਾ ਧ੍ਰੋਹ : ਕਟਾਰੀਆ

ਮਾਨਸਾ (ਆਤਮਾ ਸਿੰਘ ਪਮਾਰ)-ਭਾਰਤ ਦੇ ਸੰਵਿਧਾਨ ਨੂੰ ਜੇਕਰ ਸਮੇਂ ਸਮੇਂ ਦੇ ਹਾਕਮਾਂ ਤੇ ਸਾਸ਼ਨ-ਪ੍ਰਸ਼ਾਸਨ ਵੱਲੋਂ ਇਮਾਨਦਾਰੀ ਨਾਲ ਲਾਗੂ ਕੀਤਾ ਹੁੰਦਾ ਤਾਂ ਅੱਜ ਦੇਸ਼ ਦੇ ਹਾਲਾਤ ਅਜਿਹੇ ਨਾ ਹੁੰਦੇ, ਸਗੋਂ ਭਾਰਤ ਵਿਸ਼ਵ ਦੀ ਸੁਪਰ ਪਾਵਰ ਬਣ ਚੁੱਕਾ ਹੁੰਦਾ, ਕਿਉਂਕਿ ਭਾਰਤ ਦਾ ਸੰਵਿਧਾਨ ਹੀ ਵਿਸ਼ਵ ਦਾ ਇੱਕ ਅਜਿਹਾ ਸੰਵਿਧਾਨ ਹੈ, ਜੋ ਲੋਕਤੰਤਰ ਦੀ ਕਸਵੱਟੀ 'ਤੇ ਖਰਾ ਉਤਰਦਾ ਹੈ।ਨਾਲ ਹੀ ਇਹ ਸ਼ਾਂਤੀ ਤੇ ਯੁੱਧ ਦੋਵਾਂ ਤਰ੍ਹਾਂ ਦੇ ਮਾਹੌਲ ਨਾਲ ਤਰਕ ਤੇ ਕਨੂੰਨੀ ਪੱਖੋਂ ਸਨਮੁੱਖ ਹੋਣ ਦੇ ਵੀ ਸਮਰੱਥ ਹੈ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਬਾਬਾ ਸਾਹਿਬ ਡਾਕਟਰ ਬੀ. ਆਰ. ਅੰਬੇਡਕਰ ਨੌਜਵਾਨ ਸਭਾ ਦੇ ਪ੍ਰਧਾਨ ਸੋਨੂੰ ਕਟਾਰੀਆ ਤੇ ਬਸਪਾ ਸਰਗਰਮ ਮੈਂਬਰ ਨੇ ਪੱਤਰਕਾਰ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾ ਕਿਹਾ ਕਿ ਭਾਰਤੀ ਸੰਵਿਧਾਨ ਨੂੰ ਇਮਾਨਦਾਰੀ ਨਾਲ ਲਾਗੂ ਨਾ ਕਰਨਾ ਦੇਸ਼ ਦੀ ਜਨਤਾ ਨਾਲ ਵੱਡਾ ਧ੍ਰੋਹ ਹੈ।ਇਸ ਲਈ ਦੇਸ਼ ਦੇ ਬੁੱਧੀਜੀਵੀਆਂ ਨੂੰ ਜਾਤ-ਜਮਾਤ ਤੋਂ ਉਪਰ ਉੱਠ ਕੇ ਭਾਰਤੀ ਸੰਵਿਧਾਨ ਨੂੰ ਇਮਾਨਦਾਰੀ ਨਾਲ ਲਾਗੂ ਕਰਵਾਉਣ ਲਈ ਦੇਸ਼ ਦੇ ਹਾਕਮਾਂ 'ਤੇ ਦਬਾਅ ਪਾਉਣਾ ਚਾਹੀਦਾ ਹੈ ਤਾਂ ਕਿ ਭਾਰਤ ਦਾ ਹਰ ਵਾਸੀ ਸੁਰੱਖਿਅਤ ਤੇ ਬੇਝਿਜਕ ਹੋ ਕੇ ਆਪਣਾ ਜੀਵਨ ਬਸਰ ਕਰ ਸਕੇ।

## ਬਰਸੀ 'ਤੇ ਵਿਸ਼ੇਸ਼

# ਪਰਜਾ ਮੰਡਲ ਲਹਿਰ ਦੀ ਸੰਗਰਾਮਣ ਮਾਤਾ ਧਰਮ ਕੌਰ ਲੌਂਗੋਵਾਲ



ਪਰਜਾ ਮੰਡਲ ਲਹਿਰ ਦੀ ਸੰਗਰਾਮਣ ਮਾਤਾ ਧਰਮ ਕੌਰ ਲਗਭਗ 30 ਵਰ੍ਹੇ ਰਜਵਾੜਾਸ਼ਾਹੀ ਤੇ ਬਰਤਾਨਵੀ ਸਾਮਰਾਜ ਵਿਰੁੱਧ ਲੜਦਿਆਂ ਜੇਲ੍ਹਾਂ ਦੀਆਂ ਕਾਲ ਕੋਠੜੀਆਂ, ਜਲਾਵਤਨੀਆਂ ਤੇ ਰੂਪੋਸ਼ੀਆਂ ਹੰਢਾਉਣ ਵਾਲੇ ਪਰਜਾ ਮੰਡਲ ਲਹਿਰ ਰਿਆਸਤ ਪਟਿਆਲਾ ਦੇ ਜਨਰਲ ਸਕੱਤਰ ਸ਼ਹੀਦ ਭਗਵਾਨ ਸਿੰਘ ਲੌਂਗੋਵਾਲੀਆ ਦੀ ਧਰਮ ਪਤਨੀ ਸਨ। ਆਪ ਦਾ ਜਨਮ 1902 ਵਿੱਚ ਪਿੰਡ ਬਿਗੜਵਾਲ (ਸੁਨਾਮ) ਵਿਖੇ ਪ੍ਰਤਾਪ ਸਿੰਘ ਤੇ ਸਮਾ ਕੌਰ ਦੇ ਘਰ ਹੋਇਆ।ਆਪ ਦਾ ਵਿਆਹ ਹਮੀਰ ਸਿੰਘ (ਭਗਵਾਨ ਸਿੰਘ ਦੇ ਛੋਟੇ ਭਰਾ) ਨਾਲ ਹੋਇਆ।ਵਿਆਹ ਤੋਂ ਇੱਕ ਸਾਲ ਬਾਅਦ ਹੀ ਹਮੀਰ ਸਿੰਘ ਦੀ ਮੌਤ ਪਿੰਡ ਦੀ ਸਾਂਝੀ ਢਾਬ ਪੁੱਟਣ ਵੇਲੇ ਜ਼ਿਆਦਾ ਭਾਰ ਚੁੱਕਣ ਨਾਲ ਹੋ ਗਈ।ਭਗਵਾਨ ਸਿੰਘ ਉਸ ਵੇਲੇ ਅੰਮ੍ਰਿਤਸਰ ਵਿਖੇ ਪਟਿਆਲਾ ਰਿਆਸਤ ਵੱਲੋਂ ਜਲਾਵਤਨੀ ਹੰਢਾ ਰਹੇ ਸਨ।ਪਿੰਡ ਦੇ ਮੋਹਤਬਰ ਵਿਅਕਤੀਆਂ ਨੇ ਅੰਮ੍ਰਿਤਸਰ ਜਾ ਕੇ ਭਗਵਾਨ ਸਿੰਘ ਨੂੰ ਆਪ ਨਾਲ ਵਿਆਹ ਕਰਵਾਉਣ ਲਈ ਮਨਾਇਆ।ਇਸ ਤਰ੍ਹਾਂ ਆਪ ਦਾ ਉਨ੍ਹਾਂ ਦੀ ਇਨਕਲਾਬੀ ਜ਼ਿੰਦਗੀ ਵਿੱਚ ਪ੍ਰਵੇਸ਼ ਹੋਇਆ।ਆਪ ਕਈ ਸਾਲ ਉਨ੍ਹਾਂ ਨਾਲ ਜੇਲ੍ਹਾਂ ਵਿੱਚ ਰਹੇ।ਉਨ੍ਹਾਂ ਨਾਲ ਦਿੱਲੀ, ਬੁਢਲਾਡਾ ਤੇ ਅੰਮ੍ਰਿਤਸਰ ਵਿੱਚ ਜਲਾਵਤਨੀ ਦਾ ਸਮਾਂ ਬਿਤਾਇਆ। ਆਪ ਨੇ ਭੁੱਖੇ ਤਿਹਾਏ ਆਪਣੇ ਪਿੰਡੇ 'ਤੇ ਘਰ ਤੇ ਜਾਇਦਾਦ ਦੀ ਰਿਆਸਤ ਵੱਲੋਂ ਕੁਰਕੀ ਨੂੰ ਹੰਢਾਇਆ।ਘਰੋਂ ਬੇਘਰ ਹੋਏ, ਪਰ ਸਿਦਕ ਤੋਂ ਨਾ ਡੋਲੇ ਤੇ ਨਾ ਹੀ ਦੇਸ਼ ਭਗਤ ਪਤੀ ਦੇ ਰਸਤੇ ਵਿੱਚ ਕਦੇ ਰੁਕਾਵਟ ਬਣੇ।ਬਹੁਤ ਸਾਰੀਆਂ ਕਾਨਫਰੰਸਾਂ ਵਿੱਚ ਸ਼ਹੀਦ ਭਗਵਾਨ ਸਿੰਘ ਨਾਲ ਸ਼ਾਮਲ ਹੋਣ ਕਰਕੇ ਆਪ ਸੈਂਕੜੇ ਵਾਰ ਗ੍ਰਿਫਤਾਰ ਹੋਏ।ਜਦੋਂ ਆਪ ਜਲਾਵਤਨੀ ਕੱਟਣ ਬਾਅਦ 1935 ਵਿੱਚ ਆਪਣੇ ਪਤੀ ਸਮੇਤ ਸੁਨਾਮ ਰੇਲਵੇ ਸਟੇਸ਼ਨ 'ਤੇ ਪਹੁੰਚੇ ਤਾਂ ਹਜ਼ਾਰਾਂ ਲੋਕਾਂ ਨੇ ਆਪ ਦਾ ਸਵਾਗਤ ਕੀਤਾ।ਸਨਮਾਨ ਵਜੋਂ ਭਾਰੀ ਇਕੱਠ ਲੌਂਗੋਵਾਲ ਵਿਖੇ ਆਪ ਨੂੰ ਛੱਡ ਕੇ ਗਿਆ।ਭਗਵਾਨ ਸਿੰਘ ਨੂੰ ਭਾਰੀ ਸਰੀਰਕ ਤਸ਼ੱਦਦ ਤੇ ਜੇਲ੍ਹ ਵਿਚਲੀ ਘਟੀਆ ਖੁਰਾਕ ਕਾਰਨ ਟੀ.ਬੀ. ਹੋ ਚੁੱਕੀ ਸੀ।ਇਸ ਲਾਇਲਾਜ ਬੀਮਾਰੀ ਕਾਰਨ ਉਹ 18 ਸਤੰਬਰ 1944 ਨੂੰ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ।ਉਨ੍ਹਾਂ ਦੀ ਮੌਤ ਤੋਂ ਬਾਅਦ ਸਰਕਾਰ ਨੇ ਜ਼ਬਤ ਜ਼ਮੀਨ ਤਾਂ ਛੱਡ ਦਿੱਤੀ, ਪਰ ਉਹ ਬੰਜਰ ਸੀ।ਹੁਣ ਆਪ ਕੋਲ ਪਰਿਵਾਰ ਪਾਲਣ ਦਾ ਕੋਈ ਆਰਥਿਕ ਸਾਧਨ ਨਹੀਂ ਸੀ, ਫਿਰ ਵੀ ਆਪ ਨੇ ਸਿਦਕਦਿਲੀ ਨਾਲ ਮੱਝਾਂ ਰੱਖ ਕੇ ਆਪਣਾ ਪਰਿਵਾਰ ਪਾਲਣਾ ਸ਼ੁਰੂ ਕੀਤਾ ਅਤੇ ਪਰਜਾ ਮੰਡਲ ਦੀਆਂ ਸਰਗਰਮੀਆਂ ਵਿੱਚ ਲਗਾਤਾਰ ਭਾਗ ਲੈਂਦੇ ਰਹੇ।ਬਰਤਾਨਵੀ ਰਾਜ ਦੇ ਖਾਤਮੇ ਬਾਅਦ ਪੈਪਸੂ ਹੋਂਦ ਵਿੱਚ ਆਉਣ 'ਤੇ ਭਗਵਾਨ ਸਿੰਘ ਦੇ ਸਾਥੀ ਬਾਬੂ ਬ੍ਰਿਸ਼ ਭਾਨ ਜਦੋਂ ਪੈਪਸੂ ਦੇ ਮੁੱਖ ਮੰਤਰੀ ਬਣੇ ਤਾਂ ਉਹ ਖੁਦ ਚੱਲ ਕੇ ਆਪ ਦੇ ਘਰ ਆਏ, ਪਰ ਮਾਤਾ ਧਰਮ ਕੌਰ ਨੇ ਆਪਣੇ ਪਤੀ ਦੀ ਕੁਰਬਾਨੀ ਵੱਟੇ ਕੁੱਝ ਵੀ ਲੈਣ ਤੋਂ ਇਨਕਾਰ ਕਰ ਦਿੱਤਾ।ਪਰਜਾ ਮੰਡਲ ਲਹਿਰ ਦੀ ਇਹ ਸੰਗਰਾਮਣ ਮਾਤਾ ਧਰਮ ਕੌਰ ਕੁੱਝ ਚਿਰ ਬੀਮਾਰ ਰਹਿਣ ਤੋਂ ਬਾਅਦ 15 ਅਪ੍ਰੈਲ 2004 ਨੂੰ ਇਸ ਸੰਸਾਰ ਨੂੰ ਅਲਵਿਦਾ ਕਹਿ ਗਈ।ਪਰਜਾ ਮੰਡਲ ਲਹਿਰ ਦੇ ਇਤਿਹਾਸ ਦੇ ਸੁਨਹਿਰੀ ਪੰਨੇ ਭਾਵੇਂ ਹਮੇਸ਼ਾ ਜੀਵੰਤ ਰਹਿਣਗੇ, ਪਰ ਇਸ ਲਹਿਰ ਵਿੱਚ ਵਿਚਰਨ ਵਾਲੇ ਮਰਜੀਵੜਿਆਂ ਵਿੱਚੋਂ ਇਸ ਆਖਰੀ ਚਿਰਾਗ ਦੇ ਅੰਤ ਨਾਲ ਇਤਿਹਾਸ ਦਾ ਇੱਕ ਪੰਨਾ ਸਦਾ ਲਈ ਬੰਦ ਹੋ ਗਿਆ।

**ਪ੍ਰਦੀਪ ਸਿੰਘ ਸੱਪਲ**

## ਕਾਤਰਾਂ

### ਦੂਸਰਾ ਕਵੀ ਸੰਮੇਲਨ 5 ਮਈ ਨੂੰ ਬੁਢਲਾਡਾ 'ਚ : ਅਮਨਦੀਪ/ਵਰਮਾ

**ਮਾਨਸਾ (ਆਤਮਾ ਸਿੰਘ ਪਮਾਰ)**-ਪੰਜਾਬੀ ਸਾਹਿਤ ਕਲਾ ਮੰਚ ਮਾਨਸਾ ਵੱਲੋਂ ਦੂਜਾ ਕਵੀ ਸੰਮੇਲਨ 5 ਮਈ ਨੂੰ ਹਿਮਾਂਸ਼ੂ ਆਈਲਟਸ ਸੈਂਟਰ ਬੁਢਲਾਡਾ ਵਿਖੇ ਕਰਵਾਇਆ ਜਾ ਰਿਹਾ ਹੈ।ਪਹਿਲੇ ਕਵੀ ਸੰਮੇਲਨ ਦੀ ਸਫਲਤਾ ਤੋਂ ਬਾਅਦ ਨਵੇਂ ਕਵੀਆਂ ਨੂੰ ਉਭਾਰਨ ਲਈ ਇਹ ਵਿਸ਼ੇਸ਼ ਉਪਰਾਲਾ ਹੈ। ਗੱਲਬਾਤ ਦੌਰਾਨ ਮੰਚ ਦੇ ਪ੍ਰਧਾਨ ਅਮਨਦੀਪ ਸ਼ਰਮਾ ਨੇ ਕਿਹਾ ਕਿ ਮਾਂ ਬੋਲੀ ਨੂੰ ਸਮਰਪਤ ਇਸ ਕਵੀ ਸੰਮੇਲਨ ਦਾ ਮਕਸਦ ਨਵੇਂ ਕਵੀਆਂ ਨੂੰ ਉਭਾਰ ਕੇ ਪਾਠਕਾਂ ਦੀ ਸਨਮੁੱਖ ਕਰਨਾ ਹੈ।ਮੰਚ ਦੇ ਉੱਪ ਪ੍ਰਧਾਨ ਰਜਿੰਦਰ ਮੋਨੀ ਵਰਮਾ ਨੇ ਕਿਹਾ ਕਿ ਇਸ ਕਵੀ ਸੰਮੇਲਨ ਵਿੱਚ 11 ਨਵੇਂ ਕਵੀ ਭਾਗ ਲੈਣਗੇ, ਜਿਹੜੇ ਆਪਣੀਆਂ ਕਵਿਤਾਵਾਂ ਰਾਹੀਂ ਸਰੋਤਿਆਂ ਨੂੰ ਕਵਿਤਾ ਵਰਗੇ ਸੰਜੀਦਾ ਵਿਸ਼ੇ ਨਾਲ ਜੋੜਨ ਦੀ ਕੋਸ਼ਿਸ਼ ਕਰਨਗੇ।ਮੰਚ ਦੇ ਜਨਰਲ ਸਕੱਤਰ ਗੁਰਜੰਟ ਸਿੰਘ ਬੱਛੂਆਣਾ, ਹਿਮਾਂਸ਼ੂ ਆਈਲਟਸ ਸੈਂਟਰ ਦੇ ਡਾਇਰੈਕਟਰ ਹਿਮਾਂਸ਼ੂ, ਬਾਲਾ ਜੀ ਬੁੱਕ ਡਿੱਪੂ ਦੇ ਹਿਮਾਂਸ਼ੂ ਗੋਇਲ ਬੁਢਲਾਡਾ, ਸੁਭਾਸ਼ ਹੈਂਡਲੂਮ ਬੁਢਲਾਡਾ ਦੇ ਸੁਭਾਸ਼ ਗੋਇਲ ਨੇ ਦੱਸਿਆ ਕਿ ਮੰਚ ਦਾ ਇਹ ਇੱਕ ਵਧੀਆ ਉਪਰਾਲਾ ਹੈ, ਜਿਸ ਨਾਲ ਨਵੇਂ ਕਵੀਆਂ ਨੂੰ ਆਪਣੀ ਕਵਿਤਾ ਦੇ ਮਾਧਿਅਮ ਰਾਹੀਂ ਆਪਣੀ ਗੱਲ ਰੱਖਣ ਦਾ ਮੌਕਾ ਮਿਲੇਗਾ।

### ਸਕੂਲੀ ਬੱਸਾਂ ਦੀ ਚੈਕਿੰਗ ਕਰਨਾ ਜ਼ਰੂਰੀ : ਜਸਪ੍ਰੀਤ ਸਿੰਘ

**ਤਲਵੰਡੀ ਸਾਬੋ/ਬਠਿੰਡਾ (ਜਗਦੀਪ ਗਿੱਲ/ਪਰਵਿੰਦਰਜੀਤ ਸਿੰਘ)** ਡਿਪਟੀ ਕਮਿਸ਼ਨਰ ਜਸਪ੍ਰੀਤ ਸਿੰਘ ਨੇ ਦੱਸਿਆ ਕਿ ਸਕੂਲੀ ਬੱਸਾਂ 'ਚ ਸਫ਼ਰ ਕਰਦੇ ਬੱਚਿਆਂ ਦੀ ਜਾਨ-ਮਾਲ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਦੇ ਮੱਦੇਨਜ਼ਰ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਜ਼ਿਲ੍ਹੇ ਦੀਆਂ ਸਾਰੀਆਂ ਸਕੂਲੀ ਬੱਸਾਂ ਦੀ ਚੈਕਿੰਗ ਕਰਨਾ ਲਾਜ਼ਮੀ ਬਣਾਉਣ ਦੇ ਆਦੇਸ਼ ਦਿੱਤੇ ਹਨ।ਡਿਪਟੀ ਕਮਿਸ਼ਨਰ ਸ੍ਰ. ਜਸਪ੍ਰੀਤ ਸਿੰਘ ਨੇ ਦੱਸਿਆ ਕਿ ਹਰ ਸਕੂਲੀ ਬੱਸ ਕੋਲ ਫਿਟਨੈੱਸ ਸਰਟੀਫ਼ਿਕੇਟ ਹੋਣਾ ਲਾਜ਼ਮੀ ਹੋਵੇ। ਉਨ੍ਹਾ ਕਿਹਾ ਕਿ ਬੱਸ ਵਿੱਚ ਉਸ ਦੀ ਰਜਿਸਟਰਡ ਸੀਟਿੰਗ ਕਪੈਸਟੀ ਤੋਂ ਵੱਧ ਬੱਚੇ ਨਾ ਬਿਠਾਏ ਹੋਣ।ਬੱਸ ਵਿੱਚ ਸਪੀਡ ਗੋਵਰਨਰ ਚਾਲੂ ਹਾਲਤ ਵਿੱਚ ਲੱਗਿਆ ਹੋਵੇ।ਬੱਸਾਂ ਦੇ ਡਰਾਈਵਰ ਕੋਲ ਵੈਲਿਡ ਲਾਇਸੰਸ ਹੋਣਾ ਲਾਜ਼ਮੀ ਹੋਵੇ।ਉਨ੍ਹਾ ਕਿਹਾ ਕਿ ਸੇਫ਼ ਸਕੂਲ ਵਾਹਨ ਸਕੀਮ ਦੀ ਇੰਨ-ਬਿਨ ਪਾਲਣਾ ਕਰਨਾ ਵੀ ਯਕੀਨੀ ਬਣਾਇਆ ਜਾਵੇ।ਸ. ਜਸਪ੍ਰੀਤ ਸਿੰਘ ਨੇ ਕਿਹਾ ਕਿ ਜੇਕਰ ਕੋਈ 18 ਤੋਂ ਘੱਟ ਉਮਰ ਦਾ ਬੱਚਾ ਸਕੂਲੀ ਵਹੀਕਲ ਦੀ ਡ੍ਰਾਈਵਿੰਗ ਕਰਦਾ ਪਾਇਆ ਗਿਆ ਤਾਂ ਉਸ ਦੇ ਮਾਪਿਆ ਖਿਲਾਫ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।ਉਨ੍ਹਾ ਕਿਹਾ ਕਿ ਕਿਸੇ ਸਕੂਲ ਬੱਸ ਵਿੱਚ ਉਕਤ ਨੁਕਤਿਆਂ ਦੀ ਉਲੰਘਣਾ ਪਾਈ ਗਈ ਤਾਂ ਸਬੰਧਤ ਸਕੂਲ ਤੇ ਬੱਸ ਮਾਲਕ ਵਿਰੁੱਧ ਕਾਨੂੰਨ ਅਨੁਸਾਰ ਸਖ਼ਤ ਤੋਂ ਸਖ਼ਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

### 300 ਗ੍ਰਾਮ ਅਫੀਮ ਸਣੇ 2 ਕਾਬੂ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਵੈਰੋਕੇ ਦੀ ਪੁਲਸ ਵੱਲੋਂ 300 ਗ੍ਰਾਮ ਅਫੀਮ, 2 ਮੋਬਾਇਲ ਫੋਨ ਤੇ 1500 ਰੁਪਏ ਰਾਸ਼ੀ ਸਣੇ 2 ਵਿਅਕਤੀਆਂ ਨੂੰ ਕਾਬੂ ਕੀਤਾ ਗਿਆ ਹੈ। ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਚੰਦਰ ਸ਼ੇਖਰ ਨੇ ਦੱਸਿਆ ਕਿ ਸਹਾਇਕ ਥਾਣੇਦਾਰ ਰਤਨ ਲਾਲ ਸਮੇਤ ਪੁਲਸ ਪਾਰਟੀ ਦੇ ਨਾਲ ਗਸ਼ਤ ਦੌਰਾਨ ਸ਼ੱਕੀ ਪੁਰਸ਼ਾਂ ਦੀ ਚੈਕਿੰਗ ਕਰਦੇ ਹੋਏ ਪਿੰਡ ਬਾਹਮਣੀਵਾਲਾ ਪੁੱਜੇ ਤਾਂ ਸੇਮਨਾਲਾ ਪੁਲ 'ਤੇ ਮਹਾਲਮ ਪਿੰਡ ਵਾਲੀ ਸਾਇਡ 'ਤੇ 2 ਆਦਮੀ ਖੜੇ ਗੱਡੀ ਦੀਆਂ ਲਾਈਟਾਂ ਵਿੱਚ ਦਿਖਾਈ ਦਿੱਤੇ, ਜੋ ਪੁਲਸ ਪਾਰਟੀ ਦੀ ਗੱਡੀ ਵੇਖ ਕੇ ਘਬਰਾ ਕੇ ਖਿਸਕਣ ਲੱਗੇ, ਜਿਨ੍ਹਾਂ ਨੇ ਇੱਕ ਅਵਾਜ਼ ਵਿੱਚ ਕਿਹਾ ਕਿ ਅਸੀਂ ਅਫੀਮ ਖਾਣ ਦੇ ਆਦੀ ਹਾਂ ਤੇ ਕੁਝ ਅਫੀਮ ਅੱਗੇ ਵੇਚ ਦਿੰਦੇ ਹਾਂ, ਜਿਸ 'ਤੇ ਸਮੇਤ ਪੁਲਸ ਪਾਰਟੀ ਮੌਕੇ 'ਤੇ ਪੁੱਜ ਕੇ 2 ਵਿਅਕਤੀਆਂ ਨੂੰ 300 ਗ੍ਰਾਮ ਅਫੀਮ, 2 ਮੋਬਾਇਲ ਫੋਨ ਤੇ 1500 ਰੁਪਏ ਸਣੇ ਕਾਬੂ ਕਰ ਲਿਆ। ਪੁਲਸ ਦੀ ਮੁੱਢਲੀ ਪੁੱਛਗਿੱਛ ਦੇ ਦੌਰਾਨ ਇਨ੍ਹਾਂ ਵਿਅਕਤੀਆਂ ਦੀ ਪਹਿਚਾਣ ਸੰਦੀਪ ਕੁਮਾਰ ਉਰਫ ਬਿੱਟੂ ਪੁੱਤਰ ਮਹਿੰਦਰ ਪਾਲ ਵਾਸੀ ਢਾਬ ਘੜਿਆਲ ਤੇ ਬਲਵਿੰਦਰ ਸਿੰਘ ਉਰਫ ਕਾਕਾ ਪੁੱਤਰ ਕਰਤਾਰ ਸਿੰਘ ਵਾਸੀ ਪਿੰਡ ਖੂਹੀਆਂ ਸਰਵਰ ਨੇੜੇ ਗੁਰਦੁਆਰਾ ਸੰਗਤਸਰ ਵਜੋਂ ਹੋਈ ਹੈ। ਪੁਲਸ ਨੇ ਉਕਤ ਖਿਲਾਫ ਥਾਣਾ ਵੈਰੋਕੇ ਵਿਖੇ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

# ਲੋਕ ਮਸਲੇ ਹੱਲ ਕਰਵਾਉਣ ਲਈ ਲੋਕਾਂ ਨੂੰ ਸੰਗਠਤ ਹੋਣ ਦੀ ਲੋੜ : ਬੁਰਜਗਿੱਲ

■ ਭਾਕਿਯੂ (ਡਕੌਂਦਾ) ਜ਼ਿਲ੍ਹਾ ਪੱਧਰੀ ਕਮੇਟੀ ਦੀ ਸਰਬਸੰਮਤੀ ਨਾਲ ਚੋਣ



ਹਠੂਰ/ਜਗਰਾਉਂ (ਨਛੱਤਰ ਸੰਧੂ)-ਭਾਰਤੀ ਕਿਸਾਨ ਯੂਨੀਅਨ (ਡਕੌਂਦਾ) ਦੇ ਵਰਕਰਾਂ ਦਾ ਵਿਸ਼ਾਲ ਜ਼ਿਲ੍ਹਾ ਪੱਧਰੀ ਅਜਲਾਸ ਰਾਏਕੋਟ ਦੇ ਇਤਿਹਾਸਕ ਗੁਰਦੁਆਰਾ ਟਾਹਲੀਆਣਾ ਸਾਹਿਬ ਦੇ ਦੀਵਾਨ ਹਾਲ ਵਿੱਚ ਜ਼ਿਲ੍ਹਾ ਪ੍ਰਧਾਨ ਮਾਸਟਰ ਮਹਿੰਦਰ ਸਿੰਘ ਕਮਾਲਪੁਰਾ ਦੀ ਅਗਵਾਈ ਹੇਠ ਹੋਇਆ। ਜਿਸ ਦੌਰਾਨ ਭਾਕਿਯੂ (ਡਕੌਂਦਾ) ਦੇ ਸੂਬਾ ਪ੍ਰਧਾਨ ਬੂਟਾ ਸਿੰਘ ਬੁਰਜਗਿੱਲ, ਸੂਬਾ ਮੀਤ ਪ੍ਰਧਾਨ ਗੁਰਮੀਤ ਸਿੰਘ ਭੱਟੀਵਾਲ, ਸੂਬਾ ਵਿੱਤ ਸਕੱਤਰ ਰਾਮ ਸਿੰਘ ਮਟੋਰੜਾ, ਸੂਬਾ ਪ੍ਰੈੱਸ ਸਕੱਤਰ ਇੰਦਰਪਾਲ ਸਿੰਘ, ਇਸਤਰੀ ਵਿੰਗ ਦੇ ਸੂਬਾ ਪ੍ਰਧਾਨ ਬਲਵੀਰ ਕੌਰ ਮਾਨਸਾ, ਜ਼ਿਲ੍ਹਾ ਪ੍ਰਧਾਨ ਬਰਨਾਲਾ ਦਰਸ਼ਨ ਸਿੰਘ ਉੱਗੋਕੇ ਸਮੇਤ ਸੂਬਾ ਕਮੇਟੀ ਦੇ ਮੈਂਬਰ ਉਚੇਚੇ ਤੌਰ 'ਤੇ ਸ਼ਾਮਲ ਹੋਏ।ਅਜਲਾਸ ਨੂੰ ਸੰਬੋਧਨ ਕਰਦਿਆਂ ਸੂਬਾ ਪ੍ਰਧਾਨ ਨੇ ਦੱਸਿਆ ਕਿ ਕੇਂਦਰ ਸਰਕਾਰ ਕਿਸਾਨਾਂ ਨਾਲ ਕੀਤੇ ਵਾਅਦਿਆਂ ਤੋਂ ਮੁੱਨਕਰ ਹੋ ਚੁੱਕੀ ਹੈ ਤੇ ਪੰਜਾਬ ਸਰਕਾਰ ਮੋਦੀ ਸਰਕਾਰ ਦੀ ਪੈੜ ਵਿੱਚ ਪੈੜ ਧਰਦਿਆਂ ਸੁਪਰੀਮ ਕੋਰਟ ਵਿੱਚ ਕਿਸਾਨਾਂ ਦੀਆਂ ਫਸਲਾਂ ਦੀ ਐੱਮ ਐੱਸ ਪੀ ਤੋੜਨ ਦੇ ਹਲਫ਼ਨਾਮੇ ਤੱਕ ਦਾਇਰ ਕਰ ਚੁੱਕੀ ਹੈ।ਉਨ੍ਹਾਂ ਦੱਸਿਆ ਕਿ ਕਿਸਾਨਾਂ ਦੀਆਂ ਮੁੱਖ ਮੰਗਾਂ ਫਸਲਾਂ ਲਈ ਐੱਮ ਐੱਸ ਪੀ ਗਾਰੰਟੀ ਕਾਨੂੰਨ ਬਣਾਉਣ, ਚਿੱਪ ਵਾਲੇ ਮੀਟਰ ਨਾ ਲਗਾਉਣ, ਸ਼ਹੀਦ ਕਿਸਾਨਾਂ ਦੇ ਪਰਿਵਾਰਾਂ ਨੂੰ ਸਰਕਾਰੀ ਨੌਕਰੀਆਂ ਤੇ ਮੁਆਵਜ਼ਾ ਦਿਵਾਉਣ, ਕਿਸਾਨਾਂ ਪੈਨਸ਼ਨ ਲਗਾਉਣ, ਕਿਸਾਨਾਂ ਦੀਆਂ ਫਸਲਾਂ ਦਾ ਬੀਮਾ ਕਰਨ, ਲਖੀਮਪੁਰ ਖੀਰੀ ਦੇ ਕਾਤਲਾਂ ਨੂੰ ਸਜ਼ਾ ਕਰਵਾਉਣ ਦੀਆਂ ਹਨ।ਇਸ ਸਮੇਂ ਸੂਬਾ ਪ੍ਰਧਾਨ ਨੇ ਆਖਿਆ ਕਿ ਪੂਰੇ ਭਾਰਤ ਵਿੱਚ ਲੋਕ ਸਭਾ ਚੋਣਾਂ ਦਾ ਬਿਗਲ ਵੱਜ ਚੁੱਕਾ ਹੈ ਤੇ ਪੰਜਾਬ ਵਿੱਚ ਚੋਣ ਸੱਤਵੇਂ ਗੇੜ ਰਾਹੀਂ 1 ਜੂਨ ਨੂੰ ਹੋਣ ਜਾ ਰਹੀਆਂ ਹਨ, ਜਦਕਿ ਚੋਣਾਂ ਲੜਨ ਦੇ ਚਾਹਵਾਨ ਉਮੀਦਵਾਰ ਹੁਣੇ ਤੋਂ ਗੇੜੇ ਮਾਰ ਰਹੇ ਹਨ ਅਤੇ ਸਾਨੂੰ ਕਿਸਾਨਾਂ ਮਜ਼ਦੂਰਾਂ ਨੂੰ ਪਿੰਡਾਂ ਵਿੱਚ ਮਿਲ ਕੇ ਆ ਰਹੇ ਉਮੀਦਵਾਰਾਂ ਤੋਂ ਕਿਸਾਨਾਂ ਦੇ ਮਸਲੇ, ਬੰਦੀ ਸਿੰਘਾਂ ਦੀ ਰਿਹਾਈ ਵਰਗੇ ਮੁੱਦਿਆਂ 'ਤੇ ਸਵਾਲ ਜਵਾਬ ਕਰਨੇ ਚਾਹੀਦੇ ਹਨ।ਇਸ ਇਜਲਾਸ ਦੌਰਾਨ ਸਮੂਹ ਭਾਰਤੀ ਕਿਸਾਨ ਯੂਨੀਅਨ (ਡਕੌਂਦਾ) ਜ਼ਿਲ੍ਹਾ ਲੁਧਿਆਣਾ ਦੇ ਬਲਾਕ ਪ੍ਰਧਾਨਾਂ, ਇਕਾਈ ਪ੍ਰਧਾਨਾਂ ਤੇ ਵਰਕਰਾਂ ਵੱਲੋਂ ਸਰਵਸੰਮਤੀ ਨਾਲ ਜ਼ਿਲ੍ਹਾ ਕਮੇਟੀ ਦੀ ਚੋਣ ਕੀਤੀ ਗਈ, ਜਿਸ 'ਚ ਜ਼ਿਲ੍ਹਾ ਪ੍ਰਧਾਨ ਮਾਸਟਰ ਮਹਿੰਦਰ ਸਿੰਘ ਕਮਾਲਪੁਰਾ, ਜ਼ਿਲ੍ਹਾ ਸੀਨੀ. ਮੀਤ ਪ੍ਰਧਾਨ ਰਾਜਵੀਰ ਘੁਡਾਣੀ, ਜ਼ਿਲ੍ਹਾ ਜਨਰਲ ਸਕੱਤਰ ਬਚਿੱਤਰ ਸਿੰਘ ਜਨੇਤਪੁਰਾ, ਸੀਨੀ. ਮੀਤ ਪ੍ਰਧਾਨ ਜਗਰੂਪ ਸਿੰਘ, ਜ਼ਿਲ੍ਹਾ ਮੀਤ ਪ੍ਰਧਾਨ ਹਰਬਖਸ਼ੀਸ਼ ਸਿੰਘ ਰਾਏ ਚੱਕ ਭਾਈ ਕਾ, ਜ਼ਿਲ੍ਹਾ ਮੀਤ ਪ੍ਰਧਾਨ ਮਨਜਿੰਦਰ ਸਿੰਘ ਮੋਰਕਰੀਮਾਂ, ਵਿੱਤ ਸਕੱਤਰ ਸਤਿਬੀਰ ਸਿੰਘ ਬੋਪਾਰਾਏ ਖੁਰਦ, ਪ੍ਰੈੱਸ ਸਕੱਤਰ ਦਵਿੰਦਰ ਸਿੰਘ ਕਾਉਂਕੇ, ਸਹਿ-ਵਿੱਤ ਸਕੱਤਰ ਸੁਖਦੇਵ ਸਿੰਘ ਲੇਹਲ, ਸਹਿ-ਸਕੱਤਰ ਲਖਵੀਰ ਸਿੰਘ ਸਮਰਾ, ਸੁਯੰਕਤ ਸਕੱਤਰ ਭੁਪਿੰਦਰ ਸਿੰਘ ਬੋਪਾਰਾਏ ਖੁਰਦ, ਜਥੇਬੰਦਕ ਸਕੱਤਰ ਅਮਨਦੀਪ ਸਿੰਘ ਲਲਤੋਂ, ਜ਼ਿਲ੍ਹਾ ਮੀਤ ਪ੍ਰਧਾਨ ਹਰਜੀਤ ਸਿੰਘ ਜਨੇਤਪੁਰਾ ਦੀ ਚੋਣ ਕੀਤੀ ਗਈ।ਇਸ ਦੌਰਾਨ ਚੁਣੇ ਗਏ ਆਗੂਆਂ ਨੇ ਸਾਰੇ ਵਰਕਰਾਂ ਦਾ ਧੰਨਵਾਦ ਕਰਨ ਉਪਰੰਤ ਆਪਣੀ ਜ਼ਿੰਮੇਵਾਰੀ ਤਨਦੇਹੀ ਨਾਲ ਨਿਭਾਉਣ ਦਾ ਵਿਸ਼ਵਾਸ ਦਿਵਾਇਆ।

## ਦੋ ਔਰਤਾਂ ਕੋਲੋਂ ਭਾਰੀ ਮਾਤਰਾ 'ਚ ਲਾਹਨ ਤੇ ਸ਼ਰਾਬ ਬਰਾਮਦ



**ਜਗਰਾਉਂ (ਨਛੱਤਰ ਸੰਧੂ)**-ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਨਜਾਇਜ਼ ਸ਼ਰਾਬ ਵਿਰੁੱਧ ਚਲਾਈ ਗਈ ਸਾਂਝੀ ਮੁਹਿੰਮ ਦੌਰਾਨ ਪੰਜਾਬ ਐਕਸਾਈਜ਼ ਨੇ ਲੁਧਿਆਣਾ (ਦਿਹਾਤੀ) ਦੀ ਪੁਲਸ ਨਾਲ ਮਿਲ ਕੇ 35000 ਲੀਟਰ ਲਾਹਣ ਤੇ 59 ਬੋਤਲਾਂ ਨਾਜਾਇਜ਼ ਸ਼ਰਾਬ ਬਰਾਮਦ ਕੀਤੀ ਹੈ।ਸਹਾਇਕ ਕਮਿਸ਼ਨਰ (ਆਬਕਾਰੀ) ਇੰਦਰਜੀਤ ਸਿੰਘ ਨਾਗਪਾਲ ਨੇ ਦੱਸਿਆ ਕਿ ਆਬਕਾਰੀ ਇੰਸਪੈਕਟਰ ਹਰਸ਼ਪਿੰਦਰ ਸਿੰਘ ਤੇ ਬਲਕਰਨ ਸਿੰਘ ਦੀ ਅਗਵਾਈ ਵਿੱਚ ਸਥਾਨਕ ਸਿੱਧਵਾਂ ਬੇਟ ਪੁਲਸ ਨਾਲ ਮਿਲ ਕੇ ਟੀਮਾਂ ਨੇ ਸ਼ੇਰੇਵਾਲਾ ਤੇ ਵਲੀਪੁਰ ਖੁਰਦ ਵਿੱਚ ਛਾਪੇਮਾਰੀ ਕਰਕੇ 35000 ਲੀਟਰ ਲਾਹਣ ਬਰਾਮਦ ਕੀਤੀ ਹੈ।ਇਸ ਤੋਂ ਇਲਾਵਾ ਟੀਮ ਨੇ ਸ਼ੇਰੇਵਾਲਾ ਦੀ ਰਹਿਣ ਵਾਲੀ ਮਨਦੀਪ ਕੌਰ ਤੇ ਬਿਮਲ ਬਾਈ ਨਾਮਕ ਦੋ ਔਰਤਾਂ ਕੋਲੋਂ 59 ਬੋਤਲਾਂ ਨਾਜਾਇਜ਼ ਸ਼ਰਾਬ ਵੀ ਬਰਾਮਦ ਕੀਤੀ ਹੈ।ਟੀਮ ਵੱਲੋਂ ਜ਼ਬਤ ਕੀਤੀ ਲਾਹਣ ਨੂੰ ਮੌਕੇ 'ਤੇ ਹੀ ਨਸ਼ਟ ਕਰ ਦਿੱਤਾ ਗਿਆ।ਦੋਵਾਂ ਔਰਤਾਂ ਖ਼ਿਲਾਫ਼ ਆਬਕਾਰੀ ਐਕਟ ਤਹਿਤ ਵੱਖ-ਵੱਖ ਕੇਸ ਦਰਜ ਕੀਤੇ ਗਏ ਹਨ।

## ਬਾਬਾ ਫ਼ਰੀਦ ਕਾਲਜ 'ਚ 'ਰੰਗ ਪੰਜਾਬ ਦੇ' ਸਮਾਗਮ ਕਰਾਇਆ



**ਬਠਿੰਡਾ (ਪਰਵਿੰਦਰਜੀਤ ਸਿੰਘ)**-ਬਾਬਾ ਫ਼ਰੀਦ ਕਾਲਜ ਦੇ ਮੈਨੇਜਮੈਂਟ ਵਿਭਾਗ ਨੇ ਕਾਲਜ ਦੇ ਸੱਭਿਆਚਾਰਕ ਕਲੱਬ ਦੇ ਸਹਿਯੋਗ ਨਾਲ ਬੀ.ਐੱਫ.ਜੀ.ਆਈ. ਦੇ ਵਿਦਿਆਰਥੀਆਂ ਲਈ 12 ਅਪ੍ਰੈਲ 2024 ਨੂੰ 'ਰੰਗ ਪੰਜਾਬ ਦੇ-ਵਿਸਾਖੀ ਦਾ ਜਸ਼ਨ' ਨਾਮਕ ਇੱਕ ਸਮਾਗਮ ਕੀਤਾ।ਇਹ ਸਮਾਗਮ ਬਹੁਤ ਸਫਲ ਰਿਹਾ, ਜਿਸ ਵਿੱਚ ਫੈਕਲਟੀ ਮੈਂਬਰਾਂ ਤੇ ਵਿਦਿਆਰਥੀਆਂ ਦੀ ਉਤਸ਼ਾਹੀ ਭਾਗੀਦਾਰੀ ਵੇਖੀ ਗਈ।ਸਮਾਗਮ ਦੀ ਸ਼ੁਰੂਆਤ ਬੀ.ਐੱਫ.ਜੀ.ਆਈ. ਦੇ ਡਿਪਟੀ ਡਾਇਰੈਕਟਰ (ਐਕਟੀਵਿਟੀਜ਼) ਸ੍ਰੀ ਬੀ. ਡੀ. ਸ਼ਰਮਾ, ਡਿਪਟੀ ਡਾਇਰੈਕਟਰ (ਸਹੂਲਤ ਪ੍ਰਬੰਧਨ) ਸ੍ਰ. ਹਰਪਾਲ ਸਿੰਘ, ਬੀ.ਐੱਫ.ਸੀ.ਐੱਮ.ਟੀ. ਦੇ ਵਾਈਸ ਪ੍ਰਿੰਸੀਪਲ ਡਾ. ਸਚਿਨ ਦੇਵ ਤੇ ਸ਼੍ਰੀਮਤੀ ਨੀਤੂ ਸਿੰਘ (ਡੀਨ ਅਕਾਦਮਿਕ ਮਾਮਲੇ) ਵੱਲੋਂ ਮੁੱਖ ਮਹਿਮਾਨ ਪ੍ਰੋ. (ਡਾ.) ਐੱਮ. ਪੀ. ਪੂਨੀਆ (ਕੈਂਪਸ ਡਾਇਰੈਕਟਰ, ਬੀ.ਐੱਫ.ਜੀ.ਆਈ.) ਦੇ ਨਿੱਘੇ ਸੁਆਗਤ ਨਾਲ ਕੀਤੀ ਗਈ।

ਇਸ ਸਮਾਗਮ ਦੀਆਂ ਦੋ ਗਤੀਵਿਧੀਆਂ ਸਨ, ਜਿਨ੍ਹਾਂ ਵਿੱਚ 'ਪੰਜਾਬ ਦੇ ਲੋਕ ਨਾਚ' ਤੇ 'ਪੰਜਾਬੀ ਪਹਿਰਾਵਾ ਵਾਕ' ਸ਼ਾਮਲ ਸਨ।ਸ਼੍ਰੀਮਤੀ ਪੁਸ਼ਪਿੰਦਰ ਕੌਰ (ਸਹਾਇਕ ਪ੍ਰੋਫੈਸਰ, ਬੀ.ਐੱਫ.ਸੀ.) ਤੇ ਸੁਖਵੀਰ ਸਿੰਘ (ਬੀ.ਬੀ.ਏ. ਦੇ ਸਾਬਕਾ ਵਿਦਿਆਰਥੀ) ਨੇ ਗਤੀਵਿਧੀਆਂ ਨੂੰ ਜੱਜ ਕੀਤਾ। ਪੰਜਾਬ ਦੇ ਲੋਕ ਨਾਚ ਵਿੱਚ ਬੀ.ਬੀ.ਏ. ਪਹਿਲੇ ਸਾਲ ਦੀ ਵਿਦਿਆਰਥਣ ਰਵਨੀਤ ਕੌਰ ਜੇਤੂ ਰਹੀ, ਜਦੋਂ ਕਿ ਬੀ.ਬੀ.ਏ. ਦੂਜਾ ਸਾਲ ਦੇ ਵਿਦਿਆਰਥੀ ਉਦੈ ਨੇ ਪੰਜਾਬੀ ਪਹਿਰਾਵਾ ਵਾਕ (ਲੜਕੇ) ਵਿੱਚ ਪਹਿਲਾ ਸਥਾਨ ਹਾਸਲ ਕੀਤਾ।ਇਸੇ ਤਰ੍ਹਾਂ ਬੀ.ਕਾਮ ਫਾਈਨਲ ਸਾਲ ਦੀ ਵਿਦਿਆਰਥਣ ਜਸਪ੍ਰੀਤ ਕੌਰ ਨੂੰ ਪੰਜਾਬੀ ਪਹਿਰਾਵਾ ਵਾਕ (ਲੜਕੀਆਂ) ਦੇ ਮੁਕਾਬਲੇ ਵਿੱਚ ਜੇਤੂ ਐਲਾਨਿਆ ਗਿਆ।ਬੀ.ਐੱਫ.ਜੀ.ਆਈ. ਦੇ ਚੇਅਰਮੈਨ ਡਾ. ਗੁਰਮੀਤ ਸਿੰਘ ਧਾਲੀਵਾਲ ਨੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ।ਸਮਾਗਮ ਦੇ ਅੰਤ ਵਿੱਚ ਮੈਨੇਜਮੈਂਟ ਵਿਭਾਗ ਦੀ ਮੁਖੀ ਪਵਨੀਤ ਕੌਰ ਨੇ ਸਮੂਹ ਮਹਿਮਾਨਾਂ ਤੇ ਪ੍ਰਬੰਧਕ ਕਮੇਟੀ ਦਾ ਧੰਨਵਾਦ ਕੀਤਾ।

## ਪੰਜਾਬ ਬਚਾਓ ਯਾਤਰਾ ਦੇ ਸੁਆਗਤ ਲਈ ਵਰਕਰਾਂ ਦਾ ਧੰਨਵਾਦ

■ ਆਗੂਆਂ ਤੇ ਵਰਕਰਾਂ ਨੇ ਲੱਡੂ ਵੰਡ ਕੇ ਖੁਸ਼ੀ ਮਨਾਈ



**ਨਾਭਾ (ਵਰਿੰਦਰ ਵਰਮਾ)**-ਸ਼੍ਰੋਮਣੀ ਅਕਾਲੀ ਦਲ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਪੰਜਾਬ ਬਚਾਓ ਯਾਤਰਾ ਦਾ ਹਲਕਾ ਵਿਧਾਨ ਸਭਾ ਨਾਭਾ ਵਿਖੇ ਪੁੱਜਣ 'ਤੇ ਹਲਕੇ ਦੇ ਅਕਾਲੀ ਆਗੂਆਂ ਤੇ ਵਰਕਰਾਂ ਨੇ ਵੱਡੀ ਗਿਣਤੀ ਵਿੱਚ ਨਿੱਘਾ ਤੇ ਭਰਵਾਂ ਸਵਾਗਤ ਕੀਤਾ, ਜਿਸ ਵਿੱਚ ਹਲਕਾ ਨਾਭਾ ਤੋਂ ਮੁੱਖ ਸੇਵਾਦਾਰ ਮੱਖਣ ਸਿੰਘ ਲਾਲਕਾ ਨੇ ਧੰਨਵਾਦ ਕਰਦਿਆਂ ਕਿਹਾ ਕਿ ਵੱਡੀ ਗਿਣਤੀ ਵਿੱਚ ਪਾਰਟੀ ਆਗੂਆਂ, ਵਰਕਰਾਂ ਖ਼ਾਸ ਕਰਕੇ ਨੌਜਵਾਨਾਂ ਦਾ ਸ਼ਾਮਲ ਹੋਣਾ ਸ਼੍ਰੋਮਣੀ ਅਕਾਲੀ ਦਲ ਪਾਰਟੀ ਪ੍ਰਤੀ ਪਿਆਰ ਤੇ ਸਨੇਹ ਨੂੰ ਦਿਖਾਉਂਦਾ ਹੈ।ਉਨ੍ਹਾਂ ਕਿਹਾ ਕਿ ਹਲਕਾ ਨਾਭਾ ਵਿੱਚ 100 ਤੋਂ ਵਧੇਰੇ ਥਾਵਾਂ ਉੱਤੇ ਪਾਰਟੀ ਸੁਪਰੀਮੋ ਸੁਖਬੀਰ ਸਿੰਘ ਬਾਦਲ ਦਾ ਵੱਖ ਵੱਖ ਆਗੂਆਂ, ਸੰਸਥਾਵਾਂ ਵੱਲੋਂ ਜਿੱਥੇ ਸਿਰੋਪਾਓ ਪਾ ਕੇ ਸਨਮਾਨ ਕੀਤਾ ਗਿਆ, ਉੱਥੇ ਹੀ ਸਾਰੇ ਰਸਤੇ ਫੁੱਲਾਂ ਦੀ ਵਰਖਾ ਕਰਦਿਆਂ ਉਨ੍ਹਾਂ ਦਾ ਸ਼ਾਨਦਾਰ ਅੰਦਾਜ਼ ਨਾਲ ਸਵਾਗਤ ਕੀਤਾ ਗਿਆ।ਪਾਰਟੀ ਆਗੂਆਂ ਤੇ ਵਰਕਰਾਂ ਵੱਲੋਂ ਦਿੱਤੇ ਇਸ ਪਿਆਰ ਸਦਕਾ ਗਦ ਗਦ ਹੋਏ ਹਲਕਾ ਮੁੱਖ ਸੇਵਾਦਾਰ ਮੱਖਣ ਸਿੰਘ ਲਾਲਕਾ ਨੇ ਕਿਹਾ ਕਿ ਉਹ ਪਾਰਟੀ ਪ੍ਰਤੀ ਦਿੱਤੀਆਂ ਇਨ੍ਹਾਂ ਸੇਵਾਵਾਂ ਦਾ ਪਾਰਟੀ ਆਗੂਆਂ ਤੇ ਵਰਕਰਾਂ ਦਾ ਸਾਰੀ ਜ਼ਿੰਦਗੀ ਕਰਜ਼ ਨਹੀਂ ਉਤਾਰ ਸਕਦੇ, ਉਹ ਸਦਾ ਇਨ੍ਹਾਂ ਦੇ ਰਿਣੀ ਰਹਿਣਗੇ ਅਤੇ ਦਿਨ-ਰਾਤ ਪੰਜਾਬ ਦੀ ਭਲਾਈ ਆਪਣੇ ਆਗੂਆਂ ਤੇ ਵਰਕਰਾਂ ਦੇ ਨਾਲ ਰਲ ਕੇ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡਣਗੇ।ਇਸ ਮੌਕੇ ਕੋਰ ਕਮੇਟੀ ਮੈਂਬਰ ਸਤਵਿੰਦਰ ਸਿੰਘ ਟੌਹੜਾ, ਹਲਕਾ ਇੰਚਾਰਜ ਮੱਖਣ ਸਿੰਘ ਲਾਲਕਾ ਦੀ ਅਗਵਾਈ ਹੇਠ ਸ਼ਹਿਰੀ ਪ੍ਰਧਾਨ ਗੁਰਸੇਵਕ ਸਿੰਘ ਗੋਲੂ, ਦਿਹਾਤੀ ਪ੍ਰਧਾਨ ਗੁਰਮੀਤ ਸਿੰਘ ਕੋਟ, ਵਰੁਣ ਜੈਨ, ਰੋਸ਼ਨ ਲਾਲ ਫੌਜੀ, ਬਲਤੇਜ ਖੋਖ ਤੋਂ ਇਲਾਵਾ ਸਮੂਹ ਵਰਕਰਾਂ ਤੇ ਆਗੂਆਂ ਨੇ ਪਟਿਆਲਾ ਗੇਟ ਵਿਖੇ ਲੱਡੂ ਵੰਡ ਕੇ ਖੁਸ਼ੀ ਜ਼ਾਹਰ ਕੀਤੀ।

## ਸੰਤ ਕਬੀਰ ਸਕੂਲ 'ਚ ਵਿਸਾਖੀ ਦਾ ਤਿਉਹਾਰ ਉਤਸ਼ਾਹ ਨਾਲ ਮਨਾਇਆ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਸੰਤ ਕਬੀਰ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਭੁੱਚੋ ਵਿਖੇ ਖਾਲਸਾ ਸਾਜਨਾ ਦਿਵਸ ਤੇ ਵਿਸਾਖੀ ਦਾ ਤਿਉਹਾਰ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਵਿਸ਼ੇਸ਼ ਪ੍ਰਾਰਥਨਾ ਸਭਾ ਦਾ ਆਯੋਜਨ ਕੀਤਾ ਗਿਆ। ਢੋਲ ਬੀਟ ਤੇ ਪੰਜਾਬੀ ਲੋਕ ਸੰਗੀਤ ਨੇ ਉਤਸ਼ਾਹ ਨੂੰ ਹੋਰ ਵਧਾ ਦਿੱਤਾ। ਰੰਗ-ਬਿਰੰਗੇ ਪੰਜਾਬੀ ਰਵਾਇਤੀ ਪਹਿਰਾਵੇ ਵਿੱਚ ਸਜੇ ਵਿਦਿਆਰਥੀਆਂ ਨੇ ਪੰਜਾਬ ਦੇ ਸੱਭਿਆਚਾਰ ਨੂੰ ਦਰਸਾਉਂਦਾ ਰੰਗਾ-ਰੰਗ ਪ੍ਰੋਗਰਾਮ ਵੀ ਪੇਸ਼ ਕੀਤਾ। ਬੱਚਿਆਂ ਨੇ ਸ਼ਬਦ ਗਾਇਨ ਕੀਤਾ। ਇਸ ਤੋਂ ਇਲਾਵਾ ਗੀਤ, ਡਾਂਸ ਤੇ ਭਾਸ਼ਣ ਆਦਿ ਦੀਆਂ ਪੇਸ਼ਕਾਰੀਆਂ ਨੇ ਸਭਨਾਂ ਦਾ ਮਨ ਮੋਹ ਲਿਆ। ਮੈਡਮ ਕੁਲਵੰਤ ਕੌਰ ਨੇ ਵਿਸਾਖੀ ਦੀ ਮਹੱਤਤਾ ਬਾਰੇ ਦੱਸਿਆ ਤੇ ਮੈਡਮ ਨੇਹਾ ਨੇ ਸ਼ਬਦ ਪੇਸ਼ ਕੀਤੇ। ਇਸ ਦੌਰਾਨ ਚੌਥੀ ਤੇ ਪੰਜਵੀਂ ਜਮਾਤ ਦੇ ਵਿਦਿਆਰਥੀਆਂ ਦੇ ਪੰਜਾਬੀ ਡਾਂਸ ਦੇ ਮੁਕਾਬਲੇ ਕਰਵਾਏ ਗਏ, ਜਿਸ ਵਿੱਚੋਂ ਜਗਬੀਰ ਕੌਰ ਨੇ ਪਹਿਲਾ ਅਤੇ ਛੇਵੀਂ ਤੇ ਸੱਤਵੀਂ ਜਮਾਤ ਦੇ ਵਿਦਿਆਰਥੀਆਂ ਵਿਚਕਾਰ ਕਰਵਾਏ ਕਵਿਤਾ ਉਚਾਰਨ ਮੁਕਾਬਲੇ 'ਚੋਂ ਅਵਰੀਤ ਕੌਰ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਸਕੂਲ ਦੇ ਐੱਮ. ਡੀ. ਪ੍ਰੋ. ਐੱਮ. ਐੱਲ. ਅਰੋੜਾ, ਪ੍ਰਿੰਸੀਪਲ ਮੈਡਮ ਕੰਚਨ, ਮੈਡਮ ਸੋਨੀਆ ਧਵਨ ਤੇ ਮੈਡਮ ਰਚਨਾ ਜਿੰਦਲ ਨੇ ਬੱਚਿਆਂ ਨੂੰ ਸ਼ੁੱਭ-ਕਾਮਨਾਵਾਂ ਦਿੰਦੇ ਹੋਏ ਕਿਹਾ ਕਿ ਵਿਸਾਖੀ ਦਾ ਤਿਉਹਾਰ ਭਾਰਤੀ ਸੰਸਕ੍ਰਿਤੀ ਤੇ ਸੱਭਿਅਤਾ ਦਾ ਪ੍ਰਤੀਕ ਹੈ। ਇਹ ਤਿਉਹਾਰ ਸਾਨੂੰ ਆਪਸ ਵਿੱਚ ਮਿਲ-ਜੁਲ ਕੇ ਭਾਈਚਾਰੇ ਦੀ ਭਾਵਨਾ ਨਾਲ ਰਹਿਣ ਦਾ ਸੰਦੇਸ਼ ਦਿੰਦਾ ਹੈ।

# ਪੰਜਾਬੀ 'ਵਰਸਿਟੀ ਵਿਖੇ 'ਵਿਸਾਖੀ ਮੇਲਾ-2024' ਕਰਵਾਇਆ



**ਪਟਿਆਲਾ (ਪੱਤਰ ਪ੍ਰੇਰਕ)**-ਪੰਜਾਬੀ ਯੂਨੀਵਰਸਿਟੀ ਵਿਖੇ ਪੰਜਾਬੀ ਭਾਸ਼ਾ ਵਿਕਾਸ ਵਿਭਾਗ ਵੱਲੋਂ 'ਵਿਸਾਖੀ ਮੇਲਾ-2024' ਕਰਵਾਇਆ ਗਿਆ।ਸੰਗੀਤ ਵਿਭਾਗ, ਨ੍ਰਿਤ ਵਿਭਾਗ, ਵਿਹਾਰਕ ਪ੍ਰਬੰਧਨ ਯੂਨੀਵਰਸਿਟੀ ਸਕੂਲ, ਯੁਵਕ ਭਲਾਈ ਵਿਭਾਗ ਤੇ ਵੱਖ-ਵੱਖ ਵਿਭਾਗਾਂ ਦੇ ਪੰਜਾਬੀ ਪ੍ਰਤੀਨਿਧੀਆਂ ਤੇ ਸਰਬ ਸਾਂਝੀ ਸੰਸਥਾ ਦੇ ਸਹਿਯੋਗ ਨਾਲ਼ ਕਰਵਾਏ ਗਏ ਇਸ ਮੇਲੇ ਦੇ ਪਹਿਲੇ ਭਾਗ ਵਿੱਚ ਇੱਕ ਵਿਸ਼ੇਸ਼ ਭਾਸ਼ਣ ਕਰਵਾਇਆ ਗਿਆ, ਜਦੋਂਕਿ ਦੂਜੇ ਪੜਾਅ ਵਿੱਚ ਕਲਾ ਭਵਨ ਦੇ ਬਾਹਰ ਰੰਗਾ-ਰੰਗ ਪ੍ਰੋਗਰਾਮ ਵੀ ਕਰਵਾਇਆ ਗਿਆ।ਪੰਜਾਬੀ ਭਾਸ਼ਾ ਵਿਕਾਸ ਵਿਭਾਗ ਦੇ ਮੁਖੀ ਡਾ. ਪਰਮਿੰਦਰਜੀਤ ਕੌਰ ਨੇ ਸਵਾਗਤੀ ਸ਼ਬਦ ਬੋਲਦਿਆਂ ਕਿਹਾ ਕਿ ਇਤਿਹਾਸ ਵਿੱਚ, ਸਾਲ 1968 ਨੂੰ, ਅੱਜ ਹੀ ਦੇ ਦਿਨ ਭਾਵ ਵਿਸਾਖੀ ਵਾਲੇ ਦਿਨ 'ਪੰਜਾਬੀ ਭਵਨ' ਦੀ ਨੀਂਹ ਰੱਖੀ ਗਈ ਸੀ। ਵਿਸ਼ੇਸ਼ ਭਾਸ਼ਣ ਦੇ ਬੁਲਾਰੇ ਪ੍ਰੋ. ਰਾਜਿੰਦਰਪਾਲ ਸਿੰਘ ਬਰਾੜ ਨੇ ਇਸ ਮੌਕੇ 'ਵਿਸਾਖੀ ਮੇਲੇ ਦੀ ਸਮਕਾਲੀਨ ਸਾਰਥਿਕਤਾ' ਵਿਸ਼ੇ 'ਤੇ ਬੋਲਦਿਆਂ ਵਿਸਾਖੀ ਸੰਬੰਧੀ ਇਤਿਹਾਸਕ ਹਵਾਲਿਆਂ ਨਾਲ਼ ਗੱਲ ਕਰਦੇ ਹੋਏ ਮੌਜੂਦਾ ਸਮੇਂ ਵਿੱਚ ਇਸ ਦੀ ਪ੍ਰਸੰਗਕਤਾ ਤੇ ਨਵੇਂ ਰੁਝਾਨਾਂ ਜਾਂ ਤਬਦੀਲੀਆਂ ਬਾਰੇ ਵਿਸਥਾਰ ਵਿੱਚ ਗੱਲ ਕੀਤੀ।ਉਨ੍ਹਾ ਕਿਹਾ ਕਿ ਇਹ ਤਿਉਹਾਰ ਜਿੱਥੇ ਮੌਸਮ ਦੀ ਬਦਲੀ ਤੇ ਫ਼ਸਲ ਦੇ ਪੱਕਣ ਸੰਬੰਧੀ ਜਸ਼ਨ ਨਾਲ਼ ਜੁੜਿਆ ਹੋਇਆ ਹੈ, ਪਰ 1699 ਦੀ ਵਿਸਾਖੀ ਮੌਕੇ ਖਾਲਸਾ ਪੰਥ ਦੀ ਸਾਜਣਾ ਉਪਰੰਤ ਪੰਜਾਬੀਆਂ ਵਿੱਚ ਦਲੇਰੀ ਤੇ ਜਜ਼ਬਾ ਭਰਿਆ ਗਿਆ, ਜਿਸ ਨਾਲ਼ ਇੱਕ ਨਵੇਂ ਪੰਜਾਬ ਦਾ ਜਨਮ ਹੋਇਆ।ਅਜਿਹਾ ਹੋਣ ਉਪਰੰਤ ਵਿਦੇਸ਼ੀ ਹਮਲਿਆਂ ਨੂੰ ਠੱਲ੍ਹ ਪਈ ਤੇ ਉਲਟਾ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਜਮਰੌਦ ਤੱਕ ਖਾਲਸਾਈ ਝੰਡੇ ਝੂਲੇ।ਇਸ ਮੌਕੇ ਉਨ੍ਹਾਂ 1919 ਦੀ ਵਿਸਾਖੀ ਦਾ ਵੀ ਜ਼ਿਕਰ ਕੀਤਾ, ਜਦੋਂ ਅੰਗਰੇਜ਼ਾਂ ਨੇ ਜਲ੍ਹਿਆਂਵਾਲਾ ਬਾਗ ਵਿਖੇ ਨਿਹੱਥੇ ਲੋਕਾਂ 'ਤੇ ਗੋਲ਼ੀਆਂ ਚਲਾਈਆਂ ਸਨ।ਡੀਨ ਵਿਦਿਆਰਥੀ ਭਲਾਈ ਪ੍ਰੋ. ਹਰਵਿੰਦਰ ਕੌਰ, ਜੋ ਇਸ ਮੌਕੇ ਮੁੱਖ ਮਹਿਮਾਨ ਵਜੋਂ ਹਾਜ਼ਰ ਹੋਏ, ਨੇ ਕਿਹਾ ਕਿ ਵਿਸਾਖੀ ਮੌਕੇ ਸਾਨੂੰ ਕਿਸਾਨ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ਬਾਰੇ ਵੀ ਗੱਲ ਕਰਨੀ ਚਾਹੀਦੀ ਹੈ। ਅੰਤ ਵਿੱਚ ਬਲਕਰਨ ਸਿੰਘ ਬਰਾੜ ਵੱਲੋਂ ਧੰਨਵਾਦੀ ਸ਼ਬਦ ਬੋਲੇ ਗਏ।ਪ੍ਰੋਗਰਾਮ ਦੇ ਦੂਜੇ ਹਿੱਸੇ ਵਿੱਚ ਹੋਏ ਰੰਗਾਰੰਗ ਪ੍ਰੋਗਰਾਮ ਦੌਰਾਨ ਸੰਗੀਤ ਵਿਭਾਗ ਦੇ ਡਾ. ਬਲਕਰਨ ਸਿੰਘ, ਸ੍ਰੀ ਨਿਰਮਲ ਸਿੰਘ ਤੇ ਸਤਨਾਮ ਪੰਜਾਬੀ ਨੇ ਆਪਣੇ ਸੱਭਿਆਚਾਰਕ ਗੀਤਾਂ ਨਾਲ਼ ਰੰਗ ਬੰਨ੍ਹਿਆ।ਅੰਤ ਵਿੱਚ ਇਬਾਦਤ ਭੰਗੜਾ ਅਕੈਡਮੀ ਵੱਲੋਂ ਪੰਜਾਬੀ ਲੋਕ ਨਾਚ 'ਭੰਗੜਾ' ਦੀ ਪੇਸ਼ਕਾਰੀ ਦਿੱਤੀ ਗਈ।

# ਦੇਵ ਮਾਨ ਦੀ ਅਗਵਾਈ 'ਚ ਬੂਥ ਮੈਨੇਜਮੈਂਟ ਸਿਖਲਾਈ ਕੈਂਪ ਲਾਇਆ



**ਨਾਭਾ (ਵਰਿੰਦਰ ਵਰਮਾ)**-ਹਲਕਾ ਵਿਧਾਨ ਸਭਾ ਨਾਭਾ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਦੀ ਅਗਵਾਈ ਹੇਠ ਐੱਮ ਐੱਲ ਏ ਦਫ਼ਤਰ ਨਾਭਾ ਵਿਖੇ ਬੂਥ ਮੈਨੇਜਮੈਂਟ ਸਿਖਲਾਈ ਕੈਂਪ ਲਾਇਆ ਗਿਆ।ਇਸ ਕੈਂਪ ਵਿੱਚ ਲੋਕ ਸਭਾ ਪਟਿਆਲਾ ਉਮੀਦਵਾਰ ਤੇ ਪੰਜਾਬ ਸਰਕਾਰ ਦੇ ਕੈਬਨਿਟ ਸਿਹਤ ਮੰਤਰੀ ਪੰਜਾਬ ਡਾਕਟਰ ਬਲਵੀਰ ਸਿੰਘ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਇਸ ਕੈਂਪ ਵਿੱਚ ਡਾਕਟਰ ਬਲਵੀਰ ਸਿੰਘ ਦੀ ਟ੍ਰੇਨਿੰਗ ਟੀਮ ਨੇ ਸਾਰੇ ਆਮ ਆਦਮੀ ਪਾਰਟੀ ਦੇ ਵਰਕਰਾਂ ਤੇ ਅਹੁਦੇਦਾਰਾਂ ਨੂੰ ਚੋਣਾਂ ਸੰਬੰਧੀ ਸਿਖਲਾਈ ਦਿੱਤੀ ਗਈ।ਇਸ ਮੀਟਿੰਗ ਨੂੰ ਸਫਲ ਬਣਾਉਣ ਲਈ ਸਮੂਹ ਸਾਥੀਆਂ ਦਾ ਲੋਕ ਸਭਾ ਉਮੀਦਵਾਰ ਡਾਕਟਰ ਬਲਬੀਰ ਸਿੰਘ ਨੇ ਧੰਨਵਾਦ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਪੰਜਾਬ ਦਾ ਹਰ ਵਰਗ ਮਾਨ ਸਰਕਾਰ ਤੋਂ ਬਹੁਤ ਖੁਸ਼ ਨਜ਼ਰ ਆ ਰਿਹਾ ਹੈ, ਜਿਸ ਨੂੰ ਵੇਖਦੇ ਹੋਏ ਨੌਜਵਾਨ ਪੀੜ੍ਹੀ ਆਪ ਨਾਲ਼ ਜੁੜ ਰਹੀ ਹੈ।ਉਨ੍ਹਾਂ ਕਿਹਾ ਕਿ ਪੰਜਾਬ ਦੇ ਹਰਮਨ ਪਿਆਰੇ ਤੇ ਕ੍ਰਾਂਤੀਕਾਰੀ ਮੁੱਖ ਮੰਤਰੀ ਨੇ ਪੰਜਾਬ ਦੀ ਜਨਤਾ ਨੂੰ ਸਹੂਲਤਾਂ ਦਿੰਦੇ ਹੋਏ ਸਿਹਤ ਤੇ ਸਿੱਖਿਆ ਨੂੰ ਵੱਡੇ ਪੱਧਰ 'ਤੇ ਉੱਚਾ ਚੁੱਕਿਆ ਹੈ।ਸ਼ਹਿਰਾਂ ਤੇ ਪਿੰਡਾਂ ਵਿੱਚ ਮੁਹੱਲਾ ਕਲੀਨਿਕ ਖੋਲ੍ਹ ਕੇ ਪੰਜਾਬ ਦੀ ਜਨਤਾ ਦੀਆਂ ਸਮੱਸਿਆਵਾਂ ਨੂੰ ਖਤਮ ਕੀਤਾ ਹੈ, ਜਿਸ ਵਿੱਚ ਦਵਾਈਆਂ ਤੇ ਟੈਸਟ ਮੁਫਤ ਕੀਤੇ ਜਾਂਦੇ ਹਨ।ਉਨ੍ਹਾਂ ਵਰਕਰਾਂ ਤੇ ਆਗੂਆਂ ਨੂੰ ਅਪੀਲ ਕੀਤੀ ਕਿ ਸਰਕਾਰ ਦੀਆਂ ਨੀਤੀਆਂ ਨੂੰ ਘਰ ਘਰ ਪਹੁੰਚਾਇਆ ਜਾਵੇ ਤਾਂ ਕਿ ਹਰ ਜ਼ਿਲ੍ਹੇ ਦੇ ਉਮੀਦਵਾਰ ਨੂੰ ਵੱਡੀ ਲੀਡ ਨਾਲ ਜਿਤਾ ਕੇ ਲੋਕ ਸਭਾ ਭੇਜ ਸਕਣ।ਇਸ ਮੌਕੇ ਮੇਘ ਚੰਦ ਸ਼ੇਰ ਮਾਜ਼ਰਾ ਜ਼ਿਲ੍ਹਾ ਪ੍ਰਧਾਨ ਪਟਿਆਲਾ, ਡਾਕਟਰ ਬਲਵੀਰ ਸਿੰਘ ਦਾ ਬੇਟਾ ਰਾਹੁਲ, ਕਪਿਲ ਮਾਨ, ਦੀਪਾ ਰਾਮਗੜ੍ਹ ਚੇਅਰਮੈਨ ਮਾਰਕੀਟ ਕਮੇਟੀ ਭਾਦਸੋਂ, ਗੁਰਲਾਲ ਸਿੰਘ ਮੱਲੀ ਚੇਅਰਮੈਨ, ਰਜਿੰਦਰ ਸਿੰਘ ਮੋਹਲ, ਗੁਰਚਰਨ ਸਿੰਘ ਲੋਹਾਰਮਾਜਰਾ, ਮੇਜਰ ਤੁੰਗਾਂ, ਕਮਲ ਭਾਦਸੋਂ ਰੁਪਿੰਦਰ ਸਿੰਘ ਪ੍ਰਧਾਨ ਟਰੱਕ ਯੂਨੀਅਨ ਭਾਦਸੋਂ, ਸੁਖਦੇਵ ਸਿੰਘ ਸੰਧੂ ਪ੍ਰਧਾਨ ਟਰੱਕ ਯੂਨੀਅਨ ਨਾਭਾ, ਬਲਾਕ ਪ੍ਰਧਾਨ ਸੰਦੀਪ ਸ਼ਰਮਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਬਲਾਕ ਪ੍ਰਧਾਨ ਤੇ ਕੋਆਰਡੀਨੇਟਰ ਅਤੇ ਪਿੰਡ ਵਿੱਚੋਂ ਬੂਥ ਕਮੇਟੀਆਂ ਦੇ ਮੈਂਬਰ ਹਾਜ਼ਰ ਸਨ।

## ਗੁਰਦੁਆਰਾ ਚਰਨ ਕੰਵਲ ਸਾਹਿਬ ਵਿਖੇ ਵਿਸਾਖੀ ਦਿਹਾੜਾ ਮਨਾਇਆ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਇਤਿਹਾਸਕ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਵਿਖੇ ਵਿਸਾਖੀ ਦਾ ਪਵਿੱਤਰ ਦਿਹਾੜਾ ਸੰਗਤਾਂ ਵੱਲੋਂ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਗੁਰੂ ਘਰ ਵਿਖੇ ਦਰਸ਼ਨਾਂ ਲਈ ਸੰਗਤ ਭਾਰੀ ਗਿਣਤੀ 'ਚ ਪੁੱਜੀ ਤੇ ਇਸ ਮੌਕੇ ਅੰਮ੍ਰਿਤ ਸੰਚਾਰ ਵੀ ਕੀਤਾ ਗਿਆ। ਗੁਰਦੁਆਰਾ ਸਾਹਿਬ ਦੇ ਮੈਨੇਜਰ ਜਸਵੀਰ ਸਿੰਘ ਮੰਗਲੀ ਅਨੁਸਾਰ ਸਵੇਰੇ ਆਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਤੇ ਅਰਦਾਸ ਕਰਨ ਉਪਰੰਤ ਦੀਵਾਨ ਹਾਲ ਵਿੱਚ ਦੀਵਾਨ ਸਜਾਏ ਗਏ। ਇਸ ਮੌਕੇ ਪ੍ਰਸਿੱਧ ਰਾਗੀ ਜਥਿਆਂ ਵੱਲੋਂ ਰਸਭਿੰਨਾ ਕੀਰਤਨ ਕੀਤਾ ਗਿਆ ਤੇ ਢਾਡੀ ਜਥੇ ਗਿਆਨ ਸਿੰਘ ਰਾਹੀ ਆਦਿ ਦੇ ਜਥਿਆਂ ਵੱਲੋਂ ਇਤਿਹਾਸਕ ਪ੍ਰਸੰਗ ਸੁਣਾਏ ਗਏ। ਇਸ ਤੋਂ ਇਲਾਵਾ ਓਰੀਐਂਟ, ਏਵੀਓਰ, ਖਾਲਸਾ ਪਬਲਿਕ ਤੇ ਸਕਾਈਲਾਰਸ ਸਕੂਲ ਦੇ ਬੱਚਿਆਂ ਵੱਲੋਂ ਵੀ ਕੀਰਤਨ ਕੀਤਾ ਗਿਆ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਸਾਬਕਾ ਵਿਧਾਇਕ ਅਮਰੀਕ ਸਿੰਘ ਢਿੱਲੋਂ, ਹਲਕਾ ਮੁੱਖ ਸੇਵਾਦਾਰ ਪਰਮਜੀਤ ਸਿੰਘ ਢਿੱਲੋਂ ਨੇ ਸ਼ਮੂਲੀਅਤ ਕੀਤੀ, ਜਿਨ੍ਹਾਂ ਸੰਗਤਾਂ ਨੂੰ ਇਸ ਪਵਿੱਤਰ ਦਿਹਾੜੇ ਦੀ ਵਧਾਈ ਦਿੱਤੀ। ਮਾਛੀਵਾੜਾ ਇਲਾਕੇ ਤੋਂ ਇਲਾਵਾ ਦੂਰ ਦੁਰਾਡੇ ਤੋਂ ਆਈਆਂ ਸੰਗਤਾਂ ਨੇ ਗੁਰਦੁਆਰਾ ਸਾਹਿਬ ਦੇ ਪਵਿੱਤਰ ਸਰੋਵਰ ਵਿੱਚ ਇਸ਼ਨਾਨ ਕੀਤਾ ਤੇ ਇਤਿਹਾਸਕ ਜੰਡ ਸਾਹਿਬ ਤੇ ਖੂਹ ਦੇ ਦਰਸ਼ਨ ਕਰ ਆਪਣੀ ਸ਼ਰਧਾ ਦਾ ਪ੍ਰਗਟਾਵਾ ਕੀਤਾ।

ਇਸ ਤੋਂ ਇਲਾਵਾ ਸੰਗਤਾਂ ਨੇ ਇਤਿਹਾਸਕ ਗੁਰਦੁਆਰਾ ਸ੍ਰੀ ਗਨੀ ਖਾਂ ਨਬੀ ਖਾਂ ਸਾਹਿਬ, ਗੁਰਦੁਆਰਾ ਸ੍ਰੀ ਚੁਬਾਰਾ ਸਾਹਿਬ ਤੇ ਗੁਰਦੁਆਰਾ ਸ੍ਰੀ ਕ੍ਰਿਪਾਨ ਭੇਟ ਸਾਹਿਬ ਦੇ ਵੀ ਦਰਸ਼ਨ ਕੀਤੇ। ਇਲਾਕੇ ਦੀਆਂ ਧਾਰਮਿਕ ਜਥੇਬੰਦੀਆਂ ਵੱਲੋਂ ਆਈਆਂ ਸੰਗਤਾਂ ਲਈ ਠੰਡੇ ਮਿੱਠੇ ਜਲ ਦੀ ਛਬੀਲ ਤੋਂ ਇਲਾਵਾ ਲੰਗਰ ਵੀ ਲਗਾਏ ਹੋਏ ਸਨ। ਗੁਰਦੁਆਰਾ ਸਾਹਿਬ ਦੇ ਮੈਨੇਜਰ ਜਸਵੀਰ ਸਿੰਘ ਮੰਗਲੀ ਨੇ ਆਈਆਂ ਸੰਗਤਾਂ ਤੇ ਸਹਿਯੋਗ ਦੇਣ ਲਈ ਪੰਜਾਬ ਪੁਲਸ ਦਾ ਵੀ ਧੰਨਵਾਦ ਕੀਤਾ।

ਇਸ ਮੌਕੇ ਕੋਰ ਕਮੇਟੀ ਮੈਂਬਰ ਜਥੇਦਾਰ ਹਰਜੀਤ ਸਿੰਘ ਸ਼ੇਰੀਆਂ, ਸਰਕਲ ਜਥੇਦਾਰ ਕੁਲਦੀਪ ਸਿੰਘ ਜਾਤੀਵਾਲ, ਸ਼ਹਿਰੀ ਪ੍ਰਧਾਨ ਜਸਪਾਲ ਸਿੰਘ ਜੱਜ, ਜਸਵੀਰ ਸਿੰਘ ਢਿੱਲੋਂ, ਚਿੱਤਰਕਾਰ ਜਗਦੀਸ਼ ਸਿੰਘ ਬਰਾੜ, ਬਾਬਾ ਮੋਹਣ ਸਿੰਘ, ਜਸਵੀਰ ਸਿੰਘ ਗਿੱਲ, ਬਾਬਾ ਬਲਜੀਤ ਸਿੰਘ ਬੁਰਜ, ਬਲਜਿੰਦਰ ਸਿੰਘ ਤੂਰ, ਹੈੱਡ ਗ੍ਰੰਥੀ ਭਾਈ ਹਰਪਾਲ ਸਿੰਘ ਗੁਰਮੁੱਖ, ਅਕਾਊਂਟੈਂਟ ਸੁਖਦੇਵ ਸਿੰਘ, ਖਜ਼ਾਨਚੀ ਜਸਪਿੰਦਰ ਸਿੰਘ, ਭੁਪਿੰਦਰ ਸਿੰਘ ਰਿਕਾਰਡ ਕੀਪਰ, ਹਰਜਿੰਦਰ ਸਿੰਘ ਗਿੱਲ ਮੌਜੂਦ ਸਨ।


LOVELY PROFESSIONAL UNIVERSITY

Jalandhar-Delhi G.T. Road, Phagwara, Distt. Kapurthala, Punjab (India) - 144411

PUBLIC NOTICE

It is hereby informed to all the concerned and general public that the process of weeding out of records in the year 2023-24 has been started including without limitation the records of staff who are relieved/left/discontinued/ resigned/ terminated/ did not join within stipulated period/ whose name has been struck off due to long continuous absence/ non-reporting without obtaining leave etc., as per the respective policy of this University, in/by the year 2023-24 also including without limitation the record like staff/candidates files, attendance records, staff/candidate profile, eligibility documents, disciplinary record, record of receipts of fee, funds, charges, security/caution money, penalty & other receipts, service and other record and related correspondence, projects, assignments, thesis, selection records/result and correspondence in respect of such candidates/staff, and also including the records of those staff/candidates who applied/expressed their interest for any post or service or sought any information in/by the year 2023-24 subject to the respective record retention schedule. Further, such record includes all the data, information, records etc. maintained in physical mode and/or electronic mode and/or digital mode and/or online mode and/or on UMS/Website or otherwise in any manner whatsoever.

Request, in writing, to seek any specific record and/or claim for any outstanding amount payable by this University or any of its wings, divisions, departments, faculties, schools, institutes, offices or other constituents/ units whatever it may be called in respect of such staff/candidates, individuals etc. can be made to the Office of the Registrar of this University at Campus address mentioned above within 15 days of publication of this notice. No request or claim of any kind whatsoever pertaining to the above shall be considered in future after expiry of this stipulated time limit.

Registrar

15-April-PAGE-11-Majha-24.qxd 4/14/2024 10:43 PM Page 1



# ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ (ਪੰਜਾਬ) ਵੱਲੋਂ ਪਿੰਡਾਂ 'ਚ ਭਾਜਪਾ ਆਗੂਆਂ ਦੇ ਵਿਰੋਧ ਦਾ ਸੱਦਾ



ਮੀਆਂਵਿੰਡ (ਰਵੀ ਖਹਿਰਾ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ (ਪੰਜਾਬ) ਵੱਲੋਂ ਜ਼ੋਨ ਖਡੂਰ ਸਾਹਿਬ ਦੇ ਅਧੀਨ ਆਉਂਦੇ ਨਗਰ ਆਲੋਵਾਲ ਵਿਖੇ ਇਕਾਈ ਪ੍ਰਧਾਨ ਅਜੀਤ ਸਿੰਘ ਮੱਲਮੋਹਰੀ ਅਤੇ ਗੁਰਜਿੰਦਰ ਸਿੰਘ ਅੱਲੋਵਾਲ ਦੀ ਅਗਵਾਈ ਹੇਠ ਹੰਗਾਮੀ ਮੀਟਿੰਗ ਕੀਤੀ ਗਈ ਜਿਸ ਵਿੱਚ ਮਾਈ ਭਾਗੋ ਦੀਆਂ ਵਾਰਸ ਬੀਬੀਆਂ, ਮਾਤਾਵਾਂ, ਭੈਣਾਂ, ਨੌਜੁਆਨਾਂ ਨੇ ਵੱਡੀ ਗਿਣਤੀ ਵਿੱਚ ਹਾਜ਼ਰੀ ਭਰੀ।

ਇਸ ਦੌਰਾਨ ਜ਼ਿਲ੍ਹਾ ਮੀਤ ਪ੍ਰਧਾਨ ਦਿਆਲ ਸਿੰਘ ਮੀਆਂਵਿੰਡ, ਅਤੇ ਪ੍ਰਿੰਸੀਪਲ ਨਵਤੇਜ ਸਿੰਘ ਏਕਲਗੱਡਾ ਨੇ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰੀ।ਇਸ ਦੌਰਾਨ ਗੱਲਬਾਤ ਕਰਦਿਆਂ ਆਗੂਆਂ ਨੇ ਕਿਹਾ ਕਿ ਦਿੱਲੀ ਮੋਰਚੇ ਦੌਰਾਨ ਸ਼ਾਂਤਮਈ ਢੰਗ ਨਾਲ ਬੈਠੇ ਖਨੌਰੀ ਅਤੇ ਸ਼ੰਭੂ ਬਾਰਡਰ ਉਤੇ ਆਪਣੀਆਂ ਹੱਕੀ ਮੰਗਾਂ ਦੀ ਮੰਗ ਕਰ ਰਹੇ ਕਿਸਨਾਂ/ਮਜ਼ਦੂਰਾਂ ਉੱਪਰ ਮੋਦੀ ਸਰਕਾਰ ਦੀ ਸ਼ਹਿ 'ਤੇ ਹਰਿਆਣਾ ਸਰਕਾਰ ਵੱਲੋਂ ਅੰਨ੍ਹੇ ਤਸ਼ੱਦਦ ਦੌਰਾਨ ਗੋਲੀਆਂ ਮਾਰ ਕੇ ਨੌਜੁਆਨ ਸ਼ੁਭਕਰਨ ਨੂੰ ਸ਼ਹੀਦ ਕਰ ਦਿੱਤਾ ਗਿਆ ਅਤੇ ਅਨੇਕਾਂ ਹੀ ਕਿਸਾਨਾਂ/ਮਜ਼ਦੂਰਾਂ ਨੂੰ ਜ਼ਖ਼ਮੀ ਕਰ ਦਿੱਤਾ ਗਿਆ। ਕਿਸਾਨਾਂ/ਮਜ਼ਦੂਰਾਂ ਉਪਰ ਹੋਏ ਤਸ਼ੱਦਦ ਦੇ ਵਿਰੋਧ ਵਿੱਚ ਪਿੰਡਾਂ ਵਿਚ ਭਾਜਪਾ ਆਗੂਆਂ ਦਾ ਵਿਰੋਧ ਕੀਤਾ ਜਾਵੇਗਾ ਅਤੇ ਚੋਣਾਂ ਦੌਰਾਨ ਇਨ੍ਹਾਂ ਨੂੰ ਸਵਾਲ ਕੀਤੇ ਜਾਣਗੇ ਕਿ ਨੌਜੁਆਨ ਸ਼ੁਭਕਰਨ ਨੂੰ ਸ਼ਹੀਦ ਕਿਉਂ ਕੀਤਾ ਗਿਆ? ਉਸ ਦਾ ਕੀ ਕਸੂਰ ਸੀ?

ਕੀ ਸ਼ਾਂਤਮਾਈ ਤਰੀਕੇ ਨਾਲ ਆਪਣੇ ਹੱਕਾਂ ਲਈ ਆਵਾਜ਼ ਉਠਾਉਣਾ ਗੁਨਾਹ ਹੈ? ਆਪਣੇ ਹੱਕ ਲੈਣ ਲਈ ਸਾਨੂੰ ਦਿੱਲੀ ਕਿਉਂ ਨਹੀਂ ਜਾਣ ਦਿੱਤਾ ਗਿਆ? ਅਜਿਹੇ ਸਵਾਲਾਂ ਦੇ ਜਵਾਬ ਪਿੰਡਾਂ ਵਿਚ ਵੋਟਾਂ ਦੌਰਾਨ ਭਾਜਪਾ ਦੇ ਸਿਆਸੀ ਲੀਡਰਾਂ ਤੋਂ ਪੁੱਛੇ ਜਾਣ ।ਇਸ ਦੌਰਾਨ ਆਗੂ ਸੁਖਚੈਨ ਸਿੰਘ ਅਲੋਵਾਲ, ਸੰਤੋਖ ਸਿੰਘ ਨੰਬਰਦਾਰ, ਕੁਲਦੀਪ ਸਿੰਘ ਨੰਬਰਦਾਰ, ਸਾਬਕਾ ਸਰਪੰਚ ਰਸ਼ਪਾਲ ਸਿੰਘ, ਜਗਦੀਸ਼ ਸਿੰਘ ਜੱਗਾ, ਬਾਬਾ ਸ਼ਿੰਦਾ ਸਿੰਘ, ਕੇਵਲ ਸਿੰਘ, ਬਲਵਿੰਦਰ ਸਿੰਘ ਨਿਹੰਗ, ਬਿਕਰਮਜੀਤ ਸਿੰਘ ਮੀਆਂਵਿੰਡ, (ਇਕਾਈ ਪ੍ਰਧਾਨ) ਬੀਬੀ ਸਰਬਜੀਤ ਕੌਰ ਅੱਲੋਵਾਲ, ਖਜ਼ਾਨਚੀ ਸੁਖਵੰਤ ਕੌਰ, ਰੁਪਿੰਦਰ ਕੌਰ (ਭੋਲੀ), ਕੁਲਵੰਤ ਕੌਰ, ਪਲਵਿੰਦਰ ਕੌਰ, ਕਸ਼ਮੀਰ ਕੌਰ ਆਦਿ ਹਾਜ਼ਰ ਸਨ।

# ਬੱਚਿਆਂ ਦੀਆਂ ਜਾਨਾਂ ਨਾਲ ਖਿਲਵਾੜ ਕਰ ਰਹੀਆਂ ਨਿੱਜੀ ਸਕੂਲਾਂ ਦੀਆਂ ਕੰਡਮ ਬੱਸਾਂ : ਧੂੰਦਾ



ਖਡੂਰ ਸਾਹਿਬ (ਸਰਬਜੀਤ ਸਿੰਘ ਸੰਧਾ)- ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਕਨਵੀਨਰ ਕਾਮਰੇਡ ਬਲਦੇਵ ਸਿੰਘ ਧੂੰਦਾ ਨੇ ਨਵਾਂ ਜ਼ਮਾਨਾ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਨਿੱਜੀ ਸਕੂਲਾਂ ਦੀਆਂ ਕੰਡਮ ਬੱਸਾਂ ਬੱਚਿਆਂ ਦੀ ਜਾਨ ਨਾਲ ਖਿਲਵਾੜ ਕਰ ਰਹੀਆਂ ਹਨ।ਉਨ੍ਹਾਂ ਕਿਹਾ ਕਿ ਜਿਹੜੀਆਂ ਸਕੂਲ ਬੱਸਾਂ ਦੀ ਮਿਆਦ ਪੁੱਗ ਚੁੱਕੀ ਹੈ, ਫਿਟਨੈੱਸ ਖਤਮ ਹੋ ਚੁੱਕੀ ਹੈ ਉਹ ਬੱਸਾਂ ਵੀ ਸ਼ਰੇਆਮ ਸੜਕਾਂ ਉਪਰ ਦੌੜਦੀਆਂ ਦਿਸ ਰਹੀਆਂ ਹਨ ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸਕੂਲਾਂ ਦੇ ਵਿਦਿਆਰਥੀਆਂ ਦੀ ਸੁਰੱਖਿਆ ਵਿਚ ਕੁਤਾਹੀ ਵਰਤ ਕੇ ਇਨ੍ਹਾਂ ਕੰਡਮ ਸਕੂਲ ਬੱਸਾਂ ਦੀ ਵਰਤੋਂ ਕਰਨ ਵਾਲੇ ਉਨ੍ਹਾਂ ਸਕੂਲਾਂ ਖਿਲਾਫ ਕਾਰਵਾਈ ਕਰੇ ਤਾਂ ਜੋ ਬੱਚਿਆਂ ਦੀ ਜਾਨ ਨਾਲ ਖੇਡਣ ਵਾਲੇ ਇਨ੍ਹਾਂ ਸਕੂਲਾਂ ਨੂੰ ਸਬਕ ਸਿਖਾਇਆ ਜਾਵੇ । ਉਨ੍ਹਾਂ ਕਿਹਾ ਕਿ ਜਦ ਕਿਸੇ ਹਮਾਤੜ ਬੰਦੇ ਕੋਲ ਮੋਟਰਸਾਈਕਲ ਦਾ ਕੋਈ ਕਾਗਜ਼ ਨਹੀਂ ਹੁੰਦਾ ਤਾ ਟਰੈਫਿਕ ਪੁਲਸ ਝੱਟ ਉਸ ਵਿਅਕਤੀ ਦਾ ਚਲਾਨ ਕੱਟ ਦਿੰਦੀ ਹੈ ਪਰ ਮਿਆਦ ਪੁਗਾ ਚੁੱਕੀਆਂ ਇਹ ਬੱਸਾਂ ਸੜਕ ਉਪਰ ਚੱਲਦੀਆਂ ਆਖਿਰ ਕਿਉਂ ਟਰੈਫਿਕ ਪੁਲਸ ਨੂੰ ਨਜ਼ਰ ਨਹੀਂ ਆਉਂਦੀਆਂ।

# 'ਭਾਜਪਾ ਆਗੂਆਂ ਨੂੰ ਪੁੱਛੇ ਜਾਣ 12 ਸਵਾਲ' ਦਾ ਬੈਨਰ ਲਗਾਇਆ



ਤਰਨ ਤਾਰਨ (ਪ੍ਰਿਤਪਾਲ ਸਿੰਘ)- ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਜ਼ਿਲਾ ਤਰਨ ਤਾਰਨ ਦੇ ਜ਼ੋਨ ਬਾਬਾ ਬੀਰ ਸਿੰਘ ਦੇ ਪਿੰਡ ਪਿੱਦੀ ਵਿੱਚ ਇਕਾਈ ਪ੍ਰਧਾਨ ਫਤਿਹ ਸਿੰਘ ਦੀ ਪ੍ਰਧਾਨਗੀ ਵਿੱਚ ਮੀਟਿੰਗ ਕਰਕੇ ਸੰਯੁਕਤ ਕਿਸਾਨ ਮੋਰਚਾ ਗੈਰ-ਰਾਜਨੀਤਿਕ ਅਤੇ ਕਿਸਾਨ ਮਜ਼ਦੂਰ ਮੋਰਚਾ ਵੱਲੋਂ ਜਾਰੀ ਕੀਤਾ ਇੱਕ ਬੈਨਰ ਪਿੰਡ ਦੀ ਸਾਂਝੀ ਜਗ੍ਹਾ ਉਤੇ ਲਗਾਇਆ ਗਿਆ। ਇਸ ਬੈਨਰ ਉਪਰ ਇੱਕ ਪਾਸੇ ਸ਼ਹੀਦ ਸ਼ੁਭਕਰਨ ਸਿੰਘ ਦੀ ਤਸਵੀਰ ਹੈ ਤੇ 12 ਸਵਾਲ ਹਨ ਜੋ ਕਿ ਆਉਣ ਵਾਲੇ ਦਿਨਾਂ ਵਿੱਚ ਭਾਜਪਾ ਆਗੂਆਂ ਨੂੰ ਪਿੰਡ ਵਿੱਚ ਆਉਣ 'ਤੇ ਪੁੱਛੇ ਜਾਣਗੇ। ਜੇਕਰ ਭਾਜਪਾ ਆਗੂ ਇਨ੍ਹਾਂ ਸਵਾਲਾਂ ਦਾ ਜਵਾਬ ਨਹੀਂ ਦਿੰਦੇ ਤਾਂ ਫਿਰ ਤਿੱਖਾ ਵਿਰੋਧ ਕੀਤਾ ਜਾਵੇਗਾ। ਹਰ ਪਿੰਡ ਵਿੱਚ ਇਹ ਬੈਨਰ ਲਗਾਇਆ ਜਾਵੇਗਾ। ਅੱਜ ਪਿੰਡ ਪਿੱਦੀ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਸੂਬਾ ਕਮੇਟੀ ਮੈਂਬਰ ਸਤਨਾਮ ਸਿੰਘ ਪੰਨੂ, ਸੂਬਾ ਮੀਤ ਪ੍ਰਧਾਨ ਜਸਬੀਰ ਸਿੰਘ ਪਿੱਦੀ, ਜ਼ੋਨ ਪ੍ਰਧਾਨ ਸੁਖਵਿੰਦਰ ਸਿੰਘ ਦੁੱਗਲਵਾਲਾ ਨੇ ਕਿਹਾ ਕਿ ਦੇਸ਼ ਨੂੰ ਆਜ਼ਾਦ ਹੋਇਆਂ ਭਾਵੇਂ 75 ਸਾਲ ਹੋ ਗਏ ਹਨ। ਦੇਸ਼ ਵਿੱਚ 75 ਸਾਲ ਦੌਰਾਨ ਲਾਗੂ ਹੋਏ ਲੋਕਤੰਤਰੀ ਢਾਂਚੇ ਨੂੰ ਸਮੇਂ ਦੀਆਂ ਸਰਕਾਰਾਂ ਵੱਲੋਂ ਨਕਾਰਾ ਕਰ ਦਿੱਤਾ ਗਿਆ ਹੈ। ਦੇਸ਼ ਵਿੱਚ 14 ਵੱਡੇ ਕਾਰਪੋਰੇਟ ਘਰਾਣੇ ਸਿਆਸੀ ਲੋਕਾਂ ਦੀ ਪੁਸ਼ਤ ਪਨਾਹੀ ਕਰਦੇ ਹਨ ਤੇ ਸੌ ਦੇ ਕਰੀਬ ਹੋਰ ਵੱਡੇ ਅਮੀਰ ਘਰਾਣੇ ਵੀ ਅੱਜ ਇਸ ਰੇਸ ਵਿੱਚ ਸ਼ਾਮਿਲ ਹਨ। ਦੇਸ਼ ਦੀ ਅੱਧਾ ਫੀਸਦੀ ਆਬਾਦੀ ਤੋਂ ਵੀ ਘੱਟ ਲੋਕ 130 ਕਰੋੜ ਲੋਕਾਂ 'ਤੇ ਰਾਜ ਕਰ ਰਹੇ ਹਨ। ਲੋਕਾਂ ਕੋਲੋਂ ਰੁਜ਼ਗਾਰ ਖੋਹਿਆ ਜਾ ਰਿਹਾ। ਮਸ਼ੀਨੀਕਰਨ ਦੇ ਨਾਮ ਉਤੇ ਬੇਰੁਜ਼ਗਾਰੀ ਤੇ ਭੁੱਖਮਰੀ ਵੱਲ ਧੱਕਿਆ ਜਾ ਰਿਹਾ।ਦੇਸ਼ ਵਿੱਚ ਅਨਾਜ ਦਾ ਭੰਡਾਰ ਭਰਨ ਵਾਲੇ ਕਿਸਾਨਾਂ/ਮਜ਼ਦੂਰਾਂ ਨੂੰ ਆਪਣੇ ਹੱਕਾਂ ਲਈ ਫਸਲਾਂ ਦੇ ਮੁੱਲ ਲੈਣ ਤੇ ਜ਼ਮੀਨਾਂ ਬਚਾਉਣ ਲਈ ਆਪਣੇ ਹੀ ਦੇਸ਼ ਦੀਆਂ ਸਰਕਾਰਾਂ ਦੀਆਂ ਗੋਲੀਆਂ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ। ਸਰਕਾਰਾਂ ਦੀਆਂ ਵਿਰੋਧੀ ਧਿਰਾਂ ਨੇ ਵੀ ਆਪਣੇ ਵਿਰੋਧੀਆਂ ਅੱਗੇ ਗੋਡੇ ਟੇਕ ਦਿੱਤੇ ਹਨ।ਇਸ ਲਈ ਹੁਣ ਕਿਸਾਨ ਜਥੇਬੰਦੀਆਂ ਨੂੰ ਹੀ ਆਪਣੇ ਹੱਕਾਂ ਲਈ ਮੈਦਾਨਾਂ ਵਿੱਚ ਡਟਣਾ ਪੈ ਰਿਹਾ।ਸ਼ੰਭੂ ਤੇ ਖਨੌਰੀ ਬਾਰਡਰਾਂ 'ਤੇ ਹੋ ਰਹੇ ਤਸ਼ੱਦਦ ਤੇ ਸ਼ਹੀਦ ਹੋਏ ਸ਼ੁਭਕਰਨ ਸਿੰਘ ਦੀ ਤਸਵੀਰ ਵਾਲੇ ਬੈਨਰ ਪਿੰਡਾਂ ਵਿੱਚ ਲਗਾ ਕੇ ਭਾਜਪਾ ਆਗੂਆਂ ਨੂੰ ਪਿੰਡ ਵਿੱਚ 12 ਸਵਾਲ ਪੁੱਛੇ ਜਾਣਗੇ। ਜੇਕਰ ਕੋਈ ਪਿੰਡ ਦਾ ਵਿਅਕਤੀ ਭਾਜਪਾ ਦਾ ਸਾਥ ਦਿੰਦਾ ਹੈ ਤਾਂ ਉਸ ਦਾ ਵੀ ਬਾਈਕਾਟ ਕੀਤਾ ਜਾਵੇਗਾ। ਇਸ ਮੌਕੇ ਕਰਮਜੀਤ ਕੌਰ, ਅਮਰਜੀਤ ਕੌਰ, ਪਰਮਜੀਤ ਕੌਰ, ਬਲਦੀਸ਼ ਕੌਰ, ਜਸਪਾਲ ਕੌਰ, ਕੁਲਦੀਪ ਕੌਰ, ਪਰਮਜੀਤ ਕੌਰ, ਜਰਮਨਜਿੰਦਰ ਸਿੰਘ ਬਿੱਟੂ, ਡਾਕਟਰ ਸੁਖਵੰਤ ਸਿੰਘ, ਸ਼ਾਹਬਾਜ ਸਿੰਘ ਗੁਰਨਾਮ ਸਿੰਘ, ਕਾਬਲ ਸਿੰਘ, ਤਰਸੇਮ ਸਿੰਘ, ਜਗਜੀਤ ਸਿੰਘ, ਦਿਲਬਾਗ ਸਿੰਘ, ਹਰਚੰਦ ਸਿੰਘ, ਮਨਜੀਤ ਸਿੰਘ, ਆਤਮਾ ਸਿੰਘ, ਬਲਦੇਵ ਸਿੰਘ, ਸਤਨਾਮ ਸਿੰਘ, ਕੇਵਲ ਸਿੰਘ, ਮੁਖਵਿੰਦਰ ਸਿੰਘ, ਸੁਪਰੀਮ ਸਿੰਘ ਆਦਿ ਹਾਜ਼ਰ ਸਨ।

# ਚੰਗੇਰੇ ਭਵਿੱਖ ਲਈ ਦੇਸ਼ 'ਚੋਂ ਬੀ ਜੇ ਪੀ ਨੂੰ ਚੱਲਦਾ ਕਰਨਾ ਸਮੇਂ ਦੀ ਮੁੱਖ ਲੋੜ: ਰਾਜ ਲੁੱਧੜ

ਮਜੀਠਾ (ਸੋਇਮ ਆਨੰਦ)-ਪਿਛਲੇ ਕਰੀਬ 10 ਸਾਲ ਮੋਦੀ ਦਾ ਰਾਜਭਾਗ ਸਥਾਪਤ ਕਰਨ ਵਾਲੇ ਰਾਸ਼ਟਰੀ ਸਵੈ ਸੇਵਕ ਸੰਘ ਤੇ ਸੰਤ ਸਮਾਜ ਦੇ ਉੱਚਕੋਟੀ ਦੇ ਨੇਤਾਵਾਂ ਨੇ ਹੁਣ ਈਵੀਐਮ ਹਟਾਓ ਭਾਜਪਾ ਹਰਾਓ, ਦੇਸ਼ ਬਚਾਓ ਦੇ ਨਾਅਰੇ ਲਗਾ ਕੇ ਬੀਜੇਪੀ ਨੂੰ ਨੁੱਕਰੇ ਲਾਉਣ ਲਈ ਕਮਰਕੱਸੇ ਕੱਸ ਲਏ ਹਨ। ਇਨ੍ਹਾਂ ਲੋਕਾਂ ਨੇ ਬੀਤੇ ਦਿਨੀਂ ਨਾਗਪੁਰ ਤੇ ਦਿੱਲੀ ਵਿਖੇ ਪ੍ਰੈੱਸ ਕਾਨਫਰੰਸ ਰਾਹੀਂ ਮੋਦੀ ਦੇ ਖਿਲਾਫ ਸੰਖ ਵਜਾ ਦਿੱਤਾ ਹੈ। ਇਹ ਵਿਚਾਰ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਰਾਜ ਕੁਮਾਰ ਲੁੱਧੜ ਨੇ ਪ੍ਰਗਟ ਕੀਤੇ।ਉਨ੍ਹਾਂ ਕਿਹਾ ਕਿ ਹੁਣ ਬੀਜੇਪੀ ਨੂੰ ਰੋਕਣ ਦਾ ਸੁਨਹਿਰੀ ਮੌਕਾ ਹੈ ਕਿਉਂਕਿ ਇਸ ਨੇ ਅੰਬਾਨੀ/ਅੰਡਾਨੀ ਤੇ ਬਾਬਾ ਰਾਮਦੇਵ ਵਰਗੇ ਧਨਾਢਾਂ ਨੂੰ ਦੇਸ਼ ਦੀ ਪੂੰਜੀ ਲੁਟਾ ਕੇ ਗਰੀਬਾਂ ਤੇ ਮੱਧ ਵਰਗ ਦੇ ਲੋਕਾਂ ਦਾ ਗਲਾ ਦਬਾਇਆ। ਦੇਸ਼ ਵਿਚ ਲੋਕਤੰਤਰ ਤੇ ਸੰਵਿਧਾਨ ਨੂੰ ਮਿਟਾਉਣ ਦੀ ਕੋਸ਼ਿਸ਼ ਕੀਤੀ। ਇਸ ਦੀ ਡਿਕਟੇਟਰਸ਼ਿਪ ਦੇਸ਼ ਲਈ ਖਤਰੇ ਦੀ ਘੰਟੀ ਹੈ। ਜੇਕਰ ਇਸ ਵਾਰ ਜਨਤਾ ਨੇ ਕਮਲ ਦੇ ਫੁੱਲ ਨੂੰ ਖਿੜਨ ਤੋਂ ਨਾ ਰੋਕਿਆ ਤਾਂ ਅਗਾਂਹ ਵੋਟ ਪਾਉਣ ਦਾ ਅਧਿਕਾਰ ਖਤਮ ਹੋ ਜਾਵੇਗਾ। ਲੋਕਤੰਤਰ ਦੀਆਂ ਧੱਜੀਆਂ ਉਡਦੀਆਂ ਨਜ਼ਰ ਆਉਣਗੀਆਂ, ਚਾਰ-ਚੁਫੇਰੇ ਮੋਦੀ ਦੀਆਂ ਮਨਮਰਜ਼ੀਆਂ ਹੋਣਗੀਆਂ। ਇਸ ਕਰਕੇ ਲੋਕ ਸੰਭਲਣ, ਸੋਚਣ ਤੇ ਫਿਰ ਵੋਟ ਦਾ ਇਸਤੇਮਾਲ ਕਰਕੇ ਇੰਡੀਆ ਗਠਜੋੜ ਨੂੰ ਜਿਤਾਉਣ ਤਾਂ ਕਿ ਲੋਕਤੰਤਰ ਤੇ ਸੰਵਿਧਾਨ ਦੀ ਰਾਖੀ ਹੋ ਸਕੇ ਅਤੇ ਲੋਕ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰਨ।ਉਨ੍ਹਾਂ ਕਿਹਾ ਕਿ ਭਾਜਪਾ ਤੰਤਰ ਝੂਠੇ ਵਾਅਦਿਆਂ ਵਿੱਚ ਫਸਾਉਣ ਜਾ ਰਿਹਾ ਹੈ। ਨਵੇਂ ਭਾਰਤ ਦੇ ਵਿਕਾਸ ਦੀ ਕਹਾਣੀ ਸੁਣਾ ਕੇ ਜਨਤਾ ਨੂੰ ਗੁੰਮਰਾਹ ਕੀਤਾ ਜਾ ਰਿਹਾ ਹੈ। ਬੇਤਹਾਸ਼ਾ ਪੋਸਟਰਾਂ ਪਿੱਛੇ ਮੋਦੀ ਵੱਲੋਂ ਆਪਣਾ ਪਾਪ ਛੁਪਾਇਆ ਜਾ ਰਿਹਾ ਹੈ। ਬਕਵਾਸ ਪ੍ਰਚਾਰ ਕਰਕੇ ਅਸਲ ਮੁੱਦਿਆਂ ਤੋਂ ਜਨਤਾ ਨੂੰ ਭਟਕਾਇਆ ਜਾ ਰਿਹਾ ਹੈ। ਹਿੰਦੂ-ਮੁਸਲਮਾਨਾਂ ਵਿੱਚ ਨਫਰਤ ਦੇ ਬੀਜ ਬੀਜੇ ਹਨ, ਤਾਨਾਸ਼ਾਹੀ ਨਾਲ ਇਸ ਨੇ ਕਿਸਾਨਾਂ ਉਪਰ ਕਦੀ ਲਾਠੀਆਂ ਚਲਾਈਆਂ, ਕਦੀ ਗੋਲੀਆਂ ਵਰ੍ਹਾਈਆਂ ਤੇ ਕਦੀ ਗੱਡੀਆਂ ਥੱਲੇ ਰੋਲਿਆ।ਕਿਸਾਨਾਂ ਉੱਪਰ ਤਰ੍ਹਾਂ-ਤਰ੍ਹਾਂ ਦੇ ਅੱਤਿਆਚਾਰ ਕੀਤੇ। ਇਸ ਕਰਕੇ ਅਜਿਹੀ ਘਟੀਆ ਪਾਰਟੀ ਵਾਲੀ ਸਰਕਾਰ ਨੂੰ ਚੱਲਦਾ ਕਰਨਾ ਸਮੇਂ ਦੀ ਮੁੱਖ ਲੋੜ ਹੈ। ਇਸ ਮੌਕੇ ਰਾਜ ਕੁਮਾਰ ਲੁੱਧੜ ਦੇ ਨਾਲ ਫੌਜੀ ਸੁਖਵਿੰਦਰ ਸਿੰਘ, ਸਰਬਜੀਤ ਸਿੰਘ ਫੋਟੋਗ੍ਰਾਫਰ, ਸਿਮਰਨਜੀਤ ਸਿੰਘ ਸੋਨੂੰ, ਮਨਪ੍ਰੀਤ ਸਿੰਘ ਮੰਟਾ, ਜਤਿੰਦਰ ਗੁਲਸ਼ਨ, ਗੁਰਪ੍ਰੀਤ ਗੋਲਾ, ਹਰਭਜਨ ਸਿੰਘ ਖਾੜਕੂ, ਮਹਿੰਗਾ ਸਿੰਘ, ਗੌਰਵ ਭਗਤ, ਡਿੰਪਲ ਲਖੋਤਰਾ ਤੇ ਵਿਜੈ ਕੁਮਾਰ ਹਾਜ਼ਰ ਸਨ।

# ਸੰਵਿਧਾਨ ਨਿਰਮਾਤਾ ਡਾ. ਭੀਮ ਰਾਓ ਅੰਬੇਡਕਰ ਦਾ 133ਵਾਂ ਜਨਮ ਦਿਹਾੜਾ ਮਨਾਇਆ

## * ਡਾ. ਅੰਬੇਡਕਰ ਦੇ ਪਾਏ ਪੂਰਨਿਆਂ 'ਤੇ ਚੱਲਣਾ ਹੀ ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ:ਐੱਸ ਡੀ ਐੱਮ



ਗੁਰਦਾਸਪੁਰ, (ਦਿਨੇਸ਼ ਕੁਮਾਰ)- ਭਾਰਤੀ ਸੰਵਿਧਾਨ ਦੇ ਨਿਰਮਾਤਾ ਭਾਰਤ ਰਤਨ ਡਾ. ਭੀਮ ਰਾਓ ਅੰਬੇਡਕਰ ਦਾ 133ਵਾਂ ਜਨਮ ਦਿਹਾੜਾ ਅੱਜ ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਵੱਲੋਂ ਪੂਰੇ ਉਤਸ਼ਾਹ ਨਾਲ ਮਨਾਇਆ ਗਿਆ। ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਸਥਾਪਿਤ ਡਾ: ਭੀਮ ਰਾਓ ਅੰਬੇਡਕਰ ਦੇ ਬੁੱਤ 'ਤੇ ਐੱਸ. ਡੀ. ਐੱਮ. ਗੁਰਦਾਸਪੁਰ ਕਰਮਜੀਤ ਸਿੰਘ ਦੀ ਅਗਵਾਈ ਹੇਠ ਜ਼ਿਲ੍ਹਾ ਨਿਆਂ ਅਤੇ ਅਧਿਕਾਰਤਾ ਅਫ਼ਸਰ ਬਿਕਰਮਜੀਤ ਸਿੰਘ ਪੁਰੇਵਾਲ, ਡੀ. ਐੱਸ. ਪੀ. ਮੋਹਨ ਸਿੰਘ, ਡਿਪਟੀ ਡਾਇਰੈਕਟਰ ਡਾ. ਸ਼ਾਮ ਸਿੰਘ, ਡੀ. ਡੀ. ਪੀ. ਓ. ਸਤੀਸ਼ ਕੁਮਾਰ, ਨਾਇਬ ਤਹਿਸੀਲਦਾਰ ਹਿਰਦੇਪਾਲ ਸਿੰਘ, ਸੁਪਰਡੈਂਟ ਵਿਜੇ ਕੁਮਾਰ, ਪੂਰੂ ਜਰਵਾਲ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਜ਼ਿਲ੍ਹਾ ਅਧਿਕਾਰੀਆਂ ਅਤੇ ਕਰਮਚਾਰੀਆਂ ਵੱਲੋਂ ਬਾਬਾ ਸਾਹਿਬ ਦੇ ਬੁੱਤ ਉਪਰ ਸ਼ਰਧਾ-ਸੁਮਨ ਭੇਟ ਕੀਤੇ ਗਏ।

ਇਸ ਮੌਕੇ ਐੱਸਡੀਐੱਮ. ਗੁਰਦਾਸਪੁਰ ਕਰਮਜੀਤ ਸਿੰਘ ਨੇ ਜ਼ਿਲ੍ਹਾ ਵਾਸੀਆਂ ਨੂੰ ਭਾਰਤੀ ਸੰਵਿਧਾਨ ਦੇ ਨਿਰਮਾਤਾ ਭਾਰਤ ਰਤਨ ਡਾ. ਭੀਮ ਰਾਓ ਅੰਬੇਡਕਰ ਦੇ ਜਨਮ ਦਿਵਸ ਦੀ ਵਧਾਈ ਦਿੰਦਿਆਂ ਕਿਹਾ ਕਿ ਇੱਕ ਸਾਧਾਰਨ ਪਰਿਵਾਰ 'ਚ ਜਨਮੇ ਬਾਬਾ ਸਾਹਿਬ ਨੇ ਬੇਹੱਦ ਔਕੜਾਂ ਦੇ ਬਾਵਜੂਦ ਆਪਣੀ ਲਿਆਕਤ, ਮਿਹਨਤ ਅਤੇ ਲਗਨ ਸਦਕਾ ਇੱਕ ਉਘੇ ਵਿਦਵਾਨ, ਕਾਨੂੰਨਦਾਨ, ਅਰਥ ਸ਼ਾਸਤਰੀ, ਸਮਾਜ ਸੁਧਾਰਕ ਅਤੇ ਰਾਜਨੀਤੀਵਾਨ ਵਜੋਂ ਦੁਨੀਆ ਭਰ 'ਚ ਨਾਮਣਾ ਖੱਟਿਆ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੀ ਇਸ ਮਹਾਨ ਸ਼ਖਸੀਅਤ ਨੂੰ ਸਾਨੂੰ ਆਪਣੇ ਆਦਰਸ਼ ਵਜੋਂ ਲੈਂਦਿਆਂ ਹਮੇਸ਼ਾ ਸਮਾਜ ਦੇ ਪੱਛੜੇ ਵਰਗਾਂ ਦੀ ਭਲਾਈ ਲਈ ਸਮਾਜਿਕ ਬਰਾਬਰੀ ਲਈ ਕੰਮ ਕਰਨਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਬਾਬਾ ਸਾਹਿਬ ਨੇ ਸੰਵਿਧਾਨ ਜ਼ਰੀਏ ਸਾਰੇ ਭਾਰਤ ਵਾਸੀਆਂ ਨੂੰ ਵੋਟ ਦਾ ਅਧਿਕਾਰ ਦਿੱਤਾ ਹੈ ਅਤੇ ਸਾਨੂੰ ਚੋਣਾਂ ਦੌਰਾਨ ਆਪਣੀ ਵੋਟ ਦੇ ਹੱਕ ਦਾ ਇਸਤੇਮਾਲ ਕਰਕੇ ਲੋਕਤੰਤਰ ਨੂੰ ਹੋਰ ਮਜ਼ਬੂਤ ਕਰਨਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਅੱਜ ਦੇ ਇਸ ਪਾਵਨ ਮੌਕੇ ਸਾਨੂੰ ਇਹ ਅਹਿਦ ਲੈਣਾ ਚਾਹੀਦਾ ਹੈ ਕਿ ਉਹ ਬਾਬਾ ਸਾਹਿਬ ਵੱਲੋਂ ਪਾਏ ਪੂਰਨਿਆਂ 'ਤੇ ਚੱਲਦੇ ਆਪਣੇ ਦੇਸ਼ ਅਤੇ ਸਮਾਜ ਦੀ ਸੇਵਾ ਵਿੱਚ ਆਪਣਾ ਯੋਗਦਾਨ ਪਾਉਣਗੇ।ਇਸ ਮੌਕੇ ਜ਼ਿਲ੍ਹਾ ਨਿਆਂ ਅਤੇ ਅਧਿਕਾਰਤਾ ਅਫ਼ਸਰ ਬਿਕਰਮਜੀਤ ਸਿੰਘ ਪੁਰੇਵਾਲ ਨੇ ਕਿਹਾ ਕਿ ਪੂਰੇ ਭਾਰਤ ਨੂੰ ਡਾ. ਭੀਮ ਰਾਓ ਅੰਬੇਡਕਰ 'ਤੇ ਮਾਣ ਹੈ ਅਤੇ ਸਾਨੂੰ ਸਭ ਨੂੰ ਉਨ੍ਹਾਂ ਦੇ ਨਕਸ਼ੇ ਕਦਮ 'ਤੇ ਚੱਲਣ ਦੀ ਲੋੜ ਹੈ।ਉਨ੍ਹਾਂ ਕਿਹਾ ਕਿ ਡਾ. ਅੰਬੇਡਕਰ ਨੇ ਆਪਣਾ ਪੂਰਾ ਜੀਵਨ ਸਮਾਜਿਕ ਸਦਭਾਵਨਾ ਅਤੇ ਸਭ ਨੂੰ ਬਰਾਬਰਤਾ ਦੇ ਹੱਕ ਦਿਵਾਉਣ ਲਈ ਸਮਰਪਿਤ ਕੀਤਾ।ਸੰਵਿਧਾਨ ਵਿੱਚ ਜਿੱਥੇ ਸਾਨੂੰ ਮੌਲਿਕ ਅਧਿਕਾਰ ਦਿੱਤੇ ਗਏ ਹਨ ਉਥੇ ਸਾਡੇ ਕੁਝ ਫ਼ਰਜ਼ ਵੀ ਤਹਿ ਕੀਤੇ ਗਏ ਹਨ ਅਤੇ ਹਰ ਭਾਰਤੀ ਨੂੰ ਆਪਣੇ ਫ਼ਰਜ਼ਾਂ ਦੀ ਅਦਾਇਗੀ ਵੀ ਜ਼ਰੂਰ ਕਰਨੀ ਚਾਹੀਦੀ ਹੈ।

# ਜੇ ਆਰ ਐੱਸ ਡੀ ਏ ਵੀ ਪਬਲਿਕ ਸਕੂਲ 'ਚ ਲੱਗੀਆਂ ਵਿਸਾਖੀ ਦੀਆਂ ਰੌਣਕਾਂ



ਝਬਾਲ (ਹਰਜਿੰਦਰ ਸਿੰਘ ਸੋਨੀ)-ਜੇ. ਆਰ. ਐੱਸ. ਡੀਏਵੀ ਪਬਲਿਕ ਸਕੂਲ ਝਬਾਲ ਵਿਖੇ ਵਿਸਾਖੀ ਦਾ ਤਿਉਹਾਰ ਮਨਾਇਆ ਗਿਆ। ਡਾਕਟਰ ਪੂਨਮ ਸੂਰੀ, ਜੇ. ਪੀ. ਸ਼ੂਰ, ਡਾਇਰੈਕਟਰ ਵੀ. ਕੇ. ਚੋਪੜਾ, ਚੇਅਰਮੈਨ ਮਹੇਸ਼ ਚੋਪੜਾ, ਏ. ਆਰ. ਓ. ਡਾ. ਅੰਜਨਾ ਗੁਪਤਾ, ਸਕੂਲ ਮੈਨੇਜਰ ਨੀਰਾ ਸ਼ਰਮਾ, ਪ੍ਰਿੰ. ਅਸ਼ਵਨੀ ਦੀ ਯੋਗ ਅਗਵਾਈ ਵਿੱਚ ਇਹ ਤਿਉਹਾਰ ਬੜੀ ਧੂਮਧਾਮ ਨਾਲ ਮਨਾਇਆ ਗਿਆ।

ਇਸ ਮੌਕੇ ਨਰਸਰੀ ਤੋਂ ਤੀਸਰੀ ਦੇ ਵਿਦਿਆਰਥੀਆਂ ਦੁਆਰਾ ਮੈਡਮ ਸੂਚੀ, ਮੈਡਮ ਨੀਲਮ, ਮੈਡਮ ਸ਼ਸ਼ੀ, ਮੈਡਮ ਦਵਿੰਦਰ ਅਤੇ ਮੈਡਮ ਪੂਜਾ ਭਗਤ ਦੀ ਅਗਵਾਈ ਵਿੱਚ ਬੱਚਿਆਂ ਦੁਆਰਾ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤੇ ਗਏ। ਬੱਚਿਆਂ ਨੇ ਗਿੱਧਾ ਵੀ ਪੇਸ਼ ਕੀਤਾ ।ਮੈਡਮ ਨੇਹਾ ਖੁੱਲਰ ਅਤੇ ਮੈਡਮ ਆਰਤੀ ਮਹਾਜਨ ਦੀ ਅਗਵਾਈ ਵਿੱਚ ਬੱਚਿਆਂ ਨੇ ਭੰਗੜਾ ਪੇਸ਼ ਕੀਤਾ ।ਬੱਚਿਆਂ ਦੇ ਲੋਕ ਗੀਤਾਂ ਦੇ ਮੁਕਾਬਲੇ ਵੀ ਕਰਵਾਏ ਗਏ ਜਿਸ ਵਿੱਚ ਜਮਾਤ ਚੌਥੀ, ਪੰਜਵੀਂ, ਛੇਵੀਂ ਤੇ ਸੱਤਵੀਂ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ। ਪ੍ਰਿੰ. ਅਸ਼ਵਨੀ ਕੁਮਾਰ ਨੇ ਬੱਚਿਆਂ ਨੂੰ ਵਿਸਾਖੀ ਦੇ ਇਤਿਹਾਸ ਤੋਂ ਜਾਣੂ ਕਰਵਾਇਆ। ਸਕੂਲ ਦੇ ਕੋਆਰਡੀਨੇਟਰ ਰੰਜੂ ਸਚਦੇਵਾ ਨੇ ਬੱਚਿਆਂ ਨੂੰ ਵਿਸਾਖੀ ਦੀਆਂ ਵਧਾਈਆਂ ਦਿੱਤੀਆਂ ਤੇ ਮਿਲ-ਜੁਲ ਕੇ ਤਿਉਹਾਰ ਮਨਾਉਣ ਦੀ ਪ੍ਰੇਰਨਾ ਦਿੱਤੀ।

# ਭਾਜਪਾ ਨੂੰ ਹਰਾਉਣਾ ਹੀ ਡਾ. ਅੰਬੇਡਕਰ ਦੀ ਸੋਚ 'ਤੇ ਪਹਿਰਾ ਦੇਣਾ: ਜਾਮਾਰਾਏ/ਪੰਡੋਰੀ



ਤਰਨ ਤਾਰਨ (ਪ੍ਰਿਤਪਾਲ ਸਿੰਘ)-ਦੱਬੇ ਕੁਚਲੇ ਸਮਾਜ ਦੇ ਰਹਿਬਰ, ਸੰਵਿਧਾਨ ਦੇ ਨਿਰਮਾਤਾ ਭਾਰਤ ਰਤਨ ਬਾਬਾ ਸਾਹਿਬ ਡਾ. ਬੀ. ਆਰ. ਅੰਬੇ[ਕਰ ਦੇ 133ਵੇਂ ਜਨਮ ਦਿਵਸ ਮੌਕੇ ਨਗਰ ਪਾਲਿਕਾ ਦਫ਼ਤਰ ਤਰਨ ਤਾਰਨ ਵਿਖੇ ਡਾ. ਅੰਬੇਡਕਰ ਸਾਹਿਬ ਦੇ ਬੁੱਤ 'ਤੇ ਫੁੱਲ ਮਾਲਾਵਾਂ ਭੇਟ ਕੀਤੀਆਂ ਗਈਆਂ ਅਤੇ ਸੰਵਿਧਾਨ ਦੀ ਰਾਖੀ, ਜਮਹੂਰੀ ਅਤੇ ਫੈਡਰਲ ਅਧਿਕਾਰਾਂ ਲਈ ਸੰਘਰਸ਼ ਕਰਨ ਦਾ ਪ੍ਰਣ ਲਿਆ ਗਿਆ ਜਿਸ ਦੀ ਪ੍ਰਧਾਨਗੀ ਦਿਹਾਤੀ ਮਜ਼ਦੂਰ ਸਭਾ ਦੇ ਤਹਿਸੀਲ ਪ੍ਰਧਾਨ ਨਰਿੰਦਰ ਸਿੰਘ ਰਟੋਲ ਨੇ ਕੀਤੀ ।ਇਸ ਮੌਕੇ ਸੰਬੋਧਨ ਕਰਦਿਆਂ ਆਰ. ਐੱਮ. ਪੀ. ਆਈ. ਦੇ ਸੂਬਾ ਕਾਰਜਕਾਰਨੀ ਸਕੱਤਰ ਪਰਗਟ ਸਿੰਘ ਜਾਮਾਰਾਏ, ਬਲਦੇਵ ਸਿੰਘ ਪੰਡੋਰੀ, ਧਰਮ ਸਿੰਘ ਪੱਟੀ ਨੇ ਕਿਹਾ ਕਿ ਅਜੋਕੇ ਦੌਰ ਵਿੱਚ ਲੋਕਤੰਤਰ ਤੇ ਸੰਵਿਧਾਨ ਦੀ ਬਹਾਲੀ ਲਈ ਭਾਜਪਾ ਨੂੰ ਹਰਾਉਣਾ ਬਾਬਾ ਸਾਹਿਬ ਡਾ. ਬੀ. ਆਰ. ਅੰਬੇਡਕਰ ਦੀ ਸੋਚ 'ਤੇ ਪਹਿਰਾ ਦੇਣਾ ਹੈ ਕਿਉਂਕਿ ਸਮੇਂ ਦੀ ਹਕੂਮਤ ਆਰਐੱਸਐੱਸ ਤੇ ਭਾਜਪਾ ਨੇ ਦੇਸ਼ ਅੰਦਰ ਫਿਰਕਾਪ੍ਰਸਤੀ ਦਾ ਜ਼ਹਿਰ ਉਗਲ ਕੇ ਭਾਈਚਾਰਕ ਸਾਂਝ ਨੂੰ ਖਤਮ ਕਰਨ ਦਾ ਜੋ ਬੀੜਾ ਚੁੱਕਿਆ ਹੈ ਉਸ ਨਾਲ ਦੇਸ਼ ਦੇ ਲੋਕਤੰਤਰ ਤੇ ਸੰਵਿਧਾਨ ਨੂੰ ਪੂਰੀ ਤਰ੍ਹਾਂ ਖਤਰਾ ਬਣਿਆ ਹੋਇਆ ਹੈ ਜੋ ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਖਤਰਨਾਕ ਸਿੱਧ ਹੋ ਰਿਹਾ ਹੈ ।ਜਾਮਾਰਾਏ ਨੇ ਕਿਹਾ ਕਿ ਲੋਕਤੰਤਰੀ ਢਾਂਚੇ ਅਤੇ ਸੰਵਿਧਾਨਕ ਸੰਸਥਾਵਾਂ ਨੂੰ ਗੈਰ-ਕਾਨੂੰਨੀ ਤਰੀਕੇ ਨਾਲ ਨੁਕਸਾਨ ਪਹੁੰਚਾ ਕੇ ਮਨੂੰ ਸਿਮਰਤੀ ਨੂੰ ਲਾਗੂ ਕਰਨਾ ਹੈ ਜਦੋਂਕਿ ਦੇਸ਼ ਦੇ ਕਿਸਾਨ-ਮਜ਼ਦੂਰ, ਮੁਲਾਜ਼ਮ, ਨੌਜਵਾਨ ਆਪਣੇ ਹੱਕਾਂ ਦੀ ਰਾਖੀ ਲਈ ਸੜਕਾਂ 'ਤੇ ਸੰਘਰਸ਼ ਕਰ ਰਹੇ ਹਨ ।

17ਵੀਂ ਲੋਕ ਸਭਾ ਚੋਣਾਂ ਮੌਕੇ ਭਾਜਪਾ ਤੇ ਐੱਨਡੀਏ ਨੂੰ ਕਰਾਰੀ ਹਾਰ ਦੇ ਕੇ ਲੋਕਤੰਤਰ ਅਤੇ ਸੰਵਿਧਾਨ ਨੂੰ ਮਜ਼ਬੂਤ ਕੀਤਾ ਜਾ ਸਕਦਾ ਹੈ।ਇਸ ਸਮੇਂ ਹੋਰਨਾਂ ਤੋਂ ਇਲਾਵਾ ਦਲਬੀਰ ਸਿੰਘ, ਬਲਵਿੰਦਰ ਸਿੰਘ, ਹਰਚਰਨ ਸਿੰਘ ਪੰਡੋਰੀ, ਕੁਲਦੀਪ ਸਿੰਘ ਰਟੋਲ, ਸੁਖਦੇਵ ਸਿੰਘ ਕੰਗ ਆਦਿ ਹਾਜ਼ਰ ਸਨ ।

# ਸਕੂਲ ਵਿਖੇ ਧਾਰਮਿਕ ਸਮਾਗਮ ਕਰਵਾਉਣੇ ਸ਼ਲਾਘਾਯੋਗ ਕਦਮ : ਜੱਗਾ ਮਜੀਠਾ



ਮਜੀਠਾ ( ਸੋਇਮ ਆਨੰਦ)-ਸੇਂਟ ਸੋਲਜਰ ਇਲੀਟ ਕੌਨਵੈਂਟ ਸਕੂਲ ਸੋਹੀਆਂ ਕਲਾਂ ਰੋਡ ਮਜੀਠਾ ਵਿਖੇ ਖਾਲਸਾ ਸਾਜਨਾ ਦਿਵਸ ਅਤੇ ਸਕੂਲ ਸਥਾਪਨਾ ਦਿਵਸ ਦੇ ਸ਼ੁਭ ਦਿਨ ਨੂੰ ਸਮਰਪਿਤ ਧਾਰਮਿਕ ਸਮਾਗਮ ਸਕੂਲ ਐਮ ਡੀ ਡਾ ਮੰਗਲ ਸਿੰਘ ਕਿਸਨਪੁਰੀ ਅਤੇ ਚੇਅਰਮੈਨ ਜਸਪਿੰਦਰ ਸਿੰਘ ਕਾਹਲੋਂ ਦੀ ਪ੍ਰੇਰਨਾ ਸਦਕਾ ਡਾਇਰੈਕਟਰ ਪ੍ਰਿੰਸੀਪਲ ਅਮਨਦੀਪ ਕੌਰ ਥਿੰਦ ਦੀ ਅਗਵਾਈ ਹੇਠ ਖਾਲਸਾ ਦਿਵਸ ਬਹੁਤ ਸ਼ਰਧਾ ਨਾਲ ਮਨਾਇਆ ਗਿਆ। ਇਸ ਮੌਕੇ ਸਕੂਲ ਵਿਖੇ ਖਾਲਸਾ ਪੰਥ ਦੀ ਸਾਜਨਾ ਦਿਵਸ ਨੂੰ ਸਮਰਪਿਤ ਰਖਵਾਏ ਗਏ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਤੋ ਉਪਰੰਤ ਭਾਰੀ ਦਿਵਾਨ ਸਜਾਏ ਗਏ ਜਿਸ ਵਿੱਚ ਸੰਗੀਤ ਅਧਿਆਪਕ ਸ੍ਰੀ ਰਾਮ ਸਰੂਪ ਤੇ ਬੱਚਿਆਂ ਵੱਲੋ ਕੀਰਤਨ ਅਤੇ ਸਕੂਲ ਦੇ ਨੰਨੇ ਬੱਚਿਆਂ ਵੱਲੋ ਬੀਰ ਰਸ ਕਵੀਸਰੀ ਰਾਹੀ ਸੰਗਤਾ ਨੂੰ ਨਿਹਾਲ ਕੀਤਾ। ਇਸ ਸਮਾਗਮ ਵਿੱਚ ਆਮ ਆਦਮੀ ਪਾਰਟੀ ਦੇ ਹਲਕਾ ਇਚਾਰਜ ਜਗਵਿੰਦਰਪਾਲ ਸਿੰਘ ਜੱਗਾ ਮਜੀਠਾ ਤੇ ਹਲਕੇ ਦੀਆਂ ਨਾਮਵਰ ਹਸਤੀਆਂ ਤੇ ਵੱਡੀ ਗਿਣਤੀ ਵਿੱਚ ਬੱਚਿਆਂ ਦੇ ਮਾਪਿਆ ਨੇ ਹਾਜ਼ਰੀ ਭਰੀ । ਇਸ ਮੌਕੇ ਐਮਡੀ ਡਾ ਮੰਗਲ ਸਿੰਘ ਕਿਸ਼ਨਪੁਰੀ ,ਚੇਅਰਮੈਨ ਜਸਪਿੰਦਰ ਸਿੰਘ ਕਾਹਲੋਂ, ਮੁੱਖ ਪ੍ਰਬੰਧਕ ਹਰਜਿੰਦਰਪਾਲ ਕੌਰ, ਡਾਇਰੈਕਟਰ ਪ੍ਰਿੰਸੀਪਲ ਅਮਨਦੀਪ ਕੌਰ ਥਿੰਦ ,ਡਾ ਰੁਪਿੰਦਰ ਸਿੰਘ ਅਤੇ ਪ੍ਰਿੰਸੀਪਲ ਲਕਸ਼ਿਤਾ ਵਰਮਾ ਨੇ ਅੱਜ ਦੇ ਇਸ ਖਾਲਸਾ ਸਾਜਨਾ ਦਿਵਸ ਦਿਨ ਦੀ ਮਹੱਤਤਾ, ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਤੇ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਅਦਭੁੱਤ ਵਿਚਿੱਤਰ ਵਿਚਾਰਧਾਰਾ ਬਾਰੇ ਪਿਆਰ ਸਹਿਤ ਵਿਆਖਿਆ ਕਰਕੇ ਬਚਿਆਂ ਦੇ ਮਨਾਂ ਵਿੱਚ ਉਤਰਨ ਦਾ ਭਰਪੂਰ ਯਤਨ ਕੀਤਾ। ਇਸ ਦੌਰਾਨ ਜਫਰਨਾਮਾ , ਕਵਿਸ਼ਰੀ, ਵਾਰਾਂ, ਬੀਰ ਰਸ ਭਿੱਜੀਆਂ ਕਵਿਤਾਵਾਂ ਵਿੱਚ ਲੜਕੀਆਂ ਦਾ ਯੋਗਦਾਨ ਆਪਣਾ ਅਮਿੱਟ ਪ੍ਰਭਾਵ ਛੱਡ ਗਿਆ। ਇਸ ਮੌਕੇ ਆਮ ਆਦਮੀ ਪਾਰਟੀ ਦੇ ਆਗੂ ਜਗਵਿੰਦਰਪਾਲ ਸਿੰਘ ਜੱਗਾ ਮਜੀਠਾ ,ਕਾਂਗਰਸ ਸਹਿਰੀ ਪ੍ਰਧਾਨ ਨਵਦੀਪ ਸਿੰਘ ਸੋਨਾਂ ਅਤੇ ਡਾ ਮਨਜੀਤ ਸਿੰਘ ਹਮਜ਼ਾ ਨੇ ਸਕੂਲ ਮੈਨਿਜਮੈਟ ਨੂੰ ਸਾਜਨਾ ਦਿਵਸ ਤੇ ਸਕੂਲ ਸਥਾਪਨਾ ਦੀ ਵਧਾਈ ਦਿੱਤੀ ਅਤੇ ਬੱਚਿਆਂ ਨੂੰ ਅਸ਼ੀਰਵਾਦ ਦਿੰਦਿਆ ਗੁਰਮਤਿ ਵਿਚਾਰ ਧਾਰਾ ਨਾਲ ਜੁੜਨ ਲਈ ਅਤੇ ਦਸਮੇਸ ਪਿਤਾ ਜੀ ਦੇ ਦਰਸਾਏ ਮਾਰਗ ਤੇ ਚੱਲਣ ਲਈ ਪ੍ਰੇਰਿਤ ਕੀਤਾ। ਜੱਗਾ ਮਜੀਠਾ ਨੇ ਸਕੂਲ ਮੈਨਿਜਮੈਟ ਨੂੰ ਕਿਹਾ ਕਿ ਜਿਥੇ ਵੀ ਸਾਡੀ ਜ਼ਰੂਰਤ ਹੋਵੇਗੀ ਅਸੀ ਆਪ ਨਾਲ ਹਰੇਕ ਤਰ੍ਹਾਂ ਦਾ ਸਹਿਯੋਗ ਕਰਦੇ ਰਹਾਂਗੇ। ਇਸ ਮੌਕੇ ਇਸ ਮੌਕੇ ਐਮ ਡੀ ਡਾ ਮੰਗਲ ਸਿੰਘ ਕਿਸ਼ਨਪੁਰੀ ਅਤੇ ਚੇਅਰਮੈਨ ਜਸਪਿੰਦਰ ਸਿੰਘ ਨੇ ਆਏ ਮਹਿਮਾਨਾਂ ਨੂੰ ਵਿਸੇਸ ਤੋਰ ਤੇ ਸਨਮਾਨਿਤ ਕੀਤਾ। ਇਸ ਮੌਕੇ ਹੋਰਨਾ ਤੋ ਇਲਾਵਾਂ ਡਾਇਰੈਕਟਰ ਪ੍ਰਿੰਸੀਪਲ ਅਮਨਦੀਪ ਕੌਰ, ਮੈਡਮ ਐੱਚਪੀ ਕੌਰ, ਪ੍ਰਿੰਸੀਪਲ ਲਕਸ਼ਿਤਾ ਵਰਮਾ, ਵਾਇਸ ਪ੍ਰਿੰਸੀਪਲ ਪੋਪਿੰਦਰ ਬਿਸ਼ਨੋਈ , ਕਾਂਗਰਸੀ ਆਗੂ ਕੌਸਲਰ ਨਵਦੀਪ ਸਿੰਘ ਸੋਨਾ, ਕਾਂਗਰਸੀ ਆਗੂ ਕੌਸਲਰ ਪਰਮਜੀਤ ਸਿੰਘ ਪੱਮਾ ,ਕਾਂਸਰਸੀ ਆਗੂ ਜਗਦੀਪ ਸਿੰਘ ਗੋਗਾ, ਸੁਖਜਿੰਦਰ ਸਿੰਘ ਬਿੱਟੂ ,ਕਲਦੀਪ ਸਿੰਘ ਪ੍ਰਧਾਨ ,ਅਮਰਜੀਤ ਸਿੰਘ ,ਪ੍ਰੀਤਮ ਸਿੰਘ ਧੱਜਲ ਸੁਖਜੀਤ ਸਿੰਘ , ਰਾਮ ਸਰੂਪ ਹਾਜਰ ਸਨ।

# 95 ਗ੍ਰਾਮ ਹੈਰੋਇਨ ਸਮੇਤ ਮੁਲਜ਼ਮ ਕਾਬੂ



ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)-ਐੱਸ. ਐੱਸ. ਪੀ. ਅੰਮ੍ਰਿਤਸਰ ਦਿਹਾਤੀ ਸਤਿੰਦਰ ਸਿੰਘ ਨੇ ਦਿਸ਼ਾ ਨਿਰਦੇਸ਼ਾਂ ਉਪਰ ਨਸ਼ਾ ਤਸਕਰਾਂ ਅਤੇ ਸਮਾਜ ਵਿਰੋਧੀ ਲੋਕਾਂ ਖਿਲਾਫ ਜ਼ੀਰੋ ਟਾਲਰੈਂਸ ਦੀ ਨੀਤੀ ਅਪਨਾਉਣ ਦੇ ਨਿਰਦੇਸ਼ ਜਾਰੀ ਕੀਤੇ ਹਨ।ਇਨ੍ਹਾਂ ਹਦਾਇਤਾਂ ਤਹਿਤ ਡੀ. ਐੱਸ. ਪੀ. ਜੰਡਿਆਲਾ ਅਤੇ ਐੱਸ. ਐੱਚ. ਓ. ਜੰਡਿਆਲਾ ਦੀ ਨਜ਼ਦੀਕੀ ਨਿਗਰਾਨੀ ਹੇਠ ਪੁਲਸ ਪਾਰਟੀ ਨੇ ਗੁਪਤ ਸੂਚਨਾ ਦੇ ਆਧਾਰ 'ਤੇ ਪਿੰਡ ਦੇਵੀਦਾਸਪੁਰਾ ਮੋੜ ਤੋਂ ਕਰਨ ਉਰਫ਼ ਕੀਤਾ ਪੁੱਤਰ ਰਾਜਪਾਲ ਵਾਸੀ ਮੁਹੱਲਾ ਸ਼ੇਖਪੁਰਾ ਨੂੰ 95 ਗ੍ਰਾਮ ਚੂਰਾ ਪੋਸਤ ਸਮੇਤ ਕਾਬੂ ਕੀਤਾ ।ਇਸ ਮਾਮਲੇ ਦੀ ਜਾਂਚ ਕਰ ਰਹੇ ਏ. ਐੱਸ. ਆਈ. ਰਾਜਬੀਰ ਸਿੰਘ ਨੇ ਦੱਸਿਆ ਕਿ ਮੁਲਜ਼ਮਾਂ ਦੇ ਪਿੱਛੇ ਅਤੇ ਅਗਲੇ ਸਬੰਧਾਂ ਦੀ ਜਾਂਚ ਕੀਤੀ ਜਾ ਰਹੀ ਹੈ।

# ਸੇਂਟ ਕਬੀਰ ਪਬਲਿਕ ਸਕੂਲ 'ਚ ਵਿਸਾਖੀ ਦਾ ਤਿਓਹਾਰ ਮਨਾਇਆ



ਧਾਰੀਵਾਲ (ਮਨਦੀਪ ਸਿੰਘ ਵਿੱਕੀ)- ਸੇਂਟ ਕਬੀਰ ਪਬਲਿਕ ਸਕੂਲ ਸੁਲਤਾਨਪੁਰ ਵਿਚ ਪ੍ਰਿੰਸੀਪਲ ਐੱਸ. ਬੀ. ਨਾਯਰ ਦੀ ਸਰਪ੍ਰਸਤੀ ਹੇਠ ਵਿਸਾਖੀ ਦੇ ਤਿਓਹਾਰ ਤੇ ਰੰਗਾ-ਰੰਗ ਪ੍ਰੋਗਰਾਮ ਕਰਵਾਇਆ ਗਿਆ।ਇਸ ਮੌਕੇ ਪ੍ਰੋਗਰਾਮ ਦੀ ਸ਼ੁਰੂਆਤ ਨੌਵੀਂ ਤੇ ਦਸਵੀਂ ਜਮਾਤ ਦੇ ਵਿਦਿਆਰਥੀਆਂ ਨੇ ਮਧੁਰ ਸ਼ਬਦ ਕੀਰਤਨ ਨਾਲ ਕੀਤੀ।ਇਸ ਉਪਰੰਤ ਸਕੂਲ ਦੀ ਵਿਦਿਆਰਥਣ ਮਨਪ੍ਰੀਤ ਕੌਰ ਨੇ ਵਿਸਾਖੀ ਦੇ ਮੇਲੇ ਦੀ ਮਹੱਤਤਾ ਨੂੰ ਦਰਸਾਉਂਦੇ ਹੋਏ ਵਿਚਾਰ ਸਾਰੇ ਵਿਦਿਆਰਥੀਆਂ ਦੇ ਸਨਮੁੱਖ ਪੇਸ਼ ਕੀਤੇ ਗਏ।ਦਸਵੀਂ ਜਮਾਤ ਦੇ ਵਿਦਿਆਰਥੀ ਅਖਿਲ ਸਿੰਘ ਅਤੇ ਪਰਨੀਤ ਕੌਰ ਦੁਆਰਾ ਸਟੇਜੀ ਕਾਰਵਾਈ ਨੂੰ ਅੱਗੇ ਤੋਰਦਿਆਂ ਹੋਇਆ ਤੀਸਰੀ ਤੋਂ ਸੱਤਵੀਂ ਜਮਾਤ ਦੇ ਮੁੰਡੇ-ਕੁੜੀਆਂ ਦਾ ਸੱਭਿਆਚਾਰਕ ਭੰਗੜੇ ਤੇ ਗਿੱਧੇ ਦਾ ਇੰਟਰ ਹਾਊਸ ਮੁਕਾਬਲਾ ਕਰਵਾਇਆ ਗਿਆ।ਵਿਦਿਆਰਥਣ ਹਰਸ਼ਮੀਤ ਕੌਰ ਨੇ ਕਣਕਾਂ ਦੀ ਵਾਢੀ ਦੀ ਖੁਸ਼ੀ ਜ਼ਾਹਿਰ ਕਰਦੀ ਕਵਿਤਾ ਦੀ ਪੇਸ਼ਕਾਰੀ ਕਰਕੇ ਖੂਬ ਵਾਹ-ਵਾਹ ਖੱਟੀ।ਜੂਨੀਅਰ ਬਲਾਕ ਦੇ ਛੋਟੇ-ਛੋਟੇ ਵਿਦਿਆਰਥੀਆਂ ਦੁਆਰਾ ਵੀ ਇਸ ਖੁਸ਼ੀ ਦੇ ਮੌਕੇ ਤੇ ਬੋਲੀਆਂ ਤੇ ਟੱਪਿਆਂ ਰਾਹੀਂ ਸਾਰਿਆਂ ਦਾ ਮਨੋਰੰਜਨ ਕੀਤਾ।ਸਕੂਲੀ ਵਿਦਿਆਰਥੀਆਂ ਦੁਆਰਾ ਸੁੰਦਰ ਕਲਾਕ੍ਰਿਤੀਆਂ ਦੁਆਰਾ ਹਾਊਸ ਬੋਰਡਾਂ ਨੂੰ ਸਜਾਇਆ ਗਿਆ।ਜੇਤੂ ਵਿਦਿਆਰਥੀਆਂ ਨੂੰ ਇਨਾਮ ਤਕਸੀਮ ਕੀਤੇ ਗਏ।

ਪ੍ਰੋਗਰਾਮ ਦੇ ਅੰਤ ਵਿੱਚ ਪ੍ਰਿੰ. ਨਾਯਰ ਅਤੇ ਸਕੂਲ ਪ੍ਰਬੰਧਕ ਕਮੇਟੀ ਦੇ ਮੈਂਬਰ ਮੈਡਮ ਨਵਦੀਪ ਕੌਰ ਤੇ ਕੁਲਦੀਪ ਕੌਰ ਵਲੋਂ ਸਮੂਹ ਸਕੂਲ ਨੂੰ ਵਿਸਾਖੀ ਦੇ ਤਿਓਹਾਰ ਦੀ ਮੁਬਾਰਕਬਾਦ ਦਿੱਤੀ ਗਈ।

ਇਸ ਮੌਕੇ ਵਿਦਿਆਰਥੀਆਂ ਨੂੰ ਹਮੇਸ਼ਾ ਸਹੀ ਰਸਤੇ 'ਤੇ ਚੱਲਣ ਤੇ ਆਪਣੇ ਧਰਮ ਵਿੱਚ ਹਮੇਸ਼ਾ ਪਰਿਪੱਕ ਰਹਿਣ ਦੀ ਪ੍ਰੇਰਣਾ ਦਿੱਤੀ।ਇਸ ਮੌਕੇ ਸਕੂਲ ਦੇ ਸਮੂਹ ਸਟਾਫ ਮੈਂਬਰ ਤੇ ਵਿਦਿਆਰਥੀ ਸ਼ਾਮਲ ਸਨ।

# ਸੁਨਿਆਰੇ ਦੀ ਦੁਕਾਨ 'ਚੋਂ 8 ਲੱਖ ਰੁਪਏ ਦੀ ਚਾਂਦੀ ਤੇ ਸੋਨਾ ਚੋਰੀ



ਝਬਾਲ (ਹਰਜਿੰਦਰ ਸਿੰਘ ਸੋਨੀ)-ਸਥਾਨਕ ਝਬਾਲ ਚੌਕ ਜਿਥੇ ਬਕਾਇਦਾ ਸੀਸੀਟੀਵੀ ਕੈਮਰੇ ਲੱਗੇ ਹੋਣ ਤੋਂ ਇਲਾਵਾ 24 ਘੰਟੇ ਪੁਲਸ ਦਾ ਪੱਕਾ ਨਾਕਾ ਹੋਣ ਦੇ ਬਾਵਜੂਦ ਚੋਰਾਂ ਨੇ ਛੀਨਾ ਜਿਊਲਰ ਦੀ ਦੁਕਾਨ ਨੂੰ ਸੰਨ੍ਹ ਲਗਾ ਕੇ ਲੱਖਾਂ ਰੁਪਏ ਮੁੱਲ ਦਾ ਸੋਨਾ ਤੇ ਚਾਂਦੀ ਚੋਰੀ ਕਰ ਲਈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਛੀਨਾ ਜਿਊਲਰ ਦੇ ਮਾਲਕ ਰਜਿੰਦਰ ਸਿੰਘ ਨੇ ਦੁਕਾਨਦਾਰਾਂ ਦੀ ਹਾਜ਼ਰੀ ਵਿੱਚ ਦੱਸਿਆ ਕਿ ਉਨ੍ਹਾਂ ਦੀ ਜੋ ਝਬਾਲ ਚੌਕ ਨੇੜੇ ਜਿਊਲਰਜ਼ ਦੀ ਦੁਕਾਨ ਹੈ, ਨੂੰ ਬੀਤੀ ਰਾਤ ਅਣਪਛਾਤੇ ਵਿਅਕਤੀ ਪਿੱਛੋਂ ਸੰਨ੍ਹ ਲਗਾ ਕੇ ਅੰਦਰੋਂ ਚਾਰ ਤੋਲੇ ਦੇ ਲੱਗਭੱਗ ਸੋਨਾ ਅਤੇ ਅੱਠ ਕਿੱਲੋ ਦੇ ਲੱਗਭੱਗ ਚਾਂਦੀ ਤੇ ਕੁਝ ਨਗਦੀ ਜਿਸ ਦੀ ਕੀਮਤ ਅੱਠ ਲੱਖ ਬਣਦੀ ਹੈ, ਚੋਰੀ ਕਰਕੇ ਲੈ ਗਏ।ਇਸ ਸਬੰਧੀ ਥਾਣੇ ਦਰਖਾਸਤ ਦੇਣ 'ਤੇ ਥਾਣਾ ਝਬਾਲ ਦੀ ਪੁਲਸ ਨੇ ਮੌਕੇ 'ਤੇ ਪਹੁੰਚ ਕੇ ਜਾਂਚ ਪੜਤਾਲ ਕਰਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।ਇਸ ਮੌਕੇ ਅੱਡਾ ਝਬਾਲ ਦੇ ਇਕੱਤਰ ਹੋਏ ਦੁਕਾਨਦਾਰਾਂ ਨੇ ਪੁਲਸ ਖਿਲਾਫ ਰੋਸ ਪ੍ਰਗਟ ਕਰਦਿਆਂ ਕਿਹਾ ਕਿ ਪਿਛਲੇ ਕਾਫੀ ਸਮੇਂ ਤੋਂ ਅੱਡਾ ਝਬਾਲ ਵਿੱਚ ਲਗਾਤਾਰ ਹੀ ਚੋਰੀਆਂ ਦਾ ਸਿਲਸਿਲਾ ਜਾਰੀ ਹੈ, ਪ੍ਰੰਤੂ ਪੁਲਸ ਵੱਲੋਂ ਅਜੇ ਤੱਕ ਨਾ ਤਾਂ ਕੋਈ ਚੋਰ ਫੜਿਆ ਗਿਆ ਤੇ ਨਾ ਹੀ ਕੋਈ ਕਾਰਵਾਈ ਕੀਤੀ ਗਈ।ਰਾਤ 10 ਵਜੇ ਤੋਂ ਬਾਅਦ ਝਬਾਲ ਚੌਕ ਵਿੱਚ ਕੋਈ ਵੀ ਪੁਲਸ ਮੁਲਾਜ਼ਮ ਦਿਖਾਈ ਨਹੀਂ ਦਿੰਦਾ ਜਿਸ ਕਰਕੇ ਸਮਾਜ ਵਿਰੋਧੀ ਅਨਸਰ ਆਪਣੀ ਕਾਰਵਾਈ ਕਰਨ ਵਿੱਚ ਸਫਲ ਹੋ ਜਾਂਦੇ ਹਨ।ਉਨ੍ਹਾਂ ਨੇ ਐੱਸਐੱਸਪੀ ਤਰਨ ਤਾਰਨ ਕੋਲੋਂ ਮੰਗ ਕੀਤੀ ਕਿ ਝਬਾਲ ਚੌਕ ਵਿੱਚ ਪੁਲਸ ਮੁਲਾਜ਼ਮਾਂ ਦਾ ਪੱਕਾ ਨਾਕਾ ਯਕੀਨੀ ਬਣਾਇਆ ਜਾਵੇ ਨਹੀਂ ਤਾਂ ਮਜਬੂਰਨ ਸਾਨੂੰ ਧਰਨਾ ਦੇਣ ਲਈ ਮਜਬੂਰ ਹੋਣਾ ਪਵੇਗਾ।

# ਸੀਤਲਾ ਮਾਤਾ ਮੰਦਰ ਵਿਖੇ ਵਿਸ਼ਾਲ ਜਾਗਰਣ ਤੇ ਭੰਡਾਰਾ ਭਲਕੇ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)- ਸਥਾਨਕ ਕਸਬੇ ਦੀ ਦਾਨਾ ਮੰਡੀ ਸਥਿਤ ਪੁਰਾਤਨ ਸੀਤਲਾ ਮਾਤਾ ਮੰਦਰ ਵਿਖੇ ਵੈਸ਼ਨੋ ਭਜਨ ਮੰਡਲੀ ਡੇਰਾ ਬਾਬਾ ਨਾਨਕ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਹਰ ਸਾਲ ਦੀ ਤਰ੍ਹਾਂ 16 ਅਪ੍ਰੈਲ ਨੂੰ ਅਸ਼ਟਮੀ ਦੇ ਪਾਵਨ ਦਿਹਾੜੇ ਮੌਕੇ ਮਹਾਨ ਜਾਗਰਣ ਤੇ ਭੰਡਾਰਾ ਕਰਵਾਇਆ ਜਾਵੇਗਾ ।ਇਸ ਸੰਬੰਧੀ ਸੀਤਲਾ ਮਾਤਾ ਮੰਦਰ ਡੇਰਾ ਬਾਬਾ ਨਾਨਕ ਵਿਖੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਮੰਦਰ ਦੇ ਮੁੱਖ ਪੁਜਾਰੀ ਪੰਡਿਤ ਬੁਵਨ ਸ਼ਾਸਤਰੀ, ਰੁਪਿੰਦਰ ਕੁਮਾਰ ਜੇਈ, ਨਰਿੰਦਰ ਕੁਮਾਰ ਅਤੇ ਨੀਰਜ ਕੁਮਾਰ ਟਿੰਕੂ ਨੇ ਦੱਸਿਆਂ ਕਿ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ 16 ਅਪ੍ਰੈਲ ਦਿਨ ਮੰਗਲਵਾਰ ਨੂੰ ਵੈਸ਼ਨੋ ਭਜਨ ਮੰਡਲੀ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਮਹਾਮਾਈ ਦੇ ਨਵਰਾਤਿਆਂ ਅਤੇ ਅਸ਼ਟਮੀ ਦੇ ਪਾਵਨ ਦਿਹਾੜੇ ਮੌਕੇ ਸਾਲਾਨਾ ਜਾਗਰਣ ਤੇ ਭੰਡਾਰਾ ਬੜੀ ਸ਼ਰਧਾ ਤੇ ਧੂਮਧਾਮ ਨਾਲ ਕਰਵਾਇਆ ਜਾ ਰਿਹਾ ਹੈ।

ਸ਼ਾਮ ਨੂੰ 6 ਵਜੇ ਪ੍ਰਬੰਧਕਾਂ ਵੱਲੋਂ ਸੰਗਤਾਂ ਲਈ ਲੰਗਰ ਭੰਡਾਰਾ ਸ਼ੁਰੂ ਕੀਤਾ ਜਾਵੇਗਾ ਅਤੇ ਰਾਤ ਨੂੰ 8 ਵਜੇ ਮੰਦਰ ਦੇ ਮੁੱਖ ਪੁਜਾਰੀ ਪੰਡਿਤ ਬੁਵਨ ਸ਼ਾਸਤਰੀ ਵੱਲੋਂ ਪੂਜਾ ਅਰਚਨਾ ਕਰਨ ਉਪਰੰਤ ਮਹਾਮਾਈ ਦੀ ਜੋਤ ਪ੍ਰਚੰਡ ਕਰਕੇ ਸੋਨੂੰ ਐਂਡ ਜਾਗਰਣ ਪਾਰਟੀ ਡੇਰਾ ਬਾਬਾ ਨਾਨਕ ਦੇ ਭਗਤਾਂ ਵੱਲੋਂ ਗਣੇਸ਼ ਵੰਦਨਾ ਨਾਲ ਜਾਗਰਣ ਦੀ ਸ਼ੁਰੂਆਤ ਕੀਤੀ ਜਾਵੇਗੀ ਉਨ੍ਹਾਂ ਇਲਾਕੇ ਦੀਆਂ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਹੁੰਮ-ਹੁੰਮਾ ਕੇ ਇਸ ਜਾਗਰਣ ਵਿੱਚ ਹਾਜ਼ਰੀ ਭਰਨ ਅਤੇ ਮਹਾਮਾਈ ਦਾ ਅਸ਼ੀਰਵਾਦ ਪ੍ਰਾਪਤ ਕਰਨ ।

ਇਸ ਮੌਕੇ ਸੁਰੇਖਾ ਨਈਅਰ, ਸੁਦਰਸ਼ਨਾ ਸਰਨਾ, ਆਰਤੀ ਕੁਮਾਰੀ, ਰਾਜ ਕੁਮਾਰੀ, ਮਨਜੀਤ ਕੌਰ, ਰਵਿੰਦਰ ਸਿੰਘ ਬੇਦੀ, ਮਾਸਟਰ ਓਮ ਪ੍ਰਕਾਸ਼ ਸ਼ਰਮਾ, ਮਾਸਟਰ ਮੁਕੇਸ਼ ਸ਼ਰਮਾ, ਮਾਸਟਰ ਦਵਿੰਦਰ ਕੁਮਾਰ, ਮਾਸਟਰ ਸੰਜੀਵ ਸਰਨਾ, ਨਰੇਸ਼ ਕੁਮਾਰ, ਯਸ਼ਪਾਲ, ਵਿਪਨ ਕੁਮਾਰ ਸ਼ਰਮਾ, ਓਮ ਪ੍ਰਕਾਸ਼ ਮਕੈਨਿਕ, ਰਾਮਪਾਲ ਹਲਵਾਈ, ਕੇਤਨ ਕੁਮਾਰ, ਰਮਨਦੀਪ ਸਿੰਘ ਬੇਦੀ, ਗੁਰਮੁੱਖ ਸਿੰਘ ਫੌਜੀ ਆਦਿ ਹਾਜ਼ਰ ਸਨ ।

# ਇੰਦਰ ਸੇਖੜੀ ਦਾ ਸੂਬਾ ਕੋ-ਕਨਵੀਨਰ ਬਣਨ 'ਤੇ ਸਵਾਗਤ



ਬਟਾਲਾ (ਤਰਲੋਕ ਬੱਗਾ)-ਭਾਰਤੀ ਜਨਤਾ ਪਾਰਟੀ ਦੇ ਸਵੱਛ ਭਾਰਤ ਅਭਿਆਨ ਦੇ ਸੂਬਾ ਕੋ-ਕਨਵੀਨਰ ਦੇ ਅਹੁਦੇ ਲਈ ਇੰਦਰ ਸੇਖੜੀ ਦੀ ਨਾਮਜ਼ਦਗੀ 'ਤੇ ਜ਼ਿਲ੍ਹਾ ਪ੍ਰਧਾਨ ਬਟਾਲਾ ਹੀਰਾ ਵਾਲੀਆ ਨੇ ਸਮੁੱਚੀ ਟੀਮ ਸਮੇਤ ਇੰਦਰ ਸੇਖੜੀ ਦਾ ਸਵਾਗਤ ਕੀਤਾ ਅਤੇ ਵਧਾਈ ਦਿੱਤੀ।ਭਾਜਪਾ ਜ਼ਿਲ੍ਹਾ ਪ੍ਰਧਾਨ ਹੀਰਾ ਵਾਲੀਆ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਸ ਨੂੰ ਪਹਿਲ ਦੇ ਆਧਾਰ 'ਤੇ ਲਿਆਉਣ ਦਾ ਕੰਮ ਕਰ ਰਹੇ ਹਨ।ਹੀਰਾ ਵਾਲੀਆ ਨੇ ਆਸ ਪ੍ਰਗਟ ਕੀਤੀ ਕਿ ਇੰਦਰ ਸੇਖੜੀ ਸਵੱਛ ਭਾਰਤ ਅਭਿਆਨ ਸੂਬਾ ਕੋ-ਕਨਵੀਨਰ ਬਣਨ 'ਤੇ ਨੌਜਵਾਨਾਂ ਵਿੱਚ ਸਵੱਛਤਾ ਪ੍ਰਤੀ ਜਾਗਰੂਕਤਾ ਲਿਆਉਣਗੇ।

ਇਸ ਮੌਕੇ ਸੀਨੀਅਰ ਆਗੂ ਭੂਸ਼ਨ ਬਜਾਜ, ਜ਼ਿਲ੍ਹਾ ਜਨਰਲ ਸਕੱਤਰ ਰੋਸ਼ਨ ਲਾਲ, ਜ਼ਿਲ੍ਹਾ ਮੀਤ ਪ੍ਰਧਾਨ ਸ਼ਕਤੀ ਸ਼ਰਮਾ, ਸ਼ਹਿਰੀ ਮੰਡਲ ਪ੍ਰਧਾਨ ਪੰਕਜ ਸ਼ਰਮਾ, ਸਿਵਲ ਲਾਈਨ ਚੰਦਰ ਨਗਰ ਮੰਡਲ ਪ੍ਰਧਾਨ ਅਮਨਦੀਪ ਸਿੰਘ, ਸ਼ਹਿਰੀ ਮੰਡਲ ਜਨਰਲ ਸਕੱਤਰ ਅਨਿਲ ਭੱਟੀ, ਸ਼ਹਿਰੀ ਮੰਡਲ ਜਨਰਲ ਸਕੱਤਰ ਸ਼੍ਰੀਕਾਂਤ ਸ਼ਰਮਾ,. ਯੁਵਾ ਮੋਰਚਾ ਦੇ ਜ਼ਿਲ੍ਹਾ ਪ੍ਰਧਾਨ ਡਿੰਪਲ ਮਹਾਜਨ, ਜਨਰਲ ਸਕੱਤਰ ਅੰਮ੍ਰਿਤਪਾਲ ਸਿੰਘ ਮੌਜੂਦ ਸਨ।

# ਨਾਟਕਕਾਰ ਗੁਰਸ਼ਰਨ ਭਾਅ ਜੀ ਦੇ ਰੈਣ ਬਸੇਰੇ ਦੀ ਕੀਤੀ ਸਾਫ-ਸਫਾਈ



ਅੰਮ੍ਰਿਤਸਰ (ਨਜ਼ਸ)—ਨਾਟਕਕਾਰ ਗੁਰਸ਼ਰਨ ਭਾਅ ਜੀ ਦੀਆਂ ਧੀਆਂ ਡਾ. ਨਵਸ਼ਰਨ, ਡਾ. ਅਰੀਤ ਅਤੇ ਪੁੱਤਰਾਂ ਤੋਂ ਵੀ ਪਿਆਰੇ ਜਵਾਈ ਡਾ. ਅਤੁਲ, ਡਾ. ਅਜੈ, ਡਾ. ਅਰੀਤ ਦੀ ਧੀ ਬੁੱਗੂ, ਉਸਦੇ ਜੀਵਨ ਸਾਥੀ ਅਤੇ ਉਸਦੀ ਨੰਨ੍ਹੀ ਧੀ, ਉੱਘੇ ਵਿਦਵਾਨ ਡਾ. ਪਰਮਿੰਦਰ ਸਿੰਘ ਅਤੇ ਪਲਸ ਮੰਚ ਦੇ ਪ੍ਰਧਾਨ ਅਮੋਲਕ ਸਿੰਘ ਨੇ ਅੱਜ ਸਾਰਾ ਦਿਨ ਲੋਕ ਹਿੱਤਾਂ ਨੂੰ ਪ੍ਰਨਾਏ ਪਰਿਵਾਰ ਦੀ ਵਿਰਾਸਤ ਨੂੰ ਸੰਭਾਲਣ ਦੇ ਕਾਜ਼ ਦੇ ਲੇਖੇ ਲਾਇਆ।

ਇਹ ਉਹੀ ਘਰ ਹੈ ਜਿੱਥੇ ਡਾ. ਗਿਆਨ ਸਿੰਘ ਸਿਹਤ ਸੇਵਾਵਾਂ ਕਰਦੇ ਰਹੇ, ਜਿੱਥੇ ਗੁਰਸ਼ਰਨ ਭਾਅ ਜੀ ਨੇ ਢੇਰਾਂ ਨਾਟਕ ਲਿਖੇ।ਇਸ ਘਰ ਵਰਕਸ਼ਾਪ ਲਗਾ ਕੇ ਨਾਟਕ 'ਧਮਕ ਨਗਾਰੇ ਦੀ' ਦੀਆਂ ਰਿਹਰਸਲਾਂ ਹੋਈਆਂ। ਇਹ ਉਹ ਘਰ ਹੈ ਜਿਸ ਅੰਦਰ ਪਲਸ ਮੰਚ ਦੀ ਪਹਿਲੀ ਆਡੀਓ ਕੈਸਿਟ 'ਲੋਕ ਪੱਖੀ ਗੀਤ' ਦੀ ਰਿਕਾਰਡਿੰਗ ਹੋਈ ਅਤੇ ਜਿਸ ਵਿਚਲੇ ਕੌਮਾਂਤਰੀ ਗੀਤ ਲਹਿਰਾਂ ਬਣ ਉਠੇ ਅਤੇ 'ਮੇਰੇ ਗੀਤ', 'ਦਿੱਲੀ ਦੀ ਹਕੂਮਤੇ' ਵਰਗੇ ਗੀਤਾਂ ਦੀ ਗੂੰਜ ਪਈ ਸੀ।ਇਸ ਘਰ 'ਚ ਮੁਲਕ ਦੇ ਨਾਮਵਰ ਰੰਗ ਕਰਮੀ, ਗਾਇਕ, ਫ਼ਿਲਮੀ ਕਲਾਕਾਰ, ਬਲਰਾਜ ਸਾਹਨੀ ਦਾ ਯਾਦਗਾਰੀ ਪ੍ਰਕਾਸ਼ਨ ਰਿਹਾ ਹੈ, ਜੋ ਸਮਤਾ ਪੱਤ੍ਰਿਕਾ ਦਾ ਦਫ਼ਤਰ ਵੀ ਰਿਹਾ। ਇੱਥੇ ਉੱਘੇ ਵਿਦਵਾਨ ਡਾ. ਰਣਧੀਰ ਸਿੰਘ ਵਰਗੇ ਸਮਾਜਿਕ, ਆਰਥਿਕ ਅਤੇ ਰਾਜਨੀਤਕ ਸਰੋਕਾਰਾਂ ਸਬੰਧੀ ਚਿੰਤਨ ਕਰਦੇ ਰਹੇ ਹਨ। ਇਹ ਇਤਿਹਾਸਕ ਜੱਦੀ ਘਰ ਦੇਸ਼-ਦੁਨੀਆ ਦੀ ਮਾਣਮੱਤੀ ਇਤਿਹਾਸਕ ਵਿਰਾਸਤ ਹੈ।ਇਸ ਲਈ ਗੁਰਸ਼ਰਨ ਭਾਅ ਜੀ ਅਤੇ ਉਨ੍ਹਾਂ ਦੇ ਪੁਰਖਿਆਂ ਦੀ ਇਸ ਯਾਦਗਾਰੀ ਇਮਾਰਤ ਨੂੰ ਸੰਭਾਲਣ ਦਾ ਕਾਰਜ ਸਮੁੱਚੇ ਪਰਿਵਾਰ, ਉਨ੍ਹਾਂ ਦੇ ਸਮੂਹ ਵਾਰਸਾਂ, ਆਂਢੀਆਂ-ਗੁਆਂਢੀਆਂ ਦੀ ਸਾਂਝੀ ਜ਼ਿੰਮੇਵਾਰੀ ਹੈ।ਗੁਰਸ਼ਰਨ ਭਾਅ ਜੀ ਅਤੇ ਉਨ੍ਹਾਂ ਦੇ ਪੁਰਖਿਆਂ ਦੀ ਵਿਰਾਸਤ ਨੂੰ ਸਿਜਦਾ ਕਰਦਿਆਂ ਅੱਜ ਨਿੱਠ ਕੇ ਸਫ਼ਾਈ ਕੀਤੀ ਗਈ।

# ਦਰਸ਼ੋਪੁਰ 'ਚ ਡਾ. ਬੀ. ਆਰ. ਅੰਬੇਡਕਰ ਦਾ ਜਨਮ ਦਿਹਾੜਾ ਮਨਾਇਆ



ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)- ਭੋਆ ਵਿਧਾਨ ਸਭਾ ਹਲਕੇ ਦੇ ਪਿੰਡ ਦਰਸ਼ੋਪੁਰ ਵਿੱਚ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦਾ ਜਨਮ ਦਿਹਾੜਾ ਸ੍ਰੀ ਗੁਰੂ ਰਵਿਦਾਸ ਧਰਮਸ਼ਾਲਾ ਦਰਸ਼ੋਪੁਰ ਵਿਖੇ ਸੈਂਟਰ ਮੁੱਖ ਅਧਿਆਪਕ ਪਵਨ ਕੁਮਾਰ ਦੀ ਅਗਵਾਈ ਹੇਠ ਮਨਾਇਆ ਗਿਆ ਜਿਸ ਵਿੱਚ ਪਿੰਡ ਵਾਸੀਆਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ।ਇਸ ਮੌਕੇ ਸਭ ਤੋਂ ਪਹਿਲਾਂ ਬਾਬਾ ਸਾਹਿਬ ਨੂੰ ਫੁੱਲ ਅਰਪਿਤ ਕੀਤੇ ਗਏ।ਉਸ ਤੋਂ ਬਾਅਦ ਬੱਚਿਆਂ ਦੇ ਬਾਬਾ ਸਾਹਿਬ ਦੇ ਜਨਮ ਦਿਨ ਨੂੰ ਸਮਰਪਿਤ ਭਾਸ਼ਣ ਮੁਕਾਬਲੇ ਕਰਵਾਏ ਗਏ ।

ਭਾਸ਼ਣ ਮੁਕਾਬਲੇ ਉਪਰੰਤ ਪਵਨ ਕੁਮਾਰ ਨੇ ਬੱਚਿਆਂ ਦੀ ਹੌਸਲਾ ਅਫ਼ਜ਼ਾਈ ਕੀਤੀ।ਸਰਵ ਸਾਂਝ ਸਿੱਖਿਆ ਸੰਸਥਾ ਦੇ ਪ੍ਰਧਾਨ ਜਰਨੈਲ ਸਿੰਘ ਨੇ ਬਾਬਾ ਸਾਹਿਬ ਦੀ ਜੀਵਨੀ ਬਾਰੇ ਬੱਚਿਆਂ ਨੂੰ ਜਾਣੂ ਕਰਵਾਇਆ ਅਤੇ ਉਨ੍ਹਾਂ ਦੀਆਂ ਸਿੱਖਿਆ ਸਬੰਧੀ ਪ੍ਰਾਪਤੀਆਂ ਨੂੰ ਦੱਸਿਆ।ਇਸ ਮੌਕੇ ਪਵਨ ਕੁਮਾਰ ਨੇ ਦੱਸਿਆ ਕਿ ਬਾਬਾ ਭੀਮ ਰਾਓ ਅੰਬੇਡਕਰ ਵੱਲੋਂ ਲਿਖਤ ਸੰਵਿਧਾਨ ਅਨੁਸਾਰ ਹੀ ਅੱਜ ਅਸੀਂ ਆਜ਼ਾਦੀ ਦਾ ਆਨੰਦ ਮਾਣ ਰਹੇ ਹਾਂ ਅਤੇ ਦਲਿਤ ਸਮਾਜ ਨੂੰ ਸਹੀ ਜ਼ਿੰਦਗੀ ਜਿਊਣ ਨੂੰ ਮਿਲੀ ਹੈ। ਇਸ ਲਈ ਅਸੀਂ ਸਦਾ ਹੀ ਬਾਬਾ ਸਾਹਿਬ ਦੇ ਧੰਨਵਾਦੀ ਰਹਾਂਗੇ।ਇਸ ਮੌਕੇ ਪ੍ਰਧਾਨ ਨੇ ਬੱਚਿਆਂ ਨੂੰ ਦੱਸਿਆ ਕਿ ਪਿੰਡ ਵਿੱਚ ਪੰਜਵੀਂ ਤੋਂ ਅੱਠਵੀਂ ਜਮਾਤ ਤੱਕ ਗਰੀਬ ਬੱਚਿਆਂ ਲਈ ਫ੍ਰੀ ਟਿਊਸ਼ਨ ਸੈਂਟਰ ਖੋਲ੍ਹਿਆ ਜਾਵੇਗਾ ਜਿਸ ਦੀ ਸ਼ੁਰੂਆਤ ਜਲਦੀ ਹੀ ਕੀਤੀ ਜਾਵੇਗੀ।ਇਸ ਮੌਕੇ ਸੰਸਥਾ ਦੇ ਜਨਰਲ ਸਕੱਤਰ ਸ਼ਾਮ ਲਾਲ, ਖਜਾਨਚੀ ਲਖਵੀਰ ਸਿੰਘ (ਕਾਲੂ), ਮਦਨ ਲਾਲ, ਜਤਿੰਦਰ ਸਿੰਘ, ਪਿੰਟੂ (ਫੌਜੀ), ਮੋਨੂੰ, ਰੋਮੀ ਅਤੇ ਰਾਜ ਪਾਲ ਸਿੰਘ ਮੌਜੂਦ ਸਨ।

15-APR-PAGE-12.qxd 4/14/2024 10:36 PM Page 1



# 'ਢੋਲ ਨਹੀ ਤਾਂ ਬੇਲੀਆ ਅੱਜ ਪੀਪਾ ਖੜਕੂ'



ਇਲਾਕੇ ਦੇ ਪਤਵੰਤਿਆਂ ਅਤੇ ਸੱਭਿਆਚਾਰਕ ਸਮਾਗਮ ਵਿੱਚ ਹਿੱਸਾ ਲੈਣ ਵਾਲੇ ਬੱਚਿਆਂ ਨੂੰ ਸਨਮਾਨਿਤ ਕਰਦੇ ਹੋਏ ਸਿਆਸੀ ਆਗੂ ਤੇ ਪ੍ਰਬੰਧਕ।

**ਸ਼ਾਹਕੋਟ (ਗਿਆਨ ਸੈਦਪੁਰੀ)**- ਐਤਵਾਰ ਨੂੰ ਨਿਰੋਗ ਯੋਗ ਸੰਸਥਾ ਵੱਲੋਂ ਮਹਿਲਾ ਸ਼ਕਤੀ ਸੰਸਥਾ ਦੇ ਸਹਿਯੋਗ ਨਾਲ ਯੋਗਾ ਆਸ਼ਰਮ ਵਿੱਚ ਵਿਸਾਖੀ ਮੇਲਾ ਕਰਵਾਇਆ ਗਿਆ। ਮੇਲੇ ਵਿੱਚ ਬੱਚਿਆਂ ਵੱਲੋਂ ਪੇਸ਼ ਕੀਤੇ ਸੱਭਿਆਚਾਰਕ ਪ੍ਰੋਗਰਾਮ ਨੇ ਖ਼ੂਬ ਰੌਣਕਾਂ ਲਾਈਆਂ। ਮੇਲੇ ਵਿੱਚ ਜਿੱਥੇ ਯੋਗਾ ਦੇ ਅਭਿਆਸੀ ਸ਼ਾਮਲ ਹੋਏ ਉੱਥੇ ਵੱਖ ਵੱਖ ਸਿਆਸੀ ਪਾਰਟੀਆਂ ਦੇ ਆਗੂ ਅਤੇ ਵਰਕਰ ਵੀ 'ਮੇਲੀ' ਬਣੇ। ਮੇਲੇ ਦੇ ਆਰੰਭ ਵਿੱਚ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਪਾਏ ਗਏ। ਉਪਰੰਤ ਭਾਈ ਪ੍ਰਭਜੀਤ ਸਿੰਘ ਘੋਲੀਆ ਦੇ ਕੀਰਤਨੀ ਜਥੇ ਨੇ ਮਨੋਹਰ ਕੀਰਤਨ ਕੀਤਾ।ਸੱਭਿਆਚਾਰਕ ਪ੍ਰੋਗਰਾਮ ਦੀ ਸ਼ੁਰੂਆਤ 'ਆਈ ਵਿਸਾਖੀ ਸੋਹਣਿਆਂ ਤੂੰ ਪਾ ਦੇ ਭੜਥੂ, ਢੋਲ ਨਹੀ ਤਾਂ ਬੇਲੀਆ ਅੱਜ ਪੀਪਾ ਖੜਕੂ', ਗੀਤ ਤੋਂ ਹੋਈ। ਮੀਤ ਭੰਗੜਾ ਗਰੁੱਪ ਸ਼ਾਹਕੋਟ ਦੀ ਵਿਦਿਆਰਥਣ ਪਾਰਵੀ ਵਿੱਗ ਨੇ ਇਸ ਗੀਤ 'ਤੇ ਸ਼ਾਨਦਾਰ ਭੰਗੜਾ ਪਾਇਆ। ਇਸ ਤਰਾਂ ਸ਼ਾਖਸੀ ਗੁਪਤਾ ਸੱਭਿਆਚਾਰਕ ਗਰੁੱਪ ਵੱਲੋਂ ਕ੍ਰਿਸ਼, ਦਿਸ਼ਾ, ਕਾਂਚੀ, ਪ੍ਰਿਸ਼ੀ, ਅਰਾਧਿਆ, ਰਿਧਮ, ਨਾਤੀ, ਅਨਿਸ਼ਤਾ, ਜਾਨਵੀ, ਹੈਜਲ, ਅਵਨੀ, ਜਸ਼ਰਿਤਾ, ਲਵੀ, ਨਮਿਆ, ਪਰੀ ਅਤੇ ਕ੍ਰਿਸ਼ਾ ਨੇ ਐਕਸ਼ਨ ਗੀਤਾਂ ਰਾਹੀ ਸਰੋਤਿਆਂ ਦੇ ਮਨ ਮੋਹ ਲਏ। ਪਾਰਵੀ ਵਿੱਗ ਤੇ ਅੰਸ਼ ਵਿੱਗ (ਮੀਤ ਭੰਗੜਾ ਗਰੁੱਪ) ਦੀ ਕੋਰੀਓਗ੍ਰਾਫੀ ਨੇ ਖ਼ੂਬ ਦਾਦ ਹਾਸਲ ਕੀਤੀ।ਇਸ ਮੌਕੇ ਨਿਰੋਗ ਯੋਗ ਸੰਸਥਾ ਵੱਲੋਂ ਵੱਖ ਵੱਖ ਸਿਆਸੀ, ਸਮਾਜੀ, ਧਾਰਮਿਕ, ਵਿੱਦਿਅਕ ਤੇ ਹੋਰ ਖੇਤਰਾਂ ਵਿੱਚ ਕੰਮ ਕਰਨ ਵਾਲੀਆਂ ਸ਼ਖ਼ਸੀਅਤਾਂ ਨੂੰ ਯਾਦ ਚਿੰਨ੍ਹ ਭੇਟ ਕਰਕੇ ਸਨਮਾਨਤ ਕੀਤਾ। ਸਾਬਕਾ ਐਮ. ਸੀ. ਜਤਿੰਦਰ ਪਾਲ ਸਿੰਘ ਜੱਸਲ ਨੇ ਸਟੇਜ ਸਕੱਤਰ ਦੇ ਫਰਜ਼ ਨਿਭਾਉਦਿਆਂ ਵਿਸਾਖੀ ਦੀ ਇਤਿਹਾਸਕ ਮਹੱਤਤਾ ਬਾਰੇ ਵੀ ਗੱਲਾਂ ਕੀਤੀਆਂ।ਵਿਸਾਖੀ ਮੇਲੇ ਵਿੱਚ ਹਲਕਾ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਵੱਲੋਂ ਉਨ੍ਹਾਂ ਦੇ ਭਰਾਤਾ ਅਜਮੇਰ ਸਿੰਘ ਖਾਲਸਾ, ਅਕਾਲੀ ਦਲ (ਬਾਦਲ) ਦੇ ਹਲਕਾ ਇੰਚਾਰਜ ਐਡਵੋਕੇਟ ਬਚਿੱਤਰ ਸਿੰਘ ਕੋਹਾੜ, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਸੂਬਾ ਆਗੂ ਜਥੇਦਾਰ ਸੁਲੱਖਣ ਸਿੰਘ ਨਿਮਾਜੀਪੁਰ, ਭਾਜਪਾ ਦੇ ਹਲਕਾ ਇੰਚਾਰਜ ਐਡਵੋਕੇਟ ਦੀਪਕ ਸ਼ਰਮਾ, ਮਾਰਕਿਟ ਕਮੇਟੀ ਸ਼ਾਹਕੋਟ ਦੇ ਚੇਅਰਮੈਨ ਬਲਬੀਰ ਸਿੰਘ ਢੰਡੋਵਾਲ, ਮਾਰਕਿਟ ਕਮੇਟੀ ਮਹਿਤਪੁਰ ਦੇ ਚੇਅਰਮੈਨ ਬਲਕਾਰ ਸਿੰਘ ਚੱਠਾ, ਆਜ਼ਾਦ ਸਪੋਰਟਸ ਕਲੱਬ ਦੇ ਪ੍ਰਧਾਨ ਅਤੇ ਆਪ ਆਗੂ ਬੂਟਾ ਸਿੰਘ ਕਲਸੀ, ਗੁਲਜ਼ਾਰ ਸਿੰਘ ਥਿੰਦ, ਸੁਰਿੰਦਰਜੀਤ ਸਿੰਘ ਚੱਠਾ, ਜਥੇਦਾਰ ਚਰਨ ਸਿੰਘ ਸਿੰਧੜ (ਤਿੰਨੋਂ ਸਾਬਕਾ ਚੇਅਰਮੈਨ),ਆਪ ਦੇ ਸੀਨੀਅਰ ਆਗੂ ਬਲਜਿੰਦਰ ਸਿੰਘ ਖਿੰਡਾ ਤੇ ਜਸਪਾਲ ਸਿੰਘ ਮਿਗਲਾਨੀ, ਭਾਜਪਾ ਆਗੂ ਅਸ਼ਵਨੀ ਮਿੱਤਲ, ਸੁਖਦੀਪ ਸਿੰਘ ਕੰਗ ਪੀ.ਏ, ਰਾਮੇਸ਼ਵਰ ਚੰਦਰ ਲਾਡੀ ਬੀ.ਪੀ.ਈ.ਓ. ਸ਼ਾਹਕੋਟ-2, ਰੌਮੀ ਗਿੱਲ ਸਾਬਕਾ ਐਮ. ਸੀ, ਸੀਨੀਅਰ ਅਕਾਲੀ ਆਗੂ ਰਣਧੀਰ ਸਿੰਘ ਰਾਣਾ, ਡਾ. ਅਰਵਿੰਦਰ ਸਿੰਘ ਰੂਪਰਾ, ਭਾਰਤ ਭੂਸ਼ਨ ਜੈਨ, ਬੰਟੀ ਬਠੌਲਾ ਪ੍ਰਧਾਨ ਅਰੋੜਾ ਮਹਾਂਸਭਾ ਯੂਨਿਟ ਸ਼ਾਹਕੋਟ, ਡਾ. ਸੁਰਿੰਦਰ ਭੱਟੀ, ਟਿੰਪੀ ਕੁਮਰਾ, ਲਛਮਣ ਸੋਬਤੀ, ਅਮਨਦੀਪ ਸੈਦਪੁਰੀ, ਰਣਜੀਤ ਸਿੰਘ ਜੋਸਨ, ਆਪ ਮਹਿਲਾ ਵਿੰਗ ਸ਼ਾਹਕੋਟ ਦੀ ਪ੍ਰਧਾਨ ਨਵਜੋਤ ਕੌਰ ਸਹੋਤਾ, ਆਪ ਆਗੂ ਨਵਨੀਤ ਸਹੋਤਾ, ਅੰਮ੍ਰਿਤ ਲਾਲ ਕਾਕਾ, ਜਰਨੈਲ ਸਿੰਘ ਬਾਹਮਣੀਆਂ, ਸਾਬਕਾ ਐਮ. ਸੀ ਬੀਬੀ ਤੇਜ ਕੌਰ, ਗੌਰਵ ਅੱਗਰਵਾਲ ਸੀ.ਏ, ਸੀਨੀਅਰ ਅਕਾਲੀ ਆਗੂ ਨਿਰਮਲ ਸਿੰਘ ਸੋਖੀ ਤੋਂ ਇਲਾਵਾ ਨਿਰੋਗ ਯੋਗ ਸੰਸਥਾ ਦੇ ਪ੍ਰਧਾਨ ਦੀਪਕ ਸ਼ਰਮਾ, ਮੀਤ ਪ੍ਰਧਾਨ ਸੁਰਿੰਦਰਪਾਲ ਸਿੰਘ, ਜਨਰਲ ਸਕੱਤਰ ਸੀਤਾ ਰਾਮ ਠਾਕੁਰ, ਸਰਪ੍ਰਸਤ ਦੇਵ ਰਾਜ ਸ਼ਰਮਾ, ਰਤਨ ਸਿੰਘ ਰੱਖੜਾ ਤੇ ਹਰਪਾਲ ਸਿੰਘ ਮੈਸਨ, ਖ਼ਜ਼ਾਨਚੀ ਬਿਕਰਮਜੀਤ ਸਿੰਘ ਸੁਖੀਜਾ, ਯੋਗਾ ਗੁਰੂ ਜਗਦੀਸ਼ ਰਾਏ ਗੋਇਲ, ਸਰਕਾਰ ਵੱਲੋਂ ਯੋਗਾ ਗੁਰੂ ਮਹੇਸ਼ ਤੇ ਮਨੋਜ, ਸੰਜੀਤ ਪੁਰੀ, ਚਰਨਜੀਤ ਅਰੋੜਾ ਤੇ ਧਰਮਿੰਦਰ ਸੋਬਤੀ, ਮਹਿਲਾ ਸ਼ਕਤੀ ਦੀ ਆਗੂ ਤੇ ਸਾਬਕਾ ਸਕੂਲ ਮੁਖੀ ਗੁਰਮੀਤ ਕੌਰ ਧਾਲੀਵਾਲ, ਆਪ ਮਹਿਲਾ ਵਿੰਗ ਦੀ ਆਗੂ ਅਮਰਜੀਤ ਕੌਰ ਸਚਦੇਵਾ, ਮਾਸਟਰ ਵਿਜੇ ਕੁਮਾਰ ਵਿੱਗ, ਮਾਸਟਰ ਸੁਰਿੰਦਰ ਕੁਮਾਰ ਵਿੱਗ, ਮਾਸਟਰ ਕੁਲਜੀਤ ਸਿੰਘ ਪਨੇਸਰ ਆਦਿ ਸ਼ਾਮਲ ਸਨ।

## ਏ ਜੀ ਆਈ ਇਨਫਰਾ ਲਿਮਟਿਡ ਨੇ ਧੂਮਧਾਮ ਅਤੇ ਧਾਰਮਿਕ ਰੀਤੀ ਰਿਵਾਜ ਨਾਲ ਮਨਾਈ ਵਿਸਾਖੀ

**ਜਲੰਧਰ (ਰਾਜੇਸ਼ ਥਾਪਾ)**- ਵਿਸਾਖੀ ਦੇ ਪਵਿੱਤਰ ਦਿਹਾੜੇ ਜਲੰਧਰ ਹਾਈਟਸ-1, 2, ਸਮਾਰਟ ਹੋਮਜ਼, ਅਰਬਾਨਾ ਅਤੇ ਸਕਾਈ ਗਾਰਡਨ ਦੇ ਹਜ਼ਾਰਾਂ ਵਸਨੀਕਾਂ ਨੇ ਅਰਬਾਨਾ ਦੇ ਵਿਸ਼ਾਲ ਅਹਾਤੇ ਵਿੱਚ ਖੇਤਰ ਦੀ ਇੱਕ ਪ੍ਰਮੁੱਖ ਰੀਅਲ ਅਸਟੇਟ ਅਤੇ ਬੁਨਿਆਦੀ ਢਾਂਚਾ ਕੰਪਨੀ ਏ ਜੀ ਆਈ ਇਨਫਰਾ ਲਿਮਟਿਡ ਦੁਆਰਾ ਆਯੋਜਿਤ ਵਿਸਾਖੀ ਦੇ ਜਸ਼ਨਾਂ ਵਿੱਚ ਹਿੱਸਾ ਲਿਆ। ਇਸ ਸਮਾਗਮ ਦਾ ਆਯੋਜਨ ਸੁਖਦੇਵ ਸਿੰਘ ਮੈਨੇਜਿੰਗ ਡਾਇਰੈਕਟਰ, ਏ ਜੀ ਆਈ ਇਨਫਰਾ ਲਿਮਟਿਡ ਦੀ ਅਗਵਾਈ ਵਿੱਚ ਕੀਤਾ ਗਿਆ ਸੀ ਅਤੇ ਵਿਸ਼ਵ ਦੇ ਵੱਖ-ਵੱਖ ਹਿੱਸਿਆਂ ਵਿੱਚ ਵਸਦੇ ਸਮੂਹ ਪੰਜਾਬੀਆਂ ਦੀ ਦਿਲਚਸਪੀ ਲਈ ਅੰਤਰਰਾਸ਼ਟਰੀ ਪੱਧਰ 'ਤੇ ਯੂਟਿਊਬ ਅਤੇ ਹੋਰ ਡਿਜੀਟਲ ਪਲੇਟਫਾਰਮਾਂ 'ਤੇ ਲਾਈਵ ਟੈਲੀਕਾਸਟ ਕੀਤਾ ਗਿਆ।ਸ਼ਾਮ 6.30 ਤੋਂ 7-30 ਵਜੇ ਤੱਕ ਸਭ ਤੋਂ ਪਵਿੱਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਰਹਿਰਾਸ ਸਾਹਿਬ ਦੇ ਪਾਠਾਂ ਦੇ ਨਾਲ ਧਾਰਮਿਕ ਸਮਾਗਮ ਦੀ ਸ਼ੁਰੂਆਤ ਹੋਈ।ਸ਼ਾਮ 7:30 ਵਜੇ ਤੋਂ ਰਾਤ 10 ਵਜੇ ਤੱਕ ਸਭ ਤੋਂ ਵੱਧ ਨਾਮਵਰ ਪ੍ਰਚਾਰਕਾਂ ਵੱਲੋਂ ਕੀਰਤਨ ਕੀਤਾ ਗਿਆ ਜਿਨ੍ਹਾਂ ਨੇ ਸਾਰੇ ਧਰਮਾਂ ਅਤੇ ਪੈਰੋਕਾਰਾਂ ਦੀ ਏਕਤਾ, ਭਾਈਚਾਰੇ ਅਤੇ ਸਤਿਕਾਰ 'ਤੇ ਜ਼ੋਰ ਦਿੱਤਾ ਅਤੇ ਅੰਤ ਵਿੱਚ ਅਰਦਾਸ ਕੀਤੀ ਗਈ। ਇਸ ਪਵਿੱਤਰ ਵਿਸਾਖੀ ਸਮਾਗਮ ਅਤੇ ਗੁਰੂ ਜੀ ਦੇ ਲੰਗਰ ਵਿੱਚ ਲਗਭਗ ਸੱਤ ਹਜ਼ਾਰ ਤੋਂ ਵੱਧ ਲੋਕਾਂ ਨੇ ਸ਼ਮੂਲੀਅਤ ਕੀਤੀ।ਸਾਰੀਆਂ ਰਾਜਨੀਤਿਕ ਪਾਰਟੀਆਂ ਦੇ ਰਾਜਨੀਤਿਕ ਨੇਤਾਵਾਂ ਦੇ ਨਾਲ-ਨਾਲ ਸ਼ਹਿਰ ਦੇ ਪਤਵੰਤੇ ਸੱਜਣਾਂ ਨੇ ਵੀ ਸ਼ਿਰਕਤ ਕੀਤੀ ਅਤੇ ਸਾਡੇ ਸੱਭਿਆਚਾਰ ਦੀ ਅਸਲ ਭਾਵਨਾ ਵਿੱਚ ਇਸ ਧਾਰਮਿਕ ਅਤੇ ਸੱਭਿਆਚਾਰਕ ਸਮਾਗਮ ਦੇ ਆਯੋਜਨ ਦੀ ਭਰਪੂਰ ਸ਼ਲਾਘਾ ਕੀਤੀ।



## ਜਨਮ ਦਿਨ ਮੁਬਾਰਕ


ਅੰਗਦਵੀਰ ਸਿੰਘ, ਜਲੰਧਰ

## ਵਰ੍ਹੇਗੰਢ ਮੁਬਾਰਕ


ਐੱਸ ਡੀ ਐੱਮ ਰੀਡਰ ਮੇਜਰ ਸਿੰਘ ਤੇ ਰਾਜਵਿੰਦਰ ਕੌਰ ਵਾਸੀ ਮਜੀਠਾ ਨੇ ਆਪਣੇ ਵਿਆਹ ਦੀ 19ਵੀਂ ਵਰ੍ਹੇਗੰਢ ਮਨਾਈ।


ਗੁਰਪ੍ਰੀਤ ਸਿੰਘ ਤੇ ਸਰਬਜੀਤ ਕੌਰ ਨੂੰ 21ਵੀਂ ਵਰ੍ਹੇਗੰਢ ਦੀਆਂ ਮੁਬਾਰਕਾਂ।


ਵਿਸਾਖੀ ਦਿਹਾੜੇ ਮੌਕੇ ਝੰਡੇਰ ਖੁਰਦ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਗੁਰਦੁਆਰਾ ਸਾਹਿਬ ਵਿਖੇ ਰਸ ਦਾ ਲੰਗਰ ਲਗਾਇਆ ਗਿਆ। ਇਸ ਮੌਕੇ ਨੰਬਰਦਾਰ ਰਣਬੀਰ ਸਿੰਘ, ਸੋਢੀ ਸਿੰਘ ਯੂ ਕੇ, ਮਹਿੰਦਰ ਸਿੰਘ ਕੇਨੇਡਾ, ਪਰਮਜੀਤ ਸਿੰਘ ਕੇਨੇਡਾ, ਹਰਦੀਪ ਸਿੰਘ, ਅਮਰਜੀਤ ਸਿੰਘ, ਕੁਲਵਿੰਦਰ ਸਿੰਘ, ਗੁਰਪਾਲ ਸਿੰਘ ਬਾਂਦੀ, ਲਖਵੀਰ ਸਿੰਘ ਆਦਿ ਹਾਜ਼ਰ ਸਨ। ਫੋਟੋ ਤੇ ਵੇਰਵਾ ਬੰਗਾ ਅਵਤਾਰ ਕਲੇਰ

## ਡਾ. ਭੀਮ ਰਾਓ ਅੰਬੇਡਕਰ ਦਾ ਜਨਮ ਦਿਨ ਮਨਾਇਆ

**ਬੰਗਾ (ਅਵਤਾਰ ਕਲੇਰ)**-ਕੁਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੇ ਸੱਦੇ 'ਤੇ ਡਾ. ਅੰਬੇਡਕਰ ਦਾ ਜਨਮ ਦਿਨ ਝਿੰਗੜਾਂ ਵਿਖੇ ਸੂਬਾ ਜਾਇੰਟ ਸਕੱਤਰ ਕੁਲਦੀਪ ਝਿੰਗੜ ਦੀ ਅਗਵਾਈ ਹੇਠ ਮਨਾਇਆ ਗਿਆ।ਸਾਥੀ ਝਿੰਗੜ ਨੇ ਮੌਜੂਦਾ ਸਰਕਾਰ 'ਤੇ ਦੋਸ਼ ਲਗਾਇਆ ਕਿ ਡਾ. ਅੰਬੇਡਕਰ ਦੇ ਦਿੱਤੇ ਸੰਵਿਧਾਨ ਨੂੰ ਖਤਮ ਕਰਨਾ ਚਾਹੁੰਦੀ ਹੈ।ਇਸ ਲਈ ਸਾਨੂੰ ਇਨ੍ਹਾਂ ਚੋਣਾਂ ਵਿੱਚ ਮੋਦੀ ਨੂੰ ਹਰਾਉਣਾ ਹੋਵੇਗਾ।ਇਸ ਮੌਕੇ ਤੇ ਕ੍ਰਿਸ਼ਨ ਕੁਮਾਰ, ਸਿਮਰ ਚੰਦ ਵੀ ਮਜੂਦ ਸਨ।ਇਸੇ ਤਰ੍ਹਾਂ ਮਸੰਦਾ ਪੱਟੀ ਬੰਗਾ ਵਿਖੇ ਪਰਮਜੀਤ ਸਾਬਕਾ ਐਮ ਸੀ ਅਤੇ ਸੋਹਣ ਲਾਲ ਦੀ ਅਗਵਾਈ ਹੇਠ ਡਾ. ਅੰਬੇਡਕਰ ਦਾ ਜਨਮ ਦਿਨ ਮਨਾਇਆ ਗਿਆ। ਉਨ੍ਹਾ ਦੇ ਬੁੱਤ ਤੇ ਫੁੱਲਮਾਲਾ ਕੀਤੀ ਗਈ ਅਤੇ ਲੋਕਾਂ ਨੂੰ ਭੀਮ ਰਾਓ ਦੇ ਅਧੂਰੇ ਕਾਰਜ ਨੂੰ ਪੂਰਾ ਕਰਨ ਦਾ ਪ੍ਰਣ ਲਿਆ। ਚਾਹ ਪਕੌੜੇ ਦਾ ਲੰਗਰ ਵੀ ਲਾਇਆ ਗਿਆ।ਹਿੰਦ ਖੇਤ ਮਜਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਰਾਮ ਸਿੰਘ ਨੂਰਪੁਰੀ ਨੇ ਡਾਕਟਰ ਅੰਬੇਡਕਰ ਦੇ ਦਿੱਤੇ ਸਵਿਧਾਨ ਨੂੰ ਬਚਾਉਣ ਲਈ ਦਲਿਤ ਸਮਾਜ ਨੂੰ ਹਰ ਕੁਰਬਾਨੀ ਕਰਨ ਦਾ ਸੱਦਾ ਦਿੱਤਾ।

## ਚੋਰਾਂ ਨੇ ਪਿੰਡ ਦਰੀਆ 'ਚ ਘਰ ਨੂੰ ਬਣਾਇਆ ਨਿਸ਼ਾਨਾ

**ਅੱਡਾ ਸਰਾਂ (ਕਾਜਲ )**-ਪਿੰਡ ਦਰੀਆ ਵਿਚ ਬੀਤੇ ਦਿਨ ਚੋਰਾਂ ਨੇ ਇਕ ਘਰ ਨੂੰ ਨਿਸ਼ਾਨਾ ਬਣਾਉਂਦੇ ਹੋਏ ਸੋਨੇ ਦੇ ਗਹਿਣੇ ਅਤੇ ਨਕਦੀ ਚੋਰੀ ਕਰ ਲਈ । ਚੋਰਾਂ ਨੇ ਅਵਤਾਰ ਸਿੰਘ ਪੁੱਤਰ ਪ੍ਰੀਤਮ ਸਿੰਘ ਦੇ ਘਰ ਨੂੰ ਉਸ ਵੇਲੇ ਨਿਸ਼ਾਨਾ ਬਣਾਇਆ ਜਦੋਂ ਉਹ ਪਰਵਾਰ ਸਮੇਤ ਰਿਸ਼ਤੇਦਾਰਾਂ ਨੂੰ ਮਿਲਣ ਫਗਵਾੜੇ ਗਿਆ ਹੋਇਆ ਸੀ। ਜਦੋ ਉਹ ਘਰ ਵਾਪਸ ਆਏ ਤਾਂ ਚੋਰੀ ਹੋ ਚੁੱਕੀ ਸੀ। ਅਵਤਾਰ ਸਿੰਘ ਨੇ ਦੱਸਿਆ ਕਿ ਚੋਰਾਂ ਨੇ ਉਸ ਦੀਆਂ ਨੂਹਾਂ ਅਤੇ ਉਸ ਦੀ ਅਲਮਾਰੀ ਤੋੜ ਕੇ ਲਗਭਗ 11 ਹਜ਼ਾਰ ਰੁਪਏ ਅਤੇ ਸੋਨੇ ਦੇ ਗਹਿਣੇ ਚੋਰੀ ਕਰ ਲਏ। ਸੂਚਨਾ ਮਿਲਣ ਤੇ ਟਾਂਡਾ ਪੁਲਸ ਦੀ ਟੀਮ ਜਾਂਚ ਵਿਚ ਜੁਟ ਗਈ ਹੈ ।

## ਅੰਮ੍ਰਿਤਧਾਰਾ ਪ੍ਰਗਟ ਦਿਵਸ, ਮਹਾਤਮਾ ਜੋਤੀਬਾ ਫੂਲੇ, ਡਾ. ਅੰਬੇਡਕਰ ਜਨਮ ਦਿਨ ਸ਼ਰਧਾ ਪੂਰਵਕ ਮਨਾਏ

**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ )**-ਅੰਮ੍ਰਿਤਧਾਰਾ ਪ੍ਰਗਟ ਦਿਵਸ, ਮਹਾਤਮਾ ਜੋਤੀਬਾ ਫੂਲੇ, ਡਾ. ਭੀਮ ਰਾਓ ਅੰਬੇਡਕਰ ਜਨਮ ਦਿਹਾੜੇ ਸ੍ਰੀ ਗੁਰੂ ਰਵਿਦਾਸ ਇਤਿਹਾਸਕ ਧਰਮ ਅਸਥਾਨ ਸ੍ਰੀ ਚਰਨ ਛੋਹ ਗੰਗਾ (ਅੰਮ੍ਰਿਤ-ਕੁੰਡ) ਸੱਚਖੰਡ ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਬੜੀ ਸ਼ਰਧਾ ਪੂਰਵਕ ਮਨਾਏ ਗਏ ਜਿਸ ਵਿੱਚ ਧਾਰਮਿਕ, ਸਮਾਜਿਕ ਸ਼ਖ਼ਸੀਅਤਾਂ ਅਤੇ ਬੁੱਧੀਜੀਵੀਆਂ ਨੇ ਵਿਚਾਰ ਸਾਂਝੇ ਕੀਤੇ। ਦੇਸ਼ ਵਿਦੇਸ਼ ਤੋਂ ਵੱਡੀ ਗਿਣਤੀ 'ਚ ਪੁੱਜੀਆਂ ਸੰਗਤਾਂ ਨਾਲ ਵਿਚਾਰਾਂ ਦੀ ਸਾਂਝ ਪਾਉਂਦੇ ਹੋਏ ਆਲ ਇੰਡੀਆ ਆਦਿ ਧਰਮ ਮਿਸ਼ਨ ਦੇ ਕੌਮੀ ਚੇਅਰਪਰਸਨ ਬੀਬੀ ਕਮਲੇਸ਼ ਕੌਰ ਘੇੜਾ, ਕੌਮੀ ਪ੍ਰਧਾਨ ਸੰਤ ਸਤਵਿੰਦਰ ਹੀਰਾ, ਗੁਰੂਘਰ ਦੇ ਪ੍ਰਧਾਨ ਸੰਤ ਸੁਰਿੰਦਰ ਦਾਸ, ਸੇਵਾਦਲ ਦੇ ਪ੍ਰਧਾਨ ਪ੍ਰੀਤਮ ਦਾਸ ਮੱਲ ਨੇ ਕਿਹਾ ਕਿ ਸਤਿਗੁਰੂ ਰਵਿਦਾਸ ਮਹਾਰਾਜ ਇਸ ਪਹਾੜੀ ਖੇਤਰ ਵਿਚ ਆ ਕੇ ਦੋ ਸਾਲ ਤੋਂ ਵੱਧ ਸਮਾਂ ਇਥੇ ਠਹਿਰੇ ਅਤੇ ਹਰਿ ਪ੍ਰਮੇਸ਼ਵਰ ਦੀ ਬੰਦਗੀ ਕੀਤੀ ਅਤੇ ਪਾਣੀ ਦੀ ਕਮੀ ਨੂੰ ਦੂਰ ਕਰਨ ਲਈ ਸ੍ਰੀ ਚਰਨਛੋਹ ਗੰਗਾ ਨੂੰ ਆਪਣੇ ਪੈਰ ਦੇ ਅੰਗੂਠੇ ਨਾਲ ਪ੍ਰਗਟ ਕੀਤਾ ਜਿਸ ਕਰਕੇ ਅੰਮ੍ਰਿਤਧਾਰਾ ਪ੍ਰਗਟ ਦਿਵਸ ਸ਼ਰਧਾ ਪੂਰਵਕ ਮਨਾਇਆ ਜਾਂਦਾ ਹੈ। ਮਹਾਤਮਾ ਜੋਤੀਬਾ ਫੂਲੇ, ਡਾ. ਅੰਬੇਡਕਰ ਦੇ ਜੀਵਨ ਸਬੰਧੀ ਓਨਾਂ ਕਿਹਾ ਕਿ ਇਨਾਂ ਮਹਾਨ ਰਹਿਬਰਾਂ ਨੇ ਲਿਤਾੜੇ ਤੇ ਦੱਬੇ ਹੋਏ ਸਮਾਜ ਲਈ ਬਹੁਤ ਮਹਾਨ ਸੰਘਰਸ਼ ਕੀਤਾ। ਇਨਾਂ ਨੇ ਸਮਾਜਿਕ ਬੁਰਾਈਆਂ, ਜਾਤੀਵਾਦ, ਮਨੂੰਵਾਦ, ਬ੍ਰਾਹਮਣਵਾਦ ਖਿਲਾਫ ਜ਼ੋਰਦਾਰ ਅੰਦੋਲਨ ਰਾਹੀਂ ਆਰਥਿਕ ਮੁਕਤੀ ਤੇ ਸਮਾਜਿਕ ਪ੍ਰੀਵਰਤਨ ਦੀ ਲਹਿਰ ਪੈਦਾ ਕੀਤੀ, ਜਿਸ ਰਾਹੀਂ ਦੇਸ਼ ਦੇ ਕਰੋੜਾਂ ਲੋਕਾਂ ਨੂੰ ਸਿੱਖਿਆ, ਨੌਕਰੀ, ਜ਼ਮੀਨ ਖ੍ਰੀਦਣ ਅਤੇ ਵੋਟ ਪਾਉਣ ਦੇ ਅਧਿਕਾਰ ਮਿਲੇ। ਉਨ੍ਹਾਂ ਕਿਹਾ ਕਿ ਮਹਾਤਮਾ ਜੋਤੀਬਾ ਫੂਲੇ, ਡਾ. ਅੰਬੇਡਕਰ ਦੇ ਅੰਦੋਲਨ ਨੂੰ ਮੰਜ਼ਿਲ ਤੇ ਪਹੁੰਚਾਉਣ ਲਈ ਸਮਾਜ ਨੂੰ ਇਕ ਪਲੇਟਫਾਰਮ 'ਤੇ ਇਕੱਠੇ ਹੋਣ ਦੀ ਲੋੜ ਹੈ।ਇਸ ਮੌਕੇ ਮਿਸ਼ਨਰੀ ਗਾਇਕ ਪੁਨੀਤ ਕੁਮਾਰ, ਰਾਜ ਦਦਰਾਲ, ਬਲਵਿੰਦਰ ਬਿੱਟੂ, ਰਾਣੀ ਅਰਮਾਨ, ਮਨਦੀਪ ਮਨੀ ਮਾਲਵਾ, ਮਨਜੀਤ ਸੋਨੂੰ ਨੇ ਧਾਰਮਿਕ ਤੇ ਕ੍ਰਾਂਤੀਕਾਰੀ ਗੀਤਾਂ ਰਾਹੀਂ ਸੰਗਤਾਂ ਨੂੰ ਜਾਗਰੂਕ ਕੀਤਾ।ਇਸ ਮੌਕੇ ਸੰਤ ਗਿਰਧਾਰੀ ਲਾਲ, ਸੰਤ ਕਰਮ ਚੰਦ, ਸੰਤ ਦਿਆਲ ਚੰਦ ਬੰਗਾ, ਨਿਰਪਿੰਦਰ ਸਿੰਘ, ਧਨੀ ਰਾਮ ਨੇਪਾਲ, ਭਾਈ ਸੁਖਚੈਨ ਸਿੰਘ ਕਾਲਾ, ਸੰਤ ਮੀਰਾ ਦਾਸ ਮੱਧ ਪ੍ਰਦੇਸ਼, ਸੰਤ ਸੁਨੀਲ ਯੂ ਪੀ ਨੇ ਵੀ ਵਿਚਾਰ ਪੇਸ਼ ਕੀਤੇ।



## ਪੋਲੀਟੈਕਨਿਕ ਵਿਖੇ ਪੁਰਾਣੇ ਵਿਦਿਆਰਥੀਆਂ ਕੀਤੇ ਅਨੁਭਵ ਸਾਂਝੇ



**ਜਲੰਧਰ (ਸ਼ੈਲੀ ਐਲਬਰਟ)**:-ਮੇਹਰ ਚੰਦ ਪੋਲੀਟੈਕਨਿਕ ਕਾਲਜ ਜਲੰਧਰ ਵਿਖੇ ਪਲੈਟੀਨਮ ਜੁਬਲੀ ਫੰਕਸ਼ਨ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਲਈ 45 ਦੇ ਕਰੀਬ ਪੁਰਾਣੇ ਅਲੂਮਨੀ ਮੈਂਬਰ ਇਕੱਠੇ ਹੋਏ ਤੇ ਉਨ੍ਹਾਂ ਕਾਲਜ ਨਾਲ ਜੁੜੇ ਆਪਣੇ ਅਨੁਭਵ ਸਾਂਝੇ ਕੀਤੇ। ਕਈ ਵਿਦਿਆਰਥੀਆਂ ਨੇ ਆਪਣੇ ਸੰਦੇਸ਼ ਵਿਦੇਸ਼ਾਂ ਤੋਂ ਵੀ ਭੇਜੇ। ਇਹ ਮੀਟਿੰਗ ਐਲੂਮਨੀ ਸੰਸਥਾ ਦੇ ਪ੍ਰਧਾਨ ਅਜੇ ਗੋਸਵਾਮੀ ਦੀ ਪ੍ਰਧਾਨਗੀ ਹੇਠ ਹੋਈ। ਆਰੰਭ ਵਿਚ ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੇ ਸਾਰਿਆਂ ਦਾ ਸਵਾਗਤ ਕੀਤਾ ਤੇ ਆਉਣ ਵਾਲੀ ਪਲੈਟੀਨਮ ਜੁਬਲੀ ਲਈ ਸੰਸਥਾ ਵਲੋਂ ਚਲ ਰਹੀ ਮੁਹਿੰਮ ਤੇ ਜਾਰੀ ਕੋਸ਼ਿਸ਼ਾਂ ਉਪਰ ਚਾਨਣਾ ਪਾਇਆ।ਡਾ. ਆਰ .ਕੇ ਧਵਨ, ਅਜੀਤ ਗੋਸਵਾਮੀ, ਆਰ. ਕੇ. ਚੌਧਰੀ, ਐਨ. ਐਲ. ਅਰੋੜਾ, ਸੁਰਿੰਦਰ ਸਿੰਘ, ਰਾਜਨ ਜਾਂਗਰਾ ਨੇ ਆਪਣੇ ਅਨੁਭਵ ਸਾਂਝੇ ਕੀਤੇ। ਅੰਤ ਵਿਚ ਪ੍ਰਧਾਨ ਅਜੇ ਗੋਸਵਾਮੀ ਨੇ ਸਭ ਦਾ ਧੰਨਵਾਦ ਕੀਤਾ।

## ਬਰਿੰਗਲੀ 'ਚ ਲੋਕਾਂ ਨੇ ਕੀਤੀ ਕਰੱਸ਼ਰਾਂ ਤੇ ਮਾਈਨਿੰਗ ਖ਼ਿਲਾਫ਼ ਲਾਮਬੰਦੀ



**ਹੁਸ਼ਿਆਰਪੁਰ (ਬਲਬੀਰ ਸਿੰਘ ਸੈਣੀ)**-ਇੱਥੇ ਨੇੜਲੇ ਪਿੰਡ ਬਰਿੰਗਲੀ 'ਚ ਸਟੋਨ ਕਰੱਸ਼ਰਾਂ ਅਤੇ ਕਥਿਤ ਖਣਨ ਤੋਂ ਪੀੜ੍ਹਤਾਂ ਨੇ ਇੱਕ ਵਿਸ਼ਾਲ ਇਕੱਤਰਤਾ ਕੀਤੀ। ਇਹ ਮਾਈਨਿੰਗ ਪੀੜਤਾਂ ਵਲੋਂ ਖੇਤਰ ਵਿਚ ਤੀਜਾ ਸਮਾਗਮ ਸੀ, ਇਸ ਤੋਂ ਪਹਿਲਾਂ ਪਿੰਡ ਪਲਾਹੜ ਅਤੇ ਅਮਰੋਹ ਵਿਖੇ ਲੋਕਾਂ ਨੇ ਖਣਨ ਮਾਫੀਆ ਖ਼ਿਲਾਫ਼ ਇਕਤਰਤਾ ਕੀਤੀ ਸੀ। ਬਰਿੰਗਲੀ ਦੀ ਇਕੱਤਰਤਾ ਵਿੱਚ ਇਲਾਕੇ ਦੇ ਵਾਤਾਵਰਣ ਪ੍ਰੇਮੀ, ਸਮਾਜਿਕ ਚਿੰਤਕਾਂ ਤੋਂ ਇਲਾਵਾ ਨੇੜਲੇ ਪਿੰਡਾਂ ਦੇ ਸਰਪੰਚ, ਲੰਬੜਦਾਰ ਆਦਿ ਸ਼ਾਮਲ ਹੋਏ। ਇੱਕਠ ਦੀ ਪ੍ਰਧਾਨਗੀ ਸਾਬਕਾ ਸਰਪੰਚ ਬਰਿੰਗਲੀ ਜੀਤ ਰਾਮ ਤੇ ਲੇਖਰਾਜ, ਪੰਚਾਇਤ ਯੂਨੀਅਨ ਤਲਵਾੜ ?' ਦੇ ਪ੍ਰਧਾਨ ਸਰਪੰਚ ਨਵਲ ਕਿਸ਼ੋਰ ਮਹਿਤਾ, ਸਰਪੰਚ ਅਸ਼ਵਨੀ ਕੁਮਾਰ ਰਾਮਗੜ੍ਹ ਸੀਕਰੀ ਅਤੇ ਨੌਜਵਾਨ ਆਗੂ ਮਨੋਜ ਧੀਮਾਨ ਨੇ ਕੀਤੀ। ਇਸ ਮੌਕੇ ਬੋਲਦਿਆਂ ਰਾਕੇਸ਼ ਕੁਮਾਰ ਸ਼ਰਮਾ ਭੋਲ ਬਦਮਾਣੀਆ, ਕੇਵਲ ਬਰਿੰਗਲੀ, ਪੰਡਿਤ ਸ਼ਾਮ ਸੁੰਦਰ ਬਰਿੰਗਲੀ, ਨੀਰਜ ਸ਼ਰਮਾ ਸੁਖਚੈਨਪੁਰ, ਕੈਪਟਨ ਸੁਨੀਲ ਪਰਮਾਰ, ਆਰ ਕੇ ਸ਼ਰਮਾ, ਕਿਰਨ ਡੋਗਰਾ ਆਦਿ ਨੇ ਤਲਵਾੜਾ ਖ਼ੇਤਰ 'ਚ ਚੱਲਦੇ ਕਥਿਤ ਮਾਈਨਿੰਗ ਕਾਰੋਬਾਰ 'ਤੇ ਸਰਕਾਰ ਦੀ ਚੁੱਪੀ ਉੱਤੇ ਸਵਾਲ ਉਠਾਏ। ਬੁਲਾਰਿਆਂ ਨੇ ਮਾਈਨਿੰਗ 'ਚ ਸ਼ਾਮਲ ਅਧਿਕਾਰੀਆਂ ਨੂੰ ਮਅੱਤਲ ਅਤੇ ਸਿਆਸੀ ਆਗੂਆਂ ਖਿਲਾਫ਼ ਮਾਮਲੇ ਦਰਜ ਕਰਨ ਦੀ ਮੰਗ ਕੀਤੀ। ਭਾਜਪਾ ਆਗੂ ਅੰਕਿਤ ਰਾਣਾ ਨੇ ਹਲਕਾ ਵਿਧਾਇਕ 'ਤੇ ਤਨਜ਼ ਕੱਸਦਿਆਂ ਕਿਹਾ ਕਿ ਅਕਸਰ ਲੰਗਰ ਅਤੇ ਵਿਆਹ ਸਮਾਗਮਾਂ 'ਚ ਦਿਖਾਈ ਦੇਣ ਵਾਲੇ ਵਿਧਾਇਕ ਸਾਹਿਬ ਨੂੰ ਪਿਛਲੇ ਇੱਕ ਮਹੀਨੇ ਤੋਂ ਖਣਨ ਪੀੜ੍ਹਤਾਂ ਦੀ ਸਾਰ ਲੈਣ ਦੀ ਵਿਹਲ ਨਹੀਂ ਮਿਲੀ। ਕਿਸਾਨ ਸੰਘਰਸ਼ ਕਮੇਟੀ ਹਿਮਾਚਲ ਪ੍ਰਦੇਸ਼ ਤੋਂ ਵਿਜੇ ਚੌਧਰੀ ਨੇ ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਦੇ ਸਰਹੱਦੀ ਖੇਤਰਾਂ 'ਚ ਲਗਾਤਾਰ ਹੋ ਰਹੀ ਮਾਈਨਿੰਗ ਖਿਲਾਫ਼ ਸਾਂਝੇ ਘੋਲ ਆਰੰਭਣ ਦੀ ਗੱਲ ਕਹੀ। ਪਿੱਛਲੇ ਲੰਮੇ ਸਮੇਂ ਤੋਂ ਸ਼ਾਹ ਨਹਿਰ ਬੈਰਾਜ ਦੇ ਹੇਠਾਂ ਸਰਹੱਦੀ ਪਿੰਡਾਂ 'ਚ ਕੀਤੀ ਜਾ ਰਹੀ ਖੁਦਾਈ ਖ਼ਿਲਾਫ਼ ਸੰਘਰਸ਼ ਕਰ ਰਹੇ ਬਜ਼ੁਰਗ ਆਗੂ ਮਾ. ਹੰਸ ਰਾਜ ਨੇ ਖਣਨ ਕਾਰਨ ਹੁਣ ਤੱਕ ਸਰਹੱਦੀ ਪਿੰਡਾਂ 'ਚ ਹੋਏ ਨੁਕਸਾਨ ਦੀ ਅੰਕੜਿਆਂ ਸਹਿਤ ਜਾਣਕਾਰੀ ਦਿੱਤੀ। ਉਨ੍ਹਾਂ ਕਥਿਤ ਕਾਰੋਬਾਰ 'ਚ ਸ਼ਾਮਲ ਸਿਆਸੀ, ਅਫ਼ਸਰਸ਼ਾਹੀ ਅਤੇ ਮਾਫੀਏ ਦੀ ਤਿੱਕੜੀ ਤੋਂ ਜਾਣੂ ਕਰਵਾਉਂਦਿਆਂ ਲੋਕਾਂ ਨੂੰ ਇਨ੍ਹਾਂ ਖਿਲਾਫ਼ ਡਟਣ ਦਾ ਸੱਦਾ ਦਿੱਤਾ। ਸਰਪੰਚ ਨਵਲ ਕਿਸ਼ੋਰ ਮਹਿਤਾ ਅਤੇ ਅਸ਼ਵਨੀ ਰਾਮਗੜ੍ਹ ਸੀਕਰੀ ਨੇ ਪ੍ਰਸ਼ਾਸਨ 'ਤੇ ਗੰਭੀਰ ਸਵਾਲ ਉਠਾਉਂਦਿਆਂ ਕਿਹਾ ਕਿ ਖ਼ੇਤਰ 'ਚ ਆਪਣੀ ਜ਼ਮੀਨ 'ਚੋਂ ਹੀ ਪੱਥਰ ਪੁੱਟਣ 'ਤੇ ਮਾਲਕ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਜਾਂਦਾ ਹੈ, ਪਰ ਪੱਥਰ ਮਾਫੀਆ ਸ਼ਰੇਆਮ ਪਹਾੜ ਅਤੇ ਦਰਿਆ ਪੁੱਟ ਕੇ ਲੈ ਜਾ ਰਿਹਾ ਹੈ। ਲੋਕਾਂ ਨੂੰ ਆਪਣੀ ਜ਼ਮੀਨ 'ਚੋਂ ਘਰੇਲੂ ਵਰਤੋਂ ਲਈ ਲੱਕੜ ਬਿਨ੍ਹਾਂ ਮਨਜ਼ੂਰੀ ਅਤੇ ਆਪਣੇ ਖ਼ੇਤ 'ਚ ਫਸਲ ਦਾ ਉਜਾੜਾ ਕਰ ਰਹੇ ਜੰਗਲੀ ਜੀਵਾਂ ਨੂੰ ਮਾਰਨ ਦੀ ਆਗਿਆ ਨਹੀਂ, ਪਰ ਕਰੱਸ਼ਰ ਮਾਫੀਆ ਪ੍ਰਸ਼ਾਸਨ ਦੀ ਨੱਕ ਹੇਠਾਂ ਦਰੱਖਤਾਂ ਨੂੰ ਉਖਾੜ ਕੇ ਜੰਗਲੀ ਜੀਵਾਂ ਦੇ ਬਸੇਰੇ ਤਬਾਹ ਕਰ ਰਿਹਾ ਹੈ। ਜੰਗਲਾਤ ਅਤੇ ਜੰਗਲੀ ਜੀਵ ਵਿਭਾਗ ਅੱਖਾਂ ਮੀਚ ਬੈਠੇ ਹੋਏ ਹਨ। ਬੁਲਾਰਿਆਂ ਨੇ ਕਿਹਾ ਕਿ ਬਿਨ੍ਹਾਂ ਸਰਕਾਰੀ ਸਰਪ੍ਰਸਤੀ ਅਤੇ ਪ੍ਰਸ਼ਾਸਨ ਦੀ ਸ਼ਹਿ ਤੋਂ ਇਹ ਕੰਮ ਸੰਭਵ ਨਹੀਂ। ਖਣਨ ਰੋਕੋ ਜ਼ਮੀਨ ਬਚਾਓ ਸੰਘਰਸ਼ ਕਮੇਟੀ ਦੇ ਆਗੂਆਂ ਨੇ ਖਣਨ 'ਤੇ 'ਆਪ' ਸਰਕਾਰ ਨੂੰ ਘੇਰਦਿਆਂ ਤਿੱਖੇ ਹਮਲੇ ਕੀਤੇ। ਸਰਕਾਰ ਦੇ ਸਮਰਥਕਾਂ ਵੱਲੋਂ ਪੀੜ੍ਹਤ ਲੋਕਾਂ ਦੇ ਦਰਦ ਨੂੰ ਸਿਆਸਤ ਤੋਂ ਪ੍ਰੇਰਿਤ ਦੱਸਣ ਅਤੇ ਖ਼ੇਤਰ 'ਚ ਕਰੱਸ਼ਰਾਂ ਤੇ ਮਾਈਨਿੰਗ ਨੂੰ ਪਿਛਲੀਆਂ ਸਰਕਾਰਾਂ ਦੀ ਦੇਣ ਦੇ ਦਿੱਤੇ ਜਾ ਰਹੇ ਤਰਕ 'ਤੇ ਕਟਾਖ਼ ਕਰਦਿਆਂ ਕਿਹਾ ਕਿ ਪਿਛਲੀਆਂ ਨੂੰ ਬਦਲ ਕੇ 'ਬਦਲਾਅ' ਦੇ ਤਹਿਤ ਲੋਕਾਂ ਨੇ 'ਆਪ' ਸਰਕਾਰ ਨੂੰ ਮੌਕਾ ਦਿੱਤਾ ਸੀ, ਦੋ ਸਾਲ ਬੀਤ ਜਾਣ ਬਾਅਦ ਵੀ ਲੋਕਾਂ ਦੀ ਮਰਜ਼ ਘਟਣ ਦੀ ਬਜਾਇ ਵਧੀ ਹੈ, ਸਰਕਾਰ ਅਤੇ ਉਸਦੇ ਨੁਮਾਇਦੇ ਲੋਕਾਂ ਨੂੰ ਦਸਣ ਕਿ ਉਨ੍ਹਾਂ ਨੂੰ ਕਰੱਸ਼ਰਾਂ ਅਤੇ ਮਾਈਨਿੰਗ ਕਾਰੋਬਾਰ 'ਤੇ ਕਾਰਵਾਈ ਕਰਨ ਤੋਂ ਕਿਸ ਨੇ ਰੋਕਿਆ ਹੈ। ਇਸ ਮੌਕੇ ਪਿੰਡ ਬਰਿੰਗਲੀ 'ਚ ਖਣਨ ਖ਼ਿਲਾਫ਼ ਸੰਘਰਸ਼ ਲਈ 21 ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ।

## ਸ਼ਹਿਰ 'ਚ ਡੇਂਗੂ ਦੇ ਲਾਰਵੇ ਦੀ ਚੈਕਿੰਗ



**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)**-ਦਫਤਰ ਨਗਰ ਕੌਂਸਲ ਭੋਗਪੁਰ ਅਤੇ ਸੀ.ਐਚ.ਸੀ. ਕਾਲਾ ਬੱਕਰਾ ਵੱਲੋ ਮੱਛਰਾਂ ਤੋਂ ਹੋਣ ਵਾਲਿਆਂ ਬਿਮਾਰੀਆਂ (ਮਲੇਰੀਆ, ਡੇਂਗੂ ਆਦਿ) ਫੈਲਣ ਤੋਂ ਬਚਾਉਣ ਲਈ ਸ਼ਹਿਰ ਵਿੱਚ ਡੇਂਗੂ ਦੇ ਲਾਰਵੇ ਦੀ ਚੈਕਿੰਗ ਕੀਤੀ ਗਈ। ਇਸ ਦੌਰਾਨ ਦੇਸ ਰਾਜ ਕਾਰਜ ਸਾਧਕ ਅਫਸਰ ਨੇ ਦੱਸਿਆ ਕਿ ਇਹ ਮੁਹਿੰਮ ਹੁਣ ਲਗਾਤਾਰ ਜਾਰੀ ਰਹੇਗੀ। ਉਨ੍ਹਾਂ ਨੇ ਆਮ ਪਬਲਿਕ ਨੂੰ ਵੀ ਅਪੀਲ ਕੀਤੀ ਕਿ ਮੱਛਰਾਂ ਦੇ ਪੈਦਾਇਸ਼ੀ ਸਥਾਨਾਂ ਜਿਵੇਂ ਕਿ ਗਮਲੇ, ਟਾਇਰ, ਟੀਨਾਂ ਅਤੇ ਕੈਨਾਂ ਆਦਿ ਵਿੱਚ ਪਾਣੀ ਇਕੱਠਾ ਨਾ ਹੋਣ ਦਿੱਤਾ ਜਾਵੇ।

ਇਸ ਤੋਂ ਇਲਾਵਾ ਗਲੇ ਸੜੇ ਫਲ ਜਾਂ ਜਿਸ ਵੀ ਖਾਣ ਵਾਲੀ ਵਸਤੂ 'ਤੇ ਮੱਖੀ ਮੱਛਰ ਬੈਠਾ ਹੋਵੇ ਉਸ ਨੂੰ ਨਾ ਖਾਧਾ ਜਾਵੇ ਅਤੇ ਹਰ ਸ਼ੁੱਕਰਵਾਰ ਨੂੰ ਡ੍ਰਾਈ ਡੇ ਮਨਾਇਆ ਜਾਵੇ। ਇਸ ਮੌਕੇ ਦਿਨੇਸ਼ ਕੁਮਾਰ ਸੈਨਟਰੀ ਇੰਸਪੈਕਟਰ ਨਗਰ ਕੌਂਸਲ ਭੋਗਪੁਰ, ਗੁਰਮੇਜ ਸਿੰਘ ਹੈਲਥ ਇੰਸਪੈਕਟਰ ਕਾਲਾ ਬੱਕਰਾ ਅਤੇ ਵਿਜੇ ਕੁਮਾਰ ਅਤੇ ਹੋਰ ਦਫਤਰੀ ਸਟਾਫ ਹਾਜ਼ਰ ਸੀ।

## ਅੱਜ ਬਿਜਲੀ ਬੰਦ ਰਹੇਗੀ

**ਬਿਲਗਾ (ਵਿਜੇ ਕੁਮਾਰ)**- ਸਹਾਇਕ ਕਾਰਜਕਾਰੀ ਇੰਜੀਨੀਅਰ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ ਉਪ ਮੰਡਲ ਬਿਲਗਾ 66 ਕੇ ਵੀ ਸਬ ਸਟੇਸ਼ਨ ਬਿਲਗਾ ਦੇ ਸਹਾਇਕ ਕਾਰਜਕਾਰੀ ਇੰਜੀਨੀਅਰ ਤਰਸੇਮ ਲਾਲ ਸੁੰਮਨ ਨੇ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਜ਼ਰੂਰੀ ਮੁਰੰਮਤ ਕਰਨ ਕਰਕੇ ਬਿਜਲੀ 15 ਅਪ੍ਰੈਲ ਨੂੰ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਬੰਦ ਰਹੇਗੀ ਇਸ ਲਈ ਸ/ਡ ਬਿਲਗਾ ਅਧੀਨ ਆਉਂਦੇ ਵਡਮੁੱਲੇ ਖਪਤਕਾਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜ਼ਰੂਰੀ ਮੁਰੰਮਤ ਕਰਨ ਕਰਕੇ ਇਸ ਤੋਂ ਚਲਦੇ ਸਾਰੇ ਪਿੰਡ ਜਿਵੇਂ ਕਿ ਬਿਲਗਾ, ਮੁਆਈ, ਔਜਲਾ, ਸੰਗੋਵਾਲ, ਸੇਖੂਪੁਰ,ਥੰਮਣਵਾਲ, ਪ੍ਰਤਾਬਪੁਰਾ, ਮੌ ਸਾਹਿਬ, ਮੀਓਵਾਲ, ਖੋਖੇਵਾਲ, ਕਾਦੀਆਂ, ਬੇਗਮਪੁਰ, ਬੁਰਜ ਕੇਲਾ, ਨਾਗਰਾ, ਫਰਵਾਲਾ, ਸੰਗਤਪੁਰ, ਕੰਦੋਲਾ, ਖੇਲਾ, ਲੱਧੜ ਕਲਾਂ, ਹਰੀਪੁਰ ਭੈਣੀ ਆਦਿ ਪਿੰਡਾਂ ਦੀ ਬਿਜਲੀ ਸਪਲਾਈ ਬੰਦ ਰਹੇਗੀ।

## ਹਲਕਾ ਬਲਾਚੌਰ 'ਚ ਵੱਡੇ ਪੱਧਰ 'ਤੇ ਹੋ ਰਹੀ ਗੈਰ ਕਾਨੂੰਨੀ ਮਾਈਨਿੰਗ ਚਿੰਤਾ ਦਾ ਵਿਸ਼ਾ : ਰਾਣਾ

**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ)** ਐਤਵਾਰ ਟੋਲ ਪਲਾਜ਼ਾ ਬੱਛੂਆਂ ਤੇ ਸਾਂਝਾ ਕਿਸਾਨ ਮਜ਼ਦੂਰ ਮੋਰਚਾ ਦੀ ਮੀਟਿੰਗ ਹਰਪਾਲ ਸਿੰਘ ਮੱਕੋਵਾਲ ਦੀ ਅਗਵਾਈ ਹੇਠ ਹੋਈ। ਮੀਟਿੰਗ ਨੇ ਹਲਕਾ ਬਲਾਚੌਰ ਵਿੱਚ ਹੋ ਰਹੀ ਕਾਨੂੰਨੀ ਅਤੇ ਗੈਰ ਕਾਨੂੰਨੀ ਮਾਈਨਿੰਗ 'ਤੇ ਵਿਚਾਰ ਕੀਤਾ। ਹਲਕਾ ਬਲਾਚੌਰ ਵਿੱਚ ਮਾਈਨਿੰਗ ਨਿਯਮਾਂ ਦੀ ਉਲੰਘਣਾ ਕੀਤੀ ਜਾ ਰਹੀ ਹੈ। ਇਹ ਸਾਰੇ ਕੰਮ ਲਈ ਰਾਜਨੀਤਕ ਸੱਤਾ ਅਤੇ ਜ਼ਿਲ੍ਹਾ ਪ੍ਰਸ਼ਾਸਨ ਜ਼ਿੰਮੇਦਾਰ ਹੈ। ਇਸ ਮਾਈਨਿੰਗ ਨਾਲ ਵਾਤਾਵਰਣ ਅਤੇ ਧਰਤੀ ਦੇ ਕੁਦਰਤੀ ਸਰੂਪ ਵਿੱਚ ਵਿਗਾੜ ਪੈਦਾ ਹੋ ਰਿਹਾ ਹੈ। ਇਸ ਮੌਕੇ ਸੂਬਾਈ ਜਨਰਲ ਸਕੱਤਰ ਸਾਥੀ ਕਰਨ ਸਿੰਘ ਰਾਣਾ ਨੇ ਕਿਹਾ ਕਿ ਮਾਈਨਿੰਗ ਦਾ ਗੈਰ ਕਾਨੂੰਨੀ ਧੰਦਾ ਪਿਛਲੇ 10 ਸਾਲਾਂ ਤੋਂ ਪੰਜਾਬ ਲਈ ਸਰਾਪ ਬਣਿਆ ਹੋਇਆ ਹੈ। ਪੰਜਾਬ ਦੇ ਲੋਕਾਂ ਨੇ ਨਵੀਂ ਸਰਕਾਰ ਇਸ ਭਰੋਸੇ ਨਾਲ ਬਣਾਈ ਸੀ ਕਿ ਇਹ ਗੈਰ ਕਾਨੂੰਨੀ ਮਾਈਨਿੰਗ ਅਤੇ ਨਸ਼ੇ ਨੂੰ ਠੱਲ੍ਹ ਪਾਉਣਗੇ ਪਰ ਅਜਿਹਾ ਨਾ ਹੋ ਸਕਿਆ ਅਤੇ ਲੋਕ ਮਾਯੂਸ ਹਨ। ਉਨ੍ਹਾਂ ਕਿਹਾ ਕਿ ਰਲ ਮਾਜਰਾ ਜੰਗਲ ਦੇ ਵਿੱਚ ਹੋ ਰਹੀ ਮਾਈਨਿੰਗ ਅਤੇ ਹਲਕੇ ਦੀਆਂ ਸਮੁੱਚੀਆਂ ਖੱਡਾਂ ਵਿੱਚ ਹੋ ਰਹੀ ਮਾਈਨਿੰਗ ਚਿੰਤਾ ਦਾ ਵਿਸ਼ਾ ਹੈ ਤੇ ਗੈਰ ਕਾਨੂੰਨੀ ਹੈ ਅਤੇ ਨਿਯਮਾਂ ਤੋਂ ਉਲਟ ਕੀਤੀ ਜਾ ਰਹੀ ਹੈ। ਜਿਸ ਕਾਰਨ ਪੂਰੇ ਇਲਾਕੇ ਵਿੱਚ ਵਾਤਾਵਰਣ ਵਿੱਚ ਵਿਗਾੜ ਆਵੇਗਾ ਅਤੇ ਧਰਤੀ ਦੇ ਸਰੂਪ ਨੂੰ ਵੀ ਵਿਗਾੜ ਹੋਵੇਗਾ। ਉਨ੍ਹਾਂ ਮੰਗ ਕੀਤੀ ਕਿ ਗੈਰ ਕਾਨੂੰਨੀ ਮਾਈਨਿੰਗ ਨੂੰ ਤੁਰੰਤ ਰੋਕਿਆ ਜਾਵੇ। ਜੇ ਅਜਿਹਾ ਨਾ ਹੋਇਆ ਤਾਂ ਜਥੇਬੰਦੀ ਜ਼ੋਰਦਾਰ ਸੰਘਰਸ਼ ਸ਼ੁਰੂ ਕਰਨ ਲਈ ਮਜਬੂਰ ਹੋਵੇਗੀ। ਇਸ ਮੌਕੇ ਕਰਨੈਲ ਸਿੰਘ ਭੱਲਾ, ਦੇਸਰਾਜ ਸਾਬਕਾ ਸਰਪੰਚ ਮੱਛੂਆ, ਰਾਮਪਾਲ ਸਾਹਿਬ ਕਾ ਸਰਪੰਚ ਸੋਭੂਵਾਲ, ਗਰਦਿਆਲ ਸਿੰਘ ਢੰਡੋ, ਕਰਨੈਲ ਸਿੰਘ ਭੱਲਾ ਅਤੇ ਹੋਰ ਆਗੂਆਂ ਨੇ ਵੀ ਵਿਚਾਰ ਰੱਖੇ।

## ਨੌਗੱਜਾ 'ਚ ਸੰਵਿਧਾਨ ਬਚਾਓ ਰੈਲੀ ਦਾ ਭਰਵਾਂ ਸਵਾਗਤ

**ਜਲੰਧਰ** : ਵੱਖ-ਵੱਖ ਪਿੰਡਾਂ ਰਾਏਪੁਰ, ਬੱਲ, ਮੰਨਣ ਤੋਂ ਹੁੰਦੀ ਹੋਈ ਸੰਵਿਧਾਨ ਬਚਾਓ ਰੈਲੀ ਨੌਗੱਜਾ ਵਿਖੇ ਪਹੁੰਚੀ ਤਾਂ ਨੌਗੱਜਾ ਦੇ ਗੁਰੂ ਰਵਿਦਾਸ ਚੌਕ 'ਚ ਰੈਲੀ ਦਾ ਭਰਵਾਂ ਸਵਾਗਤ ਕੀਤਾ ਗਿਆ। ਬੁਲਾਰਿਆਂ ਨੇ ਕਿਹਾ ਕਿ ਅੱਜ ਮੋਦੀ ਸਰਕਾਰ ਸੰਵਿਧਾਨ ਨੂੰ ਬਦਲਣ ਦੀਆਂ ਕੋਝੀਆਂ ਚਾਲਾਂ ਚੱਲ ਰਹੀ ਹੈ, ਜਿਸ ਪ੍ਰਤੀ ਸਮਾਜ ਨੂੰ ਜਾਗਰੂਕ ਕਰਨ ਲਈ ਸੰਵਿਧਾਨ ਬਚਾਓ ਰੈਲੀ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਬਾਬਾ ਸਾਹਿਬ ਡਾ. ਬੀ. ਆਰ. ਅੰਬੇਡਕਰ ਦੇ ਜਨਮ ਦਿਨ ਮੌਕੇ ਲੱਡੂ ਵੀ ਵੰਡੇ।

## ਪੁਲਸ ਵੱਲੋਂ ਭਗੌੜਾ ਗ੍ਰਿਫ਼ਤਾਰ



**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)**-ਭੋਗਪੁਰ ਪੁਲਸ ਵੱਲੋਂ ਅਦਾਲਤ ਵੱਲੋਂ ਭਗੌੜਾ ਕਰਾਰ ਦਿੱਤੇ ਦੋਸ਼ੀ ਨੂੰ ਹਿਰਾਸਤ ਵਿਚ ਲੈ ਕੇ ਜੇਲ੍ਹ ਭੇਜ ਦਿੱਤਾ। ਇਸ ਸਬੰਧੀ ਸੁਮਿਤ ਸੂਦ, ਉਪ ਪੁਲਸ ਕਪਤਾਨ ਸਬ-ਡਵੀਜ਼ਨ ਆਦਮਪੁਰ ਨੇ ਪ੍ਰੈਸ ਨੂੰ ਜਾਣਕਾਰੀ ਦੱਸਿਆ ਕਿ ਦੋ ਮੁਕੱਦਮਿਆਂ ਵਿਚ ਲੋੜੀਂਦੇ ਦੋਸ਼ੀ ਨੂੰ ਕਾਬਲ ਸਿੰਘ ਥਾਣਾ ਭੋਗਪੁਰ ਜ਼ਿਲ੍ਹਾ ਜਲੰਧਰ ਦਿਹਾਤੀ ਐਕਸਾਈਜ਼ ਐਕਟ ਥਾਣਾ ਭੋਗਪੁਰ ਵਿੱਚ ਪੀ.ਓ ਦੋਸ਼ੀ ਵਿਸ਼ਾਲ ਉਰਫ ਲੱਕੀ ਪੁੱਤਰ ਪਰਮੋਦ ਕੁਮਾਰ ਵਾਸੀ ਪਿੰਡ ਕਾਲਾ ਬੱਕਰਾ ਥਾਣਾ ਭੋਗਪੁਰ ਜਲੰਧਰ ਨੂੰ ਗ੍ਰਿਫਤਾਰ ਕੀਤਾ ਗਿਆ। ਜਿਸ ਨੂੰ ਬਾ-ਅਦਾਲਤ ਮਿਸ ਹਿਨਾ ਅਗਰਵਾਲ ਜੇ.ਐਮ.ਆਈ.ਸੀ ਜੱਜ ਸਾਹਿਬ ਜਲੰਧਰ ਵਲੋਂ ਅਦਾਲਤ ਵਿਚ ਗੈਰ ਹਾਜ਼ਰ ਹੋਣ ਕਰਕੇ ਜ:ਫ਼ ਤਹਿਤ ਪੀ ਓ ਘੋਸ਼ਿਤ ਕੀਤਾ ਗਿਆ ਸੀ । ਜਿਸ ਨੂੰ ਅੱਜ ਬੰਦ ਜੂਡੀਸ਼ੀਅਲ ਕੇਂਦਰੀ ਜੇਲ ਕਪੂਰਥਲਾ ਕਰਾਇਆ ਗਿਆ ਹੈ।

## ਡਾ. ਭੀਮ ਰਾਓ ਅੰਬੇਡਕਰ ਦੇ ਆਦਰਸ਼ਾਂ 'ਤੇ ਪਹਿਰਾ ਦੇਣਾ ਸਾਡਾ ਅਸਲ ਫਰਜ਼ : ਗਗਨ ਪਰੋਜ

**ਟਾਂਡਾ ਉੜਮੁੜ ( ਜਸਵਿੰਦਰ ਸੰਧੂ, ਉਂਕਾਰ ਸਿੰਘ )**- ਭਾਰਤ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦਾ ਜਨਮ ਦਿਹਾੜਾ ਨੌਜਵਾਨ ਸਭਾ ਫਿਰੋਜ ਰੋਲੀਆ ਦੇ ਸੰਸਥਾਪਕ ਅਤੇ ਸ਼ਿਵ ਸੈਨਾ ਪੰਜਾਬ ਦੇ ਬੇਟ ਏਰੀਆ ਪ੍ਰਧਾਨ ਗਗਨ ਪਰੋਜ ਦੀ ਅਗਵਾਈ ਵਿਚ ਪਿੰਡ ਫਿਰੋਜ ਵਿਖੇ ਸ਼ਰਧਾ ਅਤੇ ਬੜੀ ਧੂਮਧਾਮ ਨਾਲ ਮਨਾਇਆ ਗਿਆ, ਜਿਸ ਵਿੱਚ ਭਗਵਾਨ ਵਾਲਮੀਕੀ ਮੰਦਰ ਦੇ ਮੁੱਖ ਸੇਵਾਦਾਰ ਸੁਖਦੇਵ ਸਿੰਘ ਮੱਟੂ, ਗਿੰਦਾ ਪਰੋਜ, ਰੰਜੂ ਖੋਸਲਾ, ਲਾਡੀ ਖੋਸਲਾ, ਪ੍ਰਿੰਸ ਮੱਟੂ, ਸੁਖ ਮੱਟੂ, ਪ੍ਰਦੀਪ ਸਿੰਘ ਮੱਟੂ, ਬਲਵੀਰ ਸਿੰਘ ਮੱਟੂ, ਕਾਲੂ ਖੋਸਲਾ ਤੋਂ ਇਲਾਵਾ ਇਲਾਕੇ ਦੀਆਂ ਉੱਘੀਆਂ ਸ਼ਖ਼ਸੀਅਤਾਂ ਸ਼ਾਮਲ ਹੋਈਆਂ।ਇਸ ਮੌਕੇ ਹਾਜਰ ਇਕੱਠ ਨੂੰ ਸੰਬੋਧਨ ਕਰਦੇ ਹੋਏ ਗਗਨ ਫਿਰੋਜ਼ ਨੇ ਕਿਹਾ ਕਿ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਵੱਲੋਂ ਭਾਰਤ ਦੇ ਬਣਾਏ ਗਏ ਸੰਵਿਧਾਨ ਕਾਰਨ ਹੀ ਅੱਜ ਹਿੰਦੁਸਤਾਨ ਵਿਚ ਰਹਿਣ ਵਾਲੇ ਅਲੱਗ-ਅਲੱਗ ਵਰਗਾਂ ਤੇ ਧਰਮਾਂ ਦੇ ਲੋਕ ਇਕ ਸਮਾਨਤਾ ਜ਼ਿੰਦਗੀ ਜੀ ਰਹੇ ਹਨ ਅਤੇ ਉਨ੍ਹਾਂ ਵੱਲੋਂ ਕੀਤੇ ਗਏ ਅਜਿਹੇ ਉਪਰਾਲਿਆਂ ਨੂੰ ਹਮੇਸ਼ਾ ਲਈ ਯਾਦ ਰੱਖਦੇ ਹੋਏ ਬਾਬਾ ਸਾਹਿਬ ਦੇ ਆਦਰਸ਼ਾਂ 'ਤੇ ਪਹਿਰਾ ਦੇਣਾ ਸਾਡੇ ਸਾਰਿਆਂ ਦਾ ਫਰਜ਼ ਅਸਲ ਬਣਦਾ ਹੈ। ਉਨ੍ਹਾਂ ਕਿਹਾ ਕਿ ਭਾਰਤ ਰਤਨ ਡਾ. ਅੰਬੇਡਕਰ ਨੇ ਸਾਡੇ ਦੇਸ਼ ਨੂੰ ਜਿਹੜਾ ਸੰਵਿਧਾਨ ਦਿੱਤਾ ਹੈ ਉਸ ਦੀ ਬਦੌਲਤ ਅੱਜ ਭਾਰਤ ਇਕ ਮਜ਼ਬੂਤ ਲੋਕਤੰਤਰ ਵਜੋਂ ਸਥਾਪਤ ਹੋ ਕੇ ਪੂਰੀ ਦੁਨੀਆ ਵਿੱਚ ਆਪਣੀ ਇਕ ਵੱਖਰੀ ਪਹਿਚਾਨ ਬਣਾਉਣ ਵਿਚ ਕਾਮਯਾਬ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਡਾ. ਭੀਮ ਰਾਓ ਅੰਬੇਡਕਰ ਇਕ ਮਹਾਨ ਵਿਦਵਾਨ, ਨਿਆਂਵਾਦੀ, ਅਰਥ ਸ਼ਾਸਤਰੀ ਅਤੇ ਸਮਾਜ ਸੁਧਾਰਕ ਸਨ ਜਿਨ੍ਹਾਂ ਦੀ ਬਦੌਲਤ ਨਵੇਂ ਭਾਰਤ ਦੇ ਨਿਰਮਾਣ ਵਜੋਂ ਉਨ੍ਹਾਂ ਨੂੰ ਹਮੇਸ਼ਾ ਲਈ ਯਾਦ ਰੱਖਿਆ ਜਾਵੇਗਾ। ਸੁਖਦੇਵ ਸਿੰਘ ਮੱਟੂ ਅਤੇ ਗਿੰਦਾ ਨੇ ਸਾਰਿਆਂ ਨੂੰ ਬਾਬਾ ਸਾਹਿਬ ਜੀ ਦੇ ਜਨਮ ਦਿਹਾੜੇ ਦੀਆਂ ਵਧਾਈਆਂ ਦਿੰਦੇ ਹੋਏ ਕਿਹਾ ਕਿ ਅਸੀਂ ਸਾਰੇ ਭਾਰਤੀ ਸੰਵਿਧਾਨ ਦੇ ਪਿਤਾਮਾ ਡਾ. ਭੀਮ ਰਾਓ ਅੰਬੇਡਕਰ ਵੱਲੋਂ ਦੇਸ਼ ਵਿੱਚ ਰਹਿਣ ਵਾਲੇ ਹਰ ਨਾਗਰਿਕ ਦੇ ਅਧਿਕਾਰਾਂ ਦੀ ਰੱਖਿਆ ਅਤੇ ਉਨ੍ਹਾਂ ਵੱਲੋਂ ਹੋਰ ਕੀਤੀਆਂ ਗਈਆਂ ਪ੍ਰਾਪਤੀਆਂ ਨੂੰ ਯਾਦ ਕਰਦੇ ਹੋਏ ਉਨ੍ਹਾਂ ਦਾ ਜਨਮ ਦਿਹਾੜਾ ਮਨਾ ਰਹੇ ਹਾਂ। ਉਨ੍ਹਾਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਬਾਬਾ ਸਾਹਿਬ ਜੀ ਦੀਆਂ ਸਿਖਿਆਵਾਂ ਅਤੇ ਉਨ੍ਹਾਂ ਦੇ ਦਰਸਾਏ ਮਾਰਗ 'ਤੇ ਚਲਦੇ ਹੋਏ ਸਮਾਜ ਨੂੰ ਨਸ਼ਾ ਮੁਕਤ ਸਿਰਜਣ ਦਾ ਸੰਕਲਪ ਲੈਣਾ ਚਾਹੀਦਾ ਹੈ। ਇਸ ਮੌਕੇ ਪ੍ਰਧਾਨ ਗਗਨ, ਸੁਖਦੇਵ ਸਿੰਘ ਮੱਟੂ, ਗਿੰਦਾ ਅਤੇ ਹੋਰ ਹਾਜ਼ਰ ਮੈਂਬਰਾਂ ਨੇ ਸਕੂਲ ਦੇ ਲੋੜਵੰਦ ਵਿਦਿਆਰਥੀਆਂ ਨੂੰ ਮੁਫਤ ਕਿਤਾਬਾਂ, ਕਾਪੀਆਂ ਅਤੇ ਲਿਖਣ ਸਮੱਗਰੀ ਭੇਟ ਕਰਕੇ ਉਨ੍ਹਾਂ ਨੂੰ ਪੂਰੀ ਮਿਹਨਤ ਤੇ ਲਗਨ ਨਾਲ ਪੜ੍ਹਾਈ ਕਰਨ ਲਈ ਪ੍ਰੇਰਿਤ ਕੀਤਾ।




## ਪਿੰਡ ਬਿਹਾਲਾ 'ਚ ਮੁਫਤ ਮੈਡੀਕਲ ਕੈਂਪ

**ਮਹਿਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਪਿੰਡ ਬਿਹਾਲਾ ਵਿਖੇ ਕਮਿਸਟਰੀ ਹੈਲਥ ਸੈਂਟਰ ਹਾਰਟਾ ਬੱਡਲਾ ਡਾਕਟਰ ਕੁਲਵੰਤ ਰਾਏ ਅਤੇ ਮਾਸਟਰ ਹਰਭਜਨ ਸਿੰਘ ਬਿਹਾਲਾ ਦੇ ਯਤਨਾਂ ਸਦਕਾ ਬਾਬਾ ਮੈਦੋ ਜੀ ਦੇ ਸਥਾਨ 'ਤੇ ਮੁਫਤ ਮੈਡੀਕਲ ਕੈਂਪ ਲਗਾਇਆ ਗਿਆ। ਇਸ ਮੌਕੇ ਪ੍ਰਬੰਧਕਾਂ ਨੇ ਦੱਸਿਆ ਕਿ ਇਸ ਮੁਫਤ ਮੈਡੀਕਲ ਕੈਂਪ ਵਿੱਚ 150 ਮਰੀਜ਼ਾਂ ਦੀ ਜਾਂਚ ਕਰਕੇ ਮੁਫਤ ਦਵਾਈਆਂ ਦਿੱਤੀਆਂ ਗਈਆਂ। ਇਸ ਮੌਕੇ ਡਾਕਟਰ ਕੁਲਵੰਤ ਰਾਏ ਬੱਚਿਆਂ ਦੇ ਮਾਹਰ ਡਾਕਟਰ ਨੇ ਲੋਕਾਂ ਨੂੰ ਆਪਣੇ ਬੱਚਿਆਂ ਨੂੰ ਸਰਕਾਰੀ ਹਸਪਤਾਲ ਵਿੱਚ ਚੈੱਕਅੱਪ ਕਰਾਉਣ ਲਈ ਅਪੀਲ ਕੀਤੀ। ਉਨ੍ਹਾਂ ਕਿਹਾ ਹੈ ਕਿ ਬੱਚਿਆਂ ਦੀ ਇਮਿਊਨਟੀ ਕਮਜ਼ੋਰ ਹੋਣ ਕਰਕੇ ਉਨ੍ਹਾਂ ਨੂੰ ਕੁਆਲੀਫਾਈ ਡਾਕਟਰਾਂ ਕੋਲ ਚੈੱਕ ਕਰਾਉਣਾ ਚਾਹੀਦਾ ਹੈ। ਡਾਕਟਰ ਮਾਰੀਆ ਮੈਡੀਕਲ ਅਫਸਰ ਨੇ ਇਸਤਰੀ ਮਰੀਜ਼ਾਂ ਦੀ ਸਿਹਤ ਦਾ ਜਾਇਜ਼ਾ ਲਿਆ। ਇਸ ਮੌਕੇ ਮਾਸਟਰ ਹਰਭਜਨ ਭਜਨ ਸਿੰਘ ਨੇ ਆਏ ਹੋਏ ਸਮੂਹ ਸੱਜਣਾਂ ਦਾ ਧੰਨਵਾਦ ਕੀਤਾ। ਇਸ ਮੌਕੇ ਸੋਹਣ ਸਿੰਘ, ਰਾਮ ਸਿੰਘ, ਇੰਦਰਜੀਤ ਸਿੰਘ, ਜਗਵਿੰਦਰ ਸਿੰਘ ਬਡਿਆਲ, ਧਰਮਜੀਤ ਸਿੰਘ, ਅਜਮੇਰ ਸਿੰਘ ਪੰਚ ਤੇ ਵੱਡੀ ਗਿਣਤੀ 'ਚ ਪਿੰਡ ਵਾਸੀ ਹਾਜ਼ਰ ਸਨ।

## ਭੁਲੱਥ ਵਾਸੀ ਡਾ. ਰਾਜ ਕੁਮਾਰ ਦੇ ਸਮਰਥਨ 'ਚ ਆਏ



**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ )** ਡਾ. ਰਾਜ ਕੁਮਾਰ ਵੱਲੋਂ ਹਲਕਾ ਚੱਬੇਵਾਲ ਵਿੱਚ ਬਤੌਰ ਵਿਧਾਇਕ ਕੀਤੇ ਗਏ ਵਿਕਾਸ ਕਾਰਜਾਂ ਤੋਂ ਹਲਕਾ ਹੀ ਨਹੀਂ ਬਲਕਿ ਲੋਕ ਸਭਾ ਹਲਕਾ ਹੁਸ਼ਿਆਰਪੁਰ ਅਧੀਨ ਪੈਂਦੇ ਸਮੂਹ ਇਲਾਕਾ ਨਿਵਾਸੀ ਬਹੁਤ ਪ੍ਰਭਾਵਿਤ ਹਨ ਅਤੇ ਜਿੱਥੇ ਵੀ ਉਹ ਜਨਤਾ ਨਾਲ ਗੱਲਬਾਤ ਕਰ ਰਹੇ ਹਨ, ਉੱਥੇ ਉਨ੍ਹਾਂ ਨੂੰ ਅਥਾਹ ਪਿਆਰ ਅਤੇ ਲੋਕਾਂ ਦਾ ਸਮਰਥਨ ਮਿਲ ਰਿਹਾ ਹੈ। ਇਸ ਦੀ ਤਾਜ਼ਾ ਮਿਸਾਲ ਉਸ ਸਮੇਂ ਦੇਖਣ ਨੂੰ ਮਿਲੀ ਜਦੋਂ ਡਾ. ਰਾਜ ਹਲਕਾ ਭੁਲੱਥ ਦੇ ਬਲਾਕ ਇੰਚਾਰਜਾਂ ਅਤੇ ਨਿਵਾਸੀਆਂ ਨਾਲ ਮੀਟਿੰਗ ਕਰਨ ਪਹੁੰਚੇ। ਇਸ ਮੌਕੇ ਹਲਕਾ ਇੰਚਾਰਜਾਂ ਨੇ ਉਨ੍ਹਾਂ ਨੂੰ ਪਲਕਾਂ 'ਤੇ ਬਿਠਾ ਕੇ ਉਨ੍ਹਾਂ ਨੂੰ ਪੂਰਨ ਸਹਿਯੋਗ ਦੇਣ ਦੇ ਨਾਲ-ਨਾਲ ਉਨ੍ਹਾਂ ਨੂੰ ਵੱਡੀ ਲੀਡ ਦਿਵਾਉਣ ਦਾ ਭਰੋਸਾ ਦਿੱਤਾ। ਇਸ ਮੌਕੇ ਹਲਕਾ ਇੰਚਾਰਜ ਐਡਵੋਕੇਟ ਹਰਸਿਮਰਨ ਸਿੰਘ ਅਤੇ ਰਣਜੀਤ ਸਿੰਘ ਅਤੇ ਹੋਰ ਪਤਵੰਤਿਆਂ ਨੇ ਕਿਹਾ ਕਿ ਉਨ੍ਹਾਂ ਨੇ ਹਲਕਾ ਚੱਬੇਵਾਲ ਵਿੱਚ ਡਾ. ਰਾਜ ਵੱਲੋਂ ਕੀਤੇ ਵਿਕਾਸ ਕਾਰਜਾਂ ਨੂੰ ਦੇਖਿਆ ਅਤੇ ਹਲਕਾ ਵਾਸੀਆਂ ਨੂੰ ਡਾ.ਰਾਜ ਦੇ ਨਿਮਰ ਸੁਭਾਅ ਅਤੇ ਸਮਾਜ ਪ੍ਰਤੀ ਸਮਰਪਿਤ ਭਾਵਨਾ ਬਾਰੇ ਵੀ ਸੁਣਿਆ ਹੈ। ਜਿਸ ਕਾਰਨ ਉਨ੍ਹਾਂ ਨੂੰ ਵੀ ਉਨ੍ਹਾਂ 'ਤੇ ਭਰੋਸਾ ਹੈ ਅਤੇ ਉਨ੍ਹਾਂ ਨੂੰ ਭਰੋਸਾ ਹੈ ਕਿ ਡਾ. ਰਾਜ ਆਪਣੇ ਹਲਕੇ ਵਾਂਗ ਹੀ ਲੋਕ ਸਭਾ ਹਲਕੇ ਦੇ ਵਿਕਾਸ ਨੂੰ ਪਹਿਲ ਦੇਣਗੇ। ਇਸ ਮੌਕੇ ਡਾ. ਰਾਜ ਨੇ ਕਿਹਾ ਕਿ ਉਹ ਅਕਸਰ ਕਹਿੰਦੇ ਹਨ ਕਿ ਉਹ ਨੇਤਾ ਨਹੀਂ ਹਨ, ਸਗੋਂ ਸੇਵਾਦਾਰ ਬਣ ਕੇ ਜਨਤਾ ਦੀ ਸੇਵਾ ਕਰ ਰਹੇ ਹਨ। ਜਿਸ ਕਾਰਨ ਉਹਨਾਂ ਲਈ ਉਹਨਾਂ ਦੀ ਹਲਕਾ ਅਤੇ ਹਲਕਾ ਨਿਵਾਸੀਆਂ ਦੀ ਹਮੇਸ਼ਾ ਪਹਿਲ ਰਹੀ ਹੈ ਅਤੇ ਰਹੇਗੀ। ਹੁਣ ਜਦੋਂ ਪਾਰਟੀ ਨੇ ਉਨ੍ਹਾਂ ਨੂੰ ਲੋਕ ਸਭਾ ਹਲਕੇ ਦੀ ਸੇਵਾ ਕਰਨ ਦਾ ਮੌਕਾ ਦਿੱਤਾ ਹੈ ਤਾਂ ਉਹ ਭਰੋਸਾ ਦਿੰਦੇ ਹਨ ਕਿ ਸਮੁੱਚੇ ਹਲਕੇ ਦੇ ਵਿਕਾਸ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ ਅਤੇ ਚੋਣਾਂ ਤੋਂ ਬਾਅਦ ਪਹਿਲ ਦੇ ਆਧਾਰ 'ਤੇ ਕੀਤੇ ਜਾਣ ਵਾਲੇ ਕੰਮਾਂ ਨੂੰ ਬਿਨਾਂ ਕਿਸੇ ਦੇਰੀ ਤੋਂ ਕਰਵਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਇਹ ਸਭ ਉਦੋਂ ਹੀ ਸੰਭਵ ਹੈ ਜਦੋਂ ਅਸੀਂ ਸਾਰੇ ਤੁਹਾਡੇ ਹੱਥ ਮਜ਼ਬੂਤ ਕਰਾਂਗੇ ਅਤੇ ਲੋਕ ਸੇਵਕਾਂ ਨੂੰ ਜਿੱਤਾ ਕੇ ਸੰਸਦ ਵਿੱਚ ਭੇਜਾਂਗੇ। ਇਸ ਮੌਕੇ ਉਨ੍ਹਾਂ ਨਾਲ ਹਲਕੇ ਦੇ ਸਮੂਹ ਆਗੂ ਤੇ ਵਰਕਰ ਵੀ ਹਾਜ਼ਰ ਸਨ।

## 325ਵਾਂ ਖਾਲਸਾ ਪੰਥ ਸਾਜਨਾ ਦਿਵਸ ਸ਼ਰਧਾ ਭਾਵਨਾ ਨਾਲ ਮਨਾਇਆ



**ਐੱਸ.ਏ.ਐੱਸ ਨਗਰ (ਗੁਰਜੀਤ ਬਿੱਲਾ)** : ਇੱਥੋਂ ਨੇੜਲੇ ਪਿੰਡ ਸੋਹਾਣਾ ਦੇ ਇਤਿਹਾਸਕ ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ 325ਵਾਂ ਖਾਲਸਾ ਪੰਥ ਸਾਜਨਾ ਦਿਵਸ ਬੜੀ ਸ਼ਰਧਾ ਭਾਵਨਾ ਅਤੇ ਉਤਸ਼ਾਹ ਪੂਰਵਕ ਮਨਾਇਆ ਗਿਆ।ਇਸ ਦਿਹਾੜੇ ਦੀ ਖੁਸ਼ੀ ਵਿੱਚ ਸਵੇਰੇ 9:00 ਵਜੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ।ਇਸ ਉਪਰੰਤ ਸਾਰਾ ਦਿਨ ਧਾਰਮਿਕ ਸਮਾਗਮ ਦਾ ਆਯੋਜਨ ਕੀਤਾ ਗਿਆ । ਇਸ ਧਾਰਮਿਕ ਸਮਾਗਮ ਵਿੱਚ ਬੀਬੀ ਅਮਨਦੀਪ ਕੌਰ ਲੁਧਿਆਣੇ ਵਾਲੀਆਂ ਬੀਬੀਆਂ ਦੇ ਇੰਟਰਨੈਸ਼ਨਲ ਢਾਡੀ ਜੱਥੇ ਨੇ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੁਆਰਾ ਚਿੜੀਆਂ ਨੂੰ ਬਾਜ ਬਣਾਉਣ ਭਾਵ ਖਾਲਸਾ ਪੰਥ ਨੂੰ ਸਿਰਜਣ ਦੇ ਪ੍ਰਸੰਗ ਨੂੰ ਬੜੇ ਭਾਵਪੂਰਨ ਅਤੇ ਜੋਸ਼ ਭਰਪੂਰ ਤਰੀਕੇ ਨਾਲ ਢਾਡੀ ਵਾਰਾਂ ਵਿੱਚ ਵਿਸਥਾਰ ਨਾਲ ਸੁਣਾਇਆ । ਭਾਈ ਜਤਿੰਦਰ ਸਿੰਘ ਹਜ਼ੂਰੀ ਰਾਗੀ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਾਲਿਆਂ ਨੇ ਆਪਣੇ ਰਸ ਭਿੰਨੇ ਕੀਰਤਨ ਰਾਹੀਂ ਸੰਗਤਾਂ ਨੂੰ ਇਲਾਹੀ ਬਾਣੀ ਨਾਲ ਗਵਾ ਕੇ ਗੁਰੂ ਨਾਲ ਜੋੜਨ ਦਾ ਉਪਰਾਲਾ ਕੀਤਾ। ਇਸ ਤੋਂ ਇਲਾਵਾ ਸ਼੍ਰੋਮਣੀ ਪ੍ਰਚਾਰਕ ਭਾਈ ਚਰਨਜੀਤ ਸਿੰਘ ਸ੍ਰੀ ਅਨੰਦਪੁਰ ਸਾਹਿਬ ਵਾਲੇ, ਭਾਈ ਮਨਪ੍ਰੀਤ ਸਿੰਘ ਜੀ ਲੁਧਿਆਣੇ ਵਾਲੇ, ਬੀਬੀ ਗੁਰਦੀਪ ਕੌਰ, ਮੀਰੀ ਪੀਰੀ ਪੰਥਕ ਢਾਡੀ ਜੱਥਾ, ਭਾਈ ਜਤਿੰਦਰ ਸਿੰਘ ਦਮਦਮੀ ਟਕਸਾਲ, ਭਾਈ ਸੰਦੀਪ ਸਿੰਘ ਸ੍ਰੀ ਅਨੰਦਪੁਰ ਸਾਹਿਬ ਵਾਲੇ, ਭਾਈ ਗੁਰਵਿੰਦਰ ਸਿੰਘ, ਭਾਈ ਗੁਰਦੀਪ ਸਿੰਘ, ਭਾਈ ਜਸਵਿੰਦਰ ਸਿੰਘ ਦੇ ਜੱਥਿਆਂ ਤੋਂ ਇਲਾਵਾ ਗੁਰੂਦੁਆਰਾ ਸਿੰਘ ਸ਼ਹੀਦਾਂ ਦੇ ਹਜ਼ੂਰੀ ਰਾਗੀ ਜੱਥੇ ਭਾਈ ਇੰਦਰਜੀਤ ਸਿੰਘ, ਭਾਈ ਜਸਵੰਤ ਸਿੰਘ, ਭਾਈ ਗੁਰਮੀਤ ਸਿੰਘ ਅਤੇ ਭਾਈ ਸੁਖਵਿੰਦਰ ਸਿੰਘ ਨੇ ਕਥਾ, ਕੀਰਤਨ, ਕਵੀਸ਼ਰੀ ਅਤੇ ਗੁਰਮਤਿ ਵਿਚਾਰਾਂ ਰਾਹੀਂ ਸੰਗਤਾਂ ਨੂੰ ਸਾਰਾ ਦਿਨ ਹਰਿਜਸ ਸੁਣਾ ਕੇ ਨਿਹਾਲ ਕੀਤਾ। ਸਾਰੇ ਜੱਥਿਆਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਪੂਰੇ ਦਰਬਾਰ ਸਾਹਿਬ ਜੀ ਦੀ ਅੰਦਰੋਂ ਫੁੱਲਾਂ ਨਾਲ ਵਿਸ਼ੇਸ਼ ਸਜਾਵਟ ਕੀਤੀ ਗਈ ਸੀ । ਦਰਬਾਰ ਸਾਹਿਬ ਨੂੰ ਬਾਹਰੋਂ ਅਤੇ ਗੇਟ ਤੱਕ ਵਿਸ਼ੇਸ਼ ਢੰਗ ਨਾਲ ਸਜਾਇਆ ਗਿਆ ਸੀ । ਇਸ ਦਿਹਾੜੇ 'ਤੇ ਹਜ਼ਾਰਾਂ ਸੰਗਤਾਂ ਨੇ ਇਸ ਅਸਥਾਨ ਦੇ ਪਵਿੱਤਰ ਸਰੋਵਰ ਵਿੱਚ ਇਸ਼ਨਾਨ ਕੀਤਾ। ਇਸ ਦਿਨ ਵਿਸ਼ਾਲ ਅੰਮ੍ਰਿਤ ਸੰਚਾਰ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਵੱਡੀ ਗਿਣਤੀ ਵਿੱਚ ਪ੍ਰਾਣੀ ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣੇ। ਹਰ ਵਿਭਾਗ ਦੇ ਮਾਹਿਰ ਡਾਕਟਰਾਂ ਵੱਲੋਂ ਮਰੀਜ਼ਾਂ ਦਾ ਮੁਆਇਨਾ ਕੀਤਾ ਗਿਆ ਅਤੇ ਦਵਾਈ ਦੇਣ ਦੀ ਸੇਵਾ ਪ੍ਰਬੰਧਕ ਕਮੇਟੀ ਕੀਤੀ ਗਈ। ਇਸ ਮੌਕੇ 'ਤੇ ਗੰਨੇ ਦੇ ਰਸ ਦੀ ਛਬੀਲ, ਜਲੇਬੀਆਂ ਅਤੇ ਗੁਰੂ ਕਾ ਲੰਗਰ ਸੰਗਤਾਂ ਨੂੰ ਸਾਰਾ ਦਿਨ ਅਤੁੱਟ ਵਰਤਾਇਆ ਗਿਆ।

## ਗਤਕਾ ਮੁਕਾਬਲੇ 'ਚੋਂ ਸੁਲਤਾਨਪੁਰ ਲੋਧੀ ਦੇ ਖਿਡਾਰੀਆਂ ਨੂੰ ਦੂਜਾ ਸਥਾਨ



**ਸੁਲਤਾਨਪੁਰ ਲੋਧੀ , (ਬਲਵਿੰਦਰ ਸਿੰਘ ਧਾਲੀਵਾਲ)**-ਮਹਾਂਕਾਲ ਸਹਾਇ ਸ਼ਸਤਰ ਵਿੱਦਿਆ ਦਲ ਅਤੇ ਅਨਹਦ ਗਤਕਾ ਆਖਾੜਾ ਕਪੂਰਥਲਾ ਦੇ ਸਿੰਘਾਂ ਵੱਲੋਂ ਸੂਬਾ ਪੱਧਰ ਦੇ ਗਤਕਾ ਮੁਕਾਬਲੇ ਕਰਵਾਏ ਗਏ, ਜਿਸ ਵਿਚ ਸ਼ਾਨਦਾਰ ਖੇਡ ਪ੍ਰਦਰਸ਼ਨ ਕਰਦਿਆਂ ਸੁਲਤਾਨਪੁਰ ਲੋਧੀ ਦੇ ਗਤਕਾ ਖਿਡਾਰੀਆਂ ਨੇ ਦੂਜਾ ਸਥਾਨ ਪ੍ਰਾਪਤ ਕੀਤਾ ਅਤੇ ਫਾਈਟ ਦੇ ਮੁਕਾਬਲੇ 'ਚੋਂ ਵੀ ਦੂਜਾ ਸਥਾਨ ਪ੍ਰਾਪਤ ਕੀਤਾ ।ਇਸ ਸਮੇਂ ਮੇਨ ਖਿਡਾਰੀਆਂ ਰਾਜਵੀਰ ਸਿੰਘ, ਕਰਮਨ ਸਿੰਘ, ਜਸਕਰਨ ਸਿੰਘ ਤੋਂ ਇਲਾਵਾ ਟੀਮ ਦੇ ਖਿਡਾਰੀ ਅੰਮ੍ਰਿਤ ਸਿੰਘ, ਜਸਵਿੰਦਰ ਸਿੰਘ, ਰਾਜਵੀਰ ਸਿੰਘ, ਗੁਰਪ੍ਰੀਤ ਸਿੰਘ, ਰਾਹੁਲ, ਹਰਸਿਮਰਨ ਸਿੰਘ, ਸਮੀਰ ਆਦਿ ਸਨ ਤੇ ਛੋਟੇ ਖਿਡਾਰੀਆਂ 'ਚ ਹਰਪ੍ਰੀਤ ਸਿੰਘ, ਨਵਜੋਤ ਸਿੰਘ, ਜਸਪਾਲ ਸਿੰਘ, ਪ੍ਰੇਮ ਸਿੰਘ, ਨਵਜੋਤ ਸਿੰਘ, ਪ੍ਰਿੰਸ, ਸਾਹਿਬ ਤੇ ਸਮਰ ਆਦਿ ਹਾਜ਼ਰ ਸਨ ।